**Reo-Bankowned Properties**

From San Jose to Sacramento

JASSI GILL Broker/Owner

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



Jassi Gill

CA DRE# 00966763



**Hardeep S.Rai**

ਇੰਮੇਗਰੇਸ਼ਨ ਵਕੀਲ

Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212



**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Twelfth Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 8, February 19, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਮਿਸਰ 'ਚ ਲੋਕ ਰੋਹ ਦੀ ਜਿੱਤ, ਮੁਬਾਰਕ ਨੇ ਗੱਦੀ ਛੱਡੀ

**ਕਾਹਿਰਾ (ਪੰਜਾਬ ਟਾਈਮਜ਼ ਬਿਊਰੋ):** ਲੋਕ ਰੋਹ ਅੱਗੇ ਝੁਕਦਿਆਂ ਮਿਸਰ ਦੇ ਸਦਰ ਹੋਸਨੀ ਮੁਬਾਰਕ ਨੇ ਅਖੀਰ ਗੱਦੀ ਤਿਆਗ ਦਿੱਤੀ ਹੈ ਅਤੇ ਉਪ ਰਾਸ਼ਟਰਪਤੀ ਉਮਰ ਸੁਲੇਮਾਨ ਨੇ ਹਕੂਮਤੀ ਪ੍ਰਬੰਧ ਚਲਾਉਣ ਲਈ ਫ਼ੌਜੀ ਕੌਂਸਲ ਕਾਇਮ ਕਰ ਦਿੱਤੀ ਹੈ। ਇਹ ਰਾਜ ਪਲਟਾ ਮੁਬਾਰਕ ਦੀ 32 ਸਾਲਾ ਹਕੂਮਤ ਖ਼ਿਲਾਫ਼ ਲੋਕ ਵਿਖਾਵਿਆਂ ਦੇ 18ਵੇਂ ਦਿਨ ਹੋਇਆ। ਦੱਸਣਯੋਗ ਹੈ ਕਿ 18 ਦਿਨਾਂ ਤੋਂ ਲੋਕ ਕਾਹਿਰਾ 'ਚ ਰਾਸ਼ਟਰਪਤੀ ਵਿਰੁਧ ਰੋਸ ਪ੍ਰਦਰਸ਼ਨ ਕਰ ਰਹ ਸਨ ਤੇ ਹੁਣ ਤੱਕ ਇਸ ਪ੍ਰਦਰਸ਼ਨ 'ਚ 300 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। 11 ਫਰਵਰੀ ਨੂੰ ਮੁਬਾਰਕ ਪਹਿਲਾਂ ਲੋਕਾਂ ਦਾ ਗੁੱਸਾ ਭਾਂਪਦੇ ਹੋਏ ਪਰਿਵਾਰ ਸਮੇਤ ਮਹਿਲ 'ਚੋਂ ਭੱਜ ਕੇ ਲਾਲ ਸਾਗਰ ਸਥਿਤ ਰਿਜ਼ਾਰਟ ਵਿਚ ਚਲ ਗਏ ਤੇ ਫਿਰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 82 ਸਾਲਾ ਮੁਬਾਰਕ ਸਖ਼ਤ ਮਿਜ਼ਾਜ ਤਾਨਾਸ਼ਾਹ ਵਜੋਂ ਜਾਣਿਆ ਜਾਂਦਾ

(ਬਾਕੀ ਸਫਾ 6 'ਤੇ)

### ਪੰਜਾਬ ਕਾਂਗਰਸ 'ਚ ਪਾਟੋਧਾੜ ਬਰਕਰਾਰ

## ਮਾਲਵੇ ਦੀਆਂ ਰੈਲੀਆਂ 'ਚੋਂ ਜਗਮੀਤ ਬਰਾੜ ਗ਼ਾਇਬ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਨ ਪਿਛੋਂ ਕਾਂਗਰਸ ਭਾਵੇਂ ਪਾਰਟੀ ਦੀ ਅੰਦਰੂਨੀ ਏਕਤਾ ਦੇ ਦਾਅਵੇ ਕਰਦੀ ਨਹੀਂ ਥੱਕਦੀ ਪਰ ਪਾਰਟੀ ਦੀਆਂ ਸਿਆਸੀ ਕਾਨਫਰੰਸਾਂ 'ਚੋਂ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਦੀ ਲਗਾਤਾਰ ਗੈਰਹਾਜ਼ਰੀ ਨੇ ਪਾਰਟੀ ਦੀ ਏਕਤਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਪੰਜਾਬ ਕਾਂਗਰਸ ਵੱਲੋਂ ਮਾਲਵਾ ਪੱਟੀ ਵਿਚ ਹੁਣ ਤੱਕ ਚਾਰ ਜ਼ਿਲ੍ਹਾ ਪੱਧਰੀ ਸਿਆਸੀ ਰੈਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਕਿਸੇ 'ਚ ਵੀ ਜਗਮੀਤ ਸਿੰਘ ਬਰਾੜ ਨਹੀਂ ਪੁੱਜੇ। ਪੰਜਾਬ ਕਾਂਗਰਸ ਵੱਲੋਂ ਪਹਿਲੀ ਜ਼ਿਲ੍ਹਾ ਪੱਧਰੀ ਸਿਆਸੀ ਰੈਲੀ ਪਿਛਲੀ 22 ਨਵੰਬਰ ਨੂੰ ਸੰਗਰੂਰ ਵਿਚ ਕੀਤੀ ਗਈ ਸੀ। ਉਸ ਮਗਰੋਂ ਮੇਲਾ ਮਾਘੀ 'ਤੇ ਸਿਆਸੀ ਕਾਨਫਰੰਸ ਕੀਤੀ।



ਜਗਮੀਤ ਬਰਾੜ ਅਤੇ ਕੈਪਟਨ ਅਮਰਿੰਦਰ ਸਿੰਘ

ਸੂਤਰਾਂ ਅਨੁਸਾਰ ਮਾਘੀ ਮੇਲੇ ਦੀ ਕਾਨਫਰੰਸ ਵਾਲੇ ਦਿਨ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਵੱਲੋਂ ਆਪਣੇ ਘਰ ਕੈਪਟਨ ਅਮਰਿੰਦਰ ਸਿੰਘ ਲਈ ਦੁਪਹਿਰ ਦਾ ਖਾਣਾ ਰੱਖਿਆ ਗਿਆ ਸੀ। ਮੌਕੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਬਰਾੜ ਦੇ ਘਰ ਜਾਣ ਤੋਂ ਨਾਂਹ ਕਰ ਦਿੱਤੀ, ਜਿਸ ਦੇ ਨਤੀਜੇ ਵਜੋਂ ਸ੍ਰੀ ਬਰਾੜ ਵੀ ਮਾਘੀ ਮੇਲੇ ਦੀ ਕਾਨਫਰੰਸ ਵਿਚ ਨਹੀਂ ਪੁੱਜੇ। ਉਥੋਂ ਹੀ ਇਨ੍ਹਾਂ ਆਗੂਆਂ 'ਚ ਮੁੜ ਮਤਭੇਦ ਖੜ੍ਹੇ ਹੋ ਗਏ ਸਨ। ਇਸੇ ਤਰ੍ਹਾਂ 11 ਫਰਵਰੀ ਨੂੰ ਰਾਮਪੁਰਾ ਫੂਲ ਰੈਲੀ 'ਚ ਵੀ ਸ੍ਰੀ ਬਰਾੜ ਨਹੀਂ ਪੁੱਜੇ, ਜਿਸ ਦੇ ਜੁਆਬ ਵਿਚ ਰੈਲੀ ਦੇ ਕੋਆਰਡੀਨਟਰ ਤੇ ਵਿਧਾਇਕ ਓ.ਪੀ. ਸੋਨੀ ਦਾ ਕਹਿਣਾ ਹੈ ਕਿ ਅਸਲ 'ਚ ਇਹ ਜ਼ਿਲ੍ਹਾ ਪੱਧਰੀ ਰੈਲੀਆਂ ਹਨ ਜਿਨ੍ਹਾਂ ਵਿਚ ਬਾਹਰੋਂ ਕਿਸੇ ਲੀਡਰ ਨੂੰ ਨਹੀਂ ਬੁਲਾਇਆ ਜਾਂਦਾ, ਸਗੋਂ ਕੇਵਲ ਸਬੰਧਤ ਜ਼ਿਲੇ ਦੇ ਵਿਧਾਇਕ ਹੀ ਹਾਜ਼ਰ ਹੁੰਦੇ ਹਨ। ਬੀਬੀ ਭੱਠਲ ਬਾਰੇ ਉਨ੍ਹਾਂ ਆਖਿਆ ਕਿ ਬੀਬੀ ਭੱਠਲ ਵਿਰੋਧੀ ਧਿਰ ਦੇ ਨੇਤਾ ਹਨ, ਜਿਸ ਕਰਕੇ ਉਹ ਹਰ ਜ਼ਿਲੇ 'ਚ ਕੈਪਟਨ ਅਮਰਿੰਦਰ ਸਿੰਘ ਨਾਲ ਜਾ ਰਹੇ ਹਨ। ਪੰਜਾਬ ਕਾਂਗਰਸ ਵੱਲੋਂ ਮਾਲਵੇ ਦੇ ਜ਼ਿਲ੍ਹਾ ਮੋਗਾ ਵਿਚ ਵੀ 5 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਗਈ ਸੀ। ਇਸੇ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਵੀ 9 ਫਰਵਰੀ ਨੂੰ ਰੈਲੀ ਕੀਤੀ

(ਬਾਕੀ ਸਫਾ 6 'ਤੇ)

## ਕਿਊਬਿਕ ਅਸੈਂਬਲੀ 'ਚ ਕਿਰਪਾਨ ਲਿਜਾਣ 'ਤੇ ਪਾਬੰਦੀ

**ਟੋਰਾਂਟੋ (ਪੰਜਾਬ ਟਾਈਮਜ਼ ਬਿਊਰੋ):** ਕੈਨੇਡਾ ਦੇ ਫਰਾਂਸੀਸੀ ਭਾਸ਼ਾਈ ਸੂਬੇ ਕਿਊਬਿਕ ਦੀ ਵਿਧਾਨ ਸਭਾ ਨੇ ਆਪਣੇ ਅਹਾਤੇ ਵਿਚ ਕਿਰਪਾਨ ਲਿਜਾਣ 'ਤੇ ਸਰਬਸੰਮਤੀ ਨਾਲ ਪਾਬੰਦੀ ਲਾ ਦਿੱਤੀ ਹੈ ਜਿਸ ਨਾਲ ਸਿੱਖ ਭਾਈਚਾਰੇ 'ਚ ਰੋਸ ਫੈਲ ਗਿਆ ਹੈ। ਕੁਝ ਹਫ਼ਤੇ ਪਹਿਲਾਂ ਚਾਰ ਸਿੱਖਾਂ ਨੂੰ ਸੰਸਦੀ ਸੁਣਵਾਈ ਲਈ ਕਿਰਪਾਨ ਪਹਿਨ ਕੇ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ ਸੀ।

### ਸਿੱਖ ਭਾਈਚਾਰੇ ਵਿਚ ਸਖ਼ਤ ਵਿਰੋਧ

ਕਿਊਬਿਕ ਦੀ ਕੌਮੀ ਅਸੈਂਬਲੀ ਨੇ ਵਿਰੋਧੀ ਪਾਰਟੀ ਕਿਊਬੈਕਾਇਸ (ਪੀ.ਕਿਊ.) ਵੱਲੋਂ ਪੇਸ਼ ਕੀਤੇ ਮਤੇ ਨੂੰ 113-0 ਵੋਟਾਂ ਨਾਲ ਪਾਸ ਕਰ ਦਿੱਤਾ ਜਿਸ ਤਹਿਤ ਵਿਧਾਨ ਸਭਾ ਦੀ ਇਮਾਰਤ ਵਿਚ ਕਿਰਪਾਨ ਲੈ ਕੇ ਜਾਣ 'ਤੇ ਪਾਬੰਦੀ ਲੱਗ ਗਈ ਹੈ। ਉਧਰ ਸਿੱਖਾਂ ਨੇ ਪਾਬੰਦੀ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਵਰਲਡ ਸਿੱਖ ਆਰਗ਼ੇਨਾਈਜ਼ੇਸ਼ਨ (ਡਬਲਿਊ.ਐਸ.ਓ.) ਕੈਨੇਡਾ ਚੈਪਟਰ ਨੇ ਆਖਿਆ ਹੈ ਕਿ ਇਸ ਗੱਲ ਦਾ ਦੁਖ ਹੈ ਕਿ ਕਿਰਪਾਨ ਪਹਿਨਣ, ਜੋ ਕਿ ਇਨਸਾਨੀ ਹੱਕ ਹੈ, ਦਾ ਸਿਆਸੀਕਰਨ ਕੀਤਾ ਗਿਆ ਹੈ।

ਇਥੇ ਦੱਸਣਯੋਗ ਹੈ ਕਿ ਕੈਨੇਡਾ ਦੀ ਸਰਵਉਚ ਅਦਾਲਤ 2006 ਵਿਚ ਕਿਰਪਾਨ ਨੂੰ ਇਕ ਹਥਿਆਰ ਮੰਨਣ ਤੋਂ ਨਾਂਹ ਕਰ ਚੁੱਕੀ ਹੈ ਤੇ ਉਸ ਨੂੰ ਇਕ ਧਾਰਮਿਕ ਚਿੰਨ੍ਹ ਕਰਾਰ ਦਿੱਤਾ ਗਿਆ ਸੀ। ਕਿਊਬਕ ਵਿਧਾਨ ਸਭਾ ਨੇ ਸੁਰੱਖਿਆ ਅਧਿਕਾਰੀਆਂ ਦੇ ਉਸ ਫ਼ੈਸਲੇ ਨੂੰ ਵੀ ਸਹੀ ਠਹਿਰਾਇਆ ਹੈ ਜਿਸ ਰਾਹੀਂ ਪਿਛਲੇ ਮਹੀਨੇ ਚਾਰ ਸਿੱਖਾਂ ਨੂੰ ਸੰਸਦੀ ਸੁਣਵਾਈ ਲਈ ਦਾਖ਼ਲ ਹੋਣ

(ਬਾਕੀ ਸਫਾ 6 'ਤੇ)

## ਜੀ ਪੰਜਾਬ ਟੀ ਵੀ ਚੈਨਲ ਉਤੇ ਨਵੇਂ ਪ੍ਰੋਗਰਾਮ

**ਬੇਕਰਜ਼ਫੀਲਡ (ਮਾਨ ਮਨਦੀਪ):** ਆਪਣੇ ਨਿਵੇਕਲੇ ਪ੍ਰੋਗਰਾਮਾਂ ਕਰਕੇ ਕਰੀਬ ਇਕ

gPunjab

ਸਾਲ ਅੰਦਰ ਹੀ ਉਤਰੀ ਅਮਰੀਕਾ ਵਿਚ ਵਸਦੇ

(ਬਾਕੀ ਸਫਾ 4 'ਤੇ)


**Mann Tax Services**

Individual, Trucking or Business Taxes

CTEC California Tax Education Council Approved Tax Preparer

IRS e-file



For Fast Refund:
For Appointments.

Gurdawar S. Mann

Ph:(510) 487-1000

(510) 468-9381

Email: manntaxservices@gmail.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

**Raja SWEETS & CATERING**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Home Services:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com



Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617

Email:manpreet@gahralaw.com

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਸਟਾਕਟਨ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ।

ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਇਲਾਜ ਦੇ ਸਭ ਤੋਂ ਵੱਡੇ ਮੁੱਦਈ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ ਮੂਲੋਂ ਹੀ ਗਲਤ ਹੋ ਸਕਦਾ ਹੈ। ਭਾਵੇਂ ਉਨ੍ਹਾਂ ਦੀ ਇਸ ਰਾਏ ਨਾਲ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਕਮਰ ਦਰਦ ਤੋਂ ਨਿਜਾਤ ਪਾ ਚੁਕੇ ਖੁਸ਼ ਲੋਕਾਂ ਦੀ ਇਕ ਪੂਰੀ ਫੌਜ ਹੈ।

ਕੀ ਤੁਸੀਂ *ਐਂਟੀ-ਇਨਫਲੇਮੇਟਰੀ ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) ਆਦਿ ਸਭੇ ਨੁਸਖੇ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ! ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਸ ਪ੍ਰਗਤੀਸ਼ੀਲ ਡਾਕਟਰ ਦੇ ਖਿਆਲ ਵਿਚ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ ਗਲਤ ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ ਅਤੇ ਕਿਹੜੇ ਮਰੀਜ਼ਾਂ ਲਈ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ!

ਜੇ ਤੁਸੀਂ ਕਮਰ ਦਰਦ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹੋ ਅਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ। ਕਾਰਨ ਇਹ ਹੈ ਕਿ...ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਹੈ ਇਲਾਜ ਲਈ ਸਹੀ ਮਰੀਜ਼ਾਂ ਦੀ ਚੋਣ। ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਮਰੀਜ਼ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ।

ਡਾ. ਸਿਹੋਤਾ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਵਾਲੀ ਪਹੁੰਚ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ। ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

ਜੇ ਤੁਹਾਡਾ ਅਸਹਿ/ਅਸਾਧ ਦਰਦ: (1) ਕਮਰ ਦੇ ਹੇਠਲੇ ਪਾਸੇ (ਸੀ-1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (4) ਗਰਦਨ ਵਿਚ (ਸੀ-3, 4, 5 ਜਾਂ 7) ਹੈ (5) ਬਾਂਹ ਤੋਂ ਹੇਠਾਂ ਵਲ ਹੈ (6) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (7) ਹਰਨੀਆ ਦੀ ਡਿਸਕ ਪੀੜ ਵਰਗੀ ਹੈ (8) ਸਲਿਪ ਡਿਸਕ ਤੋਂ ਹੈ (9) ਤਰੇੜੀ ਹੋਈ ਡਿਸਕ ਤੋਂ ਹੈ (10) ਸੁਕੜੇਵੇਂ ਤੋਂ ਹੈ (11) ਜੋੜਾਂ ਦੇ ਦਰਦ ਤੋਂ ਹੈ ਜਾਂ ਅਜੇ ਪੀੜ ਦੇ ਦਰਦ ਦਾ ਕਾਰਨ ਪਤਾ ਨਹੀਂ ਲਗਿਆ... ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਦਰਦ ਤੋਂ ਛੁਟਕਾਰਾ ਪਾਉਣ ਲਈ


## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ ਐਕਸੀਡੈਂਟ ਐਂਡ ਇੰਜਰੀ ਕਲੀਨਿਕ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ।

ਸੋ, ਜੇ ਤੁਸੀਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ ਫੋਨ ਕਰੋ: 209-464-7738

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 25 ਫਰਵਰੀ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।



ਮੈਂ ਡਾਕਟਰ ਸਿਹੋਤਾ ਦਾ ਰੀੜ੍ਹ ਦੀ ਹੱਡੀ ਅਤੇ ਡਿਸਕ ਦੇ ਦਰਦ ਦੇ ਇਲਾਜ ਦਾ ਪ੍ਰੋਗਰਾਮ ਕੋਈ ਦੋ ਮਹੀਨੇ ਪਹਿਲਾਂ ਸ਼ੁਰੂ ਕੀਤਾ। ਮੈਨੂੰ ਉਸ ਵੇਲੇ ਸਖਤ ਦਰਦ ਹੋ ਰਹੀ ਸੀ ਅਤੇ ਮੇਰੀ ਹਿੱਲਣ ਜੁੱਲਣ ਦੀ ਰੇਂਜ 75% ਘਟ ਗਈ ਸੀ। ਮੈਂ ਕਈ ਇਲਾਜ ਅਜਮਾਏ। ਡਾਕਟਰਾਂ ਦੀਆਂ ਕਲੀਨਿਕਾਂ ਦੇ ਬੇਅੰਤ ਗੇੜੇ ਲਾਏ ਪਰ ਕੋਈ ਫਰਕ ਨਾ ਪਿਆ। ਮੈਂ ਡਾਕਟਰ ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਇਸ ਨੂੰ ਅਜ਼ਮਾਉਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਉਨ੍ਹਾਂ ਦੇ ਸਟਾਫ ਦੇ ਦੋਸਤਾਨਾ ਰਵੱਈਏ ਤੋਂ ਬਹੁਤ ਪ੍ਰਭਾਵਤ ਹੋਇਆ। ਮੈਨੂੰ ਜਾਪਿਆ ਕਿ ਮੇਰੀ ਇਸ ਹਾਲਤ ਵਿਚੋਂ ਮੈਨੂੰ ਕੱਢਣ ਲਈ ਇਹੋ ਇਕ ਥਾਂ ਹੈ। ਡਾ. ਸਿਹੋਤਾ ਦੇ ਪ੍ਰੋਗਰਾਮ ਨਾਲ ਮੈਂ ਪਹਿਲਾਂ ਦੇ ਮੁਕਾਬਲੇ 85% ਬਿਹਤਰ ਮਹਿਸੂਸ ਕਰ ਰਿਹਾ ਹਾਂ।

*-ਗੁਰਪਾਲ, ਉਮਰ 53 ਸਾਲ (ਫੈਕਟਰੀ ਵਰਕਰ)*


# Pacific Coast Law Firm P.C.

**Lance V Friel, Attorney at Law** | **Kirandeep K Sihota, Attorney at Law**

## *Over 10 Years of experience*

**ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ**

- > **Personal Injury/Car Accident**
  **ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ**
- > **Bankruptcy (Ch 7) ਬੈਂਕਰਪਸੀ (ਚੈਪਟਰ 7)**
- > **Family Law (Divorce, Custody)**
  **ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)**

**Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ**
**Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)**

**Business Formation and Tax (installment agreement)**
**ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)**



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**

# ਡੇਵਿਸ ਮਾਮਲੇ ਕਰਕੇ ਪਕਿਸਤਾਨ 'ਚ ਸਿਆਸੀ ਸੰਕਟ

**ਇਸਲਾਮਾਬਾਦ:** ਅਮਰੀਕੀ ਨਾਗਰਿਕ ਰੇਮੰਡ ਡੇਵਿਸ ਦੀ ਰਿਹਾਈ ਦੇ ਮਾਮਲੇ ਨੂੰ ਲੈ ਕੇ ਜਿਥੇ ਅਮਰੀਕਾ ਤੇ ਪਾਕਿਸਤਾਨ ਦੇ ਰਿਸ਼ਤਿਆਂ 'ਚ ਕੁੜੱਤਣ ਆਈ ਹੈ ਉਥੇ ਦੇਸ਼ 'ਚ ਅੰਦਰੂਨੀ ਸਿਆਸੀ ਸੰਕਟ ਵੀ ਖੜ੍ਹਾ ਹੋ ਗਿਆ ਹੈ। ਇਸ ਘਟਨਾਕ੍ਰਮ ਦੇ ਚੱਲਦਿਆਂ ਹੀ ਪਾਕਿਸਤਾਨ ਦੇ

## ਕੁਰੈਸ਼ੀ ਤੋਂ ਵਿਦੇਸ਼ ਮੰਤਰਾਲਾ ਖੁੱਸਾ

ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਸ਼ਾਹ ਮਹਿਮੂਦ ਕੁਰੈਸ਼ੀ ਦੀ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਛੁੱਟੀ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਕੁਰੈਸ਼ੀ ਨੇ ਕਿਹਾ ਸੀ ਕਿ ਲਾਹੌਰ 'ਚ ਦੋ ਲੋਕਾਂ ਨੂੰ ਗੋਲੀ ਮਾਰਨ ਵਾਲੇ ਅਮਰੀਕੀ ਨਾਗਰਿਕ ਡੇਵਿਸ ਨੂੰ ਬਚਾਉਣ ਲਈ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਉਨ੍ਹਾਂ 'ਤੇ ਦਬਾਅ ਪਾਇਆ ਸੀ ਪਰ ਉਸ ਨੇ ਇਹ ਗੱਲ ਨਹੀਂ ਮੰਨੀ। ਇਸ ਤਰ੍ਹਾਂ ਕੁਰੈਸ਼ੀ ਨੂੰ ਜੇਲ੍ਹ 'ਚ ਬੰਦ ਅਮਰੀਕੀ ਅਧਿਕਾਰੀ ਰੇਮੰਡ ਡੇਵਿਸ ਨੂੰ ਕੂਟਨੀਤਕ ਛੋਟ ਮੁਹੱਈਆ ਕਰਾਉਣ 'ਤੇ ਸੱਤਾਧਾਰੀ ਪਾਰਟੀ ਦੇ ਹੁਕਮਾਂ 'ਤੇ ਫੁੱਲ ਨਾ ਚੜ੍ਹਾਉਣ ਦੀ ਕੀਮਤ ਅਦਾ ਕਰਨੀ ਪਈ ਹੈ। ਡੇਵਿਸ ਨੂੰ ਲਾਹੌਰ ਵਿਚ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਗੋਲੀਆਂ ਚਲਾ ਕੇ ਮਾਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦੇਸ਼ ਮੰਤਰਾਲੇ ਤੋਂ ਹਟਾਏ ਕੁਰੈਸ਼ੀ ਉਨ੍ਹਾਂ ਦੋ ਵਿਅਕਤੀਆਂ 'ਚੋਂ ਇਕ ਸਨ ਜਿਨ੍ਹਾਂ ਕੁਝ ਦਿਨ ਪਹਿਲਾਂ ਸਦਰੀਅਤ ਵਿਚ ਹੋਈ ਮੀਟਿੰਗ ਦੌਰਾਨ ਡੇਵਿਸ ਨੂੰ ਕੂਟਨੀਤਕ ਛੋਟ ਦੇਣ ਉਤੇ ਭਾਰੂ ਸੋਚ ਤੇ ਇੱਛਾ ਦੇ ਉਲਟ ਖੜ੍ਹੇ ਹੋਣ ਦਾ ਸਾਹਸ ਦਿਖਾਇਆ ਸੀ।

ਬੜਬੋਲੇ ਆਗੂ ਵਜੋਂ ਜਾਣੇ ਜਾਂਦੇ 54 ਸਾਲਾ ਸ੍ਰੀ ਕੁਰੈਸ਼ੀ ਮਾਰਚ 2008 ਤੋਂ ਮੁਲਕ ਦੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੀ ਅਗਵਾਈ ਵਾਲੀ ਸਰਕਾਰ ਵਿਚ ਵਿਦੇਸ਼ ਮੰਤਰੀ ਚਲੇ ਆ ਰਹੇ ਹਨ। ਵਜ਼ਾਰਤੀ ਰੱਦੋਬਦਲ ਵੇਲੇ ਜਦੋਂ ਸ੍ਰੀ ਕੁਰੈਸ਼ੀ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਵਿਦੇਸ਼ ਮੰਤਰਾਲਾ ਨਹੀਂ ਦਿੱਤਾ ਜਾ ਰਿਹਾ ਤਾਂ ਉਨ੍ਹਾਂ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਨਾਂਹ ਕਰ ਦਿੱਤੀ। ਪਾਰਟੀ ਦੀ ਤਰਜਮਾਨ ਫੌਜ਼ੀਆ ਵਹਾਬ ਨੇ ਦੱਸਿਆ ਕਿ ਸ੍ਰੀ ਕੁਰੈਸ਼ੀ ਨੂੰ ਪਾਣੀ ਤੇ ਬਿਜਲੀ ਮੰਤਰਾਲੇ ਦੀ ਪੇਸ਼ਕਸ਼ ਕੀਤੀ ਗਈ ਸੀ। ਪੇਸ਼ੇ ਵਜੋਂ ਵਕੀਲ ਸ੍ਰੀ ਕੁਰੈਸ਼ੀ ਨੂੰ ਉਨ੍ਹਾਂ ਦੀ ਫ਼ੌਜ ਨਾਲ ਨੇੜਤਾ ਕਰਕੇ ਸਖ਼ਤ ਮਿਜ਼ਾਜ ਸਮਝਿਆ ਜਾਂਦਾ ਹੈ। ਹੁਣ ਵਿਦੇਸ਼ ਮੰਤਰੀ ਦੀ ਜ਼ਿੰਮੇਵਾਰੀ ਹਿਨਾ ਰੱਬਾਨੀ ਨੂੰ ਸੌਂਪੀ ਗਈ ਹੈ ਜੋ ਪਿਛਲੀ ਵਜ਼ਾਰਤ ਵਿਚ ਵਿੱਤ ਰਾਜ ਮੰਤਰੀ ਸੀ। ਇਸ 34 ਸਾਲਾ ਆਗੂ ਵੱਲੋਂ ਪਾਕਿਸਤਾਨ ਵਿਚ ਮਾਲੀ ਸੁਧਾਰਾਂ ਲਈ ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਪੱਛਮੀ ਆਗੂਆਂ ਨਾਲ ਕਾਫੀ ਚੰਗੇ ਸਬੰਧ ਹਨ।

ਇਸੇ ਦੌਰਾਨ ਸ੍ਰੀ ਗਿਲਾਨੀ ਨੇ ਕੈਬਨਿਟ ਭੰਗ ਕਰਨ ਤੋਂ ਬਾਅਦ ਆਪਣੀ ਵਜ਼ਾਰਤ ਵਿਚ ਰੱਦੋਬਦਲ ਕੀਤੀ। ਉਨ੍ਹਾਂ ਇਸ ਰੱਦੋਬਦਲ ਤਹਿਤ ਆਪਣੇ ਵਜ਼ੀਰਾਂ ਦੀ ਗਿਣਤੀ 54 ਤੋਂ ਘਟਾ ਕੇ 22 ਕਰ ਦਿੱਤੀ ਹੈ। ਸ੍ਰੀ ਗਿਲਾਨੀ ਨੇ 9 ਫਰਵਰੀ ਨੂੰ ਸੰਘੀ ਮੰਤਰੀ ਮੰਡਲ ਨੂੰ ਭੰਗ ਕਰ ਦਿੱਤਾ ਸੀ। ਆਪਣੀ ਸਰਕਾਰ 'ਤੇ ਨਿਕੰਮੇਪਣ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ 'ਤੇ ਇਸ ਬਾਰੇ ਬਹੁਤ ਸਾਰਾ ਰੌਲਾ-ਰੱਪਾ ਪੈਣ ਮਗਰੋਂ ਆਪਣੀ ਸਰਕਾਰ ਦਾ ਨਵੇਂ ਸਿਰਿਓਂ ਅਕਸ ਬਣਾਉਣ ਲਈ ਉਸ ਨੇ ਇਹ ਕਵਾਇਦ ਕੀਤੀ ਹੈ। ਉਂਜ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਨੂੰ ਸੰਵਿਧਾਨ 'ਚ 18ਵੀਂ ਸੋਧ ਤਹਿਤ ਮੰਤਰੀ ਮੰਡਲ ਦਾ ਆਕਾਰ ਘਟਾਉਣ ਦੀ ਵੀ ਲੋੜ ਸੀ। ਅਹਿਮ ਸੁਧਾਰਾਂ ਦਾ ਇਹ ਪੈਕੇਜ ਪਿਛਲੇ ਸਾਲ ਕੌਮੀ ਅਸੈਂਬਲੀ ਨੇ ਪਾਸ ਕੀਤਾ ਸੀ।

ਉਧਰ ਡੇਵਿਸ ਨੂੰ ਕੂਟਨੀਤਕ ਰੱਖਿਆ ਮੁਹੱਈਆ ਕਰਵਾਉਣ ਦੇ ਅਮਰੀਕੀ ਦਬਾਅ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਕੁਰੈਸ਼ੀ ਮੁਸ਼ਕਿਲ 'ਚ ਘਿਰ ਗਏ ਹਨ ਤੇ ਪਾਰਟੀ ਉਨ੍ਹਾਂ ਵਿਰੁਧ ਅਨੁਸ਼ਾਸਨੀ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ। ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਨੇ ਕੁਰੈਸ਼ੀ ਦੇ ਬਿਆਨ ਨੂੰ ਜਨਤਕ ਕਰਨ ਨੂੰ ਗੰਭੀਰਤਾ ਨਾਲ ਲਿਆ ਹੈ। ਪਾਰਟੀ ਦੀ ਸੂਚਨਾ ਸਕੱਤਰ ਫ਼ੌਜ਼ੀਆ ਵਹਾਬ ਨੇ ਕਿਹਾ ਹੈ ਕਿ ਕੁਰੈਸ਼ੀ ਦਾ ਪਾਰਟੀ 'ਚ ਕੋਈ ਭਵਿੱਖ ਨਹੀਂ ਹੈ ਤੇ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਲਈ ਕੁਰੈਸ਼ੀ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜਨਾਬ ਕੁਰੈਸ਼ੀ ਨੇ ਕਿਹਾ ਸੀ ਕਿ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਲਾਹੌਰ ਵਿਚ ਦੋ ਵਿਅਕਤੀਆਂ ਦੀ ਹੱਤਿਆ ਕਰਨ ਵਾਲੇ ਅਮਰੀਕੀ ਦੂਤ ਘਰ ਦੇ ਅਧਿਕਾਰੀ ਰੇਮੰਡ ਡੇਵਿਸ ਦੀ ਰਿਹਾਈ ਲਈ ਕੂਟਨੀਤਕ ਛੋਟ ਮਿਲਣ ਦੀ ਪੁਸ਼ਟੀ ਕਰਨ ਲਈ ਦਬਾਅ ਪਾਇਆ ਸੀ ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਕੇਸ ਦੀ ਸੱਚਾਈ ਤੋਂ ਉਲਟ ਸੀ। ਸਾਬਕਾ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਵਿਚ ਅਮਰੀਕੀ ਰਾਜਦੂਤ ਕੈਮਰੂਨ ਮੁੰਤਰ ਨੇ ਵੀ ਫਰਵਰੀ ਦੇ ਪਹਿਲੇ ਹਫ਼ਤੇ ਉਸ ਨਾਲ ਗੱਲਬਾਤ ਕਰਦਿਆਂ ਡੇਵਿਸ ਨੂੰ ਰਿਹਾਅ ਕਰਨ ਲਈ ਕਿਹਾ ਪਰ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਕੁਰੈਸ਼ੀ ਨੇ ਕਿਹਾ ਕਿ ਅਮਰੀਕੀ ਰਾਜਦੂਤ ਨੇ ਧਮਕੀ ਦਿੱਤੀ ਕਿ ਜੇ ਅਮਰੀਕਾ ਦੀ ਗੱਲ ਨਾ ਮੰਨੀ ਗਈ ਤਾਂ ਛੇ ਫਰਵਰੀ ਨੂੰ ਹੋ ਰਹੀ ਸੁਰੱਖਿਆ ਬਾਰੇ ਕਾਨਫਰੰਸ ਵਿਚ ਹਿਲੇਰੀ ਕਲਿੰਟਨ ਉਨ੍ਹਾਂ ਨਾਲ ਮੁਲਾਕਾਤ ਨਹੀਂ ਕਰੇਗੀ।

# ਬੇਨਜ਼ੀਰ ਕੇਸ 'ਚ ਮੁਸ਼ੱਰ.ਫ ਖ਼ਿਲਾ.ਫ .ਗੈਰ ਜ਼ਮਾਨਤੀ ਵਾਰੰਟ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਕੇਸ ਵਿਚ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਮੁਲਜ਼ਮ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਉਸ ਖ਼ਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ ਤਾਂ ਕਿ ਅਦਾਲਤ ਵਿਚ ਚਲਦੇ ਮੁਕੱਦਮੇ ਵਿਚ ਉਸ ਦੀ ਹਾਜ਼ਰੀ ਯਕੀਨੀ ਬਣਾਈ ਜਾ ਸਕੇ।

ਇਸੇ ਦੌਰਾਨ ਜਨਾਬ ਮੁਸ਼ੱਰਫ਼ ਦੇ ਕਾਨੂੰਨੀ ਸਲਾਹਕਾਰ ਮੁਹੰਮਦ ਅਲੀ ਸੈਫ਼ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਸ੍ਰੀ ਮੁਸ਼ੱਰਫ਼ ਦੇ ਅਦਾਲਤ ਵਿਚ ਪੇਸ਼ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਉਨ੍ਹਾਂ ਖ਼ਿਲਾਫ਼ ਜਾਰੀ ਵਾਰੰਟ ਸਿਆਸਤ ਤੋਂ ਪ੍ਰੇਰਿਤ ਹਨ। ਮੁਸ਼ੱਰਫ਼ ਦਾ ਇਸ ਕਤਲ ਕੇਸ ਵਿਚ ਕੋਈ ਹੱਥ ਨਹੀਂ ਹੈ। ਯਾਦ ਰਹੇ ਕਿ ਸ੍ਰੀ ਸੈਫ਼ ਮੁਸ਼ੱਰਫ਼ ਦੀ ਪਾਰਟੀ ਆਲ ਪਾਕਿਸਤਾਨ ਮੁਸਲਿਮ ਲੀਗ ਦੇ ਜਨਰਲ ਸਕੱਤਰ ਹਨ। ਉਨ੍ਹਾਂ ਕਿਹਾ ਕਿ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਤਿੰਨ ਸਾਲ ਤੋਂ ਇਹ ਜਾਂਚ ਕਰ ਰਹੀ ਹੈ ਪਰ ਹੁਣ ਅਚਾਨਕ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਰਾਵਲਪਿੰਡੀ ਦੀ ਦਹਿਸ਼ਤਵਾਦ ਵਿਰੋਧੀ ਅਦਾਲਤ ਜੋ ਭੁੱਟੋ ਹੱਤਿਆ ਕੇਸ ਵਿਚ ਪੰਜ ਜਣਿਆਂ 'ਤੇ ਮੁਕੱਦਮੇ ਦੀ ਸੁਣਵਾਈ ਕਰ ਰਹੀ ਹੈ, ਨੇ ਬਰਤਾਨੀਆ ਵਿਚ ਆਪਣੀ ਮਰਜ਼ੀ ਨਾਲ ਜਲਾਵਤਨੀ ਭੋਗ ਰਹੇ 67 ਸਾਲਾ ਮੁਸ਼ੱਰਫ਼ ਖ਼ਿਲਾਫ਼ ਵਾਰੰਟ ਜਾਰੀ ਕੀਤੇ ਹਨ।

ਮਰਕਜ਼ੀ ਤਫ਼ਤੀਸ਼ ਏਜੰਸੀ (ਐਫ.ਆਈ.ਏ.) ਨੇ ਇਕ ਚਾਰਜਸ਼ੀਟ ਦਾਖ਼ਲ ਕਰਾਈ ਸੀ ਜਿਸ ਵਿਚ ਮੁਸ਼ੱਰਫ਼ ਨੂੰ ਭੁੱਟੋ ਹੱਤਿਆ ਕੇਸ ਵਿਚ ਇਕ ਮੁਲਜ਼ਮ ਵਜੋਂ ਦਰਸਾਇਆ ਗਿਆ ਸੀ। ਐਫ.ਆਈ.ਏ. ਪਹਿਲਾਂ ਹੀ ਮੁਸ਼ਰੱਫ ਨੂੰ ਮੁਲਜ਼ਮ ਕਰਾਰ ਦੇ ਚੁੱਕੀ ਹੈ ਤੇ ਹੱਤਿਆ ਦੀ ਜਾਂਚ ਵਿਚ ਸਹਿਯੋਗ ਨਾ ਦੇਣ ਬਦਲੇ ਉਸ ਨੂੰ 'ਭਗੌੜਾ' ਕਰਾਰ ਦਿੱਤਾ ਗਿਆ ਹੈ। ਇਸਤਗਾਸਾ ਨੇ ਦੱਸਿਆ ਕਿ ਮੁਸ਼ੱਰਫ਼ ਨੇ ਤਫਤੀਸ਼ਕਾਰਾਂ ਨਾਲ ਸਹਿਯੋਗ ਕਰਨ ਤੇ ਉਨ੍ਹਾਂ ਦੇ ਸੁਆਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੁਸ਼ਰੱਫ ਦੇ ਬੁਲਾਰੇ ਤੇ ਕਾਨੂੰਨੀ ਸਹਿਯੋਗੀਆਂ ਨੇ ਉਸ ਦੇ ਖ਼ਿਲਾਫ਼ ਲਗਾਏ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਆਪਣੇ ਖ਼ਿਲਾਫ਼ ਲੱਗ ਰਹੇ ਨਾਅਹਿਲੀਅਤ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਰਾਵਲਪਿੰਡੀ ਵਿਚ ਦਸੰਬਰ 2007 ਵਿਚ ਚੋਣ ਰੈਲੀ ਦੌਰਾਨ ਹੋਏ ਆਤਮਘਾਤੀ ਬੰਬ ਹਮਲੇ ਵਿਚ ਭੁੱਟੋ ਦੀ ਹੱਤਿਆ ਕਰ ਦਿੱਤੀ ਗਈ ਸੀ। ਐਫ.ਆਈ.ਏ. ਦੀ ਜਾਂਚ ਟੀਮ ਵੱਲੋਂ ਤਿਆਰ ਕੀਤੀ ਰਿਪੋਰਟ ਵਿਚ ਕਿਹਾ ਗਿਆ ਸੀ, ਮੁਸ਼ੱਰਫ਼ ਆਪਣੀ ਸਰਕਾਰ ਰਾਹੀਂ ਬੇਨਜ਼ੀਰ ਭੁੱਟੋ ਦੇ ਕਤਲ ਦਾ ਰਾਹ ਪੱਧਰਾ ਕਰਨ ਤੇ ਸ਼ਹਿ ਦੇਣ ਲਈ ਬਰਾਬਰ ਦਾ ਕਸੂਰਵਾਰ ਸੀ ਤੇ ਉਸ (ਭੁੱਟੋ) ਨੂੰ ਉਸ ਦੇ ਰੁਤਬੇ ਮੁਤਾਬਕ ਬਣਦੀ ਸੁਰੱਖਿਆ ਮੁਹੱਈਆ ਨਾ ਕਰਾਉਣ ਨੂੰ ਸਹੀ ਠਹਿਰਾਉਂਦਾ ਸੀ। ਇਹ ਸੁਰੱਖਿਆ ਦੀ ਉਕਾਈ ਸੀ। ਮੁਸ਼ੱਰਫ਼ ਨੇ ਸਾਬਕਾ ਪ੍ਰਧਾਨ ਮੰਤਰੀ ਦੇ ਕਤਲ ਲਈ ਪਾਕਿਸਤਾਨੀ ਤਾਲਿਬਾਨ ਦੇ ਮੁਖੀ ਬੈਤੁੱਲਾ ਮਹਿਸੂਦ ਨੂੰ ਦੋਸ਼ੀ ਕਰਾਰ ਦਿੱਤਾ ਸੀ ਤੇ ਮਹਿਸੂਦ 2009 ਵਿਚ ਇਕ ਅਮਰੀਕੀ ਡਰੋਨ ਹਮਲੇ ਵਿਚ ਮਾਰਿਆ ਗਿਆ ਸੀ।




# ਨਿਠਾਰੀ ਕਾਂਡ:ਕੋਲੀ ਦੀ ਮੌਤ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਨਿਠਾਰੀ ਕਾਂਡ ਦੇ ਦੋਸ਼ੀ ਸੁਰਿੰਦਰ ਕੋਲੀ ਦੀ ਮੌਤ ਬਾਰੇ ਸਜ਼ਾ ਦੀ ਪੁਸ਼ਟੀ ਸੁਪਰੀਮ ਕੋਰਟ ਨੇ ਸਿਰਫ 90 ਮਿੰਟ 'ਚ ਕਰ ਦਿੱਤੀ। ਮੌਤ ਦੀ ਸਜ਼ਾ ਵਾਲੇ ਕਿਸੇ ਮਾਮਲੇ 'ਚ ਸੁਣਵਾਈ ਦੌਰਾਨ ਸ਼ਾਇਦ ਇੰਨੀ ਛੇਤੀ ਪਹਿਲਾਂ ਕੋਈ ਮਾਮਲਾ ਨਿਬੇੜਿਆ ਨਹੀਂ ਗਿਆ। ਜਸਟਿਸ ਮਾਰਕੰਡੇਯ ਕਾਟਜੂ ਤੇ ਸਿਆਮ ਸੁਧਾ ਮਿਸ਼ਰਾ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਕੋਲੀ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਹੇਠਲੀ ਅਦਾਲਤ ਤੇ ਅਲਾਹਾਬਾਦ ਹਾਈ ਕੋਰਟ ਦੇ ਮੌਤ ਦੀ ਸਜ਼ਾ ਦੇ ਫੈਸਲੇ 'ਤੇ ਹੀ ਮੋਹਰ ਲਾ ਦਿੱਤੀ।


*ਕੋਲੀ ਅਤੇ ਪੰਧੇਰ*

ਸੋਲਿਸਟਰ ਜਨਰਲ ਵਿਵੇਕ ਤਾਂਖਾ ਦਾ ਪੱਖ ਸੁਣਨ ਤੋਂ ਮਗਰੋਂ ਜੱਜਾਂ ਨੇ ਕੋਲੀ ਦੇ ਵਕੀਲ ਨੂੰ ਦਲੀਲਬਾਜ਼ੀ ਕਰਨ ਲਈ ਕਿਹਾ। ਕੋਲੀ ਦੇ ਵਕੀਲ ਵੱਲੋਂ ਮੌਤ ਦੀ ਸਜ਼ਾ ਵਿਰੁੱਧ ਪੱਖ ਪੇਸ਼ ਕਰਨ ਤੋਂ ਜੱਜ ਪ੍ਰਭਾਵਿਤ ਨਾ ਹੋਏ। ਬੈਂਚ ਨੇ ਕਿਹਾ ਕਿ ਕੋਲੀ ਆਪਣੇ ਇਕਬਾਲੀਆ ਬਿਆਨ ਤੋਂ ਨਹੀਂ ਮੁੜਿਆ ਤੇ ਜਿਸ ਹਾਲਾਤ 'ਚ ਅਪਰਾਧ ਹੋਇਆ ਇਹ ਪਹਿਲਾਂ ਸੋਚਿਆ ਸਮਝਿਆ ਤੇ ਬਹੁਤ ਘਿਨੌਣਾ ਸੀ। ਬੈਂਚ ਨੇ ਕਿਹਾ ਕਿ ਕੋਲੀ ਨੇ ਆਪਣੇ ਬਿਆਨ 'ਚ ਦੱਸਿਆ ਸੀ ਕਿ ਕਿਵੇਂ ਉਹ ਲੜਕੀਆਂ ਨੂੰ ਭਰਮਾਉਂਦਾ ਸੀ ਤੇ ਫਿਰ ਉਨ੍ਹਾਂ ਦਾ ਗਲ ਘੁੱਟਦਾ ਸੀ। ਉਸ ਨੇ ਇਹ ਵੀ ਮੰਨਿਆ ਕਿ ਉਹ ਲਾਸ਼ਾਂ ਨਾਲ ਸੈਕਸ ਕਰਨ ਦਾ ਆਦੀ ਸੀ ਤੇ ਮਨੁੱਖੀ ਸਰੀਰ ਦੇ ਕਈ ਅੰਗ ਪਕਾ ਕੇ ਖਾ ਜਾਂਦਾ ਸੀ। ਬੈਂਚ ਅਨੁਸਾਰ, ਉਸ ਪ੍ਰਤੀ ਕੋਈ ਦਇਆ ਨਹੀਂ ਹੋ ਸਕਦੀ।

ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕਿਹਾ ਕਿ ਆਪਣੇ ਘਰ 'ਚ ਲਗਾਤਾਰ ਹੋ ਰਹੇ ਅਪਰਾਧਾਂ ਬਾਰੇ ਮਨਿੰਦਰ ਸਿੰਘ ਪੰਧੇਰ ਅਣਭਿੱਜ ਕਿਵੇਂ ਸੀ? ਇਸ ਦੇ ਨਾਲ ਹੀ ਅਦਾਲਤ ਨੇ ਨਿਠਾਰੀ ਹੱਤਿਆ ਮਾਮਲੇ 'ਚ ਪੰਧੇਰ ਨੂੰ ਬਰੀ ਕੀਤੇ ਜਾਣ ਵਿਰੁੱਧ ਸੀ.ਬੀ.ਆਈ. ਦੀ ਅਪੀਲ ਬਕਾਇਆ ਰੱਖ ਲਈ।

ਅਦਾਲਤ ਨੇ ਕਿਹਾ ਕਿ ਇਹ ਅਪੀਲ ਪੈਂਡਿੰਗ ਕਰਕੇ ਹੋਰ ਨਿਠਾਰੀ ਕੇਸਾਂ ਬਾਰੇ ਉਡੀਕਿਆ ਜਾਵੇਗਾ ਕਿਉਂਕਿ ਇਹ ਸਾਰੇ ਮਾਮਲੇ ਆਪਸ 'ਚ ਸਬੰਧਤ ਹਨ ਤੇ ਸਾਰਾ ਕੁਝ ਬੜਾ ਪੇਚੀਦਾ ਹੈ। ਇਸ 'ਤੇ 54 ਸਾਲਾ ਪੰਧੇਰ ਦੇ ਵਕੀਲ ਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਆਰ.ਐਸ. ਸੋਢੀ ਨੇ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਹਰੇਕ ਕੇਸ ਦੂਜੇ ਨਾਲੋਂ ਵੱਖਰਾ ਹੈ। ਬੈਂਚ ਨੇ ਪੰਧੇਰ ਬਾਰੇ ਕਿਹਾ ਕਿ ਉਹ ਦੋ ਸਾਲਾਂ 'ਚੋਂ ਸਿਰਫ 15 ਦਿਨ ਆਸਟਰੇਲੀਆ ਗਿਆ ਸੀ। ਜਦਕਿ ਬਾਕੀ ਸਮਾਂ ਉਸ ਦੇ ਘਰ 'ਚ ਅਪਰਾਧ ਹੁੰਦੇ ਰਹੇ। ਇਹ ਇਕ ਅੱਧੇ ਅਪਰਾਧ ਦਾ ਨਹੀਂ ਬਲਕਿ 18 ਹੱਤਿਆਵਾਂ ਨਾਲ ਸਬੰਧਤ ਮਾਮਲਾ ਹੈ ਤੇ ਇਹ ਉਹ ਦੀ ਸਹਿਮਤੀ ਬਿਨਾਂ ਨਹੀਂ ਹੋ ਸਕਦੇ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision


*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



**ATM's & Credit Card Terminals at Lowest Prices! No Hidden Fees.**




Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

FREE CREDIT CARD TERMINAL!

www.GoldCoastATM.com

## ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੀ ਮੀਟਿੰਗ 20 ਨੂੰ

**ਐਲ ਸਬਰਾਂਟੇ, ਕੈਲੀਫੋਰਨੀਆ:** ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੀ ਇਕ ਮੀਟਿੰਗ ਆਉਂਦੀ 20 ਫਰਵਰੀ ਐਤਵਾਰ ਨੂੰ ਬਾਅਦ ਦੁਪਹਿਰ 2:30 ਵਜੇ ਰੱਖੀ ਗਈ ਹੈ ਜੋ ਐਲ ਸਬਰਾਂਟੇ ਗੁਰੂ ਘਰ ਦੇ ਥੱਲੇ ਵਾਲੇ ਘਰ ਵਿਚ ਹੋਵੇਗੀ। ਇਸ ਮੀਟਿੰਗ ਵਿਚ ਹਾਲ ਹੀ ਵਿਚ ਸੁਸਾਇਟੀ ਵਲੋਂ ਮਾਦਾ ਭਰੂਣ ਹੱਤਿਆ ਦੀ ਸਮਾਜਿਕ ਬੁਰਾਈ ਵਿਰੁਧ ਜਾਗਰੂਕਤਾ ਪੈਦਾ ਕਰਨ ਲਈ ਕਰਵਾਈ ਗਈ ਲੋਹੜੀ ਨੂੰ ਮਿਲੇ ਹੁੰਗਾਰੇ ਅਤੇ ਭਵਿੱਖ ਦੇ ਪ੍ਰੋਗਰਾਮਾਂ ਬਾਰੇ ਵਿਚਾਰ ਕੀਤੀ ਜਾਏਗੀ।

ਸੁਸਾਇਟੀ ਵਲੋਂ ਸਮਾਜਿਕ ਕੁਰੀਤੀਆਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਸਮਾਜ ਸੁਧਾਰ ਲਹਿਰ ਅਤੇ ਸਿੱਖ ਸੱਭਿਆਚਾਰ ਦੀ ਰਾਖੀ ਲਈ ਪੰਥਕ ਜਥੇਬੰਦੀਆਂ, ਪੰਥ ਦਰਦੀਆਂ, ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਾਹਿਤ ਸਭਾਵਾਂ, ਲਿਖਾਰੀ ਅਤੇ ਵਪਾਰੀ ਵਰਗ ਨੂੰ ਹਰ ਤਰ੍ਹਾਂ ਦੀ ਧੜੇਬੰਧਕ ਸੋਚ ਤੋਂ ਉਪਰ ਉਠ ਕੇ ਮੀਟਿੰਗ ਵਿਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ। ਇਸ ਮੀਟਿੰਗ 'ਚ ਪਹੁੰਚਣ ਵਾਲੇ ਆਪਣੀਆਂ ਕਾਰਾਂ ਗੁਰੂ ਘਰ ਦੀ ਪਾਰਕਿੰਗ ਵਿਚ ਖੜ੍ਹੀਆਂ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਸੁਸਇਟੀ ਨੇ ਪਹਿਲਕਦਮੀ ਕਰਦਿਆਂ ਸਮਾਜਿਕ ਕੁਰੀਤੀਆਂ ਅਤੇ ਮਾਦਾ ਭਰੂਣ ਹੱਤਿਆ ਦੇ ਖਿਲਾਫ ਜਾਗ੍ਰਿਤੀ ਪੈਦਾ ਕਰਨ ਲਈ ਧੀਆਂ ਦੀ ਲੋਹੜੀ ਮਨਾਉਣ ਦੀ ਰੀਤ ਪਿਛਲੇ ਸਾਲ ਤੋਰੀ ਸੀ ਅਤੇ ਪਿਛਲੇ ਮਹੀਨੇ ਦੂਜੀ ਵਾਰ ਧੀਆਂ ਦੀ ਲੋਹੜੀ ਮਨਾਈ ਸੀ। ਸੁਸਾਇਟੀ ਨੇ ਲੋਹੜੀ ਦੇ ਇਸ ਪ੍ਰੋਗਰਾਮ ਲਈ ਸਹਿਯੋਗ ਵਾਸਤੇ ਸਮੂਹ ਹਮਦਰਦਾਂ, ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਮੀਡੀਏ ਦਾ ਧੰਨਵਾਦ ਕੀਤਾ ਹੈ।

ਸੁਸਾਇਟੀ ਵਲੋਂ ਸ. ਪਰਮਜੀਤ ਸਿੰਘ ਦਾਖਾ ਦੇ ਦਸਤਖਤਾਂ ਹੇਠ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਧੀਆਂ ਦੀ ਲੋਹੜੀ ਮਨਾਉਣ ਦਾ ਸਿਲਸਿਲਾ ਉਦੋਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਧੀ ਤੇ ਪੁੱਤਰ 'ਚ ਵਖਰੇਵਾਂ ਖਤਮ ਨਹੀਂ ਹੁੰਦਾ। ਹੋਰ ਜਾਣਕਾਰੀ ਲਈ ਫੋਨ 510-774-5909 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟੂਲੇਰੀ 'ਚ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਧੂਮਧਾਮ ਨਾਲ ਮਨਾਇਆ



ਟੂਲੇਰੀ (ਕੈਲੀਫੋਰਨੀਆ): ਇਥੇ ਗੁਰਦੁਆਰਾ ਸ੍ਰੀ ਦਸ਼ਮੇਸ਼ ਦਰਬਾਰ ਵਿਖੇ ਸਿੱਖ ਸ਼ਰਧਾਲੂਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਨ ਬੜੀ ਸ਼ਰਧਾ ਨਾਲ ਮਨਾਇਆ। ਇਸ ਸ਼ਹੀਦੀ ਸਮਾਗਮ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਉਣ ਉਪਰੰਤ ਬਾਬਾ ਰਾਮ ਸਿੰਘ ਨੇ ਆਪਣੇ ਪ੍ਰਵਚਨਾਂ ਨਾਲ ਸ਼ਹੀਦ ਬਾਬਾ ਦੀਪ ਸਿੰਘ ਦੀ ਮਹਾਨ ਸ਼ਹੀਦੀ ਨੂੰ ਚੇਤੇ ਕੀਤਾ ਅਤੇ ਉਨ੍ਹਾਂ ਦੇ ਜੀਵਨ ਅਤੇ ਕੀਤੇ ਮਹਾਨ ਉਦਮਾਂ ਸਬੰਧੀ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਜਾਣਕਾਰੀ ਦਿੱਤੀ।

ਇਸ ਮੌਕੇ 'ਤੇ ਵੱਖ ਵੱਖ ਧਾਰਮਿਕ ਅਤੇ ਸਿਆਸੀ ਸ਼ਖਸੀਅਤਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਵਿਚ ਭਾਈ ਰਾਮ ਸਿੰਘ (ਪ੍ਰਧਾਨ ਸਿੱਖ ਗੁਰਦੁਆਰਾ ਕੌਂਸਲ ਯੂ ਐਸ ਏ), ਤਰਸੇਮ ਸਿੰਘ ਖਾਲਸਾ (ਸੀਨੀਅਰ ਆਗੂ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ), ਸ. ਪ੍ਰੀਤਮ ਸਿੰਘ ਜੋਗਾਨੰਗਲ (ਪ੍ਰਧਾਨ ਯੂਥ ਅਕਾਲੀ ਦਲ, ਅੰਮ੍ਰਿਤਸਰ), ਸ. ਜੋਗਾ ਸਿੰਘ ਬਾਠ, ਸ. ਰੁਪਿੰਦਰ ਸਿੰਘ ਬਾਠ, ਸ. ਜਰਨੈਲ ਸਿੰਘ, ਸ. ਸੁਖਵਿੰਦਰ ਸਿੰਘ, ਸ. ਰਣਬੀਰ ਸਿੰਘ, ਸ. ਮਨਜੀਤ ਸਿੰਘ, ਸ. ਗੁਰਮੇਲ ਸਿੰਘ, ਸ. ਜਸਵੀਰ ਸਿੰਘ ਬੱਗਾ, ਸ. ਬਲਜੀਤ ਸਿੰਘ, ਸ.ਪਰਮਿੰਦਰ ਸਿੰਘ ਅਤੇ ਸਿਆਟਲ ਤੋਂ ਸ. ਦਲਜੀਤ ਸਿੰਘ ਤੇ ਸ. ਇੰਦਰਜੀਤ ਸਿੰਘ ਆਦਿ ਆਗੂ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਸਿੱਖ ਕੌਮ ਦੇ ਮੌਜੂਦਾ ਹਾਲਾਤ ਤੋਂ ਜਾਣੂ ਕਰਵਾਉਂਦਿਆਂ ਸਿੱਖ ਕੌਮ ਨੂੰ ਹਿੰਦੋਸਤਾਨ ਅਤੇ ਪੰਜਾਬ ਵਿਚ ਦਰਪੇਸ਼ ਮੁਸ਼ਕਿਲਾਂ ਦਾ ਜ਼ਿਕਰ ਕੀਤਾ। ਉਨ੍ਹਾਂ ਬਾਬਾ ਦੀਪ ਸਿੰਘ ਵੱਲੋਂ ਪਾਏ ਪੂਰਨਿਆਂ ਉਤੇ ਚਲਣ ਦੀ ਪ੍ਰੇਰਣਾ ਕੀਤੀ ਤਾਂ ਕਿ ਸਿੱਖ ਕੌਮ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਵੱਲੋ ਮਿੱਥੇ ਸਿੱਖ ਕੌਮ ਦੇ ਆਜ਼ਾਦ "ਖਾਲਿਸਤਾਨ" ਦੀ ਮੰਜ਼ਿਲ ਨੂੰ ਪ੍ਰਾਪਤ ਕਰ ਸਕੇ ਅਤੇ ਸਿੱਖੀ ਦਾ ਹਰ ਤਰਫ਼ ਬੋਲ ਬਾਲਾ ਹੋ ਸਕੇ।

## ਬਰਕਲੇ 'ਚ ਟੈਕਸੀ ਚਾਲਕਾਂ ਨੇ ਮੁਸ਼ਕਲਾਂ ਦੇ ਹੱਲ ਲਈ ਜਥੇਬੰਦੀ ਬਣਾਈ

**ਬਰਕਲੇ, ਕੈਲੀਫੋਰਨੀਆ:** ਬਰਕਲੇ ਸ਼ਹਿਰ ਦੇ ਟੈਕਸੀ ਚਾਲਕਾਂ ਅਤੇ ਮਾਲਕਾਂ ਨੇ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਇਕ ਸੰਸਥਾ ਬਰਕਲੇ ਟੈਕਸੀ ਕੈਬ ਐਸੋਸੀਏਸ਼ਨ ਰਜਿਸਟਰ ਕਰਾਈ ਹੈ। ਇਹ ਜਥੇਬੰਦੀ ਟੈਕਸੀ ਚਾਲਕਾਂ ਨਾਲ ਹੁੰਦੇ ਧੱਕੇ ਰੋਕਣ ਅਤੇ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਲਈ ਕਾਨੂੰਨੀ ਲੜਾਈ ਲੜੇਗੀ।

ਇਸ ਗੈਰ ਮੁਨਾਫਾ ਬਰਕਲੇ ਟੈਕਸੀ ਕੈਬ ਐਸੋਸੀਏਸ਼ਨ ਦੇ 12 ਬੋਰਡ ਮੈਂਬਰ ਲਏ ਗਏ ਹਨ ਜਿਨ੍ਹਾਂ ਵਿਚ ਪਰਮਜੀਤ ਸਿੰਘ ਦਾਖਾ, ਗੁਰਪ੍ਰੀਤ ਸਿੰਘ ਢਿੱਲੋਂ, ਗੁਰਬਿੰਦਰ ਸਿੰਘ, ਅਲੀ ਸਈਦ, ਸਜਾਦ ਅਨਵਰ, ਬਸ਼ੀਰ ਅਹਿਮਦ, ਜੀ ਟੈਸਫੋਂਡੇਰਾ, ਸੰਜੇ ਸ਼ਰਮਾ, ਹਕੀਮ ਅਹਿਮਦ, ਸ਼ਾਹ ਹਿਨਸਾ ਬੁਖਾਰੀ, ਬੌਬੀ ਫੌਸਟਰ ਤੇ ਅਲਾਹਗਾਗੀ ਸਿਨਾਨ ਦੇ ਨਾਂ ਸ਼ਾਮਲ ਹਨ।

ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਇਕ ਬੁਲਾਰੇ ਸ. ਪਰਮਜੀਤ ਸਿੰਘ ਦਾਖਾ ਨੇ ਦੱਸਿਆ ਕਿ ਬਰਕਲੇ ਸ਼ਹਿਰ ਦੇ ਟੈਕਸੀ ਡੀਟੇਲ ਦਫਤਰ ਵੱਲੋਂ ਟੈਕਸੀ ਵਾਲਿਆਂ ਦੇ ਖਿਲਾਫ ਕਈ ਐਸੇ ਸਖਤ ਫੈਸਲੇ ਲਏ ਗਏ ਹਨ ਜੋ ਕਿ ਪਹਿਲਾਂ ਅਮਰੀਕਾ ਵਿਚ ਹੋਰ ਕਿਧਰੇ ਵੀ ਲਾਗੂ ਨਹੀਂ ਕੀਤੇ ਗਏ। ਇਥੋਂ ਦੇ ਟੈਕਸੀ ਡਰਾਈਵਰ ਅਤੇ ਮਾਲਕ ਮਿਲ ਕੇ ਪਿਛਲੇ ਕਈ ਸਾਲਾਂ ਤੋਂ ਸਿਟੀ ਦੇ ਗਲਤ ਫੈਸਲੇ ਰੱਦ ਕਰਵਾਉਣ ਅਤੇ ਬਰਕਲੇ ਵਿਚ ਸੈਨ ਫਰਾਂਸਿਸਕੋ ਸਿਟੀ ਵਾਲੇ ਟੈਕਸੀ ਨਿਯਮ ਲਾਗੂ ਕਰਵਾਉਣ ਲਈ ਸੰਘਰਸ਼ ਕਰਦੇ ਆ ਰਹੇ ਹਨ। ਸੰਘਰਸ਼ ਦੇ ਬਾਵਜੂਦ ਸਿਟੀ ਤੋਂ ਹੁੰਗਾਰਾ ਨਾ ਮਿਲਣ ਕਰਕੇ ਇਹ ਜਥੇਬੰਦੀ ਕਾਇਮ ਕੀਤੀ ਗਈ ਹੈ। ਹੋਰ ਜਾਣਕਾਰੀ ਲਈ ਫੋਨ 510-774-5909 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਬਰਕਲੇ ਕੈਲੀਫੋਰਨੀਆ ਦੇ ਬੇ-ਏਰੀਏ ਵਿਚ ਸੈਨ ਫਰਾਂਸਿਸਕੋ ਤੋਂ ਤਕਰੀਬਨ 15 ਮੀਲ ਦੀ ਦੂਰੀ 'ਤੇ, ਫਰੀਵੇ 80 'ਤੇ ਸਮੁੰਦਰ ਕੰਡੇ ਅਤੇ ਸੁੰਦਰ ਪਹਾੜੀਆਂ ਵਿਚ 1866 'ਚ ਵਸਿਆ ਸ਼ਹਿਰ ਹੈ। 17.7 ਵਰਗ ਮੀਲ ਦੇ ਘੇਰੇ 'ਚ ਵੱਸੇ ਇਸ ਸ਼ਹਿਰ ਦੀ ਅਬਾਦੀ ਤਕਰੀਬਨ 108,885 ਹੈ। ਦੁਨੀਆਂ ਦੀ ਮਸ਼ਹੂਰ ਬਰਕਲੇ ਯੂਨੀਵਰਸਿਟੀ ਇਥੇ 1873 'ਚ ਸਥਾਪਿਤ ਹੋਈ ਸੀ, ਜਿਸ ਵਿਚ ਅੱਜ ਕਲ 30,000 ਤੋਂ ਵੱਧ ਦੁਨੀਆਂ ਭਰ ਤੋਂ ਵਿਦਿਆਰਥੀ ਵਿਦਿਆ ਹਾਸਲ ਕਰਦੇ ਹਨ। ਇਸ ਸ਼ਹਿਰ ਵਿਚ 10 ਵੱਡੇ ਹੋਟਲ, 39 ਮੋਟਲ, 58 ਛੋਟੀਆਂ ਵੱਡੀਆਂ ਟੈਕਸੀ ਕੰਪਨੀਆਂ, 13 ਗੈਸ ਸਟੇਸ਼ਨ, 17 ਛੋਟੀਆਂ ਵੱਡੀਆਂ ਪਬਲਿਕ ਲਾਇਬਰੇਰੀਆਂ, 7 ਮੂਵੀ ਥੀਏਟਰ, ਤਿੰਨ 7/11, ਇਕ ਲੋਕਲ ਰੇਡੀਓ ਸਟੇਸ਼ਨ ਅਤੇ 3 ਲੋਕਲ ਇੰਗਲਿਸ਼ ਨਿਊਜ਼ ਪੇਪਰ ਹਨ।

## ਜੀ ਪੰਜਾਬ ਟੀ ਵੀ ਚੈਨਲ ਉਤੇ ਨਵੇਂ ਪ੍ਰੋਗਰਾਮ

(ਸਫਾ ਇਕ ਦੀ ਬਾਕੀ)

ਪੰਜਾਬੀ ਭਾਈਚਾਰੇ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁਕੇ ਜੀ ਪੰਜਾਬ ਟੀ.ਵੀ. ਚੈਨਲ ਵੱਲੋਂ ਜਲਦ ਹੀ ਕੁਝ ਨਵੇਂ ਪ੍ਰੋਗਰਾਮ ਆਰੰਭ ਕੀਤੇ ਜਾ ਰਹੇ ਹਨ।

ਇਹ ਜਾਣਕਾਰੀ ਇਕ ਬਿਆਨ ਰਾਹੀਂ ਦਿੰਦਿਆਂ ਚੈਨਲ ਦੇ ਪ੍ਰੋਗਰਾਮ ਡਾਇਰੈਕਟਰ ਸ੍ਰੀ ਸੁਮੀਲ ਨੇ ਦੱਸਿਆ ਕਿ ਆਪਣੇ ਸਾਫ ਸੁਥਰੇ ਪ੍ਰੋਗਰਾਮਾਂ ਨਾਲ ਇਹ ਚੈਨਲ ਪਿਛਲੇ ਸਾਲ ਅਪਰੈਲ ਮਹੀਨੇ ਉਤਰੀ ਅਮਰੀਕਾ ਵਿਚ ਡਿਸ਼ ਨੈਟਵਰਕ (ਚੈਨਲ 621) ਰਾਹੀਂ ਦਰਸ਼ਕਾਂ ਦੇ ਸਨਮੁਖ ਹੋਇਆ ਸੀ। ਚੈਨਲ ਦੇ ਪਿੰਡ ਗਲੋਬ, ਸਿੱਧੂ ਸ਼ੋਅ, ਖਬਰ ਪੰਜਾਬ ਤੋਂ, ਵਰਲਡ ਅਪਡੇਟ, ਉਤਰੀ ਅਮਰੀਕਾ ਦੀਆਂ ਖਬਰਾਂ, ਮੁੱਦਾ, ਮਿਊਜ਼ਿਕ ਮੰਡੀ, ਦਲੀਲ, ਬਾਲੀਵੁਡ ਐਕਸਪ੍ਰੈਸ, ਕਾਫਲਾ ਅਤੇ ਨਸ਼ਤਰ ਆਦਿ ਪ੍ਰੋਗਰਾਮ ਦਰਸ਼ਕਾਂ ਨੇ ਬੇਹੱਦ ਪਸੰਦ ਕੀਤੇ। ਹੁਣ ਚੈਨਲ ਵਲੋਂ ਸਥਾਨਕ ਭਾਈਚਾਰੇ ਦੀਆਂ ਸਰਗਰਮੀਆਂ ਬਾਰੇ ਇਕ ਪ੍ਰੋਗਰਾਮ ਆਰੰਭ ਕੀਤਾ ਜਾ ਰਿਹਾ ਹੈ ਜਿਸ ਵਿਚ ਅਮਰੀਕਾ-ਕੈਨੇਡਾ ਵਸਦੇ ਪੰਜਾਬੀ ਆਗੂਆਂ, ਵਿਦਵਾਨਾਂ, ਬਿਜਨਸਮੈਨਾਂ, ਧਾਰਮਿਕ ਸ਼ਖਸੀਅਤਾਂ ਅਤੇ ਖਿਡਾਰੀਆਂ ਬਾਰੇ ਜਾਣਕਾਰੀ ਦਰਸ਼ਕਾਂ ਸਨਮੁਖ ਕੀਤੀ ਜਾਏਗੀ। ਕੁਝ ਹੋਰ ਦਿਲਚਸਪ ਪ੍ਰੋਗਰਾਮ ਵੀ ਅਗਲੇ ਹਫਤਿਆਂ ਵਿਚ ਆਰੰਭ ਹੋਣ ਵਾਲੇ ਹਨ। ਇਸ ਚੈਨਲ ਉਪਰ ਖਬਰਾਂ ਅਤੇ ਇਸ਼ਤਿਹਾਰ ਵਗੈਰਾ ਦੇਣ ਲਈ ਕੈਲੀਫੋਰਨੀਆ ਵਿਚ ਇਸ ਦੇ ਪ੍ਰਤੀਨਿਧ ਮਾਨ ਮਨਦੀਪ ਨਾਲ ਫੋਨ 661-889-1927 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


**MRP TRAVEL**
*Lowest International and Domestic Fares*
ARC **FLY ANY AIRLINE OF YOUR CHOICE** IATA
***Providing the lowest Airfare, Cruise and Travel Packages to Asia, Africa, Europe, the Middle East and North America***
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates
SINGAPORE AIRLINES CATHAY PACIFIC KOREAN AIR Lufthansa CHINA AIRLINES
**We Also Offer Notary Service**



**SUPER TRAVEL**
847-676-9090, 773-465-5566
*E-mail: supertravel2003@yahoo.com*
***Lowest Fares With Excellent Service***
***AMERICAN AIR, CONTINENTAL AIR***

***JET AIRWAYS DELTA, AIR INDIA, KLM, LUFTHANSA.***
***For Emergency Call anytime at 847-673-3825***
***EARLY BIRD SALE!!!!***
**India $545 London $250**



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
# ਜਸਪ੍ਰੀਤ ਸਿੰਘ
## ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

*Attorny At Law*
***Law Offices Of Jaspreet Singh***
*4491 W. Shaw Ave., Suite 300 B (Near Costco) Fresno, CA 93722* ***Ph: 559-271-5511***
*44790 S. Grimmer Blvd. #204 Fremont CA-94538* ***Ph:510-657-6444*** *Fax: 510-657-6443*
*2945 W. Capitol Ave, Sacramento CA-95691* ***Ph: 916-372-4448*** *Fax: 916-372-4440*



**SYAN VIDEO PRODUCTION, INC.**
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

**734-261-0936 / 734-890-1767**
E-mail: raj@syanvideo.com
or visit at: www.syanvideo.com
SV PRODUCTION

# ਯੁਗਾਂਤਰ ਆਸ਼ਰਮ ਆਮ ਲੋਕਾਂ ਲਈ ਖੋਲ੍ਹਣ ਵਾਸਤੇ ਪ੍ਰਧਾਨ ਮੰਤਰੀ ਨੂੰ ਮਿਲਾਂਗਾ:ਇਕਬਾਲ ਸਿੰਘ




*ਯੁਗਾਂਤਰ ਆਸ਼ਰਮ ਦੇ ਬਾਹਰ ਖੜੇ ਹਨ ਸ. ਇਕਬਾਲ ਸਿੰਘ, ਕਲਦੀਪ ਸਿੰਘ ਧਾਲੀਵਾਲ, ਪ੍ਰੋ. ਲਾਲੀ ਧਨੋਆ, ਗੁਲਿੰਦਰ ਗਿੱਲ ਅਤ ਬਲਵਿੰਦਰ ਸਿੰਘ ਡੂਲਕੂ (ਫੋਟੋ:ਲੌਂਗਮੈਨ)*

**ਸਾਨ ਫਰਾਂਸਿਸਕੋ (ਬਿਊਰੋ):** ਦੇਸ਼ ਦੀ ਆਜ਼ਾਦੀ ਵਿਚ ਅਹਿਮ ਰੋਲ ਅਦਾ ਕਰਨ ਵਾਲੀ ਗਦਰ ਲਹਿਰ ਦੇ ਦੇਸ਼ ਭਗਤਾਂ ਦੀ ਯਾਦਗਾਰ ਅਤੇ ਪਾਰਟੀ ਦੇ ਪਹਿਲੇ ਹੈਡਕੁਆਟਰ ਯੁਗਾਂਤਰ ਆਸ਼ਰਮ ਸ਼ਾਨ ਫਰਾਸਿਸਕੋ ਨੂੰ ਆਮ ਲੋਕਾਂ ਦੇ ਖੋਲ੍ਹਣ ਲਈ ਮੈਂ ਜਲਦੀ ਹੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਮਿਲਾਂਗਾ। ਇਹ ਵਿਚਾਰ ਪਾਂਡੀਚੇਰੀ ਦੇ ਲੈਫਟੀਨੈਂਟ ਗਵਰਨਰ ਸ. ਇਕਬਾਲ ਸਿੰਘ ਨੇ ਇੰਡੋ-ਯੂ ਐਸ ਡਾਇਲਾਗ ਸੰਸਥਾ ਦੇ ਆਗੂਆਂ ਨਾਲ ਇਕ ਮੀਟਿੰਗ ਦੌਰਾਨ ਪ੍ਰਗਟਾਏ।

ਕੈਲੀਫੋਰਨੀਆ ਦੀ ਦੋ ਰੋਜ਼ਾ ਹਾਲੀਆ ਫੇਰੀ ਦੌਰਾਨ ਲੰਘੇ ਵੀਰਵਾਰ ਉਨ੍ਹਾਂ ਕਰੀਬ ਚਾਰ ਘੰਟੇ ਡਾਇਲਾਗ ਸੰਸਥਾ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਸੰਸਥਾ ਦੇ ਪ੍ਰਧਾਨ ਕੁਲਦੀਪ ਧਾਲੀਵਾਲ, ਮੁੱਖ ਸਲਾਹਕਾਰ ਗੁਲਿੰਦਰ ਸਿੰਘ ਗਿੱਲ ਅਤੇ ਕੋਆਰਡੀਨਟਰ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ ਅਤੇ ਬਲਵਿੰਦਰ ਸਿੰਘ ਡੂਲਕੂ ਸ਼ਾਮਿਲ ਹੋਏ। ਇਸ ਤੋਂ ਪਹਿਲਾਂ ਸ. ਇਕਬਾਲ ਸਿੰਘ ਨੇ ਸੰਸਥਾ ਦੇ ਆਗੂਆਂ ਨਾਲ ਜਾ ਕੇ ਸੈਕਰਾਮੈਂਟੋ ਦੀ ਇਤਿਹਾਸਕ ਸਿਟੀ ਸਿਮੈਟਰੀ ਵਿਚ ਦੇਸ਼ ਭਗਤ ਆਗੂ ਮੌਲਵੀ ਮੁਹੰਮਦ ਬਰਕਤ ਉਲਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਕਬਰ ਉਤੇ ਫੁੱਲ ਚੜ੍ਹਾ ਕੇ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ. ਇਕਬਾਲ ਸਿੰਘ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਕੋਲੋਂ ਇਹ ਮੰਗ ਵੀ ਪੂਰੀ ਕਰਾਉਣਗੇ ਕਿ ਸ਼ਹੀਦਾਂ ਦੀ ਇਸ ਕਬਰ ਨੂੰ ਕੌਮੀ ਯਾਦਗਾਰ ਬਣਾਇਆ ਜਾਵੇ। ਉਹ ਸੰਸਥਾ ਦੇ ਆਗੂਆਂ ਨਾਲ ਯੁਗਾਂਤਰ ਆਸ਼ਰਮ ਵੀ ਗਏ। ਉਨ੍ਹਾਂ ਕਿਹਾ ਕਿ ਗਦਰ ਲਹਿਰ ਦੀ ਆ ਰਹੀ ਸ਼ਤਾਬਦੀ ਮੌਕੇ ਇਸ ਆਸ਼ਰਮ ਵਿਚ ਇਕ ਵੱਡੀ ਲਾਇਬਰੇਰੀ ਅਤੇ ਅਜਾਇਬ ਘਰ ਵੀ ਕੇਂਦਰ ਸਰਕਾਰ ਕੋਲੋਂ ਬਣਵਾਉਣਗੇ। ਇਸ ਫੇਰੀ ਦੌਰਾਨ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਹਰਭਜਨ ਸਿੰਘ ਲੌਂਗਮੈਨ, ਮਦਰ ਇੰਡੀਆ ਰੈਸਟੋਰੈਂਟ ਦੇ ਮਾਲਕ ਲਖਵਿੰਦਰ ਸਿੰਘ ਲੱਖੀ, ਡਾ. ਹਰਸਿਮਰਨ ਅਤੇ ਗੁਰਦੀਪ ਸਿੰਘ ਗਿੱਲ ਵੀ ਹਾਜ਼ਰ ਸਨ। ਯਾਦ ਰਹੇ, ਪਿਛਲ ਸਾਲ ਹੋਈ ਗਦਰ ਕਾਨਫਰੰਸ ਵਿਚ ਸ. ਇਕਬਾਲ ਸਿੰਘ ਮੁਖ ਮਹਿਮਾਨ ਸਨ ਪਰ ਕਿਸੇ ਨਜ਼ਦੀਕੀ ਦੀ ਮੌਤ ਹੋਣ ਕਾਰਨ ਉਹ ਕਾਨਫਰੰਸ ਵਿਚ ਨਹੀਂ ਆ ਸਕੇ ਸਨ।

## ਬਾਦਲ ਵੱਲੋਂ ਟਿਊਬਵੈਲਾਂ ਦੇ ਪਾਣੀ ਦੀ ਪਰਖ ਦੇ ਆਦੇਸ਼

**ਚੰਡੀਗੜ੍ਹ:** ਯੂਰੇਨੀਅਮ ਤੇ ਹੋਰ ਭਾਰੀ ਧਾਤਾਂ ਤੋਂ ਸੁਰੱਖਿਅਤ ਪਾਣੀ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਟਿਊਬਵੈਲਾਂ ਦੇ ਪਾਣੀ ਦੇ ਤੁਰੰਤ ਸੈਂਪਲ ਟੈਸਟ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਟਿਊਬਵੈਲਾਂ ਦੇ ਸੈਂਪਲ ਲੈ ਕੇ ਭਾਬਾ ਪ੍ਰਮਾਣੂ ਖੋਜ ਕੇਂਦਰ ਮੁੰਬਈ ਨੂੰ ਭੇਜੇ ਤੇ ਇਹ ਕਾਰਵਾਈ ਛੇ ਮਹੀਨਿਆਂ ਵਿਚ ਪੂਰੀ ਕੀਤੀ ਜਾਵੇ।

ਇਹ ਫੈਸਲਾ ਮੁੱਖ ਮੰਤਰੀ ਨੇ ਵਿਭਾਗ ਦੇ ਸੀਨੀਅਰ ਅਫਸਰਾਂ ਨਾਲ ਮੀਟਿੰਗ ਤੋਂ ਬਾਅਦ ਲਿਆ। ਮੁੱਖ ਮੰਤਰੀ ਨੂੰ ਦੱਸਿਆ ਗਿਆ ਕਿ ਬਠਿੰਡਾ, ਮਾਨਸਾ, ਲੁਧਿਆਣਾ, ਮੋਗਾ, ਫਰੀਦਕੋਟ ਤੇ ਮੁਕਤਸਰ ਜ਼ਿਲ੍ਹਿਆਂ ਦੇ 199 ਸੈਂਪਲਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ ਤੇ ਇਨ੍ਹਾਂ ਵਿਚ ਭਾਰੀ ਮਾਤਰਾ ਵਿਚ ਯੂਰੇਨੀਅਮ ਪਾਇਆ ਗਿਆ ਹੈ।

## ਡਾ. ਨੂਰ ਦੇ ਚਲਾਣੇ ਕਰਕੇ ਗਦਰ ਹੈਰੀਟੇਜ ਕਾਨਫਰੰਸ ਮੁਲਤਵੀ

**ਸਟਾਕਟਨ, ਕੈਲੀਫੋਰਨੀਆ:** ਇੰਡੋ-ਯੂ ਐਸ ਡਾਇਲਾਗ ਇੰਕ ਵਲੋਂ ਇਥੇ ਹੋਲਟ ਫਾਰਮ ਵਿਚ ਮਈ ਮਹੀਨੇ ਕਰਵਾਈ ਜਾ ਰਹੀ ਗਦਰ ਹੈਰੀਟੇਜ ਕਾਨਫਰੰਸ ਪੰਜਾਬੀ ਆਲੋਚਕ ਅਤੇ ਚਿੰਤਕ ਡਾ. ਸੁਤਿੰਦਰ ਸਿੰਘ ਨੂਰ ਦੀ ਬੇਵਕਤੀ ਮੌਤ ਕਰਕੇ ਮੁਲਤਵੀ ਕਰ ਦਿੱਤੀ ਗਈ ਹੈ। ਇਹ ਕਾਨਫਰੰਸ ਭਾਈ ਜਵਾਲਾ ਸਿੰਘ ਅਤੇ ਸੰਤ ਵਿਸਾਖਾ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਡਾ. ਨੂਰ ਇਸ ਕਾਨਫਰੰਸ ਦੇ ਮੁੱਖ ਮਹਿਮਾਨ ਅਤੇ ਮੁੱਖ ਭਾਸ਼ਨਕਰਤਾ ਸਨ।

ਸੰਸਥਾ ਦੇ ਪ੍ਰਧਾਨ ਕੁਲਦੀਪ ਧਾਲੀਵਾਲ, ਮੁੱਖ ਸਲਾਹਕਾਰ ਗੁਲਿੰਦਰ ਗਿੱਲ, ਜਨਰਲ ਸਕੱਤਰ ਸੁਬੇਗ ਸਿੰਘ ਗਿੱਲ ਅਤੇ ਕੋਆਰਡੀਨੇਟਰ ਪ੍ਰੋ. ਬਲਵਿੰਦਰ ਸਿੰਘ ਧਨੋਆ ਤੇ ਸੁਰਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸੰਸਥਾ ਵਲੋਂ ਇਕ ਮੀਟਿੰਗ ਕਰਕੇ ਡਾ. ਨੂਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਕਿਹਾ ਕਿ ਗਦਰ ਲਹਿਰ ਦੀ ਆ ਰਹੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਸਾਡੀ ਸੰਸਥਾ ਨੇ ਡਾ. ਨੂਰ ਅਤੇ ਭਾਰਤੀ ਸਾਹਿਤ ਅਕਾਦਮੀ ਨਾਲ ਰਲ ਕੇ ਕਈ ਪ੍ਰਾਜੈਕਟਾਂ ਦੀ ਰੂਪ ਰੇਖਾ ਉਲੀਕੀ ਸੀ। ਡਾ. ਨੂਰ ਦਾ ਚਲਾਣਾ ਸੰਸਥਾ ਲਈ ਇਕ ਬਹੁਤ ਵੱਡਾ ਧੱਕਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜਲਦ ਹੀ ਕਾਨਫਰੰਸ ਦੀ ਨਵੇਂ ਸਿਰਿਓਂ ਰੂਪ ਰੇਖਾ ਉਲੀਕ ਕੇ ਇਸ ਦੀਆਂ ਨਵੀਆਂ ਤਾਰੀਖਾਂ ਦਾ ਐਲਾਨ ਕੀਤਾ ਜਾਏਗਾ।

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦਾ ਮੇਲਾ 2 ਜੁਲਾਈ ਨੂੰ

**ਸੈਕਰਾਮੈਂਟੋ:** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਇਸ ਸਾਲ ਆਉਂਦੀ 2 ਜੁਲਾਈ ਨੂੰ ਕੀਤੀ ਜਾਏਗੀ। ਫਾਊਂਡੇਸ਼ਨ ਵਲੋਂ ਜਾਰੀ ਇਕ ਬਿਆਨ ਵਿਚ ਪ੍ਰਧਾਨ ਸ੍ਰੀ ਚਰਨ ਸਿੰਘ ਜੱਜ ਨੇ ਕਿਹਾ ਹੈ ਕਿ ਇਸ ਵਾਰ ਕਾਨਫਰੰਸ ਦਾ ਉਦਘਾਟਨ ਡਾ. ਗੁਰਮੇਲ ਸਿੰਘ ਸਿੱਧੂ ਕਰਨਗੇ ਜਦੋਂਕਿ ਡਾ. ਰਘਬੀਰ ਸਿੰਘ ਸਿਰਜਣਾ ਗਦਰ ਪਾਰਟੀ ਬਾਰੇ ਪਰਚਾ ਪੜ੍ਹਨਗੇ। ਇਸ ਪਰਚੇ ਉਤੇ ਵਿਚਾਰ-ਵਟਾਂਦਰੇ ਵਿਚ ਹਿੱਸਾ ਲੈਣ ਲਈ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਡਾ. ਗੁਰਦੇਵ ਸਿੰਘ ਖੁਸ਼ (ਡੇਵਿਸ ਯੂਨੀਵਰਸਿਟੀ) ਅਤੇ ਸੁਖਵਿੰਦਰ ਕੰਬੋਜ ਪਹੁੰਚ ਰਹੇ ਹਨ। ਕੈਲੀਫੋਰਨੀਆਂ ਦੀਆਂ ਵੱਖ ਵੱਖ ਸਾਹਿਤ ਸਭਾਵਾਂ ਦੇ ਨੁਮਾਇੰਦੇ ਵੀ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਕਾਨਫਰੰਸ ਦੌਰਾਨ ਸਭਿਆਚਾਰਕ ਪ੍ਰੋਗਰਾਮ ਵਿਚ ਨਾਰੀ ਜਾਤੀ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਨਾਟਕ ਖੇਡੇ ਜਾਣਗੇ।

ਸ੍ਰੀ ਜੱਜ ਅਨੁਸਾਰ ਇਸ ਕਾਨਫਰੰਸ ਦਾ ਮਨੋਰਥ ਜਿਥੇ ਗਦਰੀ ਬਾਬਿਆਂ-ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਮੌਲਵੀ ਮੁਹੰਮਦ ਬਰਕਤ ਉਲਾ, ਮਥਰਾ ਸਿੰਘ, ਸੰਤ ਬਾਬਾ ਵਿਸਾਖਾ ਸਿੰਘ, ਸੰਤ ਜਵਾਲਾ ਸਿੰਘ ਠੱਠੀਆਂ ਆਦਿ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ ਉਥੇ ਅਜੋਕੀ ਪੀੜੀ ਨੂੰ ਉਨ੍ਹਾਂ ਦੀ ਘਾਲਣਾ ਤੋਂ ਜਾਣੂ ਕਰਾਉਣਾ ਵੀ ਹੈ।

## ਗਾਇਕ ਰਾਹਤ ਫਤਿਹ ਅਲੀ ਖਾਨ ਭਾਰਤ 'ਚ ਕਾਬੂ

**ਨਵੀਂ ਦਿੱਲੀ:** ਭਾਰਤ ਦੇ ਦੌਰੇ 'ਤੇ ਆਇਆ ਪਾਕਿਸਤਾਨੀ ਗਾਇਕ ਰਾਹਤ ਫਤਿਹ ਅਲੀ ਖਾਨ ਇਥੇ ਹਵਾਈ ਅੱਡੇ 'ਤੇ ਇਕ ਲੱਖ ਡਾਲਰ ਦੀ ਗੈਰਕਾਨੂੰਨੀ ਕਰੰਸੀ ਸਮੇਤ ਕਾਬੂ ਆ ਗਿਆ ਪਰ ਪਾਕਿਸਤਾਨੀ ਸਰਕਾਰ ਦੀ ਚਾਰਾਜੋਈ ਕਾਰਨ ਉਸ ਨੂੰ ਅਗਲੇ ਦਿਨ ਹੀ ਰਿਹਾ ਕਰ ਦਿੱਤਾ। ਰਾਹਤ ਫਤਿਹ ਅਲੀ ਖਾਨ ਦਿੱਲੀ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਕਰਾਚੀ ਜਾਣ ਲਈ ਪਹੁੰਚਿਆ ਸੀ। ਅਗਾਊਂ ਜਾਣਕਾਰੀ ਹੋਣ 'ਤੇ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ।

ਗਾਇਕ ਨੇ ਏਨੀ ਵੱਡੀ ਕਰੰਸੀ ਬਾਰੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਦਿੱਤੀ ਸੀ। ਰਾਹਤ ਫਤਿਹ ਅਲੀ ਖਾਨ ਮਰਹੂਮ ਨੁਸਰਤ ਫਤਿਹ ਅਲੀ ਖਾਨ ਦਾ ਭਤੀਜਾ ਹੈ।



Guaranteed! Save $5,000
on Your Home Purchase Or I Will Pay You $1,000 Cash
CALL 1-888-450-6603, ID # 4008
For FREE list of homes go to www.FreeHotListings.net
Call:AMARDEEP SINGH Realtor/Loan Broker Ph:(916) 712-2735l, Fax:(916) 679-5986 (DRE # 01357217)

**Antelope $139,000**

**$4,865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**

**$5,600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**

**$8,015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**

**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**Antelope $148,000**

**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270,000**

**$9,450 Down $1,329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**

**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230,000**

**$7,350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Elk Grove $238,000**

**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $220,000**

**$7700 Down $1,152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**For Short Sale I received over $4,500**


**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਿਸਰ 'ਚ ਲੋਕ ਰੋਹ ਦੀ ਜਿੱਤ, ਮੁਬਾਰਕ ਨੇ ਗੱਦੀ ਛੱਡੀ

ਹੈ। ਉਨ੍ਹਾਂ ਨੇ ਆਪਣੇ ਵਿਰੋਧੀਆਂ ਦੇ ਸਿਰ ਫੇਹਣ ਤੋਂ ਕਦੇ ਵੀ ਗੁਰੇਜ਼ ਨਹੀਂ ਕੀਤਾ ਪਰ ਪਿਛਲੇ 18 ਦਿਨਾਂ ਦੌਰਾਨ ਦੇਸ਼ ਭਰ ਵਿਚ ਆਮ ਲੋਕਾਂ ਵੱਲੋਂ ਦਿਖਾਏ ਸੰਘਰਸ਼ਮਈ ਜਜ਼ਬੇ ਨੇ ਉਨ੍ਹਾਂ ਨੂੰ ਅੰਤ ਝੁਕਣ ਲਈ ਮਜਬੂਰ ਕਰ ਦਿੱਤਾ। ਮੁਬਾਰਕ ਵੱਲੋਂ ਸਤੰਬਰ ਤੋਂ ਪਹਿਲਾਂ ਗੱਦੀ ਨਾ ਛੱਡਣ ਦੀ ਅੜੀ ਨੇ ਲੋਕ ਰੋਹ ਨੂੰ ਹੋਰ ਭੜਕਾ ਦਿੱਤਾ ਤੇ ਵਿਖਾਵਾਕਾਰੀ ਸਾਰੇ ਮੁੱਖ ਸ਼ਹਿਰਾਂ ਵਿਚ ਵਹੀਰਾਂ ਘੱਤ ਕੇ ਪਹੁੰਚ ਗਏ। ਅਸਲ 'ਚ ਮੁਬਾਰਕ ਨੂੰ ਗੱਦੀ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ 25 ਜਨਵਰੀ ਤੋਂ ਰਾਜਧਾਨੀ ਕਾਹਿਰਾ ਦੇ ਤਹਿਰੀਰ ਚੌਕ ਵਿਚ ਡਟੇ ਹੋਏ ਮੁਜ਼ਾਹਰਾਕਾਰੀ ਉਦੋਂ ਭੜਕ ਗਏ ਜਦੋਂ ਜਨਾਬ ਮੁਬਾਰਕ ਨੇ ਟੈਲੀਵਿਜ਼ਨ 'ਤੇ ਭਾਸ਼ਣ ਦੌਰਾਨ ਸਾਫ ਕਰ ਦਿੱਤਾ ਕਿ ਉਹ ਤੁਰੰਤ ਅਹੁਦਾ ਨਹੀਂ ਛੱਡਣਗੇ।

ਮੁਬਾਰਕ ਦੇ ਅਸਤੀਫ਼ੇ ਬਾਅਦ ਪੂਰੇ ਮਿਸਰ ਵਿਚ ਲੋਕ ਜਸ਼ਨਾਂ ਵਿਚ ਡੁੱਬ ਗਏ ਤੇ ਸੜਕਾਂ 'ਤੇ ਆ ਕੇ ਨੱਚ ਕੇ ਤੇ ਆਤਿਸ਼ਬਾਜ਼ੀ ਚਲਾ ਕੇ ਇਕ ਦੂਜੇ ਨੂੰ ਵਧਾਈ ਦਿੱਤੀ। ਇਸ ਮੌਕੇ ਮਿਸਰ ਦੇ ਝੰਡੇ ਲਹਿਰਾਏ ਗਏ। ਲੋਕਾਂ ਨੇ 'ਮਿਸਰ ਆਜ਼ਾਦ ਹੋ ਗਿਆ', 'ਅੱਲਾਹ ਸਭ ਤੋਂ ਵੱਡਾ ਹੈ' ਨਾਅਰੇ ਲਾਏ। ਹਜ਼ਾਰਾਂ ਦੀ ਗਿਣਤੀ ਵਿਚ ਮਿਸਰ ਵਾਸੀਆਂ ਖੁਸ਼ੀ ਦੇ ਗੀਤ ਗਾਏ। ਦੂਜੇ ਪਾਸੇ ਸੱਤਾ ਦੀ ਡੋਰ ਫੌਜੀ ਕਮਾਂਡਰਾਂ ਹੱਥ ਆਉਣ ਬਾਅਦ ਵੱਡੀ ਗਿਣਤੀ ਵਿਚ ਲੋਕ ਉਥੇਵੇਲੇ ਹਨ ਕਿ ਫ਼ੌਜ



ਲੋਕਤੰਤਰ ਦਾ ਸਵੇਰਾ ਲਿਆਉਣ ਲਈ ਕੀਤੇ ਵਾਅਦੇ ਨੂੰ ਪੂਰਾ ਕਰੇ। ਫ਼ੌਜ ਨੇ ਦੇਸ਼ ਦੀ ਪਾਰਲੀਮੈਂਟ ਦੇ ਦੋਵਾਂ ਸਦਨਾਂ ਨੂੰ ਮੁਅੱਤਲ ਕਰ ਦਿੱਤਾ ਹੈ। ਮੰਤਰੀ ਮੰਡਲ ਨੂੰ ਵੀ ਬਰਖ਼ਾਸਤ ਕਰ ਦਿੱਤਾ ਹੈ। ਮੁਬਾਰਕ 'ਤੇ ਮੁਕੱਦਮਾ ਚਲਾਉਣ ਦੀ ਸੰਭਾਵਨਾ ਵੀ ਪ੍ਰਗਟਾਈ ਜਾ ਰਹੀ ਹੈ।

ਮੁਬਾਰਕ ਵੱਲੋਂ ਅਸਤੀਫ਼ਾ ਦੇਣ ਦੇ ਫ਼ੈਸਲੇ ਨੂੰ ਸਹੀ ਕਰਾਰ ਦਿੰਦਿਆਂ ਭਾਰਤ ਨੇ ਮਿਸਰ ਵਿਚ ਸ਼ਾਂਤੀਪੂਰਨ ਸੱਤਾ ਤਬਦੀਲੀ ਦੀ ਕਾਮਨਾ ਕੀਤੀ ਹੈ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਉਮੀਦ ਹੈ ਕਿ ਮਿਸਰ ਵਿਚ ਫੌਜ ਆਪਣੀ ਚੰਗੀ ਭੂਮਿਕਾ ਨਿਭਾਉਂਦਿਆਂ ਲੋਕਤੰਤਰ ਦੀ ਬਹਾਲੀ ਲਈ ਜਲਦੀ ਕਦਮ ਚੁੱਕੇਗੀ।

ਉਧਰ ਸ੍ਰੀ ਸੁਲੇਮਾਨ ਨੇ ਐਲਾਨ ਕੀਤਾ ਕਿ ਸਤੰਬਰ ਮਹੀਨੇ ਦੇਸ਼ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਰੱਖਿਆ ਮੰਤਰੀ ਮੁਹੰਮਦ ਹੁਸੈਨ ਤੰਤਾਵੀ ਫੌਜੀ ਕੌਂਸਲ ਦੇ ਮੁਖੀ ਹੋਣਗੇ। ਤਖਤਾ ਪਲਟਣ ਤੋਂ ਬਾਅਦ ਸਵਿਟਜ਼ਰਲੈਂਡ ਨੇ ਐਲਾਨ ਕੀਤਾ ਹੈ ਕਿ ਹੋਸਨੀ ਮੁਬਾਰਕ ਤੇ ਉਸ ਦੇ ਪਰਿਵਾਰ ਦੇ ਉਸ ਦੇਸ਼ ਵਿਚਲੇ ਸਾਰੇ ਖਾਤੇ ਅਗਲੇ ਤਿੰਨ ਸਾਲਾਂ ਲਈ ਜਾਮ ਕਰ ਦਿੱਤੇ ਗਏ ਹਨ। ਸਵਿਸ ਵਿਦੇਸ਼ ਮੰਤਰਾਲੇ ਮੁਤਾਬਕ ਗੱਦੀਓਂ ਲਾਹੇ ਗਏ ਹੁਕਮਰਾਨਾਂ ਦੇ ਖਾਤੇ ਜਾਮ ਕਰਨਾ ਸਵਿਟਜ਼ਰਲੈਂਡ ਦੀ ਕੌਮੀ ਬੈਂਕਿੰਗ ਨੀਤੀ ਹੈ। ਇਹ ਕਾਰਵਾਈ ਇਨ੍ਹਾਂ ਅੰਦੇਸ਼ਿਆਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ ਕਿ ਸਵਿਸ ਬੈਂਕਾਂ ਵਿਚ ਜਮ੍ਹਾਂ ਰਕਮਾਂ ਗੱਦੀਓਂ ਲਾਹੇ ਹੁਕਮਰਾਨ ਵੱਲੋਂ ਕੌਮੀ ਖ਼ਜ਼ਾਨੇ ਦੀ ਲੁੱਟ-ਖਸੁੱਟ ਦਾ ਹਿੱਸਾ ਹੋ ਸਕਦੀਆਂ ਹਨ। ਸਵਿਟਜ਼ਰਲੈਂਡ ਨੇ ਟਿਊਨੀਸ਼ੀਆ ਦੇ ਗੱਦੀਓਂ ਲਾਹੇ ਰਾਸ਼ਟਰਪਤੀ ਜ਼ਿਨ ਅਲ-ਅਬੀਦੀਨ ਬਿਨ ਅਲੀ ਤੇ ਅਫਰੀਕੀ ਮੁਲਕ ਆਇਵਰੀ ਕੋਸਟ ਦੇ ਭੱਜੇ ਹੋਏ ਤਾਨਾਸ਼ਾਹ ਲੌਰੈਂਟ ਬੈਗਡੋ ਦੇ ਖਾਤੇ ਵੀ ਜਾਮ ਕਰ ਦਿੱਤੇ ਸਨ।

ਨਵੇਂ ਫ਼ੌਜੀ ਸ਼ਾਸਕਾਂ ਨੇ ਕਿਹਾ ਹੈ ਕਿ ਜਦੋਂ ਤੱਕ ਨਵੀਂ ਕੈਬਨਿਟ ਹੋਂਦ ਵਿਚ ਨਹੀਂ ਆ ਜਾਂਦੀ ਫ਼ੌਜ ਵੱਲੋਂ ਕੌਮਾਂਤਰੀ ਸੰਧੀਆਂ ਦਾ ਪੂਰਾ ਸਨਮਾਨ ਕੀਤਾ ਜਾਵੇਗਾ। ਸੀਨੀਅਰ ਫ਼ੌਜੀ ਅਧਿਕਾਰੀ ਨੇ ਅਮਰੀਕਾ ਤੇ ਇਜ਼ਰਾਈਲ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ ਮੌਜੂਦਾ ਸਰਕਾਰ ਤੇ ਗਵਰਨਰ ਨਵੀਂ ਸਰਕਾਰ ਦੇ ਗਠਨ ਤੱਕ ਸਾਰੇ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿਚ ਰੱਖਣਗੇ। ਉਨ੍ਹਾਂ ਕਿਹਾ ਕਿ ਮਿਸਰ ਦੀ ਅਰਬ ਰਿਪਬਲਿਕ ਸਾਰੀਆਂ ਖੇਤਰੀ ਤੇ ਕੌਮਾਂਤਰੀ ਜ਼ਿੰਮੇਵਾਰੀਆਂ ਤੇ ਸੰਧੀਆਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ। ਇਸੇ ਦੌਰਾਨ ਕੁਝ ਸਰਕਾਰੀ ਅਧਿਕਾਰੀਆਂ ਦੇ ਬਿਨ੍ਹਾਂ ਆਗਿਆ ਦੇਸ਼ ਛੱਡ ਕੇ ਜਾਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

# ਕਿਊਬਿਕ ਅਸੈਂਬਲੀ 'ਚ ਕਿਰਪਾਨ ਲਿਜਾਣ 'ਤੇ ਪਾਬੰਦੀ

ਤੋਂ ਰੋਕ ਦਿੱਤਾ ਗਿਆ ਸੀ। ਇਹ ਵਿਅਕਤੀ ਇਕ ਮੁਸਲਿਮ ਔਰਤ ਦੇ ਨਕਾਬ ਪਹਿਨਣ ਦੇ ਹੱਕ ਦੀ ਹਮਾਇਤ ਕਰਨ ਆਏ ਸਨ। ਇਨ੍ਹਾਂ ਚਾਰ ਸਿੱਖਾਂ, ਜੋ ਕਿਊਬਕ ਵਿਚ ਨਕਾਬ 'ਤੇ ਪਾਬੰਦੀ ਲਾਉਣ ਵਾਲੇ ਬਿੱਲ 94 ਦੇ ਵਿਰੋਧੀ ਹਨ, ਨੂੰ ਪਿਛਲੇ ਮਹੀਨੇ ਇਕ ਸੰਸਦੀ ਕਮੇਟੀ ਵੱਲੋਂ ਧਾਰਮਿਕ ਘੱਟ ਗਿਣਤੀਆਂ ਦੇ ਵਾਜਬ ਹੱਕਾਂ ਦੇ ਮੁੱਦੇ 'ਤੇ ਬਹਿਸ ਲਈ ਸੱਦਿਆ ਗਿਆ ਸੀ ਪਰ ਇਨ੍ਹਾਂ ਨੂੰ ਕੌਮੀ ਅਸੈਂਬਲੀ ਦੇ ਮੈਟਲ ਡਿਟੈਕਟਰ ਵਾਲੇ ਗੇਟ ਵਿਚੋਂ ਲੰਘਣ ਨਹੀਂ ਦਿੱਤਾ ਗਿਆ ਸੀ ਤੇ ਮੁੱਖ ਸੁਰੱਖਿਆ ਅਧਿਕਾਰੀ ਨੇ ਕਿਰਪਾਨ ਨੂੰ ਘਾਤਕ ਹਥਿਆਰਾਂ ਦੀ ਸ਼੍ਰੇਣੀ ਵਿਚ ਸ਼ੁਮਾਰ ਕੀਤਾ ਸੀ। ਪਾਰਟੀ ਕਿਊਬੈਕਾਇਸ ਦੀ ਮਾਂਟਰੀਅਲਜ਼ ਰੋਜ਼ਮੌਂਟ ਤੋਂ ਮੈਂਬਰ ਲੂਈ ਬਿਊਦੌਇਨ, ਜਿਨ੍ਹਾਂ ਪਾਬੰਦੀ ਦਾ ਮਤਾ ਪੇਸ਼ ਕੀਤਾ ਸੀ, ਨੇ ਕਿਹਾ ਕਿ ਉਸ ਨੇ ਅਜਿਹਾ ਤਾਂ ਕੀਤਾ ਕਿਉਂਕਿ ਸੂਬਾਈ ਆਵਾਸ ਮੰਤਰੀ ਕੈਥਲੀਨ ਵੀਲ ਨੇ ਕਿਰਪਾਨ ਦੇ ਮੁੱਦੇ 'ਤੇ ਨਿਰਪੱਖ ਸਟੈਂਡ ਲੈ ਰੱਖਿਆ ਸੀ। ਬਿਊਦੌਇਨ ਨੇ ਆਖਿਆ ਕਿ ਉਹ ਦੇਖਣਾ ਚਾਹੁੰਦੀ ਸੀ ਕਿ ਸੁਰੱਖਿਆ ਬਨਾਮ ਧਾਰਮਿਕ ਆਜ਼ਾਦੀ ਦੇ ਮੁੱਦੇ 'ਤੇ ਵੀਲ ਕਿੱਥੇ ਖਲੋਂਦੀ ਹੈ। ਉਸ ਨੇ ਕਿਹਾ ਕਿ ਸਿੱਖਾਂ ਨੂੰ ਵਿਧਾਨ ਸਭਾ ਸੁਰੱਖਿਆ ਅਧਿਕਾਰੀਆਂ ਕੋਲ ਆਪਣੀਆਂ ਕਿਰਪਾਨਾਂ ਜਮ੍ਹਾਂ ਕਰਾਉਣ ਲਈ ਤਿਆਰ ਹੋਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਬਹੁ-ਸੱਭਿਆਚਾਰਵਾਦ ਕੈਨੇਡਾ ਦੀ ਰੀਤ ਹੈ, ਕਿਊਬਕ ਦੀ ਨਹੀਂ।

ਆਵਾਸ ਮੰਤਰੀ ਵੀਲ ਨੇ ਕਿਰਪਾਨਾਂ ਦੀ ਚੈਕਿੰਗ ਨੂੰ ਦਰੁਸਤ ਦੱਸਦਿਆਂ ਆਖਿਆ ਕਿ ਉਹ ਸਾਰੇ (ਬਿੱਲ ਪਾਸ ਕਰਨ ਲਈ) ਸਹਿਮਤ ਹਨ। ਇਹ ਬਿੱਲ 94 ਜੋ ਚਿਹਰਾ ਢੱਕਣ ਜਿਵੇਂ ਨਕਾਬ ਜਾਂ ਬੁਰਕਾ ਪਹਿਨਣ ਦੀ ਇਸਲਾਮੀ ਰੀਤ ਨਾਲ ਸਬੰਧਤ ਸੀ। ਉਸ ਨੇ ਕਿਹਾ ਕਿ ਲੋਕਮਤ ਸਰਵੇਖਣ ਮੁਤਾਬਕ ਕਿਊਬਕ ਦੇ 95 ਫੀਸਦੀ ਤੇ ਬਾਕੀ ਕੈਨੇਡਾ ਦੇ 85 ਫੀਸਦੀ ਲੋਕਾਂ ਨੇ ਉਸ ਦੇ ਸਟੈਂਡ ਦੀ ਪੁਸ਼ਟੀ ਕੀਤੀ ਹੈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਕਾਰਵਾਈ ਨੂੰ ਸਿੱਖ ਧਾਰਮਿਕ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਇਸ ਫੈਸਲੇ ਨੂੰ ਮੰਦਭਾਗਾ ਦੱਸਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੱਖ-ਵੱਖ ਮੁਲਕਾਂ ਵਿਚ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰਾਉਣ ਬਾਰੇ ਕਈ ਵਾਰ ਅਪੀਲ ਕੀਤੀ ਜਾ ਚੁੱਕੀ ਹੈ ਪਰ ਉਨ੍ਹਾਂ ਵੱਲੋਂ ਸਿੱਖ ਮਸਲਿਆਂ ਨੂੰ ਅਣਗੌਲਿਆਂ ਕੀਤੇ ਜਾਣ ਕਾਰਨ ਸਿੱਖ ਪਛਾਣ ਤੇ ਧਾਰਮਿਕ ਚਿੰਨ੍ਹ ਪਹਿਨਣ ਸਬੰਧੀ ਇਹ ਸਮੱਸਿਆਵਾਂ ਦਿਨੋ-ਦਿਨ ਵੱਧ ਰਹੀਆਂ ਹਨ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਕਿਊਬਕ ਵਿਧਾਨ ਸਭਾ ਦੇ ਇਸ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਅਜਿਹਾ ਫੈਸਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਬਾਰੇ ਇਕੱਤਰਤਾ ਸੱਦ ਕੇ ਇਸ ਮੁੱਦੇ 'ਤੇ ਖੁੱਲ੍ਹੀ ਵਿਚਾਰ ਚਰਚਾ ਕਰਨੀ ਚਾਹੀਦੀ ਸੀ ਤੇ ਇਸ ਤੋਂ ਬਾਅਦ ਹੀ ਕੋਈ ਫੈਸਲਾ ਕਰਨਾ ਚਾਹੀਦਾ ਸੀ ਕਿਉਂਕਿ ਕੈਨੇਡਾ ਦੀ ਸੰਸਦ ਵਿਚ ਹੀ ਅੰਮ੍ਰਿਤਧਾਰੀ ਸਿੱਖ ਮੈਂਬਰ ਹਨ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਕਿਰਨਜੋਤ ਕੌਰ ਨੇ ਕਿਹਾ ਕਿ ਕਿਊਬਕ ਫਰਾਂਸ ਪ੍ਰਭਾਵਿਤ ਖਿੱਤਾ ਹੈ ਤੇ ਫਰਾਂਸ ਦੇ ਵਿਦਿਅਕ ਅਦਾਰਿਆਂ ਵਿਚ ਪਹਿਲਾਂ ਹੀ ਧਾਰਮਿਕ ਚਿੰਨ੍ਹ ਪਹਿਨਣ ਦੀ ਰੋਕ ਲਾਈ ਹੋਈ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਸੰਸਦ ਵਿਚ ਕਿਰਪਾਨ ਪਹਿਨ ਕੇ ਆਉਣ 'ਤੇ ਕੋਈ ਰੋਕ ਨਹੀਂ ਹੈ ਪਰ ਕਿਊਬਕ ਵਿਚ ਲਾਈ ਰੋਕ ਮੰਦਭਾਗੀ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਕਿਊਬਕ ਵਿਧਾਨ ਸਭਾ ਨੂੰ ਆਪਣੇ ਇਸ ਫੈਸਲੇ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

# ਇਟਲੀ ਦੇ ਹਵਾਈ ਅੱਡਿਆਂ 'ਤੇ ਪੱਗਾਂ ਲੁਹਾ ਕੇ ਤਲਾਸ਼ੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਇਟਲੀ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਸੁਰੱਖਿਆ ਅਮਲ ਵੱਲੋਂ ਪੱਗਾਂ ਉਤਾਰੇ ਜਾਣ ਲਈ ਮਜਬੂਰ ਕਰਨ ਦਾ ਮਾਮਲਾ ਹੋਰ ਗੰਭੀਰ ਹੋ ਗਿਆ ਹੈ ਕਿਉਂਕਿ ਉਥੇ ਅਮਲ ਵਿਚ ਆਏ ਨਵੇਂ ਕਾਨੂੰਨ ਤਹਿਤ ਡਰਾਈਵਿੰਗ ਲਾਇਸੰਸਾਂ ਉਤੇ ਕਿਸੇ ਵਿਅਕਤੀ ਦੀ ਪੱਗ ਵਾਲੀ ਫੋਟੋ ਦੀ ਆਗਿਆ ਨਹੀਂ ਦਿੱਤੀ ਗਈ। ਇਟਲੀ 'ਚ ਤਿੰਨ ਲੱਖ ਦੇ ਕਰੀਬ ਭਾਰਤੀ ਹਨ ਜਿਨ੍ਹਾਂ ਵਿਚੋਂ 70 ਫੀਸਦੀ ਪੰਜਾਬ ਤੋਂ ਹਨ।

ਇੰਡੀਅਨ ਓਵਰਸੀਜ਼ ਕਾਂਗਰਸ ਇਟਲੀ ਦੇ ਪ੍ਰਧਾਨ ਕਰਮਜੀਤ ਸਿੰਘ ਢਿਲੋਂ ਨੇ ਦੱਸਿਆ ਕਿ ਇਟਲੀ ਦੀਆਂ ਵੱਖੋ-ਵੱਖਰੀਆਂ ਸਿੱਖ ਜਥੇਬੰਦੀਆਂ ਹਵਾਈ ਅੱਡਿਆਂ 'ਤੇ ਪੱਗ ਉਤਾਰਨ ਲਈ ਮਜਬੂਰ ਕੀਤੇ ਜਾਣ ਦੀਆਂ ਘਟਨਾਵਾਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਸਮੇਤ 10 ਸਿੱਖਾਂ ਨੂੰ ਰੋਮ ਦੇ ਹਵਾਈ ਅੱਡੇ 'ਤੇ ਚੈਕਿੰਗ ਲਈ ਪੱਗਾਂ ਉਤਾਰਨ ਵਾਸਤੇ ਮਜਬੂਰ ਕੀਤਾ ਗਿਆ। ਉਨ੍ਹਾਂ ਸਿੱਖਾਂ ਨੇ ਰੋਮ ਤੋਂ ਦੋਹਾ ਹੁੰਦੇ ਹੋਏ ਭਾਰਤ ਪਹੁੰਚਣਾ ਸੀ। ਉਨ੍ਹਾਂ ਦੱਸਿਆ ਕਿ ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਸੀ ਕਿ ਜਾਂਚ ਮਸ਼ੀਨਾਂ ਖਰਾਬ ਹਨ, ਇਸ ਕਰਕੇ ਉਨ੍ਹਾਂ ਨੂੰ ਪੱਗਾਂ ਉਤਾਰਨੀਆਂ ਪੈਣਗੀਆਂ। ਜਦੋਂ ਉਨ੍ਹਾਂ ਨੇ ਜਨਤਕ ਤੌਰ 'ਤੇ ਪੱਗਾਂ ਉਤਾਰਨ ਲਈ ਮਜਬੂਰ ਕੀਤੇ ਜਾਣ ਦਾ ਵਿਰੋਧ ਕੀਤਾ ਤਾਂ ਸੁਰੱਖਿਆ ਅਮਲਾ ਉਨ੍ਹਾਂ ਨੂੰ ਇਕ ਕਮਰੇ 'ਚ ਲੈ ਗਿਆ ਜਿਥੇ ਉਨ੍ਹਾਂ ਦੀ ਤਲਾਸ਼ੀ ਲਈ ਗਈ। ਇਥੋਂ ਤੱਕ ਕਿ ਉਸ ਕਮਰੇ ਵਿਚ ਕੋਈ ਸ਼ੀਸ਼ਾ ਵੀ ਨਹੀਂ ਸੀ ਜਿਸ ਨੂੰ ਦੇਖ ਕੇ ਉਹ ਪੱਗਾਂ ਬੰਨ੍ਹ ਸਕਦੇ। ਸੁਰੱਖਿਆ ਅਮਲੇ ਨੇ ਇਥੋਂ ਤੱਕ ਕਿਹਾ ਕਿ ਇਹ ਪਗੜੀਆਂ ਸੁਰੱਖਿਆ ਜਾਂਚ ਵਿਚੋਂ ਲੰਘ ਜਾਣ ਉਪਰੰਤ ਤੇ ਇਮੀਗਰੇਸ਼ਨ ਹੋ ਜਾਣ ਮਗਰੋਂ ਦੂਜੇ ਪਾਸੇ ਜਾ ਕੇ ਬੰਨ੍ਹੀਆਂ ਜਾਣ।

ਸ੍ਰੀ ਢਿਲੋਂ ਅਨੁਸਾਰ ਮਿਲਾਨ ਹਵਾਈ ਅੱਡ 'ਤੇ ਅਜਿਹੀਆਂ ਘਟਨਾਵਾਂ ਕਰੀਬ ਹਰ ਰੋਜ਼ ਵਾਪਰ ਰਹੀਆਂ ਹਨ। ਸਿੱਖ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਜਾਣ ਵਾਲੀ ਚੈਕਿੰਗ ਖ਼ਿਲਾਫ਼ ਨਹੀਂ ਪਰ ਜਿਸ ਢੰਗ ਨਾਲ ਇਹ ਚੈਕਿੰਗ ਹੋ ਰਹੀ ਹੈ, ਉਸ ਦੇ ਖ਼ਿਲਾਫ਼ ਹਨ। ਉਨ੍ਹਾਂ ਕਿਹਾ ਕਿ ਜ਼ਾਹਰਾ ਤੌਰ 'ਤੇ ਇਸ ਚੈਕਿੰਗ ਦੇ ਵਧੀਆ ਤੇ ਇੱਜ਼ਤਦਾਰ ਤਰੀਕੇ ਵੀ ਹੋ ਸਕਦੇ ਹਨ। ਉਹ ਇਸ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਲਿਖ ਚੁੱਕੇ ਹਨ ਜਿਸ ਵਿਚ ਇਹ ਮਾਮਲਾ ਇਟਲੀ ਸਰਕਾਰ ਕੋਲ ਉਠਾਉਣ ਲਈ ਕਿਹਾ ਗਿਆ ਹੈ।

ਉਧਰ ਕਾਂਗਰਸ ਆਗੂ ਤੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਇਹ ਬੜਾ ਗੰਭੀਰ ਮਾਮਲਾ ਹੈ ਤੇ ਉਹ ਇਹ ਮਾਮਲਾ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪਰਨੀਤ ਕੌਰ ਦੇ ਧਿਆਨ ਵਿਚ ਲਿਆ ਕੇ ਉਨ੍ਹਾਂ ਨੂੰ ਇਹ ਮੁੱਦਾ ਇਟਲੀ ਸਰਕਾਰ ਨਾਲ ਉਠਾਉਣ ਤੇ ਇਸ ਦਾ ਯੋਗ ਹੱਲ ਕੱਢੇ ਜਾਣ ਲਈ ਬੇਨਤੀ ਕਰਨਗੇ।

# ਪੰਜਾਬ ਕਾਂਗਰਸ 'ਚ ਪਾਟੋਧਾੜ ਬਰਕਰਾਰ

*(ਸਫਾਂ ਇਕ ਦੀ ਬਾਕੀ)*

ਗਈ। ਇਨ੍ਹਾਂ ਰੈਲੀਆਂ 'ਚ ਵੀ ਜਗਮੀਤ ਸਿੰਘ ਬਰਾੜ ਗੈਰਹਾਜ਼ਰ ਰਹੇ।

ਜਗਮੀਤ ਬਰਾੜ ਨੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਮਪੁਰਾ ਫੂਲ ਵਿਖੇ ਰੈਲੀ ਦੌਰਾਨ ਕਾਂਗਰਸ ਦੇ ਕੁਝ ਮੌਜੂਦਾ ਵਿਧਾਇਕਾਂ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਲਈ ਮੁੜ ਉਮੀਦਵਾਰ ਐਲਾਨੇ ਜਾਣ ਨੂੰ ਚੁਣੌਤੀ ਦਿੱਤੀ ਹੈ। ਸ. ਬਰਾੜ ਨੇ ਇਸ ਨੂੰ ਗ਼ਲਤ ਠਹਿਰਾਉਂਦਿਆਂ ਕਿਹਾ ਹੈ ਕਿ ਕੈਪਟਨ ਕੋਲ ਇਸ ਤਰ੍ਹਾਂ ਉਮੀਦਵਾਰਾਂ ਦਾ ਐਲਾਨ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸ. ਬਰਾੜ ਨੇ ਕਿਹਾ ਕਿ ਕੈਪਟਨ ਵੱਲੋਂ ਕੀਤਾ ਗਿਆ ਐਲਾਨ ਕੁਲ ਹਿੰਦ ਕਾਂਗਰਸ ਕਮੇਟੀ ਦੀ ਨਿਰਧਾਰਤ ਨੀਤੀ ਦੇ ਵਿਰੁਧ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਰਿੰਦਰ ਸਿੰਘ ਨੇ ਗੁਰਪ੍ਰੀਤ ਸਿੰਘ ਕਾਂਗੜ, ਜੀਤ ਮਹਿੰਦਰ ਸਿੰਘ ਸਿੱਧੂ ਤੇ ਅਜਾਇਬ ਸਿੰਘ ਭੱਟੀ ਦਾ ਨਾਂ ਲੈਂਦਿਆਂ ਕਿਹਾ ਸੀ ਕਿ ਇਹ ਸਾਰੇ ਮੁੜ ਆਪਣੇ ਹਲਕਿਆਂ ਤੋਂ ਚੋਣ ਲੜਨਗੇ। ਸ. ਬਰਾੜ ਨੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ-ਨਾਲ ਉਕਤ ਵਿਧਾਇਕਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਹੈ ਕਿ ਕੈਪਟਨ ਨੇ ਜਿਨ੍ਹਾਂ ਉਮੀਦਵਾਰਾਂ ਦਾ ਐਲਾਨ ਕੀਤਾ ਹੈ, ਉਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਵਿਚ ਲੋਕ ਸਭਾ 2009 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਵੋਟ ਵੱਡੀ ਗਿਣਤੀ ਵਿਚ ਘਟੀ ਸੀ। ਸ. ਬਰਾੜ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਦੇ ਵਿਧਾਨ ਮੁਤਾਬਿਕ ਅਜੇ ਤਕ ਇਹ ਵੀ ਫ਼ੈਸਲਾ ਹੋਣਾ ਬਾਕੀ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਜਿਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਦੀਆਂ ਵੋਟਾਂ ਪੰਜ ਹਜ਼ਾਰ ਤੋਂ ਜ਼ਿਆਦਾ ਘਟੀਆਂ ਹਨ, ਉਨ੍ਹਾਂ ਨੂੰ ਉਮੀਦਵਾਰ ਬਣਾਇਆ ਜਾਣਾ ਚਾਹੀਦਾ ਹੈ ਜਾਂ ਨਹੀਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਸਿੱਖਿਆ ਵਿਭਾਗ ਦੀ ਨੀਤੀ ਵਿਰੁਧ ਚਲਣ ਕਾਰਨ ਹੀ ਹੋਇਆ ਕ੍ਰਿਸ਼ਨ ਕੁਮਾਰ ਦਾ ਤਬਾਦਲਾ:ਜਥੇਦਾਰ ਸੇਖਵਾਂ

**ਬੇਕਰਜ਼ਫੀਲਡ (ਮਾਨ ਮਨਦੀਪ):** ਪੰਜਾਬ ਦੇ ਸਿੱਖਿਆ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕ੍ਰਿਸ਼ਨ ਕੁਮਾਰ ਵਿਚਾਲੇ ਚਲ ਰਹੀ ਆਰ-ਪਾਰ ਦੀ ਲੜਾਈ ਦਾ ਉਦੋਂ ਅੰਤ ਹੋ ਗਿਆ ਜਦੋਂ ਕ੍ਰਿਸ਼ਨ ਕੁਮਾਰ ਦਾ ਸਿੱਖਿਆ ਵਿਭਾਗ ਵਿਚੋਂ ਤਬਾਦਲਾ ਕਰ ਦਿਤਾ ਗਿਆ।



ਇਸ ਪੱਤਰਕਾਰ ਨਾਲ ਫੋਨ ਉਤੇ ਗੱਲ ਕਰਦਿਆਂ ਜਥੇਦਾਰ ਸੇਖਵਾਂ ਨੇ ਕਿਹਾ ਕਿ ਮੰਤਰੀ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਨ ਤੇ ਉਹ ਉਨ੍ਹਾਂ ਪ੍ਰਤੀ ਜਵਾਬਦੇਹ ਹਨ ਅਤੇ ਮੰਤਰੀ ਲੋਕਾਂ ਦੇ ਭਲੇ ਲਈ ਨੀਤੀਆਂ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਬਤੌਰ ਸਿੱਖਿਆ ਮੰਤਰੀ ਉਨ੍ਹਾਂ ਨੇ ਇਹ ਨੀਤੀ ਬਣਾਈ ਸੀ ਕਿ ਨਵਨਿਯੁਕਤ ਅਧਿਆਪਕਾਂ ਨੂੰ ਪੇਂਡੂ ਇਲਾਕੇ, ਸਰਹੱਦੀ ਇਲਾਕੇ ਅਤੇ ਕੰਢੀ ਦੇ ਇਲਾਕੇ ਵਿਚ ਲਾਇਆ ਜਾਏਗਾ ਕਿਉਂਕਿ ਸ਼ਹਿਰੀ ਖੇਤਰਾਂ ਵਿਚ ਪਹਿਲਾਂ ਹੀ ਕਾਫੀ ਅਧਿਆਪਕ ਹਨ। ਪਰੰਤੂ ਸਰਬ ਸਿੱਖਿਆ ਮੁਹਿੰਮ ਤਹਿਤ ਭਰਤੀ ਕੀਤੇ ਗਏ 6500 ਅਧਿਆਪਕਾਂ ਵਿਚੋਂ ਬਹੁਤਿਆਂ ਨੂੰ ਕ੍ਰਿਸ਼ਨ ਕੁਮਾਰ ਨੇ ਸ਼ਹਿਰਾਂ ਜਾਂ ਸ਼ਹਿਰਾਂ ਦੇ ਆਸ-ਪਾਸ ਦੇ ਇਲਾਕੇ ਵਿਚ ਨਿਯੁਕਤ ਕਰ ਦਿਤਾ ਜੋ ਕਿ ਬਣਾਈ ਗਈ ਨੀਤੀ ਦੇ ਉਲਟ ਕਾਰਵਾਈ ਸੀ। ਇਸ ਤਰ੍ਹਾਂ ਕਰ ਕੇ ਪੇਂਡੂ, ਸਰਹੱਦੀ ਅਤੇ ਕੰਢੀ ਦੇ ਖੇਤਰਾਂ ਨੂੰ ਅਣਗੌਲਿਆਂ ਕੀਤਾ ਗਿਆ ਜਿਥੇ ਅਧਿਆਪਕਾਂ ਦੀ ਕਮੀ ਕਾਰਨ ਸਕੂਲਾਂ ਦਾ ਪਹਿਲਾਂ ਹੀ ਬੁਰਾ ਹਾਲ ਹੈ।

ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਕ੍ਰਿਸ਼ਨ ਕੁਮਾਰ ਸਿੱਖਿਆ ਵਿਭਾਗ ਦੀਆਂ ਨੀਤੀਆਂ ਦੀਆਂ ਧੱਜੀਆਂ ਉਡਾਉਂਦਿਆਂ ਅਧਿਆਪਕਾਂ ਨੂੰ ਸ਼ਹਿਰੀ ਖੇਤਰਾਂ ਵਿਚ ਨਿਯੁਕਤ ਕਰਨ ਲਈ ਨਿਯੁਕਤੀ ਪੱਤਰ ਦਿੰਦਾ ਰਿਹਾ। ਜਦੋਂ ਇਸ ਬਾਰੇ ਸ਼ਿਕਾਇਤ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕੋਲ ਪਹੁੰਚੀ ਤਾਂ ਉਨ੍ਹਾਂ ਸਾਰੇ ਪੱਖ ਵੇਖਣ ਤੋਂ ਬਾਅਦ ਸਿੱਖਿਆ ਮੰਤਰੀ ਦੀਆਂ ਪੇਂਡੂ ਖੇਤਰ ਵਾਲੀਆਂ ਨੀਤੀਆਂ ਨੂੰ ਸਹੀ ਕਰਾਰ ਦਿੰਦਿਆਂ ਕ੍ਰਿਸ਼ਨ ਕੁਮਾਰ ਦਾ ਤਬਾਦਲਾ ਸਿਹਤ ਮਹਿਕਮੇ ਵਿਚ ਕਰ ਦਿਤਾ। ਜਥੇਦਾਰ ਸੇਖਵਾਂ ਨੇ ਦੋਸ਼ ਲਾਇਆ ਕਿ ਕ੍ਰਿਸ਼ਨ ਕੁਮਾਰ ਵਿਰੋਧੀ ਪਾਰਟੀਆਂ ਦੇ ਹੱਥਾਂ ਵਿਚ ਖੇਡ ਰਹੇ ਸਨ। ਇਸ ਸਬੰਧੀ ਕਾਂਗਰਸ ਅਤੇ ਮਨਪ੍ਰੀਤ ਬਾਦਲ ਦਾ ਵਿਰੋਧ ਮਹਿਜ ਸਿਆਸੀ ਡਰਾਮੇ ਤੋਂ ਵੱਧ ਕੁਝ ਨਹੀਂ ਹੈ।

ਮੰਤਰੀ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਭਾਰਤੀ ਜਨਤਾ ਪਾਰਟੀ ਦੇ ਕਿਸੇ ਵੀ ਆਗੂ ਨੇ ਇਸ ਤਬਾਦਲੇ ਦਾ ਵਿਰੋਧ ਨਹੀਂ ਕੀਤਾ। ਇਸ ਤੋਂ ਸਾਫ ਜਾਹਰ ਹੈ ਕਿ ਕ੍ਰਿਸ਼ਨ ਕੁਮਾਰ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਵਿਰੁਧ ਕੰਮ ਕਰ ਰਹੇ ਸਨ। ਇਸ ਸਾਰੇ ਘਟਨਾਕ੍ਰਮ ਤੋਂ ਜ਼ਾਹਰ ਹੁੰਦਾ ਹੈ ਕਿ ਬਾਦਲ ਪਰਿਵਾਰ ਵਿਚ ਜਥੇਦਾਰ ਸੇਖਵਾਂ ਦਾ ਕਿੰਨਾ ਮਾਣ ਸਨਮਾਨ ਹੈ।

ਜਥੇਦਾਰ ਸੇਖਵਾਂ ਨੇ ਅਧਿਆਪਕਾਂ ਦੀਆਂ ਆਮ ਬਦਲੀਆਂ ਅਤੇ 6500 ਨਵੇਂ ਭਰਤੀ ਕੀਤੇ ਗਏ ਅਧਿਆਪਕਾਂ ਬਾਰੇ ਪੁਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਦੇ ਤੌਰ 'ਤੇ ਉਨ੍ਹਾਂ ਕ੍ਰਿਸ਼ਨ ਕੁਮਾਰ ਵਲੋਂ ਕੀਤੀਆਂ ਨਿਯੁਕਤੀਆਂ ਰੱਦ ਕਰ ਦਿਤੀਆਂ ਹਨ ਅਤੇ ਅਗਲੇ ਮਹੀਨੇ ਤੋਂ ਉਹ ਆਪ ਦਫਤਰ ਬੈਠ ਕੇ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨਗੇ। ਉਨ੍ਹਾਂ ਸਪਸ਼ਟ ਕੀਤਾ ਕਿ ਕੁਆਰੀਆਂ ਲੜਕੀਆਂ ਅਤੇ ਅੰਗਹੀਣ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜਦੀਕ ਲਾਇਆ ਜਾਏਗਾ। ਨਵੇਂ ਨਿਯੁਕਤ ਹੋਏ ਅਧਿਆਪਕਾਂ ਨੂੰ ਸ਼ਹਿਰ ਤੋਂ ਘਟੋਘਟ 11 ਕਿਲੋਮੀਟਰ ਦੇ ਫਾਸਲੇ ਉਤੇ ਨਿਯੁਕਤ ਕੀਤਾ ਜਾਏਗਾ। ਜਥੇਦਾਰ ਸੇਖਵਾਂ ਨੇ ਸਪਸ਼ਟ ਕੀਤਾ ਕਿ ਨਿਯੁਕਤੀਆਂ ਤੇ ਬਦਲੀਆਂ ਸੁਧ ਮੈਰਿਟ ਦੇ ਆਧਾਰ 'ਤੇ ਕੀਤੀਆਂ ਜਾਣਗੀਆਂ ਅਤੇ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਏਗਾ। ਜੇ ਕਿਸੇ ਨੂੰ ਇਸ ਸਬੰਧੀ ਕੋਈ ਸ਼ਿਕਾਇਤ ਹੋਵੇ ਤਾਂ ਉਨਾਂ ਨਾਲ ਤੁਰੰਤ ਸੰਪਰਕ ਕੀਤਾ ਜਾਏ। ਫੌਰੀ ਤੌਰ 'ਤੇ ਢੁਕਵੀਂ ਕਾਰਵਾਈ ਕੀਤੀ ਜਾਏਗੀ।

## ਬੇਕਰਜ਼ਫੀਲਡ 'ਚ 24 ਘੰਟੇ ਚਲਣ ਵਾਲਾ ਰੇਡੀਓ 19 ਤੋਂ

**ਬੇਕਰਜ਼ਫੀਲਡ (ਬਿਊਰੋ):** ਬੇ-ਏਰੀਆ ਸੈਕਰਾਮੈਂਟੋ, ਫਰਿਜ਼ਨੋ, ਰੀਨੋ ਆਦਿ ਇਲਾਕਿਆਂ ਵਿਚ ਸਫਲਤਾ ਨਾਲ ਚਲ ਰਿਹਾ ਪੰਜਾਬੀ ਰੇਡੀਓ ਇਥੇ 19 ਫਰਵਰੀ ਸਨਿਚਰਵਾਰ ਤੋਂ ਬਾਕਾਇਦਾ ਚਲਣਾ ਸ਼ੁਰੂ ਹੋ ਜਾਏਗਾ। ਇਸ ਰੇਡੀਓ ਤੋਂ ਸਰੋਤੇ ਹਰ ਵਕਤ ਪੰਜਾਬ ਤੋਂ ਖਬਰਾਂ, ਗੁਰਬਾਣੀ, ਗੀਤ-ਸੰਗੀਤ, ਬਾਤਾਂ-ਬੁਝਾਰਤਾਂ, ਟਾਕ ਸ਼ੋਅ ਅਤੇ ਹੋਰ ਬਹੁਤ ਸਾਰੇ ਦਿਲਚਸਪ ਪ੍ਰੋਗਰਾਮ ਸੁਣ ਸਕਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਰੇਡੀਓ ਸੈਟ 25 ਡਾਲਰ ਦੀ ਕੀਮਤ ਉਤੇ ਸਥਾਨਕ ਪੰਜਾਬੀ ਸਟੋਰਾਂ ਤੋਂ ਮਿਲ ਸਕੇਗਾ। ਰੇਡੀਓ ਖਰੀਦਣ ਦੇ ਚਾਹਵਾਨ ਸੱਜਣ 20 ਫਰਵਰੀ ਐਤਵਾਰ ਨੂੰ ਗੁਰਦੁਆਰਾ ਵਿਲਸਨ ਰੋਡ ਜਾਂ ਗੁਰਦੁਆਰਾ ਸਟਾਈਨ ਰੋਡ ਵਿਚ ਵੀ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤਕ ਰੇਡੀਓ ਖਰੀਦ ਸਕਦੇ ਹਨ। ਬੇਕਰਜ਼ਫੀਲਡ ਅਤੇ ਆਸ-ਪਾਸ ਦੇ ਸ਼ਹਿਰਾਂ ਵਿਚ 30 ਹਜਾਰ ਦੇ ਕਰੀਬ ਪੰਜਾਬੀ ਰਹਿੰਦੇ ਹਨ ਜਿਨ੍ਹਾਂ ਦੀ ਬੜੇ ਚਿਰ ਤੋਂ ਇਕ ਅਜਿਹੇ 24 ਘੰਟੇ ਚਲਣ ਵਾਲੇ ਰੇਡੀਓ ਦੀ ਮੰਗ ਸੀ ਜੋ ਕਿ ਹੁਣ ਪੂਰੀ ਹੋ ਜਾਏਗੀ। ਸਥਾਨਕ ਰੇਡੀਓ ਪ੍ਰੋਗਰਾਮਾਂ ਤੋਂ ਹਟ ਕੇ ਇਸ ਰੇਡੀਓ ਉਤੇ ਮਿਆਰੀ ਕਿਸਮ ਦੇ ਪ੍ਰੋਗਰਾਮ ਸੁਣੇ ਜਾ ਸਕਣਗੇ। ਇਸ ਰੇਡੀਓ 'ਤੇ ਖਬਰਾਂ ਅਤੇ ਟਾਕ ਸ਼ੋਅ ਲਈ ਸਮਾਂ ਲੈਣ ਦੇ ਚਾਹਵਾਨ ਰੇਡੀਓ ਦੇ ਬੇਕਰਜ਼ਫੀਲਡ ਏਰੀਏ ਦੇ ਇੰਚਾਰਜ ਮਾਨ ਮਨਦੀਪ ਨਾਲ ਫੋਨ 661-889-1927 'ਤੇ ਸੰਪਰਕ ਕਰ ਸਕਦੇ ਹਨ।



*ਭਾਈ ਗੁਰਮੁਖ ਸਿੰਘ ਅਜਨਾਲਾ ਹੈਡ ਗ੍ਰੰਥੀ ਦੀ ਸੇਵਾ ਸੰਭਾਲਦੇ ਹੋਏ*

# ਭਾਈ ਅਜਨਾਲਾ ਅੰਗਦ ਦਰਬਾਰ ਦੇ ਹੈਡ ਗ੍ਰੰਥੀ ਬਣੇ

**ਬੇਕਰਜ਼ਫੀਲਡ (ਮਾਨ ਮਨਦੀਪ):** ਆਪਣੀ ਮਿਠਾਸ ਭਰਪੂਰ ਆਵਾਜ਼ ਵਿਚ ਗੁਰਬਾਣੀ ਦੇ ਮਨੋਹਰ ਕੀਰਤਨ ਲਈ ਪਛਾਣੇ ਜਾਂਦੇ ਭਾਈ ਗੁਰਮੁਖ ਸਿੰਘ ਅਜਨਾਲਾ ਨੂੰ ਗੁਰਦੁਆਰਾ ਅੰਗਦ ਦਰਬਾਰ, ਬੇਕਰਜ਼ਫੀਲਡ ਦਾ ਹੈਡ ਗ੍ਰੰਥੀ ਥਾਪਿਆ ਗਿਆ ਹੈ। ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਦੇ ਗੂੜ੍ਹ ਗਿਆਨੀ ਭਾਈ ਅਜਨਾਲਾ ਇਕ ਅਰਸੇ ਤੋਂ ਹੈਡ ਗ੍ਰੰਥੀ ਬਣਨ ਤੋਂ ਗੁਰੇਜ ਕਰਦੇ ਆ ਰਹੇ ਸਨ ਪਰ ਸੰਗਤਾਂ ਅਤੇ ਕਮੇਟੀ ਮੈਂਬਰਾਂ ਦੀ ਬੇਨਤੀ ਮੰਨਦਿਆਂ ਅਖੀਰ ਉਨ੍ਹਾਂ ਇਹ ਜ਼ਿੰਮੇਵਾਰੀ ਪ੍ਰਵਾਨ ਕਰਨਾ ਮੰਨ ਲਿਆ। ਗੁਰੂ ਘਰ ਦੇ ਪ੍ਰਬੰਧ ਲਈ ਬਣਾਈ ਗਈ ਕਾਰਪੋਰੇਸ਼ਨ ਵਿਚ ਹੈਡ ਗ੍ਰੰਥੀ ਦਾ ਹੋਣਾ ਲਾਜ਼ਮੀ ਸੀ ਅਤੇ ਅਹੁਦਾ ਇਕ ਲੰਮੇ ਸਮੇਂ ਤੋਂ ਖਾਲੀ ਪਿਆ ਸੀ।

ਭਾਈ ਗੁਰਮੁਖ ਸਿੰਘ ਅਜਨਾਲਾ ਨੂੰ ਹੈਡ ਗ੍ਰੰਥੀ ਬਣਾਏ ਜਾਣ ਉਪਰੰਤ ਪ੍ਰਬੰਧਕ ਕਮੇਟੀ ਵਲੋਂ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਮੌਕੇ ਸੰਗਤਾਂ ਨੇ ਗੁਰੂ ਦੇ ਸ਼ੁਕਰਾਨੇ ਵਜੋਂ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡੇ। ਇਸ ਮੌਕੇ ਗੁਰੂ ਘਰ ਦੇ ਕਥਾਵਾਚਕ ਭਾਈ ਗੁਰਸਾਹਿਬ ਸਿੰਘ, ਮੀਤ ਪ੍ਰਧਾਨ ਸੇਵਾ ਸਿੰਘ, ਖਜ਼ਾਨਚੀ ਭਾਈ ਕੁਲਵਿੰਦਰ ਸਿੰਘ, ਸ. ਅਜੀਤ ਸਿੰਘ ਬਸਰਾ, ਜਥੇਦਾਰ ਰੌਣਕ ਸਿੰਘ, ਕਮੇਟੀ ਮੈਂਬਰ ਸ. ਮਲਕੀਤ ਸਿੰਘ, ਸ. ਗੁਰਪ੍ਰੀਤ ਸਿੰਘ ਰਾਏ, ਸ. ਗੁਰਦੀਪ ਸਿੰਘ ਢੀਂਡਸਾ ਅਤੇ ਹੋਰ ਸੱਜਣ ਹਾਜ਼ਰ ਸਨ। ਗੁਰੂ ਘਰ ਦੇ ਪ੍ਰਧਾਨ ਸ. ਸੁਖਬੀਰ ਸਿੰਘ ਸੰਧੂ ਅਤੇ ਚੇਅਰਮੈਨ ਸ. ਸੁਰਿੰਦਰ ਸਿੰਘ ਉਪਲ ਇਸ ਵੇਲੇ ਪੰਜਾਬ ਗਏ ਹੋਏ ਹਨ ਪਰ ਇਸ ਨਿਯੁਕਤੀ ਦੀ ਉਨ੍ਹਾਂ ਵੀ ਫੋਨ ਰਾਹੀਂ ਤਾਈਦ ਕੀਤੀ ਹੈ।

## ਐਨ.ਆਰ.ਆਈ. ਫਰੰਟ ਦਾ ਵਫਦ ਅਪ੍ਰੈਲ ਮਹੀਨੇ ਦਿੱਲੀ ਜਾਏਗਾ

**ਬੇਕਰਜ਼ਫੀਲਡ (ਬਿਊਰੋ):** ਐਨ.ਆਰ.ਆਈ. ਫਰੰਟ ਯੂ.ਐਸ.ਏ. ਦਾ ਇਕ ਵਫਦ ਇਕ ਵਾਰ ਫਿਰ ਅਪ੍ਰੈਲ ਮਹੀਨੇ ਦਿੱਲੀ ਜਾ ਰਿਹਾ ਹੈ। ਫਰੰਟ ਦੇ ਪ੍ਰਧਾਨ ਸੁੱਖੀ ਘੁੰਮਣ, ਮੀਤ ਪ੍ਰਧਾਨ ਤਾਜ ਰੰਧਾਵਾ ਅਤੇ ਪੈਟਰਨ ਪਾਲ ਸਿਹੋਤਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ 5 ਮੈਂਬਰੀ ਵਫਦ ਪ੍ਰਵਾਸੀ ਭਾਰਤੀਆਂ ਦੀਆਂ ਮੰਗਾਂ ਸੰਬੰਧੀ ਪਿਛਲੀ 10 ਦਸੰਬਰ ਨੂੰ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੂੰ ਮਿਲ ਕੇ ਆਇਆ ਸੀ। ਵਫਦ ਵਲੋਂ ਐਨ ਆਰ ਆਈ ਮੁਸ਼ਕਿਲਾਂ ਬਾਰੇ ਇਕ 5 ਸਫਿਆਂ ਦਾ ਯਾਦ ਪੱਤਰ ਦਿੱਤਾ ਗਿਆ ਸੀ। ਵਿਦੇਸ਼ ਰਾਜ ਮੰਤਰੀ ਨੇ ਵਫਦ ਨੂੰ ਭਰੋਸਾ ਦਿੱਤਾ ਸੀ ਕਿ ਇਨ੍ਹਾਂ ਮੰਗਾਂ ਤੇ ਤੁਰੰਤ ਗੌਰ ਕੀਤਾ ਜਾਏਗਾ।

ਫਰੰਟ ਵਲੋਂ ਇਕ ਮੈਮੋਰੈਂਡਮ ਵੱਖ-ਵੱਖ ਮੰਤਰੀਆਂ ਅਤੇ ਐਨ.ਆਰ.ਆਈ. ਨਾਲ ਸਬੰਧਤ ਵਿਭਾਗਾਂ ਨੂੰ ਵੀ ਡਾਕ ਰਾਹੀਂ ਭੇਜਿਆ ਜਾ ਚੁੱਕਾ ਹੈ। ਫਰੰਟ ਦਾ ਇਕ ਵਫਦ ਅਪ੍ਰੈਲ ਮਹੀਨੇ ਫਿਰ ਪ੍ਰਵਾਸੀ ਭਾਰਤੀਆਂ ਦੀਆਂ ਸਮਸਿਆਵਾਂ ਨੂੰ ਲੈ ਕੇ ਦਿੱਲੀ ਜਾ ਰਿਹਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

*Call: Sohanpreet 'Sam' Chahal*

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty


Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਖਾਲਿਸਤਾਨ ਬਣਨ ਨਾਲ ਹੀ ਹੋਣੈ ਸਾਰੇ ਮਸਲਿਆਂ ਦਾ ਹੱਲ:ਮਾਨ

**ਫਤਿਹਗੜ੍ਹ ਸਾਹਿਬ (ਗੁਰਿੰਦਰਜੀਤ ਸਿੰਘ ਪੀਰਜੈਨ):** ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਦੇ 64ਵੇਂ ਜਨਮ ਦਿਹਾੜੇ 'ਤੇ ਇੱਥੇ ਕੇਸਰੀ ਅਤੇ ਨੀਲੀਆਂ ਦਸਤਾਰਾਂ ਨਾਲ ਖਚਾਖਚ ਭਰੇ ਹੋਏ ਖਾਲਿਸਤਾਨੀਆਂ ਦੇ ਪੰਡਾਲ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸਮੁੱਚੀ ਸਿੱਖ ਕੌਮ ਨੂੰ ਸੰਤ ਭਿੰਡਰਾਂਵਾਲਿਆ ਵੱਲੋ ਸਿੱਖ ਕੌਮ ਨੂੰ ਦਿੱਤੀ ਗਈ ਸੁਚੱਜੀ ਅਗਵਾਈ ਅਤੇ ਉਨ੍ਹਾਂ ਵੱਲੋਂ "ਖਾਲਿਸਤਾਨ" ਦੇ ਮਿੱਥੇ ਗਏ ਨਿਸ਼ਾਨੇ ਦੀ ਗੱਲ ਕਰਦਿਆਂ ਮੁਤੱਸਬੀ ਸੋਚ ਵਾਲੇ ਉਨ੍ਹਾਂ ਹਿੰਦੂ ਸੰਗਠਨਾਂ, ਜਮਾਤਾਂ ਜਾਂ ਲੋਕਾਂ ਨੂੰ "ਟੇਬਲ ਟਾਕ" ਕਰਨ ਦਾ ਖੁੱਲ੍ਹਾ ਸੱਦਾ ਦਿੱਤਾ। ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਮੌਕੇ ਇਥੇ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਲੋਕ ਮੰਦਭਾਵਨਾ ਅਧੀਨ ਸਿੱਖ ਕੌਮ ਅਤੇ ਖਾਲਿਸਤਾਨ ਦੇ ਨਾਂ ਨੂੰ ਬੇਦਲੀਲੇ ਤਰੀਕੇ ਨਾਲ ਅਜੇ ਵੀ ਬਦਨਾਮ ਕਰਨ ਤੋਂ ਬਾਜ ਨਹੀਂ ਆ ਰਹੇ।

ਹਿੰਦੂ ਕੱਟੜਪੰਥੀ ਜਥੇਬੰਦੀਆਂ ਉਤੇ ਵਰ੍ਹਦਿਆਂ ਸ. ਮਾਨ ਨੇ ਕਿਹਾ ਕਿ ਇਹ ਲੋਕ 1947 ਵਿਚ ਵੱਡਾ ਦੁਖਾਂਤਿਕ ਨੁਕਸਾਨ ਝੱਲਣ ਉਪਰੰਤ ਵੀ ਅਜਿਹੀਆਂ ਕਾਰਵਾਈਆਂ ਕਰਕੇ ਇੱਥੋ ਦੇ ਮਾਹੌਲ ਨੂੰ ਮਨੁੱਖਤਾ ਵਿਰੋਧੀ ਅਤੇ ਵਿਸਫੋਟਕ ਬਣਾ ਰਹੇ ਹਨ। ਉਨ੍ਹਾਂ 1947 ਦੀ ਵੰਡ ਤੋ ਪਹਿਲੇ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਸਮੇ ਹਿੰਦੂ ਮਹਾਂਸਭਾ ਦੀ ਸ਼ਾਜਿਸੀ ਸੋਚ ਵਿਚ ਉਲਝ ਕੇ ਸਿੱਖ ਕੌਮ ਦੇ ਆਗੂ ਮਾਸਟਰ ਤਾਰਾ ਸਿੰਘ ਨੇ ਲਾਹੌਰ ਵਿਚ ਮੁਸਲਿਮ ਲੀਗ ਦਾ ਝੰਡਾ ਪਾੜਨ ਦੀ ਬੱਜਰ ਗੁਸਤਾਖੀ ਕਰ ਦਿੱਤੀ ਸੀ ਜਿਸਦਾ ਖਮਿਆਜਾ ਹਿੰਦੂ, ਮੁਸਲਿਮ ਅਤੇ ਸਿੱਖ-ਤਿੰਨੇ ਕੌਮਾਂ ਨਾਲ ਸਬੰਧਿਤ ਲੱਖਾਂ ਪਰਿਵਾਰਾਂ ਨੂੰ ਭੁਗਤਣਾ ਪਿਆ। ਉਸ ਸਮੇਂ ਦੇ ਜਖਮ 63 ਸਾਲਾਂ ਬਾਅਦ ਵੀ ਨਹੀਂ ਭਰੇ।

ਉਨ੍ਹਾਂ ਕਿਹਾ ਕਿ ਅਸੀਂ ਜਮਹੂਰੀਅਤ ਅਤੇ ਅਮਨਮਈ ਕਦਰਾਂ ਕੀਮਤਾਂ ਦੇ ਪੈਰੋਕਾਰ ਹਾਂ। ਕਿਸੇ ਵੀ ਹਿੰਦੂ ਵੀਰ, ਆਗੂ ਜਾਂ ਸੰਗਠਨ ਨਾਲ ਸਿੱਖ ਕੌਮ ਕਿਸੇ ਗੈਰ ਤਰੀਕੇ ਉਲਝ ਕੇ ਮਨੁੱਖਤਾ ਦਾ ਘਾਣ ਕਰਨ ਅਤੇ ਨਫਰਤ ਫੈਲਾਉਣ ਦੇ ਕਦੇ ਹੱਕ ਵਿਚ ਨਾ ਪਹਿਲਾ ਸੀ ਅਤੇ ਨਾ ਅੱਜ ਹੈ। ਅਸੀਂ ਹਰ ਕੀਮਤ 'ਤੇ ਪੰਜਾਬ, ਹਿਮਾਚਲ, ਹਰਿਆਣਾ, ਰਾਜਸਥਾਨ, ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਆਦਿ ਸਿੱਖ ਵਸੋ ਵਾਲੇ ਇਲਾਕਿਆਂ ਵਿਚ ਅਤੇ ਸਮੁੱਚੇ ਏਸ਼ੀਆ ਖਿੱਤੇ ਵਿਚ ਪੂਰਅਮਨ ਅਤੇ ਜਮਹੂਰੀਅਤ ਦਾ ਬੋਲਬਾਲਾ ਚਾਹੁੰਦੇ ਹਾਂ। ਸਿੱਖ ਕੌਮ ਨੇ ਅੱਜ ਤੱਕ ਕਦੀ ਵੀ ਮਨੁੱਖਤਾ ਦੀ ਨਸਲਕੁਸ਼ੀ ਜਾਂ ਕਤਲੇਆਮ ਨਹੀਂ ਕੀਤਾ, ਜਦੋ ਕਿ ਹਿੰਦੂ ਅਤੇ ਮੁਸਲਿਮ ਕੌਮ ਅਜਿਹਾ ਕਰਦੇ ਆ ਰਹੇ ਹਨ। ਜੇਕਰ ਕਿਸੇ ਸਮੇ ਹਿੰਦੂ ਵੀਰਾਂ, ਸੰਗਠਨਾਂ, ਜਮਾਤਾਂ ਨੂੰ ਕਿਸੇ ਮੁੱਦੇ ਉੱਤੇ ਸਿੱਖ ਕੌਮ ਦੀ ਆਜ਼ਾਦੀ ਦੀ ਸੋਚ ਨਾਲ ਸਹਿਮਤੀ ਨਾ ਹੋਵੇ ਤਾਂ ਅਸੀਂ ਉਨ੍ਹਾਂ ਨਾਲ ਕਿਸੇ ਵੀ ਸਮੇ ਬੈਠ ਕੇ ਦਲੀਲ ਸਹਿਤ ਵਿਚਾਰਾਂ ਕਰਨ ਨੂੰ ਤਿਆਰ ਹਾਂ ਕਿਉਕਿ ਅਸੀਂ ਫਿਰ ਤੋਂ ਹਿੰਦੂ, ਸਿੱਖ ਜਾਂ ਮੁਸਲਿਮ ਆਗੂਆਂ ਦੀਆਂ ਗਲਤੀਆਂ ਕਾਰਨ ਮਨੁੱਖਤਾ ਦਾ ਕਤਲੇਆਮ ਬਿਲਕੁਲ ਨਹੀਂ ਹੋਣ ਦੇਵਾਂਗੇ।



ਸ. ਮਾਨ ਨੇ ਕਿਹਾ ਕਿ ਸਾਡੇ ਉਤੇ ਅੱਜ ਵੀ ਹਿੰਦੂ ਮੈਰਿਜ ਐਕਟ ਅਤੇ ਹਿੰਦੂ ਕੋਡ ਬਿਲ ਨੂੰ ਜ਼ਬਰੀ ਠੋਸਿਆ ਜਾ ਰਿਹਾ ਹੈ। ਵਿਧਾਨ ਦੀ ਧਾਰਾ 25 ਰਾਹੀਂ ਸਿੱਖ ਕੌਮ ਨੂੰ ਹਿੰਦੂ ਮਜ਼ਬ ਦਾ ਇਕ ਹਿੱਸਾ ਗਰਦਾਨ ਕੇ ਸਿੱਖ ਕੌਮ ਦੀ "ਵੱਖਰੀ ਪਹਿਚਾਣ" ਨੂੰ ਪ੍ਰਵਾਨ ਕਰਨ ਤੋਂ ਇਹ ਹੁਕਮਰਾਨ ਇਨਕਾਰੀ ਹਨ। ਇਸ ਹਿੰਦੁਤਵ ਹਕੂਮਤ ਨੇ ਸਿੱਖ ਕੌਮ ਦੀ ਨਸਲਕੁਸ਼ੀ ਅਤੇ ਕਤਲੇਆਮ ਕੀਤਾ। ਕਾਲੀਆਂ ਸੂਚੀਆਂ ਬਣਾ ਕੇ ਜਲੀਲ ਕੀਤਾ ਜਾ ਰਿਹਾ ਹੈ। ਅਨੰਦ ਮੈਰਿਜ ਐਕਟ 1909 ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਸਿੱਖ ਕੌਮ ਦੇ ਕਾਤਿਲ ਦੋਸ਼ੀ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਵਿਚੋ ਕਿਸੇ ਇੱਕ ਨੂੰ ਵੀ ਕਾਨੂੰਨ ਅਨੁਸਾਰ ਸਜ਼ਾ ਨਹੀਂ ਦਿੱਤੀ ਗਈ, ਜਦੋ ਕਿ ਸਿੱਖ ਨੌਜਵਾਨਾਂ ਨੂੰ ਬਿਨ੍ਹਾ ਟਰਾਇਲਾਂ ਤੋਂ ਲੰਮੇ ਸਮੇ ਤੋ ਜੇਲ੍ਹਾਂ ਵਿਚ ਬੰਦੀ ਬਣਾਇਆ ਹੋਇਆ ਹੈ। 30 ਅਗਸਤ 2009 ਨੂੰ ਮਿਆਦ ਖਤਮ ਹੋ ਚੁੱਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੀ ਨਹੀਂ ਕਰਵਾਈਆਂ ਜਾ ਰਹੀਆਂ।



ਬਾਦਲ ਸਰਕਾਰ ਉਤੇ ਵਰ੍ਹਦਿਆਂ ਉਨ੍ਹਾਂ ਆਖਿਆ ਕਿ ਅਜ ਤਖਤ ਸ੍ਰੀ ਕੇਸਗੜ੍ਹ ਸਾਹਿਬ 'ਤੇ ਹਿੰਦੂ ਝੰਡੇ ਲਹਿਰਾਏ ਜਾ ਰਹੇ ਹਨ ਅਤੇ ਹਰ ਹਰ ਮਹਾਦੇਵ ਦੇ ਨਾਅਰੇ ਲਾਏ ਜਾ ਰਹੇ ਹਨ ਜਿਸ ਲਈ ਬਾਦਲ ਦੀ ਹਕੂਮਤ ਸਿੱਧੇ ਤੌਰ 'ਤੇ ਦੋਸ਼ੀ ਹੈ। ਜਦੋ ਇੱਥੋ ਦੀ ਸੁਪਰੀਮ ਕੋਰਟ ਅਤੇ ਹਾਈਕੋਰਟ ਨੇ ਖਾਲਿਸਤਾਨ ਦੇ ਹੱਕ ਵਿਚ ਫੈਸਲੇ ਲਿਖ ਦਿੱਤੇ ਹਨ ਤਾਂ ਇਸਦੇ ਬਾਵਜੂਦ ਵੀ ਸਿੱਖ ਕੌਮ ਵੱਲੋ ਲਗਾਏ ਗਏ ਹੋਰਡਿੰਗਾਂ, ਪੋਸਟਰਾਂ, ਬੈਨਰਾਂ ਨੂੰ ਗੈਰ ਕਾਨੂੰਨੀ ਤਰੀਕੇ ਪਾੜਨ ਅਤੇ ਸਿੱਖ ਕੌਮ ਦੇ "ਨਾਇਕਾਂ" ਵਿਰੁੱਧ ਅਪਮਾਨਜਨਕ ਸ਼ਬਦਾਂ ਦੀ ਵਰਤੋ ਕਰਨ ਦੀਆਂ ਕਾਰਵਾਈਆਂ ਕਰਕੇ ਸਿੱਖ ਜਜ਼ਬਾਤ ਨੂੰ ਠੇਸ ਪਹੁੰਚਾਈ ਜਾ ਰਹੀ ਹੈ।

ਜੇ ਇਹ ਲੋਕ ਅਜਿਹੀ ਸ਼ਬਦਾਵਲੀ ਵਰਤਣ ਤੋ ਬਾਜ਼ ਨਾ ਆਏ ਤਾਂ ਅਸੀਂ ਵੀ ਫਿਰ ਚੂੜੀਆਂ ਨਹੀਂ ਪਹਿਨੀਆਂ ਹੋਈਆਂ। ਅਜਿਹੇ ਲੋਕਾਂ ਨੂੰ ਇਤਿਹਾਸ ਦੇ ਤਾਨਾਸ਼ਾਹ ਹੁਕਮਰਾਨ ਮੱਸੇ ਰੰਘੜ, ਅਬਦਾਲੀ ਤੋ ਲੈ ਕੇ ਮਰਹੂਮ ਇੰਦਰਾ ਗਾਂਧੀ ਤੱਕ ਦੇ ਹੋਏ ਹਸ਼ਰ ਨੂੰ ਆਪਣੇ ਜ਼ਹਿਨ ਵਿਚ ਰੱਖਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਤਾਕਤ "ਸਰਬੱਤ ਦਾ ਭਲਾ" ਲੋੜਨ ਵਾਲੀ ਸਿੱਖ ਕੌਮ ਦੇ ਮਨਾਂ ਨੂੰ ਠੇਸ ਪਹੁੰਚਾਉਣ ਦੀ ਗੁਸਤਾਖੀ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਇੱਕੋ ਪਰਿਵਾਰ ਦੇ ਪਿਤਾ ਅਤੇ ਇੱਕੋ ਮਾਂ ਦੇ ਪੇਟ ਵਿਚੋ ਜਨਮੇ ਬੱਚੇ ਵੀ ਸਹਿਜ ਤਰੀਕੇ ਵੱਖ ਹੁੰਦੇ ਅਤੇ ਆਪਣੇ ਘਰਾਂ ਦੇ ਮਾਲਿਕ ਬਣਦੇ ਆਏ ਹਨ। ਇਸ ਲਈ ਇਹ ਬਿਹਤਰ ਹੋਵੇਗਾ ਕਿ ਹਿੰਦੂ ਹੁਕਮਰਾਨ ਸਿੱਖ ਕੌਮ ਦੀ ਸਰਜ਼ਮੀਨ "ਖਾਲਿਸਤਾਨ" ਨੂੰ ਅਮਨਮਈ ਅਤੇ ਜਮਹੂਰੀਅਤ ਤਰੀਕੇ ਆਜ਼ਾਦ ਕਰ ਦੇਵੇ ਅਤੇ ਸਮੁੱਚੀਆਂ ਹਿੰਦੂ, ਮੁਸਲਿਮ, ਸਿੱਖ ਆਦਿ ਕੌਮਾਂ, ਏਸ਼ੀਆ ਖਿੱਤੇ ਵਿਚ ਬਣਨ ਜਾ ਰਹੇ ਬੱਫਰ ਸਟੇਟ ਵਿਚ ਸਦੀਵੀ ਤੌਰ 'ਤੇ ਅਮਨ-ਚੈਨ ਨਾਲ ਵੱਸ ਸਕਣ।

ਇਸ ਮੌਕੇ ਕੁਝ ਮਤੇ ਵੀ ਪਾਸ ਕੀਤੇ ਗਏ ਜਿਨ੍ਹਾਂ ਵਿਚ ਬਾਹਰਲੇ ਮੁਲਕਾਂ ਦੇ ਲਿਆਕਤਮੰਦ ਸਿੱਖਾਂ ਨੂੰ ਉਥੋ ਦੀਆਂ ਹਕੂਮਤਾਂ ਅਤੇ ਪਾਰਲੀਮੈਂਟ ਵਿਚ ਲਾਬਿੰਗ ਤਿਆਰ ਕਰਨ ਦੀ ਅਪੀਲ ਕੀਤੀ ਗਈ ਅਤੇ 31 ਅਕਤੂਬਰ ਨੂੰ ਦਿੱਲੀ ਅਤੇ ਬਾਹਰਲੇ ਮੁਲਕਾਂ ਵਿਚ ਸਿੱਖ ਨਸਲਕੁਸ਼ੀ ਵਿਰੁੱਧ ਰੋਸ ਮੁਜ਼ਾਹਰੇ ਕਰਨ ਦਾ ਸੰਦੇਸ ਦਿਤਾ ਗਿਆ।

ਇਸ ਮੌਕੇ 'ਤੇ ਪਾਰਟੀ ਦੇ ਵੱਖ ਵੱਖ ਬੁਲਾਰਿਆਂ ਧਿਆਨ ਸਿੰਘ ਮੰਡ, ਬਾਬਾ ਅਮਰਜੀਤ ਸਿੰਘ ਕਿਲ੍ਹਾ ਹਕੀਮਾਂ, ਬਾਬਾ ਸੁਰਿੰਦਰ ਹਰੀ ਸਿੰਘ ਸਰਾਏਨਾਗਾ, ਭਾਈ ਰਾਮ ਸਿੰਘ ਮੁੱਖ ਬੁਲਾਰਾ ਜਨਰਲ ਸਕੱਤਰ, ਇਕਬਾਲ ਸਿੰਘ ਟਿਵਾਣਾ ਸਿਆਸੀ ਤੇ ਮੀਡੀਆ ਸਲਾਹਕਾਰ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਪ੍ਰਧਾਨ ਕਿਸਾਨ ਵਿੰਗ ਅਤੇ ਕੌਮੀ ਜਨਰਲ ਸਕੱਤਰ, ਗੁਰਸੇਵਕ ਸਿੰਘ ਜਵਾਹਰਕੇ, ਪ੍ਰੋ: ਮਹਿੰਦਰਪਾਲ ਸਿੰਘ, ਗੁਰਿੰਦਰਪਾਲ ਸਿੰਘ ਧਨੌਲਾ, ਮਾਸਟਰ ਕਰਨੈਲ ਸਿੰਘ ਨਾਰੀਕੇ, ਇਮਾਨ ਸਿੰਘ ਮਾਨ ਸਰਪ੍ਰਸਤ ਯੂਥ ਅਕਾਲੀ ਦਲ, ਵਰਿੰਦਰ ਸਿੰਘ ਮਾਨ ਤੋਂ ਇਲਾਵਾ ਰਣਜੀਤ ਸਿੰਘ ਚੀਮਾਂ, ਗੁਰਜੰਟ ਸਿੰਘ ਕੱਟੂ, ਸੁਖਜੀਤ ਸਿੰਘ ਕਾਲਾ ਅਫਗਾਨਾ ਗੁਰਦਾਸਪੁਰ, ਜਥੇਦਾਰ ਕੁਲਦੀਪ ਸਿੰਘ ਦੁਭਾਲੀ, ਪਰਮਜੀਤ ਸਿੰਘ ਸਹੌਲੀ, ਜਗਬੀਰ ਸਿੰਘ ਬਸੀ ਪਠਾਣਾਂ, ਜਥੇਦਾਰ ਸੁਰਿੰਦਰ ਸਿੰਘ ਅਕਾਲਗੜ੍ਹ ਬੋਰਾਂ ਆਦਿ ਆਗੂ ਸ਼ਾਮਲ ਸਨ।

## ਸੀ.ਬੀ.ਆਈ. ਵੱਲੋਂ ਸਾਬਕਾ ਟੈਲੀਕਾਮ ਮੰਤਰੀ ਸ਼ੋਰੀ ਤਲਬ

**ਨਵੀਂ ਦਿੱਲੀ:** ਸੀ.ਬੀ.ਆਈ. ਵੱਲੋਂ ਦੇਸ਼ ਦੀ 2001 ਤੋਂ ਜਾਰੀ ਟੈਲੀਕਾਮ ਨੀਤੀ ਦੇ ਅਪਰਾਧੀ ਪੱਖਾਂ ਦੀ ਕੀਤੀ ਜਾ ਰਹੀ ਜਾਂਚ ਸਬੰਧੀ ਸਾਬਕਾ ਟੈਲੀਕਾਮ ਮੰਤਰੀ ਤੇ ਭਾਜਪਾ ਆਗੂ ਅਰੁਣ ਸ਼ੋਰੀ ਅਗਲੇ ਹਫ਼ਤੇ ਇਥੇ ਜਾਂਚ ਏਜੰਸੀ ਕੋਲ ਪੇਸ਼ ਹੋਣਗੇ। ਸੀ.ਬੀ.ਆਈ. ਨੇ ਸ੍ਰੀ ਸ਼ੋਰੀ ਨੂੰ ਹਦਾਇਤ ਦਿੱਤੀ ਸੀ ਕਿ ਉਹ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ 2-ਜੀ ਸਪੈਕਟ੍ਰਮ ਘਪਲੇ ਦੇ ਮੱਦੇਨਜ਼ਰ ਕੀਤੀ ਜਾ ਰਹੀ ਇਸ ਜਾਂਚ ਲਈ ਪੇਸ਼ ਹੋਣ। ਸੀ.ਬੀ.ਆਈ. ਨੇ ਇਸ ਬਾਰੇ 'ਅਣਪਛਾਤੇ ਵਿਅਕਤੀਆਂ' ਖ਼ਿਲਾਫ਼ ਮੁਢਲੀ ਜਾਂਚ (ਪੀ.ਈ.) ਦਰਜ ਕੀਤੀ ਹੋਈ ਹੈ। ਜਾਂਚ ਵਿਚ ਇਹ ਪਤਾ ਲਾਇਆ ਜਾਣਾ ਹੈ ਕਿ ਕੀ ਅਟਲ ਬਿਹਾਰੀ ਵਾਜਪਾਈ ਵਜ਼ਾਰਤ ਵੱਲੋਂ ਪਾਸ 'ਪਹਿਲਾਂ ਆਉ-ਪਹਿਲਾਂ ਪਾਉ' ਦੀ ਟੈਲੀਕਾਮ ਨੀਤੀ ਦਾ ਕੀ ਪਾਲਣ ਕੀਤਾ ਗਿਆ ਹੈ ਜਾਂ ਨਹੀਂ। ਸੀ.ਬੀ.ਆਈ. ਨੇ ਇਸੇ ਬਾਰੇ ਸ੍ਰੀ ਸ਼ੋਰੀ ਨੂੰ ਤਲਬ ਕੀਤਾ ਹੈ।

ਦੂਜੇ ਪਾਸੇ ਸ੍ਰੀ ਸ਼ੋਰੀ ਨੇ ਕਿਹਾ ਕਿ ਜਦੋਂ ਉਹ ਘਰ ਤੋਂ ਬਾਹਰ ਸਨ ਤਾਂ ਕਿਸੇ ਨੇ ਇਸ ਬਾਰੇ ਉਨ੍ਹਾਂ ਦੇ ਘਰ ਫੋਨ ਕੀਤਾ ਸੀ ਤੇ ਬਾਅਦ ਵਿਚ ਉਨ੍ਹਾਂ ਨੇ ਸੀ.ਬੀ.ਆਈ. ਨੂੰ ਦੱਸਿਆ ਕਿ ਉਹ ਕੋਲਕੱਤਾ ਤੋਂ ਪਰਤਣ ਪਿੱਛੋਂ 21 ਫਰਵਰੀ ਨੂੰ ਏਜੰਸੀ ਅੱਗੇ ਪੇਸ਼ ਹੋਣਗੇ। ਸੀ.ਬੀ.ਆਈ. ਵੱਲੋਂ ਆਪਣੀ ਜਾਂਚ ਦੌਰਾਨ ਵੱਖੋ-ਵੱਖ ਦੂਰਸੰਚਾਰ ਮੰਤਰੀਆਂ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਦੇ ਵੇਰਵੇ ਹਾਸਲ ਕੀਤੇ ਜਾਣ ਦੇ ਆਸਾਰ ਹਨ। ਇਨ੍ਹਾਂ ਮੰਤਰੀਆਂ ਵਿਚ ਪ੍ਰਮੋਦ ਮਹਾਜਨ, ਸ੍ਰੀ ਸ਼ੋਰੀ ਤੇ ਦਿਆਨਿਧੀ ਮਾਰਨ ਸ਼ਾਮਲ ਹਨ। ਸੀ.ਬੀ.ਆਈ. ਮੁਤਾਬਕ 'ਪਹਿਲਾਂ ਆਉ-ਪਹਿਲਾਂ ਪਾਉ' ਦੇ ਅਸੂਲਾਂ ਨੂੰ ਤੋੜ ਕੇ ਤਕਰੀਬਨ 50 ਲਾਇਸੈਂਸ ਦਿੱਤੇ ਗਏ ਸਨ ਤੇ ਇਹ ਲਾਇਸੈਂਸ ਹਾਸਲ ਕਰਨ ਵਾਲੀਆਂ ਕੰਪਨੀਆਂ ਵਿਚ ਭਾਰਤੀ ਵੋਡਾਫੋਨ ਤੇ ਆਈਡੀਆ ਵਰਗੀਆਂ ਚੋਟੀ ਦੀਆਂ ਮੋਬਾਈਲ ਸੇਵਾ ਕੰਪਨੀਆਂ ਵੀ ਸ਼ਾਮਲ ਹਨ। ਸ੍ਰੀ ਸ਼ੋਰੀ ਨੇ ਦੱਸਿਆ ਕਿ ਉਹ 21 ਫਰਵਰੀ ਨੂੰ ਆਪਣੀ ਪੇਸ਼ੀ ਸਮੇਂ ਜਾਂਚ ਏਜੰਸੀ ਨੂੰ ਅਜਿਹੇ ਕੁਝ ਦਸਤਾਵੇਜ਼ ਸੌਂਪਣਗੇ।

ਸੁਪਰੀਮ ਕੋਰਟ ਨੇ 16 ਦਸੰਬਰ ਨੂੰ ਸੀ.ਬੀ.ਆਈ. ਨੂੰ ਆਪਣੀ ਜਾਂਚ ਦਾ ਘੇਰਾ ਵਧਾ ਕੇ ਇਸ ਵਿਚ 2001 ਤੋਂ ਲੈ ਕੇ 2007 ਤੱਕ ਦੋਵੇਂ ਐਨ.ਡੀ.ਏ. ਤੇ ਯੂ.ਪੀ.ਏ. ਸਰਕਾਰਾਂ ਦੇ ਟੈਲੀਕਾਮ ਬਾਰੇ ਵੇਰਵਿਆਂ ਦੀ ਜਾਂਚ ਦੇ ਹੁਕਮ ਦਿੱਤੇ ਸਨ। ਸ੍ਰੀ ਸ਼ੋਰੀ ਨੇ ਐਨ.ਡੀ.ਏ. ਸਰਕਾਰ ਸਮੇਂ ਜਨਵਰੀ 2003 ਤੋਂ ਮਈ 2004 ਤੱਕ ਦੂਰਸੰਚਾਰ ਮੰਤਰੀ ਦੀ ਜ਼ਿੰਮੇਵਾਰੀ ਸੰਭਾਲੀ ਸੀ।

# ਦਰਬਾਰ ਸਾਹਿਬ ਦੇ ਲੰਗਰ ਘਰ 'ਤੇ 16 ਕਰੋੜ ਖਰਚਣ ਦੀ ਯੋਜਨਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਪ੍ਰਸ਼ਾਦਾ ਛਕਣ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸ ਕਾਰਨ ਹੁਣ ਲੰਗਰ ਘਰ ਦੀ ਇਮਾਰਤ ਵਿਚ ਵਾਧਾ ਕਰਨ ਤੇ ਇੱਥੇ ਆਧੁਨਿਕ ਰਸੋਈ ਬਣਾਉਣ ਲਈ



ਸ਼੍ਰੋਮਣੀ ਕਮੇਟੀ ਵੱਲੋਂ 16 ਕਰੋੜ ਰੁਪਏ ਖਰਚਣ ਦੀ ਯੋਜਨਾ ਉਲੀਕੀ ਗਈ ਹੈ।

ਸਾਲ 1979-80 ਵਿਚ ਬਣਾਈ ਗਈ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਦੋ-ਮੰਜ਼ਲਾ ਇਮਾਰਤ ਵਿਚ ਇਸ ਵੇਲੇ ਅੰਦਾਜ਼ਨ 40 ਤੋਂ 50 ਹਜ਼ਾਰ ਸ਼ਰਧਾਲੂ ਰੋਜ਼ਾਨਾ ਲੰਗਰ ਛਕਣ ਲਈ ਆਉਂਦੇ ਹਨ, ਜਦੋਂਕਿ ਗੁਰਪੁਰਬ ਵਾਲੇ ਦਿਨ ਸ਼ਰਧਾਲੂਆਂ ਦੀ ਗਿਣਤੀ ਦੋ ਗੁਣਾਂ ਤੋਂ ਵੀ ਵੱਧ ਹੋ ਜਾਂਦੀ ਹੈ। ਇਸੇ ਤਰ੍ਹਾਂ ਹਫ਼ਤੇ ਦੇ ਆਖਰੀ ਦਿਨਾਂ ਸਨਿੱਚਰਵਾਰ ਤੇ ਐਤਵਾਰ ਨੂੰ ਵੀ ਸ਼ਰਧਾਲੂਆਂ ਦੀ ਗਿਣਤੀ ਵਧ ਜਾਂਦੀ ਹੈ। ਇਸ ਵੇਲੇ ਦੋ-ਮੰਜ਼ਲਾ ਲੰਗਰ ਹਾਲ ਵਿਚ 2000 ਦੇ ਕਰੀਬ ਸ਼ਰਧਾਲੂ ਇਕੋ ਸਮੇਂ ਬੈਠ ਕੇ ਪ੍ਰਸ਼ਾਦਾ ਛਕ ਸਕਦੇ ਹਨ ਪਰ ਸ਼ਰਧਾਲੂਆਂ ਦੀ ਵਧ ਰਹੀ ਆਮਦ ਤੇ ਇਸ ਨੂੰ ਅਤਿ-ਆਧੁਨਿਕ ਬਣਾਉਣ ਦੇ ਮੰਤਵ ਨਾਲ ਸ਼੍ਰੋਮਣੀ ਕਮੇਟੀ ਨੇ 16 ਕਰੋੜ ਰੁਪਏ ਦੀ ਯੋਜਨਾ ਉਲੀਕੀ ਹੈ ਜਿਸ ਤਹਿਤ ਲੰਗਰ ਹਾਲ ਦੀ ਮੌਜੂਦਾ ਇਮਾਰਤ ਵਿਚ ਵਾਧਾ ਕੀਤਾ ਜਾਵੇਗਾ।

ਇਹ ਇਮਾਰਤ ਤਕਰੀਬਨ 25 ਫੀਸਦੀ ਵਧੇਰੇ ਚੌੜੀ ਹੋ ਜਾਵੇਗੀ ਤੇ ਇਸ ਵਿਚ ਸ਼ਰਧਾਲੂਆਂ ਦੇ ਬੈਠਣ ਦੀ ਸਮਰੱਥਾ ਵਿਚ 30 ਫੀਸਦੀ ਵਾਧਾ ਹੋ ਜਾਵੇਗਾ। ਮੌਜੂਦਾ ਰਸੋਈ, ਬਰਤਨ ਸਾਫ਼ ਕਰਨ ਵਾਲਾ ਹਿੱਸਾ ਤੇ ਸਵੈ-ਚਲਤ ਮਸ਼ੀਨ ਨਾਲ ਪ੍ਰਸ਼ਾਦੇ ਤਿਆਰ ਕਰਨ ਵਾਲੀ ਥਾਂ ਇਸੇ ਇਮਾਰਤ ਦਾ ਹਿੱਸਾ ਬਣ ਜਾਣਗੇ। ਇਸ ਵੇਲੇ ਰਸੋਈ ਤੇ ਪ੍ਰਸ਼ਾਦੇ ਤਿਆਰ ਕਰਨ ਵਾਲੇ ਹਿੱਸੇ ਵੱਖ-ਵੱਖ ਹਨ। ਇਸ ਵੇਲੇ ਇੱਥੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸਰਦੀਆਂ ਦੇ ਦਿਨਾਂ ਵਿਚ ਰੋਜ਼ 40 ਤੋਂ 45 ਕੁਇੰਟਲ ਆਟਾ, 15 ਤੋਂ 16 ਕੁਇੰਟਲ ਦਾਲ, ਹਰੀਆਂ ਸਬਜ਼ੀਆਂ ਤੇ ਚਾਹ ਲਈ ਕੁਇੰਟਲਾਂ ਦੇ ਹਿਸਾਬ ਨਾਲ ਦੁੱਧ ਦੀ ਵਰਤੋਂ ਹੁੰਦੀ ਹੈ ਜਦੋਂਕਿ ਗਰਮੀਆਂ ਦੇ ਦਿਨਾਂ ਵਿਚ ਰੋਜ਼ 55 ਤੋਂ 60 ਕੁਇੰਟਲ ਆਟਾ, 21-22 ਕੁਇੰਟਲ ਦਾਲ ਤੇ ਹਰੀਆਂ ਸਬਜ਼ੀਆਂ ਦੀ ਵਰਤੋਂ ਹੁੰਦੀ ਹੈ। ਗੁਰਪੁਰਬ ਦੇ ਮੌਕੇ ਇਹ ਰਾਸ਼ਨ ਵੀ ਦੋ ਗੁਣਾ ਹੋ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਲੰਗਰ ਹਾਲ ਦੀ ਇਮਾਰਤ ਵਿਚ ਵਾਧਾ ਕਰਦੇ ਸਮੇਂ ਪੁਰਾਤਨ ਇਮਾਰਤ ਦੀ ਦਿੱਖ ਨੂੰ ਬਹਾਲ ਰੱਖਿਆ ਜਾਵੇਗਾ ਤਾਂ ਜੋ ਇਸ ਇਮਾਰਤ ਦੀ ਪੁਰਾਤਨਤਾ ਬਰਕਰਾਰ ਰਹੇ। ਮੌਜੂਦਾ ਇਮਾਰਤ 1979-80 ਵਿਚ ਬਾਬਾ ਖੜਕ ਸਿੰਘ ਵੱਲੋਂ ਕਾਰ ਸੇਵਾ ਰਾਹੀਂ ਤਿਆਰ ਕੀਤੀ ਗਈ ਸੀ। ਇਹ ਇਮਾਰਤ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਤੇ ਅਪਰੇਸ਼ਨ ਬਲੈਕ ਥੰਡਰ ਦੀ ਗਵਾਹ ਹੈ। ਇਸ ਇਮਾਰਤ 'ਤੇ ਅੱਜ ਵੀ ਕਈ ਥਾਵਾਂ 'ਤੇ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ। ਇਸ ਇਮਾਰਤ ਦਾ ਸਬੰਧ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਵੀ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਮਾਰਤ ਵਿਚ ਵਾਧੇ ਤੇ ਆਧੁਨਿਕ ਰਸੋਈ ਸਮੇਤ ਹੋਰ ਸਹੂਲਤਾਂ ਬਾਰੇ ਨਕਸ਼ਾ ਲੁਧਿਆਣਾ ਦੇ ਰਣਜੋਤ ਸਿੰਘ ਨੇ ਬਣਾਇਆ ਹੈ। ਇੱਥੇ ਨਵੀਂ ਆਧੁਨਿਕ ਰਸੋਈ ਤਿਆਰ ਕੀਤੀ ਜਾਵੇਗੀ ਜਿਸ ਵਿਚ ਗੈਸ ਦੀ ਵਰਤੋਂ ਲਈ ਪਾਈਪ ਲਾਈਨ ਵਿਛਾਈ ਜਾਵੇਗੀ। ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਹੋਣਗੇ। ਸਮੁੱਚੇ ਲੰਗਰ ਹਾਲ ਨੂੰ ਏਅਰਕੰਡੀਸ਼ਨ ਕੀਤਾ ਜਾਵੇਗਾ। ਇਸ ਬਾਰੇ ਦਿੱਲੀ ਤੋਂ ਮਾਹਰਾਂ ਦੀ ਇਕ ਟੀਮ ਦੌਰਾ ਕਰ ਚੁੱਕੀ ਹੈ। ਹਾਲ ਨੂੰ ਏਅਰਕੰਡੀਸ਼ਨ ਬਣਾਉਣ ਲਈ ਵੀ.ਆਰ.ਵੀ. ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇਗੀ।

ਇਸ ਯੋਜਨਾ ਦਾ ਨੀਂਹ-ਪੱਥਰ ਅਗਲੇ ਮਹੀਨੇ ਰੱਖਿਆ ਜਾਵੇਗਾ। ਐਕਸੀਅਨ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸਾਰੀ ਦੇ ਕੰਮ ਦੌਰਾਨ ਲੰਗਰ ਦਾ ਕੰਮ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਲੰਗਰ ਵਾਸਤੇ ਆਰਜ਼ੀ ਰਸੋਈ ਤਿਆਰ ਕਰਨ ਉਪਰੰਤ ਹੀ ਉਸਾਰੀ ਦਾ ਹੋਰ ਕੰਮ ਆਰੰਭ ਹੋਵੇਗਾ।

## ਪਰਿਕਰਮਾ ਨੂੰ ਵਿਸ਼ੇਸ਼ ਤਕਨੀਕ ਨਾਲ ਠੰਢਾ-ਗਰਮ ਰੱਖਣ ਦੀ ਤਜਵੀਜ਼

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਘੰਟਾ ਘਰ ਦੇ ਸਾਹਮਣੇ ਬਣਨ ਵਾਲੇ ਜ਼ਮੀਨਦੋਜ਼ ਪਲਾਜ਼ਾ ਦੇ ਫਰਸ਼ ਨੂੰ ਸਰਦੀਆਂ ਵਿਚ ਗਰਮ ਤੇ ਗਰਮੀਆਂ ਵਿਚ ਠੰਢਾ ਰੱਖਣ ਲਈ ਵਿਸ਼ੇਸ਼ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਸ਼ਰਧਾਲੂਆਂ ਨੂੰ ਇਥੇ ਨੰਗੇ ਪੈਰੀਂ ਚੱਲਣ ਸਮੇਂ ਕੋਈ ਦਿੱਕਤ ਨਾ ਆਵੇ। ਇਸ ਤਕਨੀਕ ਨਾਲ ਫਿਲਹਾਲ ਮੁਸਲਿਮ ਭਾਈਚਾਰੇ ਦੇ ਮੁਕੱਦਸ ਅਸਥਾਨ ਮੱਕਾ ਵਿਖੇ ਫਰਸ਼ ਨੂੰ ਗਰਮ ਤੇ ਠੰਢਾ ਰੱਖਿਆ ਜਾ ਰਿਹਾ ਹੈ।

ਇਸ ਬਾਰੇ ਗੱਲਬਾਤ ਕਰਦਿਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਦੱਸਿਆ ਕਿ ਉਹ ਇਸ ਮਾਮਲੇ ਤੋਂ ਭਲੀਭਾਂਤ ਜਾਣੂ ਹਨ ਕਿ ਸ਼ਰਧਾਲੂਆਂ ਨੂੰ ਗਰਮੀਆਂ ਤੇ ਸਰਦੀਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੇ ਫਰਸ਼ 'ਤੇ ਚੱਲਣ ਸਮੇਂ ਮੁਸ਼ਕਲ ਪੇਸ਼ ਆਉਂਦੀ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਪੰਨੂ ਉਨ੍ਹਾਂ ਚੋਣਕਾਰਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੇ ਡਿਜ਼ਾਇਨ ਇੰਕ ਨਾਂ ਦੀ ਸੰਸਥਾ ਦੀ ਚੋਣ ਕੀਤੀ ਹੈ। ਡਿਜ਼ਾਇਨ ਇੰਕ ਕੰਪਨੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਜ਼ਮੀਨਦੋਜ਼ ਪ੍ਰਵੇਸ਼ ਦੁਆਰ ਪਲਾਜ਼ਾ ਦਾ ਡਿਜ਼ਾਇਨ ਤਿਆਰ ਕੀਤਾ ਹੈ। ਡਿਜ਼ਾਇਨ ਇੰਕ ਦੇ ਇਕ ਆਰਕੀਟੈਕਟ ਦੇਬਾਸ਼ੀਸ਼ ਰਾਏ ਨੇ ਦੱਸਿਆ ਕਿ ਫਰਸ਼ ਨੂੰ ਗਰਮ ਤੇ ਠੰਢਾ ਰੱਖਣ ਲਈ ਨਵੀਂ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਫਰਸ਼ ਦੇ ਹੇਠਾਂ ਪਾਈਪਾਂ ਦਾ ਜਾਲ ਵਿਛਾਇਆ ਜਾਵੇਗਾ, ਜੋ ਫਰਸ਼ ਨੂੰ ਸਰਦੀਆਂ ਵਿਚ ਗਰਮ ਰੱਖਣ ਤੇ ਗਰਮੀਆਂ ਵਿਚ ਠੰਢਾ ਰੱਖਣ ਲਈ ਮਦਦ ਕਰੇਗਾ।

ਇਸ ਵੇਲੇ ਪਰਿਕਰਮਾ ਵਿਚ ਸਰਦੀਆਂ-ਗਰਮੀਆਂ ਵਿਚ ਸ਼ਰਧਾਲੂਆਂ ਨੂੰ ਵਧੇਰੇ ਤਾਪਮਾਨ ਤੋਂ ਬਚਾਉਣ ਲਈ ਇਥੇ ਟਾਟ (ਮੈਟ) ਦੀ ਵਰਤੋਂ ਕੀਤੀ ਜਾ ਰਹੀ ਹੈ। ਕੁਝ ਬਾਗਬਾਨੀ ਮਾਹਿਰਾਂ ਨੇ ਸੁਝਾਅ ਦਿੱਤਾ ਸੀ ਕਿ ਇਥੇ ਪਰਿਕਰਮਾ ਵਿਚ ਸਜਾਵਟੀ ਬੂਟੇ ਤੇ ਦਰਖ਼ਤ ਲਾਏ ਜਾ ਸਕਦੇ ਹਨ ਜੋ ਇਸ ਨੂੰ ਕੁਦਰਤੀ ਸੁੰਦਰਤਾ ਵੀ ਪ੍ਰਦਾਨ ਕਰਨਗੇ ਤੇ ਫਰਸ਼ ਨੂੰ ਮੌਸਮ ਦੇ ਅਨੁਕੂਲ ਬਣਾਉਣ ਵਿਚ ਵੀ ਸਹਾਈ ਸਾਬਤ ਹੋਣਗੇ। ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਪਰਿਕਰਮਾ ਵਿਚ ਬਣੇ ਵਰਾਂਡਿਆਂ ਉਪਰ ਵੱਡੇ-ਵੱਡੇ ਗਮਲਿਆਂ ਵਿਚ ਸਜਾਵਟੀ ਬੂਟੇ ਤੇ ਵੇਲਾਂ ਲਾਈਆਂ ਸਨ, ਜੋ ਵਰਾਂਡਿਆਂ ਦੀਆਂ ਛੱਤਾਂ ਦੀ ਸੇਵਾ ਸਮੇਂ ਇਥੋਂ ਹਟਾ ਦਿੱਤੇ ਗਏ। ਇਨ੍ਹਾਂ ਗਮਲਿਆਂ ਵਿਚ ਤਕਰੀਬਨ 3 ਹਜ਼ਾਰ ਬੂਟੇ ਲਾਏ ਗਏ ਸਨ। ਇਨ੍ਹਾਂ ਵਿਚੋਂ ਵਧੇਰੇ ਬੂਟੇ ਉਹ ਸਨ ਜਿਨ੍ਹਾਂ ਦਾ ਗੁਰਬਾਣੀ ਵਿਚ ਵੀ ਜ਼ਿਕਰ ਆਉਂਦਾ ਹੈ।

FARMERS INSURANCE GROUP
Symbol of Superior Service

FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business *Workers Compensation**

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional


ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



Gurbans Singh Gill
Realtor
13 Years Experiance in Real Estate
e-mail: gurbans@gotracy.com

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium

Fax: 209-836-0706
www.gotracy.com

**Gurbans Gill 209-815-1869**

# ਫਰਿਜ਼ਨੋ ਨਿਵਾਸੀਆਂ ਲਈ ਖੁਸ਼ਖ਼ਬਰੀ

ਇਸ ਐਤਵਾਰ 20 ਫਰਵਰੀ 2011 ਨੂੰ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਹੇਠ ਲਿਖੇ ਗੁਰੂਘਰਾਂ ਵਿਚ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

ਸਮਾਂ : ਸਵੇਰੇ 11 ਤੋਂ 1 ਵਜੇ
ਗੁਰਦੁਆਰਾ ਨਾਨਕਸਰ ਸਾਹਿਬ, ਚੈਰੀ ਐਵਨਿਊ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਕਲੋਵਸ ਐਵਨਿਊ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*
24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

# ਬੇਕਰਜ਼ਫੀਲਡ ਤੇ ਰੀਨੋ 'ਚ ਪੰਜਾਬੀ ਰੇਡੀਓ ਸ਼ੁਰੂ

ਰੇਡੀਓ ਲੈਣ ਲਈ ਕਾਲ ਕਰੋ
**408.722.7698**

**11** ਸਟੇਸ਼ਨਾਂ ਤੋਂ ਚੱਲਣ ਵਾਲਾ
San Jose, Livermore, Berkeley, Sacramento, Yuba City, Tracy, Stocton, Modesto, Fresno, Bakersfield, Reno

ਕੀਮਤ **$25**

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ ਅਤੇ ਸ਼ਾਮ 6 ਤੋਂ 8 ਵਜੇ : ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ ਅਤੇ ਗੁਰਦੁਆਰਾ ਨਾਨਕਸਰ ਸਾਹਿਬ ਫਰਿਜ਼ਨੋ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**।
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਘੰਟੇ ਬਾਅਦ**
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ** (ਮਸੂਦ ਮੱਲੀ, ਗੁਰਪ੍ਰੀਤ ਸਿੰਘ)

ਹੋਰ ਜਾਣਕਾਰੀ ਲਈ **408.722.7698**
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

# ਸਰਕਾਰਾਂ ਨਹੀਂ, ਨਿਜ਼ਾਮ ਬਦਲਣ ਦੀ ਲੋੜ:ਮਨਪ੍ਰੀਤ


ਰੈਲੀ ਨੂੰ ਸੰਬੋਧਨ ਕਰਦੇ ਹੋਏ ਮਨਪ੍ਰੀਤ ਸਿੰਘ ਬਾਦਲ

**ਅਮਲੋਹ:** ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਦਾ ਵਾਅਦਾ ਕਰਦੇ ਹੋਏ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀ ਨਲਾਇਕੀ ਤੇ ਗ਼ਲਤ ਨੀਤੀਆਂ ਕਾਰਨ ਉਦਯੋਗ ਸੂਬੇ ਚੋਂ ਬਾਹਰ ਗਿਆ ਹੈ ਤੇ ਨੰਬਰ ਇਕ ਕਹਾਉਣ ਵਾਲੇ ਸੂਬੇ ਕੇ ਲੋਕ ਗ਼ਰੀਬੀ, ਭੁੱਖਮਰੀ ਤੇ ਅਨਪੜ੍ਹਤਾ ਦਾ ਸ਼ਿਕਾਰ ਹੋ ਰਹੇ ਹਨ। ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਆਜ਼ਾਦੀ ਦੀ ਲੜਾਈ ਲੜਨ ਵਾਲਿਆਂ ਦੇ ਮਨ ਵਿਚ ਇਹ ਸੁਪਨਾ ਸੀ ਕਿ ਅਸੀਂ ਆਪਣੇ ਦੇਸ ਵਿਚ ਗਰੀਬੀ, ਭੁੱਖਮਰੀ ਤੇ ਅਨਪੜ੍ਹਤਾ ਦੂਰ ਕਰਾਂਗੇ। ਸਾਡਾ ਦੇਸ਼ ਖ਼ੁਸ਼ਹਾਲ ਹੋਵੇਗਾ ਤੇ ਲੋਕ ਇੱਜ਼ਤ ਦੀ ਰੋਟੀ ਖਾਣਗੇ ਪਰ ਅਜਿਹਾ 64 ਸਾਲਾਂ ਤੋਂ ਬਾਅਦ ਵੀ ਨਾ ਹੋ ਸਕਿਆ।

ਉਨ੍ਹਾਂ ਕਿਹਾ ਜਿਸ ਰਸਤੇ 'ਤੇ ਅੱਜ ਪੰਜਾਬ ਜਾ ਰਿਹਾ ਹੈ, ਉਹ ਕਦੇ ਵੀ ਅੱਗੇ ਨਹੀਂ ਆ ਸਕਦਾ। ਪੰਜਾਬ ਜਿਹੜਾ ਦੇਸ਼ ਦੇ ਮੱਥੇ ਦਾ ਚੰਦ ਤੇ ਪਹਿਲੇ ਨੰਬਰ ਦਾ ਸੂਬਾ ਹੁੰਦਾ ਸੀ, ਅੱਜ ਉਹ ਦੇਸ਼ ਦੇ 28 ਸੂਬਿਆਂ ਵਿਚ 26ਵੇਂ ਨੰਬਰ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਅੱਜ ਵੋਟਾਂ ਮੰਗਣ ਲਈ ਨਹੀਂ ਆਇਆ ਸਗੋਂ ਤੁਹਾਡੇ ਕੋਲੋਂ ਸਾਥ ਮੰਗਣ ਲਈ ਆਇਆ ਹਾਂ ਤਾਂ ਕਿ ਸਰਕਾਰ ਬਦਲਣ ਦੇ ਨਾਲ-ਨਾਲ ਪੂਰਾ ਨਿਜ਼ਾਮ ਬਦਲਿਆ ਜਾਵੇ ਤਾਂ ਹੀ ਪੰਜਾਬ ਦੇ ਲੋਕ ਆਪਣਾ ਸਿਰ ਉੱਚਾ ਚੁੱਕ ਕੇ ਤੁਰ ਸਕਣਗੇ ਤੇ ਤਰੱਕੀ ਤੇ ਵਿਕਾਸ ਦੇ ਮਾਮਲੇ ਵਿਚ ਤੁਹਾਡਾ ਪੰਜਾਬ ਪਹਿਲੇ ਨੰਬਰ ਤੇ ਆ ਸਕੇਗਾ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ ਆਖਰੀ ਦਮ ਤੱਕ ਪੰਜਾਬ ਵਿਚੋਂ ਰਿਸ਼ਵਤਖੋਰੀ, ਬੇਰੁਜ਼ਗਾਰੀ, ਨਸ਼ਾਖੋਰੀ, ਅਨਪੜ੍ਹਤਾ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਲੜੇਗਾ। ਉਨ੍ਹਾਂ ਕਿਹਾ ਕਿ ਉਸ ਨੇ ਆਪਣੇ ਇਕ ਲੱਖ ਸਾਥੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ ਤੇ ਜਲ੍ਹਿਆਂ ਵਾਲਾ ਬਾਗ ਵਿਚ ਇਹ ਸਹੁੰ ਖਾਧੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮਜ਼ਬੂਤ ਬਣਾਉਣ ਲਈ ਚਾਰ ਸਾਲ ਪਹਿਲਾਂ ਉਸ ਨੇ ਮੰਤਰੀ ਦੀ ਸਹੁੰ ਚੁੱਕੀ ਸੀ। ਉਨ੍ਹਾਂ ਕਿਹਾ ਕਿ ਮੈਂ ਸਾਧ ਬਣ ਕੇ ਸੇਵਾ ਕੀਤੀ ਤੇ ਜਾਤੀ ਤੌਰ 'ਤੇ ਕਦੇ ਵੀ ਸਰਕਾਰੀ ਖ਼ਜ਼ਾਨੇ 'ਤੇ ਬੋਝ ਨਹੀਂ ਪਾਇਆ ਪਰ ਅੱਜ ਪੰਜਾਬ ਕਰਜ਼ੇ ਦੇ ਬੋਝ ਹੇਠਾਂ ਦੱਬਿਆ ਹੋਇਆ ਹੈ ਜਿਸ ਕਾਰਨ ਪੰਜਾਬ ਦੀ ਆਰਥਿਕ ਹਾਲਤ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਹੇਠ ਚਲੀ ਗਈ ਹੈ। ਉਨ੍ਹਾਂ ਕਿਹਾ ਕਿ ਬਿਹਾਰ ਤੇ ਹਰਿਆਣਾ ਵਰਗੇ ਸੂਬਿਆਂ ਵਿਚ ਵੀ ਲੋਕ ਜਾਗ ਗਏ ਹਨ ਜਿਨ੍ਹਾਂ ਨੇ ਪਾਰਟੀਆਂ ਤੋਂ ਉਪਰ ਉੱਠ ਕੇ ਵਿਕਾਸ ਨੂੰ ਤਰਜੀਹ ਦਿੱਤੀ ਹੈ। ਇਸ ਲਈ ਤਰੱਕੀ ਦੀਆਂ ਲੀਹਾਂ ਵੱਲ ਜਾਣ ਲਈ ਹੁਣ ਪੰਜਾਬ ਨੂੰ ਵੀ ਜਾਗਣ ਦੀ ਲੋੜ ਹੈ।

ਬਾਦਲ ਨੇ ਕਿਹਾ ਕਿ 64 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਪੰਜਾਬ ਕਈ ਅਲਾਮਤਾਂ ਦਾ ਸ਼ਿਕਾਰ ਹੈ ਪਰ 11 ਮਹੀਨਿਆਂ ਬਾਅਦ ਪੰਜਾਬ 'ਚ ਇਕ ਵਿਅਕਤੀ ਦੀ ਥਾਂ ਅਸਲ ਵਿਚ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਉਹ ਆਪਣੇ ਵੱਲੋਂ ਪੂਰੀ ਵਾਹ ਲਾਉਣਗੇ। ਉਨ੍ਹਾਂ ਕਿਹਾ ਕਿ ਉਹ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਵਾਲੇ ਦਿਨ ਖਟਕੜ ਕਲਾਂ ਤੋਂ ਮੁੱਠੀ ਵਿਚ ਉਸ ਧਰਤੀ ਦੀ ਮਿੱਟੀ ਲੈ ਕੇ ਲੋਕ ਮੁੱਦਿਆਂ ਨੂੰ ਅੱਗੇ ਰੱਖ ਕੇ ਆਪਣੀ ਅਗਲੀ ਰਣਨੀਤੀ ਦਾ ਐਲਾਨ ਕਰਨਗੇ। ਕਿਸੇ ਹੋਰ ਪਾਰਟੀ ਨਾਲ ਸਮਝੌਤੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 23 ਮਾਰਚ ਤੋਂ ਬਾਅਦ ਸਭ ਕੁਝ ਸੰਭਵ ਹੋਵੇਗਾ। 'ਜਾਗੋ ਪੰਜਾਬ ਯਾਤਰਾ' ਦੇ ਅਮਲੋਹ ਪਹੁੰਚਣ 'ਤੇ ਹੋਈ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸ਼ਹੀਦਾਂ ਦੇ ਦਰਸਾਏ ਮਾਰਗ ਉੱਪਰ ਚੱਲ ਰਹੇ ਹਨ ਤੇ ਅੱਜ ਪੰਜਾਬ ਦੇ ਰਾਜਨੀਤੀ ਵਿਚ ਆਏ ਵੱਡੇ ਨਿਘਾਰ ਨੂੰ ਖ਼ਤਮ ਕਰਨ ਲਈ ਪੰਜਾਬ ਦੇ ਲੋਕਾਂ ਦੇ ਸਹਿਯੋਗ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅੱਜ 5 ਪ੍ਰਤੀਸ਼ਤ ਲੋਕ 95 ਪ੍ਰਤੀਸ਼ਤ ਲੋਕਾਂ ਨੂੰ ਲੁੱਟਣ 'ਤੇ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਥਾਣਿਆਂ, ਤਹਿਸੀਲਾਂ ਤੇ ਬਿਜਲੀ ਬੋਰਡ ਦਾ ਨਿਜ਼ਾਮ ਬਦਲਣ ਦੀ ਲੋੜ ਹੈ।

# ਮਨਪ੍ਰੀਤ ਦਾ ਪੰਜਾਬ 'ਚ ਕੋਈ ਵਜੂਦ ਹੀ ਨਹੀਂ: ਬਾਦਲ

**ਜਲੰਧਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਤੋਂ ਵੱਖ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਹਰ ਪਾਰਟੀ ਦੀ ਆਪੋ-ਆਪਣੀ ਵਿਚਾਰਧਾਰਾ ਹੁੰਦੀ ਹੈ ਪਰ ਮਨਪ੍ਰੀਤ ਦੀ ਕੋਈ ਵਿਚਾਰਧਾਰਾ ਹੀ ਨਹੀਂ ਹੈ। ਮਨਪ੍ਰੀਤ ਸਿੰਘ ਬਾਦਲ ਵੱਲੋਂ ਆਗਾਮੀ ਚੋਣਾਂ 'ਚ ਅਕਾਲੀ ਦਲ ਨੂੰ ਪਹੁੰਚਾਏ ਜਾਣ ਵਾਲੇ ਨੁਕਸਾਨ ਬਾਰੇ ਬਾਦਲ ਨੇ ਕਿਹਾ ਕਿ ਚੋਣਾਂ 'ਚ ਉਨ੍ਹਾਂ ਦਾ ਮੁਕਾਬਲਾ ਕਾਂਗਰਸ ਨਾਲ ਹੀ ਹੋਵੇਗਾ। ਬਾਦਲ ਨੇ ਮਨਪ੍ਰੀਤ ਦੇ ਭਵਿੱਖ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਪਾਰਟੀ ਕਿਸੇ ਵੀ ਆਗੂ ਦੀ ਮਾਂ ਹੁੰਦੀ ਹੈ ਤੇ ਕੋਈ ਵੀ ਵਿਅਕਤੀ ਮਾਂ ਤੋਂ ਟੁੱਟ ਕੇ ਕਾਮਯਾਬ ਨਹੀਂ ਹੋ ਸਕਦਾ। ਇਥੇ ਸਰਕਟ ਹਾਊਸ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵੀ ਕਈ ਵਾਰ ਪਾਰਟੀ ਨਾਲ ਵਿਚਾਰਧਾਰਕ ਮਤਭੇਦ ਰਹੇ ਹਨ ਪਰ ਉਨ੍ਹਾਂ ਕਦੇ ਵੀ ਪਾਰਟੀ ਤੋਂ ਬਾਹਰ ਜਾਣ ਬਾਰੇ ਨਹੀਂ ਸੋਚਿਆ। ਮਨਪ੍ਰੀਤ ਸਿੰਘ ਬਾਦਲ ਵੱਲੋਂ ਸਬਸਿਡੀਆਂ ਬੰਦ ਕਰਨ ਦੀ ਕੀਤੀ ਜਾ ਰਹੀ ਵਕਾਲਤ ਨੂੰ ਵੀ ਮੂਲੋਂ



ਰੱਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਸੰਭਵ ਨਹੀਂ ਹੈ, ਕਿਉਂਕਿ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ 'ਚ ਇਹ ਰਿਆਇਤਾਂ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਲੰਮੇ ਹੱਥੀਂ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਚਾਰ ਸਾਲ ਤਾਂ ਉਨ੍ਹਾਂ ਨੂੰ ਪੰਜਾਬ ਦਾ ਖਿਆਲ ਨਹੀਂ ਆਇਆ ਤੇ ਹੁਣ ਆ ਕੇ ਲੋਕਾਂ ਨੂੰ ਗੁੰਮਰਾਹ ਕਰ ਰਿਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਜਿੱਥੇ ਘੁਟਾਲਿਆਂ 'ਚ ਵਿਸ਼ਵ ਰਿਕਾਰਡ ਬਣਾਇਆ ਹੈ ਉਥੇ ਹਰ ਮੁੱਦੇ 'ਤੇ ਇਹ ਸਰਕਾਰ ਫੇਲ੍ਹ ਸਾਬਤ ਹੋਈ ਹੈ।

# ਬੂਟਾ ਸਿੰਘ ਤੇ ਬਿੱਟਾ ਤੋਂ ਬਲੈਕ ਕੈਟ ਕਮਾਂਡੋ ਸੁਰੱਖਿਆ ਖੁੱਸੀ

**ਚੰਡੀਗੜ੍ਹ:** ਸਾਬਕਾ ਕੇਂਦਰੀ ਗ੍ਰਿਹ ਮੰਤਰੀ ਬੂਟਾ ਸਿੰਘ, ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ, ਪੱਤਰਕਾਰ ਅਸ਼ਵਨੀ ਕੁਮਾਰ ਤੇ ਅਸਾਮ ਦੇ ਸਾਬਕਾ ਮੁੱਖ ਮੰਤਰੀ ਪ੍ਰਫੁੱਲ ਕੁਮਾਰ ਮਹੰਤਾ ਤੋਂ 'ਬਲੈਕ ਕੈਟ' ਕਮਾਂਡੋ ਸੁਰੱਖਿਆ ਵਾਪਸ ਲੈ ਲਈ ਗਈ ਹੈ। ਇਸ ਤਰ੍ਹਾਂ ਹੁਣ ਨੈਸ਼ਨਲ ਸਕਿਓਰਿਟੀ ਗਾਰਡ ਕਮਾਂਡੋ ਜਿਨ੍ਹਾਂ ਨੂੰ ਸੁਰੱਖਿਆ ਦੇ ਰਹੇ ਹਨ, ਉਨ੍ਹਾਂ ਦੀ ਗਿਣਤੀ 16 ਰਹਿ ਗਈ ਹੈ। ਪਹਿਲਾਂ ਐਨ.ਐਸ.ਜੀ. ਕਮਾਂਡੋ ਦੀ ਸੁਰੱਖਿਆ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਵਾਪਸ ਲੈਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਅਦਾਲਤੀ ਦਖਲ ਕਾਰਨ ਇਸ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ।

ਐਨ.ਐਸ.ਜੀ. ਦੇ ਡਾਇਰੈਕਟਰ ਜਨਰਲ ਆਰ.ਕੇ. ਮਧੇਕਰ ਨੇ ਕਿਹਾ ਹੈ ਕਿ ਇਨ੍ਹਾਂ ਸ਼ਖ਼ਸੀਅਤਾਂ ਦੀ ਕਮਾਂਡੋ ਸੁਰੱਖਿਆ ਵਾਪਸ ਲੈਣ ਦਾ ਫ਼ੈਸਲਾ ਕੇਂਦਰੀ ਗ੍ਰਿਹ ਮੰਤਰਾਲੇ ਨੇ ਕੀਤਾ ਹੈ। ਸੁਰੱਖਿਆ ਵਾਪਸ ਲੈਣ ਬਾਰੇ ਹੁਕਮ ਹਾਲ ਹੀ 'ਚ ਜਾਰੀ ਹੋਏ ਹਨ।

ਐਨ.ਐਸ.ਜੀ. ਦੀ ਸੁਰੱਖਿਆ ਜਿਨ੍ਹਾਂ ਨੂੰ ਮਿਲਦੀ ਰਹੇਗੀ, ਉਨ੍ਹਾਂ 'ਚ ਭਾਜਪਾ ਆਗੂ ਐਲ.ਕੇ. ਅਡਵਾਨੀ, ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ, ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਨਾਨਿਧੀ, ਟੀ.ਡੀ.ਪੀ. ਮੁਖੀ ਐਨ. ਚੰਦਰਬਾਬੂ ਨਾਇਡੂ, ਕੇਂਦਰੀ ਮੰਤਰੀ ਫਾਰੂਕ ਅਬਦੁੱਲਾ ਤੇ ਗ਼ੁਲਾਮ ਨਬੀ ਆਜ਼ਾਦ, ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਏ.ਆਈ.ਏ.ਡੀ.ਐਮ.ਕੇ. ਮੁਖੀ ਜੇ. ਜੈਲਲਿਤਾ ਤੇ ਕੁਝ ਇਕ ਹੋਰ ਸ਼ਾਮਲ ਹਨ।

# ਖਹਿਰਾ ਪਰਵਾਸੀਆਂ ਦੇ ਮੁੱਦੇ ਪ੍ਰਧਾਨ ਮੰਤਰੀ ਕੋਲ ਉਠਾਉਣਗੇ

**ਜਲੰਧਰ:** ਆਪਣੇ ਇਕ ਮਹੀਨੇ ਦੇ ਅਮਰੀਕੀ ਦੌਰੇ ਤੋਂ ਵਾਪਸ ਪਰਤਣ ਪਿਛੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਤੇ ਕੁਝ ਦੇਸ਼ਾਂ ਦੇ ਹਵਾਈ ਅੱਡਿਆਂ 'ਤੇ ਸੁਰੱਖਿਆ ਜਾਂਚ ਦੇ ਨਾਂ 'ਤੇ ਸਿੱਖਾਂ ਦੀਆਂ ਪਗੜੀਆਂ ਲਹਾਉਣ ਦੇ ਮਾਮਲੇ ਨੂੰ ਲੈ ਕੇ ਭਾਰਤ ਸਰਕਾਰ ਨੂੰ ਯੋਗ ਕਾਰਵਾਈ ਦੀ ਬੇਨਤੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਪੰਜਾਬ ਪ੍ਰਦੇਸ਼ ਕਾਂਗਰਸ ਦਾ ਵਫ਼ਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ



ਮੰਤਰੀ ਵਾਇਲਰ ਰਵੀ ਨੂੰ ਮਿਲੇਗਾ। ਸ. ਖਹਿਰਾ ਨੇ ਦੱਸਿਆ ਕਿ ਭਾਰਤੀ ਦੂਤਾਵਾਸਾਂ ਦਾ ਵਤੀਰਾ ਖ਼ਾਸਕਰ ਪੰਜਾਬੀਆਂ ਨਾਲ ਬਹੁਤਾ ਮਾੜਾ ਹੋਣ ਕਾਰਨ ਵਧੇਰੇ ਪਰਵਾਸੀ ਪੰਜਾਬੀ ਬੇਇੱਜ਼ਤੀ ਮਹਿਸੂਸ ਕਰਦੇ ਹਨ।

ਵਿਦੇਸ਼ਾਂ 'ਚ ਵੱਸ ਰਹੇ ਪੰਜਾਬੀਆਂ ਨਾਲ ਭਾਰਤੀ ਦੂਤਘਰਾਂ ਦੇ ਅਧਿਕਾਰੀਆਂ ਵੱਲੋਂ ਮਾੜਾ ਵਤੀਰਾ ਕਰਨ ਦੀ ਨਿਖੇਧੀ ਕਰਦਿਆਂ ਸ. ਖਹਿਰਾ ਨੇ ਕਿਹਾ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਬੇਨਤੀ ਕਰਨਗੇ ਕਿ ਉਹ ਖੁਦ ਤੇ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਆਪਣੀ ਅਗਵਾਈ 'ਚ ਕਾਂਗਰਸ ਦਾ ਵਫ਼ਦ ਲੈ ਕੇ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਮਿਲਣ।

# ਡਾ. ਸੁਤਿੰਦਰ ਸਿੰਘ ਨੂਰ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਤੇ ਉੱਘੇ ਆਲੋਚਕ ਡਾ. ਸੁਤਿੰਦਰ ਸਿੰਘ ਨੂਰ (70) ਦਾ 8 ਫਰਵਰੀ ਨੂੰ ਦੇਹਾਂਤ ਹੋ ਗਿਆ। ਉਹ ਪਿਛਲੇ ਕਈ ਦਿਨਾਂ ਤੋਂ ਹਸਪਤਾਲ ਵਿਚ ਦਾਖ਼ਲ ਸਨ ਤੇ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਡਾ. ਨੂਰ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚੋਂ ਰਿਟਾਇਰ ਹੋਏ ਸਨ। ਉਨ੍ਹਾਂ ਪੰਜਾਬੀ ਆਲੋਚਨਾ ਦੇ ਖੇਤਰ 'ਚ ਭਰਵਾਂ ਯੋਗਦਾਨ ਪਾਇਆ।



ਡਾ. ਨੂਰ ਸ਼ੂਗਰ ਦੇ ਮਰੀਜ਼ ਸਨ ਤੇ ਬੀਤੇ ਦਿਨੀਂ ਹੀ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਉਨ੍ਹਾਂ ਦੇ ਇਲਾਜ ਦਾ ਸਾਰਾ ਖਰਚਾ ਦਿੱਲੀ ਸਰਕਾਰ ਵੱਲੋਂ ਉਠਾਉਣ ਦਾ ਐਲਾਨ ਕੀਤਾ ਸੀ। ਡਾ.ਸੁਤਿੰਦਰ ਸਿੰਘ ਨੂਰ ਨੂੰ ਹੁਣ ਤੱਕ ਕਈ ਸਾਹਿਤਕ, ਸਭਿਆਚਾਰਕ ਪੁਰਸਕਾਰ ਹਾਸਲ ਹੋ ਚੁੱਕੇ ਹਨ ਜਿਨ੍ਹਾਂ ਵਿਚੋਂ ਸਾਲ 2004 ਦੌਰਾਨ ਮਿਲਿਆ ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਸਭ ਤੋਂ ਸਰਵੋਤਮ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ ਤੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਪੰਜਾਬੀ ਅਕਾਦਮੀ ਦਿੱਲੀ ਵੱਲੋਂ ਵੀ ਉਨ੍ਹਾਂ ਨੂੰ ਪੰਜਾਬੀ ਆਲੋਚਨਾਤਮਕ ਪੁਰਸਕਾਰ ਹਾਸਲ ਹੋ ਚੁੱਕਾ ਹੈ।

ਡਾ. ਨੂਰ ਦਾ ਜਨਮ ਪੰਜਾਬੀ ਲੇਖਕ ਗਿਆਨੀ ਹਰੀ ਸਿੰਘ ਜਾਚਕ ਦੇ ਘਰ ਪੰਜ ਅਕਤੂਬਰ 1940 ਨੂੰ ਕੋਟਕਪੂਰਾ (ਜ਼ਿਲ੍ਹਾ ਫਰੀਦਕੋਟ) ਵਿਖੇ ਹੋਇਆ ਸੀ। ਡਾ.ਨੂਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਹਿਲਾਂ ਅੰਗਰੇਜ਼ੀ ਤੇ ਬਾਅਦ ਵਿਚ ਪੰਜਾਬੀ ਭਾਸ਼ਾ 'ਚ ਐਮ ਏ ਪਾਸ ਕੀਤੀ। ਉਨ੍ਹਾਂ ਪ੍ਰੋਫੈਸਰ ਮੋਹਨ ਸਿੰਘ ਦੀ ਰਚਨਾ ਬਾਰੇ 1976 ਵਿਚ ਪੀ ਐਚ. ਡੀ. ਦੀ ਡਿਗਰੀ ਹਾਸਲ ਕੀਤੀ ਸੀ। ਡਾ. ਨੂਰ ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਵਾਈਸ ਚੇਅਰਮੈਨ ਸਨ।

# ਡਾ. ਸੁਤਿੰਦਰ ਸਿੰਘ ਨੂਰ ਦੇ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ

**ਫਰੀਮਾਂਟ:** ਪੰਜਾਬੀ ਆਲੋਚਕ ਤੇ ਲੇਖਕ ਅਤੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਮੀਤ ਪ੍ਰਧਾਨ ਡਾ. ਸੁਤਿੰਦਰ ਸਿੰਘ ਨੂਰ ਦੀ ਬੇਵਕਤ ਮੌਤ ਉਤੇ ਕੈਲੀਫੋਰਨੀਆ ਦੀਆਂ ਵਖ ਵਖ ਸਾਹਿਤ ਸਭਾਵਾਂ ਅਤੇ ਪੰਜਾਬੀ ਲੇਖਕਾਂ ਨੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਜਾਰੀ ਕੀਤੇ ਵੱਖ ਵੱਖ ਬਿਆਨਾਂ ਵਿਚ ਇਨ੍ਹਾਂ ਜਥੇਬੰਦੀਆਂ ਨੇ ਡਾ. ਨੂਰ ਦੇ ਚਲਾਣੇ ਨੂੰ ਪੰਜਾਬੀ ਸਾਹਿਤ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਡਾ. ਨੂਰ ਕੁਝ ਸਮਾਂ ਬਿਮਾਰ ਰਹਿਣ ਪਿਛੋਂ ਬੀਤੀ 8 ਫਰਵਰੀ ਨੂੰ ਅਚਾਨਕ ਚਲਾਣਾ ਕਰ ਗਏ ਸਨ।

ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆ, ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਹੋਕਾ ਐਂਟਰਟੇਨਮੈਂਟ, ਪੰਜਾਬ ਲੋਕ ਰੰਗਮੰਚ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਨੇ ਡਾ. ਨੂਰ ਦੇ ਚਲਾਣੇ ਉਤੇ ਅਫਸੋਸ ਪ੍ਰਗਟਾਇਆ ਹੈ। ਸਾਹਿਤਕਾਰ ਸੁਖਵਿੰਦਰ ਕੰਬੋਜ, ਕੁਲਵਿੰਦਰ, ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੁਰਿੰਦਰ ਸੀਰਤ, ਜਗਜੀਤ ਸਿੰਘ ਸੰਧੂ, ਰੇਸ਼ਮ ਸਿੱਧੂ, ਗਾਇਕ ਸੁਖਦੇਵ ਸਾਹਿਲ, ਸੁਰਜੀਤ ਸਖੀ, ਪੰਕਜ ਆਂਸਲ, ਈਸ਼ਰ ਸਿੰਘ ਮੋਮਨ, ਚਰਨਜੀਤ ਪੰਨੂੰ, ਆਜ਼ਾਦ ਜਲੰਧਰੀ, ਓਮ ਪ੍ਰਕਾਸ਼ ਕਮਲ, ਸੁਸ਼ੀ ਸਮੁੰਦਰਾ, ਨੀਲਮ ਸੈਣੀ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਮਨਜੀਤ ਕੌਰ ਸੇਖੋਂ ਅਤੇ ਸੰਨੀਵੇਲ ਹਿੰਦੂ ਮੰਦਿਰ ਦੇ ਆਗੂ ਰਾਜ ਭਨੋਟ ਨੇ ਡਾ. ਨੂਰ ਦੇ ਚਲਾਣੇ ਨੂੰ ਪੰਜਾਬੀ ਸਾਹਿਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿਤਾ ਹੈ।

ਇੰਡੋ ਯੂ ਐਸ ਡਾਇਲਾਗ ਇੰਕ ਅਤੇ ਪੰਜਾਬੀ ਸਾਹਿਤ ਅਕਾਡਮੀ ਵਲੋਂ ਸਾਂਝੇ ਤੌਰ 'ਤੇ ਇਕ ਸ਼ੋਕ ਸਭਾ 19 ਫਰਵਰੀ ਸਨਿਚਰਵਾਰ ਨੂੰ ਬਾਅਦ ਦੁਪਹਿਰ 3 ਤੋਂ 5 ਵਜੇ ਤਕ ਰਾਜਾ ਸਵੀਟਸ, ਯੂਨੀਅਨ ਸਿਟੀ ਵਿਚ ਰਖੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਗਜ਼ਲਗੋ ਕੁਲਵਿੰਦਰ ਨਾਲ ਫੋਨ 510-367-2090 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਫਰਿਜ਼ਨੋ:** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਨੇ ਡਾ ਸੁਤਿੰਦਰ ਸਿੰਘ ਨੂਰ ਦੇ ਚਲਾਣੇ ਉਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਦੀ ਇਥੇ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਸ਼ੋਕ ਇਕੱਤਰਤਾ ਵਿਚ ਇਕ ਸ਼ੋਕ ਮਤੇ ਰਾਹੀਂ ਇਸ ਨੂੰ ਪੰਜਾਬੀ ਸਾਹਿਤ ਅਤੇ ਚਿੰਤਨ ਜਗਤ ਨੂੰ ਪਿਆ ਇਕ ਵਡਾ ਘਾਟਾ ਕਰਾਰ ਦਿਤਾ ਗਿਆ। ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਉਨ੍ਹਾਂ ਨਾਲ ਦੋਸਤੀ ਦੀਆਂ ਸਾਂਝਾਂ ਯਾਦ ਕਰਦਿਆਂ ਕਿਹਾ ਕਿ ਡਾ. ਨੂਰ ਇਕ ਬਹੁਤ ਵਧੀਆ ਸਾਹਿਤਕ ਦੋਸਤ ਸਨ। ਮੀਟਿੰਗ ਵਿਚ ਸਾਧੂ ਸਿੰਘ ਸੰਘਾ, ਗੁਰਦੀਪ ਸਿੰਘ ਨਿੱਝਰ, ਰਣਜੀਤ ਗਿੱਲ, ਪਾਲ ਧਾਲੀਵਾਲ, ਆਤਮਾ ਸਿੰਘ ਚਾਹਲ, ਗੁਰਨੇਕ ਸਿੰਘ ਰਾਏ, ਰਾਜ ਬਰਾੜ ਵੈਰੋਕੇ, ਅਜੀਤਪਾਲ ਢਿੱਲੋਂ, ਪੁਸ਼ਪਿੰਦਰ ਪਾਤੜਾਂ, ਹਾਕਮ ਸਿੰਘ, ਸਰਵੰਤ ਸਿੰਘ ਵਿਰਕ, ਬਿਕਰਮਜੀਤ ਕਾਹਲੋਂ, ਸੁਲੱਖਣ ਸਿੰਘ ਗਿੱਲ, ਸੰਤੋਖ ਸਿੰਘ ਢਿੱਲੋਂ, ਮਨਜੀਤ ਕੁਲਾਰ, ਹੈਰੀ ਮਾਨ ਅਤੇ ਮਨਧੀਰ ਸਿੰਘ ਨੇ ਭਾਗ ਲਿਆ।

**ਸੈਕਰਾਮੈਂਟੋ:** ਨਾਮਵਰ ਪੰਜਾਬੀ ਵਿਦਵਾਨ ਡਾ. ਸੁਤਿੰਦਰ ਸਿੰਘ ਨੂਰ ਦੇ ਚਲਾਣੇ ਉਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫਾਊਂਡੇਸ਼ਨ ਦੇ ਚੇਅਰਮੈਨ ਸ੍ਰੀ ਜਰਨੈਲ ਸਿੰਘ ਮੰਡੇਰ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਥੇਬੰਦੀ ਦੀ ਇਕ ਮੀਟਿੰਗ 12 ਫਰਵਰੀ ਨੂੰ ਹੋਈ ਜਿਸ ਵਿਚ 2 ਮਿੰਟ ਦਾ ਮੌਨ ਧਾਰ ਕੇ ਡਾ. ਨੂਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੰਸਥਾ ਨੇ ਡਾ. ਨੂਰ ਦੀ ਪਤਨੀ ਰਾਣੀ ਨੂਰ ਅਤੇ ਉਸ ਦੇ ਬੇਟਿਆਂ ਨਾਲ ਵੀ ਦੁੱਖ ਸਾਂਝਾ ਕੀਤਾ ਹੈ।



*ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਸੰਤ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਦਾ ਸਨਮਾਨ ਕੀਤਾ ਗਿਆ। ਯਾਦ ਰਹੇ ਕਿ ਬਾਬਾ ਬਲਵਿੰਦਰ ਸਿੰਘ ਨੇ ਇਕ ਹਫਤਾ ਗੁਰਦੁਆਰਾ ਸਾਹਿਬ ਵਿਚ ਗੁਰਮਤਿ ਪ੍ਰਚਾਰ ਕਰਨ ਲਈ ਦੀਵਾਨ ਸਜਾਏ ਸਨ।*

# ਸਿੱਖ ਪ੍ਰਚਾਰਕ ਪਾਲਾ ਸਿੰਘ ਨੂੰ ਅਕਾਲੀ ਆਗੂ ਦੀ ਸ਼ਹਿ 'ਤੇ ਪ੍ਰੇਸ਼ਾਨ ਕਰਨ ਦਾ ਦੋਸ਼

**ਟੋਰਾਂਟੋ:** ਅਖੰਡ ਕੀਰਤਨੀ ਜਥਾ ਯੂ ਕੇ ਨੇ ਦੋਸ਼ ਲਾਇਆ ਹੈ ਕਿ ਭਾਈ ਪਾਲਾ ਸਿੰਘ ਫਰਾਂਸ ਨੂੰ ਪੁਲਿਸ ਵੱਲੋਂ ਜਾਣ ਬੁੱਝ ਕੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ, ਹੁਣ ਤੱਕ ਕਈ ਤਰੀਕਾਂ ਮੌਕੇ ਉਸ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਅਖੰਡ ਕੀਰਤਨੀ ਜਥਾ ਯੂ ਕੇ ਦੇ ਜਥੇਦਾਰ ਭਾਈ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਇਕ ਬਿਆਨ ਵਿਚ ਕਿਹਾ ਕਿ ਭਾਈ ਪਾਲਾ ਸਿੰਘ ਦੇ ਕੈਨੇਡਾ ਵਿਚ ਵਸਦੇ ਪਰਿਵਾਰ ਨੇ ਦੱਸਿਆ ਹੈ ਕਿ ਪਾਲ ਸਿੰਘ ਨੂੰ ਕਈ ਤਰੀਕਾਂ ਤੇ ਕੋਰਟ ਵਿਚ ਪੇਸ਼ ਨਹੀਂ ਕੀਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਭਾਈ ਪਾਲਾ ਸਿੰਘ ਵਿਰੁਧ ਪੰਜਾਬ ਪੁਲਿਸ ਨੇ ਅਨੇਕਾਂ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਭਾਈ ਪਾਲਾ ਸਿੰਘ (ਉਮਰ 60 ਸਾਲ) ਤਕਰੀਬਨ 30-35 ਸਾਲ ਵਿਦੇਸ਼ ਰਹੇ, ਇਥੇ ਰਹਿੰਦਿਆਂ ਉਨ੍ਹਾਂ ਅਮਰੀਕਾ, ਕੈਨੇਡਾ, ਇੰਗਲੈਂਡ, ਫਰਾਂਸ, ਜਰਮਨੀ, ਨੌਰਵੇ, ਇਟਲੀ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਗੁਰਮਤਿ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਹ ਸਿੱਖ ਯੂਥ ਕੈਂਪ ਲਾਉਂਦੇ ਸਨ, ਜਿੱਥੇ ਸਿੱਖ ਬੱਚਿਆਂ ਨੂੰ ਗੁਰਮਤਿ, ਗੁਰਬਾਣੀ, ਕੀਰਤਨ ਅਤੇ ਗਤਕੇ ਦੀ ਸਿੱਖਿਆ ਦਿੱਤੀ ਜਾਂਦੀ ਸੀ। ਉਹ ਫਰਾਂਸ ਦੇ ਨਾਗਰਿਕ ਹੁੰਦੇ ਹੋਏ ਹੁਣ ਆਪਣੇ ਜੀਵਨ ਦੇ ਆਖਰੀ ਸਮੇਂ ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਲਈ ਆਪਣੇ ਜੱਦੀ ਪਿੰਡ ਢੰਡੋਵਾਲ (ਨੇੜੇ ਸ਼ਾਹਕੋਟ) ਰਹਿਣ ਲੱਗ ਪਏ ਸਨ।

ਭਾਈ ਪਾਲਾ ਸਿੰਘ ਦੇ ਕੈਨੇਡਾ ਰਹਿੰਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜਾਬ ਵਿਚ ਦਸ ਕੁ ਏਕੜ ਜ਼ਮੀਨ ਖਰੀਦੀ ਸੀ ਜੋ ਕਿ ਇਲਾਕੇ ਦਾ ਹੀ ਇਕ ਅਕਾਲੀ ਆਗੂ ਖਰੀਦਣਾ ਚਾਹੁੰਦਾ ਸੀ, ਬਸ ਇਸ ਗੱਲ ਦੀ ਕਿੜ ਕੱਢਣ ਲਈ ਉਕਤ ਅਕਾਲੀ ਆਗੂ ਦੀ ਸ਼ਹਿ 'ਤੇ ਪੁਲਿਸ ਨੇ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਪਿਛਲੇ 6 ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਦੋਸ਼ ਲਾਇਆ ਗਿਆ ਹੈ ਕਿ ਭਾਈ ਪਾਲਾ ਸਿੰਘ ਦੇ ਖਿਲਾਫ਼ ਸੌ ਫੀ ਸਦੀ ਝੂਠੇ ਮੁਕੱਦਮੇ ਦਰਜ ਕੀਤੇ ਗਏ ਹਨ, ਇਸੇ ਲਈ ਪੁਲਿਸ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਕਰ ਰਹੀ, ਤੇ ਕੇਸ ਲਮਕਾ ਰਹੀ ਹੈ। ਅਖੰਡ ਕੀਰਤਨੀ ਜਥਾ ਯੂ ਕੇ ਨੇ ਪੰਜਾਬ ਵਿਚ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ 'ਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ 'ਤ ਨਜ਼ਰ ਰੱਖਣ।

# ਸਾਹਿਤ ਸਭਾ ਸਟਾਕਟਨ ਦੀ ਇਕ ਸ਼ਾਮ

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਸਾਹਿਤ ਸਭਾ ਦੀ ਸਟਾਕਟਨ ਇਕਾਈ ਦੀ ਇਸ ਵਰ੍ਹੇ ਦੀ ਪਲੇਠੀ ਮੀਟਿੰਗ ਸਟਾਕਟਨ ਦੇ ਚੈਟਸਵਰਥ ਸਰਕਲ ਵਿਖੇ ਬੜੇ ਹੀ ਖੁਸ਼ਗਵਾਰ ਮਾਹੌਲ ਵਿਚ ਹੋਈ। ਮੀਟਿੰਗ ਦਾ ਆਗਾਜ਼ ਜਸਵੰਤ ਸਿੰਘ ਸ਼ਾਦ ਨੇ ਸਟੇਜ ਸਕੱਤਰ ਦੇ ਤੌਰ 'ਤੇ ਸਰੋਤਿਆਂ ਅਤੇ ਸਾਹਿਤਕਾਰਾਂ ਦੀ ਭਰਵੀਂ ਹਾਜ਼ਰੀ ਨੂੰ 'ਜੀ ਆਇਆਂ' ਆਖਦਿਆਂ ਕੀਤਾ।

ਇਸ ਮਗਰੋਂ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਜਿਥੇ ਨਵੇਂ ਮੈਂਬਰਾਂ ਦੀ ਸ਼ਿਰਕਤ ਦਾ ਸਵਾਗਤ ਕੀਤਾ, ਉਥੇ ਸਟਾਕਟਨ ਤੋਂ ਨਵੇਂ ਸ਼ੁਰੂ ਕੀਤੇ ਅਖ਼ਬਾਰ 'ਪੰਜਾਬ ਐਕਸਪ੍ਰੈਸ ਨਿਊਜ਼' ਦੇ ਸੰਪਾਦਕ ਜਸਵੰਤ ਸਿੰਘ ਸੈਦੋਕੇ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਪੱਤਰਕਾਰੀ ਦੇ ਮਿਆਰਾਂ ਉਤੇ ਪਹਿਰਾ ਦੇਣ, ਮੌਲਿਕਤਾ ਲਿਆਉਣ ਅਤੇ ਨਿਰਪੱਖਤਾ ਵਰਗੇ ਅਸੂਲਾਂ 'ਤੇ ਚੱਲਣ ਲਈ ਮਸ਼ਵਰਾ ਦਿੱਤਾ। ਜਗਤਾਰ ਸਿੰਘ ਪ੍ਰੀਤ ਨੇ ਪੰਜਾਬ ਦੇ ਮਰਹੂਮ ਸ਼ਾਇਰ ਜਰਨੈਲ ਸਿੰਘ ਅਰਸ਼ੀ ਦੇ ਬੋਲ 'ਮੈਂ ਉਹ ਸ਼ਾਇਰ ਹਾਂ ਦੁਨੀਆਂ ਹਨ੍ਹੇਰ ਹੋ ਜਾਏ, ਨਵੇਂ ਚਾੜ੍ਹਨੇ ਚੰਨ ਜੇ ਭੁੱਲ ਜਾਂ ਮੈਂ" ਗਾ ਕੇ ਕਾਵਿਕ ਤਰੰਗਾਂ ਛੇੜੀਆਂ। ਸਿੱਧੂ ਦਮਦਮੀ ਸ਼ੋਅ ਲਈ 'ਬੋਲ ਮਿੱਟੀ ਦਿਆ ਬਾਵਿਆ' ਗਾਉਣ ਵਾਲੇ ਗੀਤਕਾਰ ਪ੍ਰੀਤਮ ਸਿੰਘ ਸੋਹੀ ਨੇ ਪੰਜਾਬ ਦੀ ਅਜੋਕੀ ਤ੍ਰਾਸਦੀ ਨਾਲ ਜੁੜਿਆ ਕਰੁਣਾਮਈ ਗੀਤ ਗਾ ਕੇ ਸਰੋਤਿਆਂ ਦੀ ਸੋਚ ਨੂੰ ਟੁੰਬ ਕੇ ਰੱਖ ਦਿੱਤਾ। ਗੰਭੀਰਤਾ ਦੇ ਇਸ ਮਾਹੌਲ ਨੂੰ ਕੋਮਲਤਾ ਦਾ ਰੰਗ ਸ਼ਰਣ ਭਾਰਦਵਾਜ ਨੇ ਮੁਹੱਬਤ ਦੀ ਚਾਸ਼ਨੀ ਪਾ ਕੇ ਡੁੱਬੇ ਸ਼ਿਅਰਾਂ ਨਾਲ ਦਿਤਾ।

ਕਹਾਣੀਆਂ ਦੇ ਦੌਰ ਵਿਚ ਹਰਜਿੰਦਰ ਸਿੰਘ ਪੰਧੇਰ ਨੇ ਪੂਰਬੀ ਤੇ ਪੱਛਮੀ ਸੋਚ ਦਾ ਫ਼ਰਕ ਦਰਸਾਉਂਦੀ ਕਹਾਣੀ 'ਮਾਲਕ' ਅਤੇ ਤ੍ਰਿਪਤ ਸਿੰਘ ਭੱਟੀ ਨੇ ਜੰਗ ਦੇ ਦੁਖਾਂਤ 'ਤੇ ਆਧਾਰਤ ਮਿੰਨੀ ਕਹਾਣੀ 'ਮੁੱਲ' ਅਤੇ ਇਕ ਹੋਰ ਵੱਖਰੇ ਵਿਸ਼ੇ ਨਾਲ ਜੁੜੀ ਕਹਾਣੀ 'ਸਚਿਆਰੀ' ਪੜ੍ਹ ਕੇ ਸੁਣਾਈ। ਪੰਜਾਬ ਦੀ ਗਾਇਕਾ ਸੁਖਵੰਤ ਸੁੱਖੀ ਨੇ ਸੁਰੀਲੀ ਆਵਾਜ਼ ਵਿਚ ਇਹ ਬੋਲ ਕਹੇ:

ਕੌਣ ਕਿਸੇ ਦੀ ਅੱਗ ਵਿਚ ਸੜਦਾ
ਝੂਠੇ ਦੇਣ ਸਹਾਰੇ ਵੇ।
ਔਖੇ ਵੇਲੇ ਛੱਡ ਜਾਂਦੇ ਨੇ
ਆਪਣੇ ਸੱਜਣ ਪਿਆਰੇ ਵੇ।

ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਡਾ. ਸ਼ੇਰਗਿੱਲ ਨੇ ਜੀਵਨ ਦੇ ਪੰਜ ਤੱਤਾਂ ਦੀ ਮਹੱਤਤਾ ਨੂੰ ਦਰਸਾਉਂਦੀ ਕਵਿਤਾ 'ਪੰਜ ਤੱਤ' ਸਰੋਤਿਆਂ ਨਾਲ ਸਾਂਝੀ ਕੀਤੀ। ਦੂਸਰੇ ਦੌਰ ਵਿਚ ਨਵੇਂ ਆਏ ਕਲਾਕਾਰਾਂ ਨੇ ਖ਼ੂਬ ਰੰਗ ਬੰਨ੍ਹਿਆ। ਅੰਤ ਵਿਚ ਜਸਵੰਤ ਸਿੰਘ ਸੈਦੋਕੇ ਨੇ ਆਪਣੇ ਅਖ਼ਬਾਰ ਬਾਰੇ ਦੱਸਿਆ। ਅਗਲੀ ਮੀਟਿੰਗ 27 ਫ਼ਰਵਰੀ ਨੂੰ ਦੋ ਤੋਂ ਪੰਜ ਵਜੇ ਤਕ ਕਰਨ ਦਾ ਫ਼ੈਸਲਾ ਕੀਤਾ ਗਿਆ।

# ਬਾਬੂ ਮੁਗੋਵਾਲੀਆ ਦਾ 125ਵਾਂ ਜਨਮ ਦਿਨ ਮਨਾਇਆ

**ਵੈਨਕੂਵਰ:** ਆਦਿ-ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ 125ਵਾਂ ਜਨਮ ਦਿਨ ਸ਼੍ਰੀ ਗੁਰੂ ਰਵਿਦਾਸ ਸਭਾ (ਵੈਨਕੂਵਰ), ਬ੍ਰਿਟਿਸ਼ ਕੋਲੰਬੀਆ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਨੂੰ ਸਮਰਪਿਤ ਇਕ ਕਿਤਾਬਚਾ ਵੀ ਰਿਲੀਜ਼ ਕੀਤਾ ਗਿਆ। ਇਸ ਕਿਤਾਬਚੇ ਵਿਚ ਜਲੰਧਰ ਨਿਵਾਸੀ ਉਘੇ ਸਮਾਜ ਸੇਵਕ ਅਤੇ ਸਾਬਕਾ ਭਲਾਈ ਅਫਸਰ ਸੀ. ਐਲ. ਚੁੰਬਰ ਨੇ ਆਦਿ-ਧਰਮ ਦੇ ਦਸਤਾਵੇਜ ਇਕੱਤਰ ਕੀਤੇ ਹਨ। ਇਹ ਆਦਿ-ਧਰਮ ਮੰਡਲ ਦੁਆਰਾ ਅਛੂਤਾਂ ਦੇ ਹੱਕ ਵਿਚ ਬੁਲੰਦ ਕੀਤੀ ਆਵਾਜ਼ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

ਇਸ ਵਿਸ਼ੇਸ਼ ਪ੍ਰੋਗਰਾਮ 'ਤੇ ਬਾਬੂ ਮੁਗੋਵਾਲੀਆ ਦੇ ਸਪੁੱਤਰ ਲੱਛਮੀ ਦਾਸ ਗੰਗੜ, ਧਰਮਵੀਰ ਗੰਗੜ, ਪੋਤਰੀ ਸਨੇਹ ਲਤਾ ਸੰਧੂ ਅਤੇ ਪੋਤਰਾ ਯੋਧਾ ਮੱਲ ਆਪਣੇ ਪਰਿਵਾਰਾਂ ਸਮੇਤ ਉਚੇਚੇ ਤੌਰ 'ਤੇ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਸਮਾਗਮਾਂ ਨਾਲ ਹੋਈ। ਇੰਡੀਆ ਤੋਂ ਪਹੁੰਚੇ ਸੰਤ ਬ੍ਰਹਮ ਦਾਸ ਨੇ ਸ਼ਬਦ ਕੀਰਤਨ ਕੀਤਾ ਅਤੇ ਬਾਬੂ ਮੁਗੋਵਾਲੀਆ ਦੇ ਆਦਿ-ਧਰਮੀਆਂ ਲਈ ਸੰਘਰਸ਼ਮਈ ਜੀਵਨ ਉਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਬਾਬੂ ਜੀ ਸੂਰਮਾ, ਭਗਤ ਅਤੇ ਬਹੁਤ ਵੱਡੇ ਦਾਨੀ ਸਨ। ਸੂਰਮਾ ਇਸ ਕਰਕੇ ਕੇ ਕਿ ਉਨਾਂ ਨੇ ਗਦਰ ਲਹਿਰ ਵਿਚ ਆਪਣੀ ਜਾਨ ਖਤਰੇ ਵਿਚ ਪਾ ਕੇ ਅਹਿਮ ਰੋਲ ਨਿਭਾਇਆ। ਭਗਤ ਇਸ ਕਰਕੇ ਕਿ ਕੌਮ ਦੇ ਇੱਕੋ-ਇੱਕ ਲੀਡਰ ਸਨ ਜਿਨ੍ਹਾਂ ਨੇ ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ, ਭਗਵਾਨ ਬਾਲਮੀਕ ਸਮੇਤ ਸਤਿਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ।

ਇਸ ਸਮਾਗਮ 'ਤੇ ਸ਼ੀ ਗੁਰੂ ਰਵਿਦਾਸ ਸਭਾ, ਵੈਨਕੂਵਰ ਦੇ ਮੁੱਖ ਸੇਵਾਦਾਰ ਮਾਈਕਲ ਘੀਰਾ ਸਮੇਤ ਲੈਂਬਰ ਰਾਓ, ਬਰਨਬੀ ਸਿਟੀ ਕਾਉਂਸਲਰ ਸੈਵ ਧਾਲੀਵਾਲ, ਮੱਖਣ ਸਿੰਘ ਚੰਬਾ, ਸੀਤਲ ਕਲੇਰ, ਐਸ. ਡੀ. ਪ੍ਰਦੇਸੀ, ਅਤੇ ਰਾਮ ਪ੍ਰਤਾਪ ਕਲੇਰ ਨੇ ਸੰਗਤਾਂ ਨੂੰ ਬਾਬੂ ਮੁਗੋਵਾਲੀਆ ਦੇ ਜਨਮ ਦਿਨ ਉਤੇ ਵਧਾਈ ਦਿੱਤੀ। ਮੱਖਣ ਚੰਬਾ ਜਿਨ੍ਹਾਂ ਨੇ 1970 ਵਿਚ ਬਾਬੂ ਮੁਗੋਵਾਲੀਆ ਦੇ ਦਰਸ਼ਨ ਕੀਤੇ ਸਨ, ਨੇ ਸਰੋਤਿਆਂ ਨਾਲ ਬਾਬੂ ਜੀ ਨਾਲ ਹੋਈ ਮੁਲਾਕਾਤ ਦਾ ਵਰਨਣ ਕੀਤਾ।

ਰਾਮ ਪ੍ਰਤਾਪ ਕਲੇਰ ਨੇ ਜ਼ਿਕਰ ਕੀਤਾ ਕਿ ਬਾਬੂ ਮੁਗੋਵਾਲੀਆ ਇੱਕ ਸੈਕੂਲਰ ਗਦਰ ਪਾਟਰੀ ਵਿਚ ਆਪਣਾ ਰੋਲ ਨਿਭਾ ਕੇ ਬਹੁਜਨ ਸਮਾਜ ਦੀ ਭਲਾਈ ਲਈ ਕਿਵੇਂ ਪ੍ਰੇਰਿਤ ਹੋਏ। ਜਦੋਂ ਉਨ੍ਹਾਂ ਮੂਲ-ਨਿਵਾਸੀ ਬਹੁਜਨ ਸਮਾਜ ਨਾਲ ਧੱਕਾ ਹੁੰਦਾ ਵੇਖਿਆ ਤਾਂ ਉਨ੍ਹਾਂ ਅਲੱਗ ਪਹਿਚਾਣ ਦਾ ਮੁੱਦਾ ਅੰਗਰੇਜ਼ ਸਰਕਾਰ ਅੱਗੇ ਰੱਖਿਆ।

# ਬੀਬੀ ਜਸਬੀਰ ਕੌਰ ਖਾਲਸਾ ਚੱਲ ਵਸੇ

**ਲੁਧਿਆਣਾ:** ਜਵੱਦੀ ਟਕਸਾਲ ਦੀ ਮੁਖੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੈਨੇਟ ਦੀ ਮੈਂਬਰ ਬੀਬੀ ਜਸਬੀਰ ਕੌਰ ਖ਼ਾਲਸਾ ਦਾ 10 ਫਰਵਰੀ ਨੂੰ ਦਿਲ ਦਾ ਦੌਰਾ ਪੈਣ ਪਿਛੋਂ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬੀ ਨੇ ਧਾਰਮਿਕ ਜੀਵਨ ਸੰਤ ਅਤਰ ਸਿੰਘ ਮਸਤੂਆਣਾ ਦੀ ਸੰਗਤ ਕਰਕੇ ਆਰੰਭ ਕੀਤਾ ਸੀ ਤੇ ਧਾਰਮਿਕ ਬਿਰਤੀ ਕਾਰਨ ਉਨ੍ਹਾਂ ਵਿਆਹ ਵੀ ਨਹੀਂ ਕਰਾਇਆ ਸੀ। ਉਨ੍ਹੀਵੇਂ ਵਰ੍ਹੇ ਵਿਚ ਉਹ ਜਵੱਦੀ ਟਕਸਾਲ ਦੇ ਬਾਨੀ ਸੰਤ ਸੁੱਚਾ ਸਿੰਘ ਦੇ ਸਹਾਇਕ ਬਣ ਗਏ।

ਉਨ੍ਹਾਂ ਗੁਰੂ ਗ੍ਰੰਥ ਸਾਹਿਬ ਨਿਰਧਾਰਤ ਰਾਗਾਂ ਦੀ ਪੁਨਰ ਸੁਰਜੀਤੀ ਲਈ ਜੀ-ਜਾਨ ਨਾਲ ਕੰਮ ਕੀਤਾ। ਉਹ ਦਸਮੇਸ਼ ਸੇਵਕ ਜਥਾ ਦਿੱਲੀ ਦੇ ਪ੍ਰਧਾਨ ਵੀ ਸਨ। ਭਾਸ਼ਾ ਵਿਭਾਗ ਵੱਲੋਂ ਉਨ੍ਹਾਂ ਨੂੰ ਸੰਤ ਤੇਜਾ ਸਿੰਘ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸੰਤ ਦਲੇਰ ਸਿੰਘ ਤੇ ਹੋਰ ਅਨੇਕਾਂ ਪੁਰਸਕਾਰ ਵੀ ਮਿਲੇ ਸਨ। ਬੀਬੀ ਜਸਬੀਰ ਕੌਰ ਖਾਲਸਾ ਦੇ ਉਦਮ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ ਸੰਤ ਬਾਬਾ ਸੁੱਚਾ ਸਿੰਘ ਚੇਅਰ ਸਥਾਪਤ ਹੋਈ ਤੇ ਸੰਪੂਰਨ ਰੂਪ 'ਚ ਗੁਰਮਤਿ ਸੰਗੀਤ ਦਾ ਵਿਭਾਗ ਬਣਾਇਆ ਜਿਥੇ ਅੱਜ ਕੱਲ੍ਹ ਪੀ.ਐਚ.ਡੀ. ਤੱਕ ਦੀ ਪੜ੍ਹਾਈ ਹੋ ਰਹੀ ਹੈ। ਗੁਰਮਤਿ ਸੰਗੀਤ ਬਾਰੇ ਉਨ੍ਹਾਂ ਅਨੇਕ ਪੁਸਤਕਾਂ ਲਿਖੀਆਂ ਤੇ ਸੰਪਾਦਤ ਕੀਤੀਆਂ।

ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ
www.ihues.com
ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ

**Desi Cuts and Color Plus**

For Men, Women & Children



Mandeep
510-200-4415

Grand Opening

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)

FARMERS INSURANCE GROUP
Symbol of Superior Service
FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਅਕਤੂਬਰ ਤਕ ਪੂਰਾ ਕਰਨ ਦੀ ਹਦਾਇਤ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਰਾਸਤੀ ਬੋਰਡ ਨੂੰ ਹਦਾਇਤ ਕੀਤੀ ਹੈ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਸਾਹਮਣੇ ਬਣਾਏ ਜਾਣ ਵਾਲੇ ਜ਼ਮੀਨਦੋਜ਼ ਪਲਾਜ਼ਾ ਦੀ ਯੋਜਨਾ ਦਾ ਕੰਮ ਇਸ ਵਰ੍ਹੇ ਅਕਤੂਬਰ ਮਹੀਨੇ ਤਕ ਮੁਕੰਮਲ ਕੀਤਾ ਜਾਵੇ।



ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਨੂੰ ਸੁੰਦਰ ਬਣਾਉਣ ਲਈ ਸਰਕਾਰ ਵੱਲੋਂ ਡਿਜ਼ਾਈਨ ਤਿਆਰ ਕਰਵਾਉਣ ਲਈ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਾਹੀਂ ਮੁਕਾਬਲਾ ਕਰਵਾਇਆ ਗਿਆ ਸੀ ਜਿਸ ਵਿਚ ਦੇਸ਼-ਵਿਦੇਸ਼ ਦੀਆਂ 21 ਭਵਨ ਨਿਰਮਾਣ ਕੰਪਨੀਆਂ ਨੇ ਸ਼ਮੂਲੀਅਤ ਕੀਤੀ ਸੀ। ਇਸ ਮੁਕਾਬਲੇ ਵਿਚ ਤਿੰਨ ਕੰਪਨੀਆਂ ਨੂੰ ਜੇਤੂ ਕਰਾਰ ਦਿੱਤਾ ਗਿਆ ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਭਵਨ ਨਿਰਮਾਣ ਕੰਪਨੀ ਵੱਲੋਂ ਤਿਆਰ ਕੀਤੇ ਗਏ ਡਿਜ਼ਾਇਨ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਵੇਸ਼ ਦੁਆਰ ਸੁੰਦਰ ਬਣਾਉਣ ਲਈ ਵਰਤਿਆ ਜਾ ਰਿਹਾ ਹੈ।

'ਡਿਜ਼ਾਇਨ ਇੰਕ' ਨਾਂ ਦੀ ਇਸ ਕੰਪਨੀ ਦੇ ਕੁਝ ਅਧਿਕਾਰੀਆਂ ਵੱਲੋਂ ਬੀਤੇ ਦਿਨ ਸ੍ਰੀ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਗਿਆ ਤੇ ਉਨ੍ਹਾਂ ਇਸ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਮੁਆਇਨਾ ਕੀਤਾ।ਇਸ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਉਚ ਪੱਧਰੀ ਮੀਟਿੰਗ ਹੋਈ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਬਾਰੇ ਬਣਾਈ ਗਈ ਯੋਜਨਾ ਨੂੰ ਅੰਤਿਮ ਰੂਪ ਦੇਣ ਲਈ ਹੁਣ ਤਕ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਇਸ ਦੇ ਨਿਰਮਾਣ ਕਾਰਜ ਦੀ ਜ਼ਿੰਮੇਵਾਰੀ ਕੌਮਾਂਤਰੀ ਪੱਧਰ ਦੀ ਨਾਮੀ ਕੰਪਨੀ ਨੂੰ ਦਿੱਤੀ ਜਾਵੇ, ਜੋ ਇਸ ਨੂੰ ਸਿਰਫ਼ ਇਕ ਨਿਰਮਾਣ ਕਾਰਜ ਵਜੋਂ ਨਾ ਲਵੇ ਸਗੋਂ ਭਾਵਨਾਤਮਕ ਰੂਪ ਵਿਚ ਇਸ ਯੋਜਨਾ ਨਾਲ ਜੁੜ ਕੇ ਇਸ ਨੂੰ ਸੇਵਾ ਵਜੋਂ ਕਰੇ।

ਸੈਰ-ਸਪਾਟਾ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹਦਾਇਤ ਕਰਦਿਆਂ ਉਪ ਮੁੱਖ ਮੰਤਰੀ ਨੇ ਇਸ ਯੋਜਨਾ ਦੇ ਮੁਕੰਮਲ ਦੇਖ-ਰੇਖ ਲਈ ਇਕ ਕੋਰ ਕਮੇਟੀ ਦੀ ਸਥਾਪਨਾ ਕਰਨ ਲਈ ਕਿਹਾ ਤੇ ਇਸ ਬਾਰੇ ਸ਼੍ਰੋਮਣੀ ਕਮੇਟੀ ਨਾਲ ਵੀ ਤਾਲਮੇਲ ਕੀਤਾ ਜਾਵੇ।

# 'ਬਲੈਕ' ਦੇ ਦੋਸ਼ ਵਿਚ ਕਾਂਗਰਸ ਆਗੂ ਨੂੰ 10 ਸਾਲ ਕੈਦ

**ਫਰੀਦਕੋਟ:** ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਸੂਬਾਈ ਮੀਤ ਪ੍ਰਧਾਨ ਸਮੇਤ ਪੰਜ ਵਿਅਕਤੀਆਂ ਨੂੰ ਅਫ਼ੀਮ ਦੀ ਬਲੈਕ ਕਰਨ ਦੇ ਦੋਸ਼ 'ਚ ਦਸ-ਦਸ ਸਾਲ ਦੀ ਕੈਦ ਤੇ ਇਕ-ਇਕ ਲੱਖ ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਸ਼ੀਆਂ ਨੂੰ ਦੋ-ਦੋ ਸਾਲ ਹੋਰ ਸਜ਼ਾ ਕੱਟਣੀ ਪਵੇਗੀ।

ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ 16 ਅਕਤੂਬਰ 2007 ਨੂੰ ਫ਼ਰੀਦਕੋਟ ਦੀ ਵਸਨੀਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਮੀਤ ਪ੍ਰਧਾਨ ਵੀਨਾ ਸ਼ਰਮਾ ਦੇ ਘਰ ਛਾਪਾ ਮਾਰ ਕੇ ਵੀਨਾ ਸ਼ਰਮਾ, ਉਸ ਦੇ ਪਤੀ ਸੂਬਾ ਰਾਮ, ਪੁੱਤਰ ਸਿਮਰਜੀਤ ਸ਼ਰਮਾ, ਨਰਾਇਣ ਦਾਸ, ਰਾਜ ਪਾਲ ਤੇ ਬਸੰਤੀ ਦੇਵੀ ਵਾਸੀ ਬਰੇਲੀ (ਉੱਤਰ ਪ੍ਰਦੇਸ਼) ਨੂੰ ਦੋ ਕਿਲੋ ਅਫ਼ੀਮ ਤੇ 45 ਹਜ਼ਾਰ ਰੁਪਏ ਸਮੇਤ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੇ ਇਨ੍ਹਾਂ ਛੇ ਵਿਅਕਤੀਆਂ ਖ਼ਿਲਾਫ਼ ਐਨ.ਡੀ.ਪੀ.ਐਸ ਐਕਟ ਦੀ ਧਾਰਾ 18, 61, 85 ਤਹਿਤ ਕੇਸ ਦਰਜ ਕੀਤਾ ਸੀ। ਮੁਲਜ਼ਮ ਬਸੰਤੀ ਦੇਵੀ ਨੂੰ ਮੁਕੱਦਮੇ ਦੌਰਾਨ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ।

ਅਦਾਲਤ ਨੇ 11 ਫਰਵਰੀ ਨੂੰ ਪੰਜ ਵਿਅਕਤੀਆਂ ਨੂੰ ਦੋਸ਼ੀ ਮੰਨਦਿਆਂ ਸਜ਼ਾ ਸੁਣਾਈ। ਪੁਲਿਸ ਅਨੁਸਾਰ ਇਹ ਸਾਰੇ ਮੁਲਜ਼ਮ ਇਕੱਠੇ ਇਕੋ ਘਰ ਵਿਚ ਰਹਿੰਦੇ ਸਨ ਤੇ ਰਲ ਕੇ ਅਫ਼ੀਮ ਦੀ ਤਸਕਰੀ ਕਰਦੇ ਸਨ। ਸੂਚਨਾ ਅਨੁਸਾਰ ਪੰਜਾਬ ਦੇ ਪੁਲਿਸ ਮੁਖੀ ਨੇ ਕਾਂਗਰਸੀ ਆਗੂ ਦੀ ਸ਼ਿਕਾਇਤ ਦੇ ਆਧਾਰ 'ਤੇ ਕਰਾਈਮ ਬਰਾਂਚ ਚੰਡੀਗੜ੍ਹ ਤੋਂ ਜਾਂਚ ਕਰਵਾਈ ਸੀ ਤੇ ਕਰਾਈਮ ਬਰਾਂਚ ਦੇ ਉਪ ਕਪਤਾਨ ਜਗਦੀਪ ਸਿੰਘ ਸਿੱਧੂ ਨੇ 21 ਅਗਸਤ 2010 ਨੂੰ ਆਪਣੀ ਰਿਪੋਰਟ 'ਚ ਕਾਂਗਰਸੀ ਆਗੂ ਵੀਨਾ ਸ਼ਰਮਾ ਉਪਰ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ ਤੇ ਆਖਿਆ ਸੀ ਕਿ ਅਸਲ ਵਿਚ ਵੀਨਾ ਸ਼ਰਮਾ ਦਾ ਪਤੀ ਤਸਕਰੀ ਕਰਦਾ ਸੀ। ਇਸ 'ਚ ਵੀਨਾ ਸ਼ਰਮਾ ਮੁਲਜ਼ਮ ਨਹੀਂ ਹੈ ਪਰ ਇਸ ਦੌਰਾਨ ਫ਼ਰੀਦਕੋਟ ਪੁਲਿਸ ਨੇ ਅਦਾਲਤ ਸਾਹਮਣੇ ਦੋਸ਼ ਪੱਤਰ ਦਾਇਰ ਕਰ ਦਿੱਤੇ ਤੇ ਅਦਾਲਤ ਵਿਚ ਪੁਲਿਸ ਅਧਿਕਾਰੀਆਂ ਨੇ ਆਪਣੀਆਂ ਗਵਾਹੀਆਂ ਵੀ ਦੇ ਦਿੱਤੀਆਂ ਜਿਸ ਕਾਰਨ ਕਰਾਈਮ ਬਰਾਂਚ ਚੰਡੀਗੜ੍ਹ ਵੱਲੋਂ ਕਾਂਗਰਸੀ ਆਗੂ ਨੂੰ ਮਿਲੀ ਕਲੀਨ ਚਿੱਟ ਦਾ ਕੋਈ ਫਾਇਦਾ ਨਹੀਂ ਹੋ ਸਕਿਆ। ਵੀਨਾ ਸ਼ਰਮਾ ਕਾਂਗਰਸ ਦੀ ਅਹਿਮ ਆਗੂ ਹੈ ਤੇ ਉਸ ਨੇ 1985 ਵਿਚ ਫ਼ਰੀਦਕੋਟ ਵਿਧਾਨ ਸਭਾ ਹਲਕੇ ਤੋਂ ਚੋਣ ਵੀ ਲੜੀ ਸੀ ਪਰ ਹਾਰ ਗਈ ਸੀ।

# ਸੁਖਬੀਰ ਵੱਲੋਂ ਕਾਲੀ ਸੂਚੀ ਜਨਤਕ ਕਰਨ ਦੀ ਮੰਗ

**ਜਲੰਧਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਨ ਨੂੰ ਲੈ ਕੇ ਕੇਂਦਰ ਵੱਲੋਂ ਅਪਣਾਈ ਜਾ ਰਹੀ ਨੀਤੀ ਨੂੰ ਗੈਰਮਨੁੱਖੀ ਆਖਦਿਆਂ ਮੰਗ ਕੀਤੀ ਕਿ ਕੇਂਦਰ ਇਸ ਸੂਚੀ ਨੂੰ ਸਰਕਾਰੀ ਵੈਬਸਾਈਟ 'ਤੇ ਜਨਤਕ ਕਰੇ।ਉਨ੍ਹਾਂ ਕਿਹਾ ਕਿ ਵੈਬਸਾਈਟ 'ਤੇ ਇਸ ਸੂਚੀ ਦੇ ਜਨਤਕ ਹੋਣ ਨਾਲ ਜਿਥੇ ਪ੍ਰਭਾਵਤ ਲੋਕਾਂ ਨੂੰ ਮਾਮਲਾ ਸਪੱਸ਼ਟ ਹੋਵੇਗਾ ਉਥੇ ਪਾਰਦਰਸ਼ਤਾ ਵੀ ਆਵੇਗੀ। ਇਥੇ ਦੂਜੀ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਕੁਸ਼ਤੀ ਚੈਂਪੀਅਨਸ਼ਿਪ ਦਾ ਉਦਘਾਟਨ ਕਰਨ ਲਈ ਆਏ ਉਪ ਮੁੱਖ ਮੰਤਰੀ ਸਿੱਖਾਂ ਦੀ ਕਾਲੀ ਸੂਚੀ ਬਾਰੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਸੂਚੀ ਕਾਰਨ ਵਿਦੇਸ਼ਾਂ ਵਿਚ ਵੱਸ ਰਹੇ ਵੱਡੀ ਗਿਣਤੀ ਪੰਜਾਬੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਜਲਦ ਤੋਂ ਜਲਦ ਇਸ ਸੂਚੀ ਨੂੰ ਵੈਬਸਾਈਟ 'ਤੇ ਜਾਰੀ ਕਰੇ। ਦੱਸਣਯੋਗ ਹੈ ਕਿ ਇਸ ਕਾਲੀ ਸੂਚੀ ਵਿਚ 169 ਸਿੱਖਾਂ ਦੇ ਨਾਂ ਹਨ ਤੇ ਉਨ੍ਹਾਂ ਦੇ ਨਾਂ ਇਸ ਸੂਚੀ ਵਿਚ ਸ਼ੁਮਾਰ ਹੋਣ ਕਾਰਨ ਉਨ੍ਹਾਂ ਨੂੰ ਭਾਰਤ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ।

ਸ੍ਰੀ ਬਾਦਲ ਨੇ ਕਿਹਾ ਕਿ ਕੇਂਦਰ ਵੱਲੋਂ ਜੋ ਸੂਚੀ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ ਉਸ ਵਿਚ 70 ਫੀਸਦੀ ਲੋਕਾਂ ਦੇ ਨਾਂ ਤੇ ਪਤੇ ਗਲਤ ਸਨ ਤੇ ਇਸ ਬਾਰੇ ਪੰਜਾਬ ਸਰਕਾਰ ਨੇ ਕੇਂਦਰ ਨੂੰ ਸੂਚਿਤ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਨਾਂ ਤੇ ਪਤਿਆਂ ਦੇ ਮਾਮਲੇ ਨੂੰ ਸਪੱਸ਼ਟ ਕੀਤਾ ਜਾਵੇ ਪਰ ਕੇਂਦਰ ਨੇ ਇਸ ਬਾਰੇ ਕੋਈ ਜਵਾਬ ਨਹੀਂ ਭੇਜਿਆ। ਉਨ੍ਹਾਂ ਕਿਹਾ ਕਿ ਇਸ ਸੂਚੀ ਕਾਰਨ ਵਿਦੇਸ਼ਾਂ ਵਿਚ ਵੱਸ ਰਹੇ ਵੱਡੀ ਗਿਣਤੀ ਪੰਜਾਬੀਆਂ ਨੂੰ ਭਾਰਤ ਆਉਣ ਲਈ ਵੀਜ਼ਾ ਲਵਾਉਣ 'ਚ ਦਿੱਕਤਾਂ ਪੇਸ਼ ਆ ਰਹੀਆਂ ਹਨ।

ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਪੰਜਾਬ ਸਰਕਾਰ ਕੋਲ ਸਿੱਖਾਂ ਦੀ ਕਾਲੀ ਸੂਚੀ ਹੋਣ ਦੇ ਦਾਅਵੇ ਨੂੰ ਖੋਖਲਾ ਦੱਸਦਿਆਂ ਸੂਬਾ ਸਰਕਾਰ ਕੋਲ ਸਿੱਖਾਂ ਦੀ ਕੋਈ ਕਾਲੀ ਸੂਚੀ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਕਾਲੀ ਸੂਚੀ ਜਨਤਕ ਕਰਨੀ ਚਾਹੀਦੀ ਹੈ ਤਾਂ ਜੋ ਇਸ ਦੀ ਆੜ ਹੇਠ ਹੋਣ ਵਾਲੀ ਪਰਵਾਸੀ ਪੰਜਾਬੀਆਂ ਦੀ ਖੱਜਲ ਖੁਆਰੀ ਖ਼ਤਮ ਹੋਵੇ ਤੇ ਪ੍ਰਭਾਵਿਤ ਲੋਕ ਆਪਣੀ ਚਾਰਾਜੋਈ ਕਰ ਸਕਣ। ਦੱਸਣਯੋਗ ਹੈ ਕਿ ਇਥੇ ਹੀ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪ੍ਰੈਸ ਕਾਨਫਰੰਸ ਕਰਕੇ ਦਾਅਵਾ ਕੀਤਾ ਕਿ ਉਨ੍ਹਾਂ ਖੁਦ 110 ਨਾਵਾਂ ਵਾਲੀ ਸਿੱਖਾਂ ਦੀ ਕਾਲੀ ਸੂਚੀ ਵਿਧਾਨ ਸਭਾ ਵਿਚ ਉਪ ਮੁੱਖ ਮੰਤਰੀ ਦੇ ਸਪੁਰਦ ਕੀਤੀ ਸੀ ਪਰ ਦੂਸਰੀ ਤਰਫ ਮੁੱਖ ਮੰਤਰੀ ਨੇ ਅਜਿਹੀ ਸੂਚੀ ਹੋਣ ਤੋਂ ਇਨਕਾਰ ਕੀਤਾ।

## ਮਨਪ੍ਰੀਤ ਬਾਦਲ ਬਜਟ ਇਜਲਾਸ ਦੌਰਾਨ ਅਕਾਲੀਆਂ ਦੇ ਸਾਥ ਲਈ ਪਾਬੰਦ!

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਚਾਰ ਮਾਰਚ ਤੋਂ ਸ਼ੁਰੂ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਵ੍ਹਿਪ ਲਾਗੂ ਹੋਵੇਗੀ ਤੇ ਉਨ੍ਹਾਂ ਦੀ ਸੀਟ ਸਰਕਾਰੀ ਬੈਂਚਾਂ 'ਤੇ ਅਕਾਲੀ ਦਲ ਦੇ ਵਿਧਾਇਕਾਂ ਨਾਲ ਹੋਵੇਗੀ।

ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਸ਼੍ਰੋਮਣੀ ਅਕਾਲੀ ਦਲ 'ਚੋਂ ਖਾਰਜ ਕੀਤਾ ਜਾ ਚੁੱਕਾ ਹੈ। ਅਕਾਲੀ ਲੀਡਰਸ਼ਿਪ ਦਾ ਕਹਿਣਾ ਹੈ ਕਿ ਮਨਪ੍ਰੀਤ ਅਕਾਲੀ ਟਿਕਟ 'ਤੇ ਵਿਧਾਇਕ ਬਣੇ ਹੋਣ ਕਾਰਨ ਦਲਬਦਲੀ ਕਾਨੂੰਨ ਦੀਆਂ ਧਾਰਾਵਾਂ ਅਧੀਨ ਉਹ ਅਕਾਲੀ ਦਲ ਦੇ ਖ਼ਿਲਾਫ਼ ਨਹੀਂ ਭੁਗਤ ਸਕਦਾ ਤੇ ਨਾ ਹੀ ਕੋਈ ਵੱਖਰਾ ਧੜਾ ਬਣਾ ਸਕਦਾ ਹੈ। ਉਧਰ ਮਨਪ੍ਰੀਤ ਦਾ ਕਹਿਣਾ ਹੈ ਕਿ ਉਹ ਅਕਾਲੀ ਦਲ ਦੇ ਵ੍ਹਿਪ ਦੀ ਉਲੰਘਣਾ ਕਰ ਸਕਦੇ ਹਨ।

# ਕਾਂਗਰਸ ਨੇ ਮਾਲਵਾ ਵਿਚ ਚੋਣ ਦਾ ਬਿਗਲ ਵਜਾਇਆ

## ਕਾਂਗੜ, ਮੱਖਣ ਸਿੰਘ ਤੇ ਭੱਟੀ ਨੂੰ ਉਮੀਦਵਾਰ ਐਲਾਨਿਆ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਵੇਂ ਇਕ ਵਰ੍ਹੇ ਤੋਂ ਵੱਧ ਸਮਾਂ ਪਿਆ ਹੈ ਪਰ ਸੂਬੇ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਚੋਣਾਂ ਦਾ ਬਿਗਲ ਵਜਾਉਂਦੇ ਹੋਏ ਰਾਮਪੁਰਾ ਫੂਲ ਤੇ ਬਾਹੀਆ (ਮਹਿਰਾਜ) 'ਚੋਂ ਆਪਣੇ ਤਿੰਨ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਵੱਲੋਂ ਬਠਿੰਡਾ 'ਚ 11 ਦਸੰਬਰ ਨੂੰ ਵਿਸ਼ਾਲ ਸ਼ਕਤੀ ਪ੍ਰਦਰਸ਼ਨ ਸਮੇਂ ਫੂਲ ਵਿਧਾਨ ਸਭਾ ਹਲਕੇ ਦੇ ਮੌਜੂਦਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੂੰ ਮੁੜ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨਥਾਣਾ (ਰਿਜ਼ਰਵ) ਹਲਕੇ ਤੋਂ ਮੌਜੂਦਾ ਵਿਧਾਇਕ ਅਜਾਇਬ ਸਿੰਘ ਭੱਟੀ ਤੇ ਬਠਿੰਡਾ ਦਿਹਾਤੀ (ਰਿਜ਼ਰਵ) ਤੋਂ ਵਿਧਾਇਕ ਮੱਖਣ ਸਿੰਘ ਨੂੰ ਮੁੜ ਉਮੀਦਵਾਰ ਬਣਾਉਣ ਦਾ ਐਲਾਨ ਕੀਤਾ।

ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕੀਤਾ ਕਿ ਪਾਰਟੀ ਦੇ ਮੌਜੂਦਾ ਵਿਧਾਇਕ ਜੋ ਮਿਹਨਤੀ ਤੇ ਲੋਕਾਂ 'ਚ ਚੰਗਾ ਅਕਸ ਰੱਖਦੇ ਹਨ, ਨਹੀਂ ਬਦਲੇ ਜਾਣਗੇ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੰਜਾਬ ਕਾਂਗਰਸ ਪ੍ਰਧਾਨ ਬਣਨ ਦੇ ਬਾਅਦ ਉਨ੍ਹਾਂ ਦੀ ਇਹ 15ਵੀਂ ਜ਼ਿਲ੍ਹਾ ਪੱਧਰੀ ਰੈਲੀ ਹੈ ਜੋ ਇਕੱਠ ਦੇ ਪੱਖ ਤੋਂ ਸਭ ਤੋਂ ਵੱਡੀ ਹੈ। ਕੈਪਟਨ ਨੇ ਕਿਹਾ ਕਿ ਇਸ ਵਿਸ਼ਾਲ ਇਕੱਠ ਵਿਚ ਅੱਜ ਤੋਂ ਪੰਜਾਬ ਕਾਂਗਰਸ ਦੀ ਆਗਾਮੀ ਵਿਧਾਨ ਸਭਾ ਚੋਣਾਂ ਲਈ ਚੋਣ ਮੁਹਿੰਮ ਡੰਕੇ ਦੀ ਚੋਟ ਨਾਲ ਸ਼ੁਰੂ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਛੇ ਮਹੀਨੇ ਪਹਿਲਾਂ ਪੰਜਾਬ ਦੀਆਂ ਚੋਣਾਂ ਕਰਵਾਉਣ ਦੀ ਗੱਲ ਕਰਦੇ ਹਨ ਪਰ ਇਹ ਚੋਣਾਂ ਚਾਹੇ ਕੱਲ੍ਹ ਹੋ ਜਾਣ, ਕਾਂਗਰਸ ਪਾਰਟੀ ਇਸ ਲਈ ਤਿਆਰ-ਬਰ-ਤਿਆਰ ਹੈ।

ਕੈਪਟਨ ਨੇ ਕਿਹਾ ਕਿ ਅਕਾਲੀ ਦਲ-ਭਾਜਪਾ ਦੇ ਰਾਜ ਵਿਚ ਕਾਂਗਰਸੀ ਵਰਕਰਾਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਗਿਆ ਹੈ। ਕਾਂਗਰਸੀ ਵਰਕਰਾਂ ਦੇ ਕਤਲ ਹੋਏ ਹਨ ਤੇ ਉਨ੍ਹਾਂ 'ਤੇ ਝੂਠੇ ਕੇਸ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪੁਲਿਸ ਅਫ਼ਸਰਾਂ ਨੇ ਅਕਾਲੀ ਆਗੂਆਂ ਦੇ ਕਹਿਣ 'ਤੇ ਕਾਂਗਰਸੀ ਵਰਕਰਾਂ 'ਤੇ ਜਬਰ ਕੀਤਾ ਹੈ, ਉਨ੍ਹਾਂ ਨੂੰ ਵੀ ਅਕਾਲੀ ਆਗੂਆਂ ਨਾਲ ਕਾਂਗਰਸ ਦੇ ਰਾਜ 'ਚ ਪੁੱਠਾ ਟੰਗਿਆ ਜਾਵੇਗਾ। ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਤਿੱਖੀ ਸੁਰ ਵਿਚ ਹਮਲੇ ਕੀਤੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਕ ਪਾਸੇ ਆਪਣੇ ਆਪ ਨੂੰ ਲੋਕ ਰਾਜ ਤੇ ਧਰਮ ਨਿਰਪੱਖ ਪਾਰਟੀ ਹੋਣ ਦਾ ਦਾਅਵਾ ਕਰਦਾ ਹੈ, ਦੂਸਰੇ ਪਾਸੇ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਦਾ ਹੈ। ਇਸ ਕਾਰਨ ਕਾਂਗਰਸ ਪਾਰਟੀ ਮੁੱਖ ਚੋਣ ਕਮਿਸ਼ਨ ਤੋਂ ਇਹ ਮੰਗ ਕਰੇਗੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਖ਼ਤਮ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਆਗੂ ਰਾਜੀਵ ਗਾਂਧੀ-ਲੌਂਗੋਵਾਲ ਸਮਝੌਤੇ ਤੋਂ ਮੁੱਕਰੇ ਪਰ ਹੁਣ ਉਹ ਸੰਤ ਲੌਂਗੋਵਾਲ ਨੂੰ ਸ਼ਹੀਦ ਕਹਿ ਕੇ ਉਨ੍ਹਾਂ ਦੇ ਭੋਗਾਂ 'ਤੇ ਜਾਂਦੇ ਹਨ।



ਰੈਲੀ ਦੌਰਾਨ ਸਟੇਜ 'ਤੇ ਬੈਠੇ ਅਮਰਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਭੱਠਲ

## ਪੰਜਾਬ ਪ੍ਰਦੇਸ਼ ਕਾਗਰਸ਼ ਰੈਲੀ ਦੀਆਂ ਅਹਿਮ ਝਲਕਾਂ

**ਬਠਿੰਡਾ (ਬਲਜਿੰਦਰ ਕੋਟਭਾਰਾ):** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਵਿਚੋਂ ਆਈਆਂ ਸਾਰੀਆਂ ਗੱਡੀਆਂ 'ਤੇ ਕਿਸੇ ਵਿਅਕਤੀ ਦੇ ਨਾਂ ਦੀ ਬਜਾਏ "ਮਹਿਰਾਜ ਭਾਈਚਾਰਾ" ਲਿਖਿਆ ਹੋਇਆ ਸੀ। "ਮਹਿਰਾਜ ਭਾਈਚਾਰੇ" ਵੱਲੋਂ ਕੈਪਟਨ ਦਾ ਸ੍ਰੀ ਸਾਹਿਬ ਦੇ ਕੇ ਸਨਮਾਨ ਵੀ ਕੀਤਾ ਗਿਆ।

***

ਲੋਕਾਂ ਵਿਚ ਭਾਰੀ ਉਤਸ਼ਾਹ ਦਾ ਅੰਦਾਜ਼ਾ ਇਸ ਗੱਲੋਂ ਵੀ ਲੱਗਦਾ ਸੀ ਕਿ ਜਦੋਂ ਕੈਪਟਨ ਦਾ ਹੈਲੀਕਾਪਟਰ ਆ ਰਿਹਾ ਸੀ ਤਾਂ ਹਜੂਮ ਉਠ ਕੇ ਖੜ੍ਹਾ ਹੋ ਗਿਆ।

***

ਸਾਬਕਾ ਮੁੱਖ ਮੰਤਰੀ ਨੇ ਜਦੋਂ ਅਕਾਲੀ ਸਰਕਾਰ 'ਤੇ ਤਸ਼ੱਦਦ ਦਾ ਦੋਸ਼ ਲਾਉਂਦਿਆ ਸਾਬਕਾ ਊਰਜਾ ਮੰਤਰੀ ਮਾਲੂਕਾ ਨੂੰ ਮਲੂਕਾ-ਸਲੂਕਾ ਕਿਹਾ ਤਾਂ ਪੰਡਾਲ ਵਿਚ ਹਾਸਾ ਮੱਚ ਗਿਆ। ਜਦੋਂ ਕੈਪਟਨ ਨੇ ਕਿਹਾ ਕਿ "ਨਿੱਕੇ ਬਾਦਲ" ਦਾ ਚੈਨਲ ਪੀ. ਟੀ. ਸੀ. ਤਾਂ ਮੈਨੂੰ ਵਿਚੋਂ ਹੀ ਕੱਟ ਦਿੰਦਾ ਹੈ ਪਰ ਵੋਟਾਂ ਚੈਨਲਾਂ ਨੂੰ ਨਹੀਂ ਪੈਂਦੀਆਂ। ਇਸ 'ਤੇ ਪੱਤਰਕਾਰ ਹੱਥ 'ਤੇ ਹੱਥ ਮਾਰ ਹੱਸਣ ਲੱਗੇ।

***

ਰਾਮਪੁਰਾ ਫੂਲ ਦੇ ਇੱਕ ਕਾਂਗਰਸੀ ਆਗੂ ਅਤੇ ਉਸ ਦੇ ਸਾਥੀਆਂ ਨੂੰ ਜਦੋਂ ਕਾਂਗੜ ਧੜੇ ਨੇ ਸਖ਼ਤੀ ਨਾਲ ਰੋਕ ਦਿੱਤਾ ਤਾਂ ਉਹ ਪੰਡਾਲ ਦੇ ਬਾਹਰ ਦੀ ਕਾਂਗੜ ਵਿਰੁਧ ਨਾਅਰੇਵਾਜ਼ੀ ਕਰਦੇ ਹੋਏ ਉਸ 'ਤੇ ਨੰਗ-ਮਲੰਗ ਹੋਣ ਅਤੇ ਅਕਾਲੀਆਂ ਨੂੰ ਵੋਟਾਂ ਪਾਉਣ ਦੇ ਦੋਸ਼ ਲਾਏ। ਇਸ 'ਤੇ ਕਾਂਗੜ ਧੜੇ ਨੇ ਚੋਰ ਭਜਾਓ-ਹਲਕਾ ਬਚਾਓ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

***

ਬੀਬੀ ਰਾਜਿੰਦਰ ਕੌਰ ਭੱਠਲ ਐਨੀ ਜੋਸ਼ ਵਿਚ ਆ ਗਈ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਦੋ-ਮੂੰਹਾਂ ਸੱਪ ਤੱਕ ਕਹਿ ਗਈ। ਬੀਬੀ ਭੱਠਲ ਨੇ ਜਦੋਂ ਠੇਠ ਪੇਂਡੂ ਮਲਵਈ ਅੰਦਾਜ਼ ਵਿਚ ਕਿਹਾ, "ਅਕਾਲੀਆਂ ਨੂੰ ਨਿਹੰਗ ਸਿੰਘਾਂ ਦੇ ਡੋਲ ਵਾਂਗ ਮਾਂਜ ਕੇ ਰੱਖ ਦੇਵਾਂਗੇ" ਤਾਂ ਲੋਕਾਂ ਨੇ ਤਾੜੀਆਂ ਚੁੱਕ ਦਿੱਤੀਆਂ।

***

ਰੈਲੀ ਲਈ ਵੱਡੀ ਗਿਣਤੀ ਵਿਚ ਮੋਟਰ ਗੱਡੀਆਂ ਆਉਣ ਕਰਕੇ ਲੰਬੇ-ਲੰਬੇ ਜਾਮ ਲੱਗ ਗਏ ਜਿਸ ਕਾਰਨ ਬਹੁਤ ਲੋਕ ਰੈਲੀ ਵਿਚ ਪੁੱਜਣ ਤੋਂ ਬਿਨ੍ਹਾ ਹੀ ਵਾਪਸ ਮੁੜ ਗਏ। ਰੈਲੀ ਮੁੱਕਣ ਤੋਂ ਬਾਅਦ ਪਿੰਡਾਂ ਵਾਲੇ ਦੋ-ਦੋ, ਤਿੰਨ-ਤਿੰਨ ਜਣੇ ਰਲ ਕੇ ਹੋਰਡਿੰਗ ਬੋਰਡ ਪੁੱਟ ਕੇ ਲੈਜਾਂਦੇ ਵੇਖੇ ਗਏ।

***

ਮਹਿਰਾਜ ਪਿੰਡ ਤੋਂ ਆਏ ਬਜ਼ੁਰਗਾਂ ਵਿਚੋਂ ਜੱਗਰ ਸਿੰਘ ਦਾ ਕਹਿਣਾ ਸੀ ਕਿ ਬੱਸ 'ਕਾਲੀਆਂ ਦਾ ਅੰਤ ਆ ਗਿਆ ਬਈ। ਜ਼ੁਲਮ ਦੀ ਵੀ ਹੱਦ ਹੁੰਦੀ ਹੈ। ਲੋਕ ਤਾਂ ਲੋਕਾਂ ਦੀ ਗੱਲ ਕਰਨ ਵਾਲੇ ਮਗਰ ਹੀ ਜਾਣਗੇ। ਪਿੰਡ ਦੇ ਹੀ ਇੱਕ ਹੋਰ ਨੌਜਵਾਨ ਦਾ ਕਹਿਣਾ ਸੀ ਕਿ ਕੈਪਟਨ ਨੇ ਭਾਈ ਬੀ. ਟੀ. ਲਿਆ ਕੇ ਲਹਿਰਾਂ-ਬਹਿਰਾਂ ਕਰ ਦਿੱਤੀਆਂ ਸਨ ਦੂਜੇ ਪਾਸੇ 'ਕਾਲੀ ਲੀਡਰ ਐਕਟਰਨੀਆਂ ਨਾਲ ਫ਼ੋਟੋਆਂ ਖਿਚਵਾਈ ਜਾਂਦੇ ਨੇ ਅਸੀ ਫ਼ਿਲਮਾਂ 'ਚੋਂ ਕੀ ਲੈਣਾ। ਮੁਖਤਿਆਰ ਸਿੰਘ ਦਾ ਕਹਿਣਾ ਸੀ ਕਿ ਲੋਕਾਂ ਨੇ ਤਾਂ ਭਾਈ ਕੈਪਟਨ ਦਾ ਮਾਣ ਰੱਖ ਦਿੱਤਾ, ਕੈਪਟਨ ਵੀ ਆਪਣੇ ਪੁਰਖੇ ਪਿੰਡ ਦਾ ਮਾਣ ਕਰਦਾ ਹੈ। ਰਣਜੀਤ ਸਿੰਘ ਦਾ ਕਹਿਣਾ ਸੀ ਕਿ 'ਕਾਲੀਆਂ ਨੂੰ ਹੁਣ ਨਾਨੀ ਚੇਤੇ ਆ ਜਾਊ ਇਹ ਤਾਂ ਹੁਣ ਮੁਲਕ ਛੱਡ ਕੇ ਹੀ ਭੱਜਣਗੇ।

***

# ਵਿਵਾਦ ਨਾਨਕਸ਼ਾਹੀ ਜੰਤਰੀ ਦਾ

**ਅੰਮ੍ਰਿਤ ਪਾਲ ਸਿੰਘ**

ਧਰਤੀ ਸੂਰਜ ਦੁਆਲੇ 365 ਦਿਨ, 5 ਘੰਟੇ, 48 ਮਿੰਟ ਅਤੇ 45.5 ਸੈਕਿੰਡ ਵਿਚ ਇਕ ਚੱਕਰ ਪੂਰਾ ਕਰਦੀ ਹੈ ਜਾਂ ਕਹਿ ਲਈਏ 365 ਦਿਨ ਅਤੇ ਉੱਕੇ-ਪੁੱਕੇ 6 ਘੰਟੇ। ਇਹ ਹੈ ਪੂਰਾ ਇਕ ਸਾਲ। ਉਪਰਲੇ 6 ਘੰਟੇ ਦਾ ਫ਼ਰਕ ਕੱਢਣ ਲਈ 4 ਸਾਲ ਬਾਅਦ ਕੁਲ 24 ਘੰਟੇ ਹੋ ਜਾਣ ਕਾਰਨ ਫਰਵਰੀ ਵਿਚ ਇਕ ਹੋਰ ਦਿਨ ਜੋੜ ਦਿੱਤਾ ਜਾਂਦਾ ਹੈ ਜਿਸ ਨੂੰ ਲੀਪ ਦਾ ਸਾਲ ਕਹਿੰਦੇ ਹਨ। 12-13 ਮਿੰਟਾਂ ਦਾ ਜੋ ਫ਼ਰਕ ਰਹਿ ਜਾਂਦਾ ਹੈ, ਉਸ ਦੇ ਹੱਲ ਲਈ 400 ਨਾਲ ਤਕਸੀਮ ਨਾ ਹੋਣ ਵਾਲੀਆਂ ਸਦੀਆਂ ਜਿਵੇਂ 1700, 1800, 1900 ਅਤੇ 2100 ਆਦਿ ਦੀ ਫਰਵਰੀ 29 ਦਿਨ ਦੀ ਨਹੀਂ ਬਲਕਿ 28 ਦਿਨ ਦੀ ਗਿਣੀ ਜਾਂਦੀ ਹੈ। ਇਹ ਤਾਂ ਹੋਈ ਤੱਥਾਂ ਦੀ ਗੱਲ। ਪ੍ਰਾਚੀਨ ਸਮਿਆਂ ਵਿਚ ਐਨੀ ਸੋਝੀ ਨਾ ਹੋਣ ਕਾਰਨ, ਸਮੇਂ ਦੀ ਸਹੀ ਗਿਣਤੀ-ਮਿਣਤੀ ਰੱਖਣੀ ਸੰਭਵ ਨਹੀਂ ਸੀ। ਪੁੰਨਿਆ ਤੋਂ ਪੁੰਨਿਆ ਤੱਕ ਜਾਂ ਮੱਸਿਆ ਤੋਂ ਮੱਸਿਆ ਤੱਕ ਇਕ ਮਹੀਨਾ ਅਤੇ 12 ਮਹੀਨਿਆਂ ਬਾਅਦ ਇਕ ਸਾਲ। ਇੰਜ ਚੰਦਰਮਾ ਮੁਤਾਬਕ 354 ਦਿਨ ਵਿਚ ਹੀ ਇਕ ਸਾਲ ਪੂਰਾ ਹੋ ਜਾਂਦਾ ਹੈ।

ਹੁਣ 2011 ਵਿਚ 4 ਜਨਵਰੀ ਦੀ ਮੱਸਿਆ, ਫਿਰ 2/3 ਫਰਵਰੀ, 4 ਮਾਰਚ, 3 ਅਪਰੈਲ, 3 ਮਈ, 1 ਜੂਨ, 1 ਜੁਲਾਈ, 30 ਜੁਲਾਈ, 29 ਅਗਸਤ, 27 ਸਤੰਬਰ, 26 ਅਕਤੂਬਰ, 25 ਨਵੰਬਰ ਅਤੇ ਅਖ਼ੀਰ 24 ਦਸੰਬਰ ਤੱਕ, 354 ਦਿਨਾਂ ਵਿਚ ਹੀ ਪੂਰਾ ਇਕ ਸਾਲ। ਇਹ ਚੰਦਰ ਸਾਲ, ਸੂਰਜੀ ਸਾਲ ਨਾਲੋਂ ਤਕਰੀਬਨ 11 ਦਿਨ ਘੱਟ ਹੁੰਦਾ ਹੈ। ਸਾਡੇ ਦੇਸੀ ਕੈਲੰਡਰ ਚੰਦਰ ਸਾਲ 'ਤੇ ਹੀ ਆਧਾਰਤ ਹਨ। ਹੁਣ ਕਿਉਂਕਿ ਇਹ ਸਾਬਿਤ ਹੋ ਚੁੱਕਿਆ ਹੈ ਕਿ ਸਾਲ 354 ਦਿਨ ਦਾ ਨਹੀਂ ਬਲਕਿ 365.25 ਦਿਨ ਦਾ ਹੁੰਦਾ ਹੈ, ਇਸ ਲਈ ਅਸਲੀਅਤ ਤੋਂ ਅੱਖਾਂ ਮੀਟਣੀਆਂ ਜਹਾਲਤ ਦੀ ਨਿਸ਼ਾਨੀ ਹੈ। ਦੇਸੀ ਕੈਲੰਡਰਾਂ ਵਾਲੇ ਵਿਦਵਾਨ ਇਹ 11 ਦਿਨ ਦਾ ਫ਼ਰਕ ਕੱਢਣ ਲਈ ਤਿੰਨ ਸਾਲਾਂ ਬਾਅਦ, ਆਉਂਦੇ ਸਾਲ ਵਿਚ ਇਕ ਵਾਧੂ ਤੇਰ੍ਹਵਾਂ ਮਹੀਨਾ ਜੋੜ ਦਿੰਦੇ ਹਨ ਜਿਸ ਨੂੰ ਅਸ਼ੁਭ ਕਰਾਰ ਦੇ ਦਿੰਦੇ ਹਨ-ਅਖੇ ਤਾਰਾ ਡੁੱਬ ਗਿਆ ਹੈ। ਇਸ ਮਹੀਨੇ ਤੋਂ ਬਾਅਦ ਆਉਣ ਵਾਲੇ ਸਾਰੇ ਦਿਨ-ਦਿਹਾਰ ਤਿੰਨ-ਕੁ ਹਫ਼ਤੇ ਪਛਾੜ ਦਿੱਤੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਦੀਵਾਲੀ ਕਦੇ ਅਕਤੂਬਰ ਦੇ ਅਖੀਰਲੇ ਹਫ਼ਤੇ, ਕਦੇ ਨਵੰਬਰ ਦੇ ਅੱਧ ਵਿਚ। ਕਈ ਵਾਰ ਇਹ ਫ਼ਰਕ ਵਧਦਾ-ਵਧਦਾ 4 ਹਫ਼ਤੇ ਦਾ ਵੀ ਹੋ ਜਾਂਦਾ ਹੈ। ਸਾਲ 2009 ਦੀ ਦੀਵਾਲੀ 17 ਅਕਤੂਬਰ ਦੀ ਸੀ ਅਤੇ 2020 ਵਿਚ 14 ਨਵੰਬਰ ਨੂੰ ਹੋਵੇਗੀ। ਸਿੱਧਾ ਚਾਰ ਹਫ਼ਤੇ ਜਾਂ ਤਕਰੀਬਨ ਇਕ ਮਹੀਨੇ ਦਾ ਫ਼ਰਕ। ਇਸ ਆਧੁਨਿਕ ਯੁੱਗ ਵਿਚ ਵੀ ਕਿੰਨੀ ਗ਼ੈਰ-ਵਿਗਿਆਨਕ ਗੱਲ ਚੱਲ ਰਹੀ ਹੈ।

ਕੈਨੇਡਾ ਨਿਵਾਸੀ ਪਾਲ ਸਿੰਘ ਪੁਰੇਵਾਲ ਨੇ ਇਸ ਸਾਰੇ ਮਸਲੇ ਦਾ ਗਹਿਨ ਅਧਿਐਨ ਕੀਤਾ ਅਤੇ ਰੋਲ-ਘਚੋਲੇ ਨੂੰ ਦੂਰ ਕਰਨ ਹਿੱਤ ਬਾਬਾ ਨਾਨਕ ਦੇ ਪ੍ਰਕਾਸ਼ 1469 ਤੋਂ ਲੈ ਕੇ 2000 ਤੱਕ ਸਿੱਖ ਇਤਿਹਾਸ ਦਾ ਇਕ-ਇਕ ਪੰਨਾ ਫਰੋਲ ਕੇ ਸਹੀ ਮਿਤੀਆਂ ਦੀ ਖੋਜ ਕੀਤੀ ਅਤੇ ਉਸ ਦਿਨ ਨਾਲ ਮੇਲ ਖਾਂਦੀ ਸਹੀ ਈਸਵੀ ਸੰਮਤ ਦੀ ਤਾਰੀਖ ਲੱਭੀ। ਫਿਰ ਉਨ੍ਹਾਂ ਨੇ ਕੈਲੰਡਰ ਤਿਆਰ ਕੀਤਾ ਜੋ ਗੁਰਬਾਣੀ/ਬਾਰ੍ਹਾਮਾਹ ਦੇ ਅਨੁਕੂਲ ਸੀ ਅਤੇ ਨਾਲ ਹੀ ਬਾਬਾ ਨਾਨਕ ਵਾਲੀ ਵਿਗਿਆਨਕ ਸੂਝ-ਬੂਝ ਦੇ ਵੀ, ਜਿਸ ਨੇ ਅੱਜ ਤੋਂ ਸਦੀਆਂ ਪਹਿਲਾਂ ਹੀ 'ਪਾਤਾਲਾ ਪਾਤਾਲ ਲੱਖ ਆਗਾਸਾ ਆਗਾਸ' ਵਾਲੀ ਗੱਲ ਕਹੀ ਸੀ। ਪੁਰੇਵਾਲ ਨੇ ਗੁਰਪੁਰਬਾਂ ਤੇ ਹੋਰ ਦਿਨ-ਦਿਹਾਰਾਂ ਲਈ ਸਹੀ ਤਾਰੀਖਾਂ ਨਾਲ ਮੇਲ ਖਾਂਦੀਆਂ ਸਾਂਝੇ ਈਸਵੀ ਕੈਲੰਡਰ ਦੀਆਂ ਤਾਰੀਖਾਂ ਦੀ ਖੋਜ ਕਰਕੇ ਇਸ ਵਿਗਿਆਨਕ ਸੂਰਜੀ ਕੈਲੰਡਰ ਨੂੰ ਆਸਾਨ ਸੌਖਾ ਬਣਾ ਦਿੱਤਾ। ਇਸ ਕੈਲੰਡਰ ਮੁਤਾਬਕ ਚੇਤ, ਵਿਸਾਖ, ਜੇਠ, ਹਾੜ੍ਹ ਤੇ ਸਾਵਣ ਦੇ ਮਹੀਨੇ 31 ਦਿਨ ਦੇ; ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ ਤੇ ਫੱਗਣ ਦੇ 30 ਦਿਨ ਅਤੇ ਲੀਪ ਦੇ ਸਾਲ ਵਿਚ ਫੱਗਣ ਦਾ ਮਹੀਨਾ 31 ਦਿਨ ਦਾ ਕਰਕੇ ਇਸ ਨੂੰ ਵਿਗਿਆਨਕ ਰੰਗ ਦਿੱਤਾ। ਚੇਤ-ਵਿਸਾਖ ਦੀ ਸੰਗਰਾਂਦ 14 ਮਾਰਚ/ਅਪਰੈਲ ਨੂੰ, ਜੇਠ ਹਾੜ੍ਹ ਦੀ 15 ਮਈ/ਜੂਨ ਨੂੰ, ਸਾਵਣ-ਭਾਦੋਂ ਦੀ 16 ਜੁਲਾਈ/ਅਗਸਤ ਨੂੰ, ਅੱਸੂ-ਕੱਤਕ ਦੀ 15 ਸਤੰਬਰ /ਅਕਤੂਬਰ ਨੂੰ, ਮੱਘਰ-ਪੋਹ ਦੀ 14 ਨਵੰਬਰ/ਦਸੰਬਰ ਨੂੰ, ਮਾਘ 13 ਜਨਵਰੀ ਅਤੇ ਫੱਗਣ ਦੀ ਸੰਗਰਾਂਦ 12 ਫਰਵਰੀ ਨੂੰ ਕਰਕੇ ਐਨਾ ਸੌਖਾ ਕਰ ਦਿੱਤਾ ਜਿਸ ਨੂੰ ਸਾਰੇ ਲੋਕ ਸਹਿਜੇ ਹੀ ਯਾਦ ਰੱਖ ਸਕਣ ਅਤੇ ਅਪਨਾ ਸਕਣ। ਹੁਣ ਮਸਲਾ ਬੰਦੀ ਛੋੜ ਦਿਵਸ ਦਾ ਸੀ ਜੋ ਦੀਵਾਲੀ ਨਾਲ ਸਾਂਝੇ ਤੌਰ 'ਤੇ ਮਨਾਇਆ ਜਾਂਦਾ ਹੈ ਪਰ ਦੀਵਾਲੀ ਅਗਾਂਹ-ਪਿਛਾਂਹ ਹੁੰਦੀ ਰਹਿੰਦੀ ਹੈ। ਇਸ ਲਈ ਫ਼ਿਲਹਾਲ ਇਸ ਦਿਨ ਦੀ ਛੋਟ ਦਿੱਤੀ ਗਈ ਕਿ ਇਸ ਨੂੰ ਰਵਾਇਤੀ ਦੀਵਾਲੀ ਦੇ ਨਾਲ ਹੀ 2020 ਤੱਕ ਮਨਾਇਆ ਜਾਵੇ। ਇਵੇਂ ਹੀ ਇਕਸੁਰਤਾ ਵਾਸਤੇ ਹੋਲਾ-ਮਹੱਲਾ ਵੀ ਉਸ ਸਮੇਂ ਤੱਕ ਹੋਲੀ ਤੋਂ ਅਗਲੇ ਦਿਨ ਹੀ ਮਨਾ ਲਿਆ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕੱਤਕ ਦੀ ਪੂੰਨਿਆ ਨੂੰ ਮਨਾਉਣ ਦੀ ਪਰੰਪਰਾ ਨੂੰ ਵੀ ਕੁੱਝ ਸਮੇਂ ਲਈ ਛੋਟ ਦੇ ਦਿੱਤੀ ਗਈ ਹੈ।

ਕਹਿੰਦੇ ਹਨ, "ਐਕਸੈਪਸ਼ਨ ਪਰੂਵਜ਼ ਦਾ ਰੂਲ" ਭਾਵ ਹਰ ਕਾਨੂੰਨ ਜਾਂ ਵਿਧੀ-ਵਿਧਾਨ ਵਿਚ ਕੋਈ ਨਾ ਕੋਈ ਅਪਵਾਦ ਹੁੰਦਾ ਹੀ ਹੈ ਜੋ ਪ੍ਰਕ੍ਰਿਤੀ ਵਿਚ ਵੀ ਹੈ ਜਿਵੇਂ ਬ੍ਰਹਿਮੰਡ ਵਿਚ ਸੂਰਜ ਦੇ ਸਾਰੇ ਗ੍ਰਹਿ ਪੱਛਮ ਤੋਂ ਪੂਰਬ ਵੱਲ ਘੁੰਮਦੇ ਹਨ ਪਰ ਸ਼ੁੱਕਰ/ਵੀਨਸ ਬਾਕੀਆਂ ਤੋਂ ਉਲਟ ਪੂਰਬ ਤੋਂ ਪੱਛਮ ਵੱਲ ਘੁੰਮਦਾ ਹੈ। ਇਵੇਂ ਹੀ ਸਾਰੀਆਂ ਧਾਤਾਂ ਠੋਸ ਹੁੰਦੀਆਂ ਹਨ ਪਰ ਪਾਰਾ ਧਾਤ ਹੋਣ ਦੇ ਬਾਵਜੂਦ ਵੀ ਤਰਲ ਹੈ। ਵਿੱਦਿਆ ਦਾ ਚਾਨਣ ਫੈਲਣ ਨਾਲ ਜਿਉਂ-ਜਿਉਂ ਲੋਕਾਂ ਵਿਚ ਜਾਗ੍ਰਿਤੀ ਆਵੇਗੀ ਇਹ ਤਿੰਨੇ ਤਿਉਹਾਰ ਅਸਲੀ ਨਿਸ਼ਚਿਤ ਤਾਰੀਖ਼ ਨੂੰ ਮਨਾਏ ਜਾਣਗੇ।

ਆਪਣੀ ਖੋਜ 'ਤੇ ਆਧਾਰਤ ਪਾਲ ਸਿੰਘ ਪੁਰੇਵਾਲ ਨੇ 1994 ਵਿਚ 1469 ਤੋਂ 2000 ਤੱਕ ਤਕਰੀਬਨ 500 ਸਾਲ ਦੀ ਪ੍ਰਮਾਣਿਕ ਜੰਤਰੀ ਪ੍ਰਕਾਸ਼ਿਤ ਕਰਵਾਈ ਜਿਸ ਵਿਚ ਸਾਂਝੇ ਈਸਵੀ ਸੰਮਤ, ਬਿਕਰਮੀ ਸੰਮਤ, ਸੂਰਜੀ ਤੇ ਚੰਦਰ ਸਾਲ ਅਤੇ ਹਿਜਰੀ ਸੰਮਤ ਦੀਆਂ ਤਾਰੀਖ਼ਾਂ ਸਨ ਅਤੇ ਇਸ ਬੇਮਿਸਾਲ ਉਪਯੋਗੀ ਸੰਦ ਨਾਲ ਤਾਰੀਖ਼ਾਂ ਇਕ ਸੰਮਤ ਤੋਂ ਦੂਸਰੇ ਵਿਚ ਸੌਖਿਆਂ ਹੀ ਤਬਦੀਲ ਹੋ ਸਕਦੀਆਂ ਸਨ।

ਨਾਨਕਸ਼ਾਹੀ ਕੈਲੰਡਰ ਦੀ ਮੁੱਢਲੀ ਰੂਪ-ਰੇਖਾ ਹੋਂਦ ਵਿਚ ਆਉਣ ਤੋਂ ਬਾਅਦ ਸਿੱਖ ਇਤਿਹਾਸ ਨਾਲ ਜੁੜੀਆਂ ਅਸਲ ਤਾਰੀਖ਼ਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਦਾ ਸਿਲਸਿਲਾ ਚੱਲਦਾ ਰਿਹਾ। ਜਗਿਆਸੂਆਂ ਦੇ ਸੁਆਲਾਂ ਦੇ ਹੱਲ ਅਤੇ ਸ਼ੰਕੇ ਦੂਰ ਕਰਨ ਲਈ ਪਾਲ ਸਿੰਘ ਨੂੰ ਕਈ ਵਾਰ ਕੈਨੇਡਾ ਤੋਂ ਭਾਰਤ ਆਉਣਾ ਪਿਆ। ਸ਼੍ਰੋਮਣੀ ਕਮੇਟੀ ਨੇ ਲੱਖਾਂ ਰੁਪਏ ਖਰਚ ਕੇ ਸੈਂਕੜੇ ਸੈਮੀਨਾਰ, ਬੈਠਕਾਂ, ਗੋਸ਼ਟੀਆਂ ਕਰਵਾਈਆਂ। ਬੜੇ ਜ਼ੋਰਾਂ-ਸ਼ੋਰਾਂ ਨਾਲ ਇਸ ਕੈਲੰਡਰ ਨੂੰ ਸੱਤ-ਅੱਠ ਸਾਲ ਘੋਖਿਆ-ਪਰਖਿਆ ਗਿਆ। ਆਖ਼ਿਰਕਾਰ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸੌਖਾ, ਵਿਗਿਆਨਕ ਅਤੇ ਉਪਯੋਗੀ ਐਲਾਨ ਕੇ ਇਸ 'ਤੇ ਮੋਹਰ ਲਾ ਦਿੱਤੀ ਅਤੇ 2003 ਦੀ ਵਿਸਾਖੀ ਤੋਂ ਇਹ ਕੈਲੰਡਰ ਲਾਗੂ ਹੋ ਗਿਆ।

ਪਿਛਲੇ ਸਾਲ ਇਸ ਕੈਲੰਡਰ ਵਿਚ ਹੋਈ ਛੇੜ-ਛਾੜ ਨੂੰ ਵੇਖ ਕੇ ਸਾਰੀ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ। ਛੇੜ-ਛਾੜ ਕਰਨ ਵਾਲੇ ਨਾ ਤਾਂ ਇਤਿਹਾਸਕਾਰ ਹਨ, ਨਾ ਭੂਗੋਲ ਸ਼ਾਸਤਰੀ ਅਤੇ ਨਾ ਹੀ ਖ਼ਗੋਲ ਵਿਗਿਆਨੀ। ਇੱਥੋਂ ਤੱਕ ਕਿ ਇਸ ਕੈਲੰਡਰ ਦੇ ਨਿਰਮਾਤਾ ਪੁਰੇਵਾਲ ਨੂੰ ਵੀ ਭਰੋਸੇ ਵਿਚ ਨਹੀਂ ਲਿਆ ਗਿਆ। ਖ਼ਾਹ-ਮਖ਼ਾਹ ਦਾ ਵਿਵਾਦ ਖੜ੍ਹਾ ਹੋ ਗਿਆ ਹੈ।

ਅਸਲ ਵਿਚ ਲੋੜ ਕੈਲੰਡਰ ਨੂੰ ਸੋਧਣ ਦੀ ਨਹੀਂ ਬਲਕਿ ਲੋਕਾਂ ਨੂੰ ਸਮਝਾਉਣ ਦੀ ਸੀ। ਦਸ ਕੁ ਸਾਲ ਪਹਿਲਾਂ ਜਦ ਯੂਰਪ ਵਿਚ ਸਾਂਝਾ ਨਵਾਂ ਸਿੱਕਾ 'ਯੂਰੋ' ਚੱਲਣਾ ਸੀ ਤਾਂ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਗਲੀਆਂ-ਬਾਜ਼ਾਰਾਂ ਵਿਚ ਮਜਮੇ ਲਾ ਕੇ ਛੋਟੇ-ਛੋਟੇ ਗਰੁਪਾਂ ਵਿਚ ਲੋਕਾਂ ਨੂੰ ਬੜੇ ਰੌਚਕ ਢੰਗ ਨਾਲ ਨਵੀਂ ਕਰੰਸੀ ਤੋਂ ਜਾਣੂ ਕਰਵਾਇਆ ਗਿਆ। ਜੇ ਢਾਡੀਆਂ ਦੀਆਂ ਵਾਰਾਂ ਰਾਹੀਂ ਨਾਨਕਸ਼ਾਹੀ ਕੈਲੰਡਰ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਤਾਂ ਇਹ ਵਿਵਾਦ ਖੜ੍ਹਾ ਨਹੀਂ ਹੋਣਾ ਸੀ। ਤਕਰੀਬਨ 500 ਸਾਲ ਪਹਿਲਾਂ ਕਾਪਰਨਿਕਸ ਨੇ ਬਾਈਬਲ ਨੂੰ ਝੁਠਲਾ ਕੇ ਦੱਬੀ ਜ਼ੁਬਾਨ ਵਿਚ ਸਪਸ਼ਟ ਕੀਤਾ ਕਿ ਬ੍ਰਹਿਮੰਡ ਦਾ ਕੇਂਦਰ ਪ੍ਰਿਥਵੀ ਨਹੀਂ ਬਲਕਿ ਸੂਰਜ ਹੈ। ਜਦੋਂ ਗੈਲੀਲਿਓ ਨੇ ਇਸ ਦੀ ਖੁੱਲ੍ਹ ਕੇ ਪ੍ਰੋੜਤਾ ਕੀਤੀ ਤਾਂ ਵਿਚਾਰੇ ਨੂੰ ਬੁੱਢੇ ਵਾਰੇ ਚਰਚ ਤੋਂ ਕੁੱਟ ਖਾਣੀ ਪਈ। ਆਖ਼ਿਰਕਾਰ ਚਰਚ ਨੂੰ ਮੰਨਣਾ ਹੀ ਪਿਆ ਕਿ ਧਰਤੀ ਸਥਿਰ ਨਹੀਂ ਬਲਕਿ ਘੁੰਮ ਰਹੀ ਹੈ। ਜਦੋਂ ਤੱਕ ਪਤਾ ਨਹੀਂ ਸੀ ਸੂਰਜ ਗ੍ਰਹਿਣ ਵੇਲੇ ਕਿਹਾ ਜਾਂਦਾ ਸੀ ਕਿ ਇਸ ਨੂੰ ਰਾਹੂ-ਕੇਤੂ ਨੇ ਘੇਰ ਲਿਆ ਹੈ ਪਰ ਹੁਣ ਜਦੋਂ ਸਾਬਿਤ ਹੋ ਚੁੱਕਿਆ ਹੈ ਕਿ ਸੂਰਜ ਗ੍ਰਹਿਣ ਮਹਿਜ਼ ਚੰਦਰਮਾ ਦਾ ਪ੍ਰਿਥਵੀ 'ਤੇ ਪਰਛਾਵਾਂ ਹੀ ਹੈ, ਫਿਰ ਵੀ ਕਿਸੇ ਭਰਮ ਵਿਚ ਪਏ ਰਹਿਣਾ ਅਵਿਗਿਆਨਕ ਹੈ। ਹਕੀਕਤ ਨੂੰ ਕਿੰਨਾ ਚਿਰ ਝੁਠਲਾਇਆ ਜਾ ਸਕਦਾ ਹੈ? ਅਸਲੀਅਤ ਤੋਂ ਕਿੰਨਾ ਚਿਰ ਅੱਖਾਂ ਮੀਟੀਆਂ ਜਾ ਸਕਦੀਆਂ ਹਨ?

ਸਭ ਕੁੱਝ ਵੋਟਾਂ ਨਾਲ ਹੀ ਨਹੀਂ ਜੋਖਿਆ ਜਾਣਾ ਚਾਹੀਦਾ। ਫਰਾਂਸ ਨੇ ਦੁਨੀਆਂ ਨੂੰ ਡੈਸੀਮਲ ਪ੍ਰਣਾਲੀ ਦੇ ਕੇ ਜੋ ਕ੍ਰਾਂਤੀ ਲਿਆਂਦੀ ਹੈ, ਉਸ ਲਈ ਸਮੁੱਚਾ ਸੰਸਾਰ ਸਦਾ ਉਸ ਦਾ ਕਰਜ਼ਦਾਰ ਰਹੇਗਾ। ਬਰਤਾਨੀਆ ਵੀ ਆਖ਼ਿਰਕਾਰ ਮੀਲਾਂ, ਫਰਲਾਂਗਾਂ ਨੂੰ ਛੱਡ ਕੇ ਕਿਲੋਮੀਟਰਾਂ ਨੂੰ ਅਪਨਾ ਰਿਹਾ ਹੈ। ਹੁਣ ਇਕ ਪੌਂਡ ਸਟਰਲਿੰਗ ਦੇ 240 ਦੀ ਬਜਾਏ 100 ਪੈਸੇ ਹਨ ਅਤੇ ਇਕ ਡਾਲਰ ਦੇ 100 ਸੈਂਟ। ਆਨੇ, ਟਕੇ, ਪਾਈਆ, ਸੇਰ, ਛਟਾਂਕਾਂ ਦਾ ਯੁੱਗ ਬੀਤ ਚੁੱਕਾ ਹੈ। ਫਾਰਨਹਾਈਟ ਦੀ ਥਾਂ ਸੈਲਸੀਅਸ ਲੈ ਰਿਹਾ ਹੈ। ਸਾਨੂੰ ਵੀ ਵਿਗਿਆਨਕ ਸੋਚ ਦੇ ਧਾਰਨੀ ਬਣਨ ਦੀ ਲੋੜ ਹੈ। ਸੁਦੀਆਂ-ਵਦੀਆਂ ਦੇ ਚੱਕਰ ਅਤੇ ਵਹਿਮਾਂ-ਭਰਮਾਂ 'ਚੋਂ ਨਿਕਲਣਾ ਪੈਣਾ ਹੈ। ਇਕ ਸਾਲ ਵਿਚ ਦਸਵੀਂ ਪਾਤਸ਼ਾਹੀ ਦੇ ਦੋ-ਦੋ ਆਗਮਨ ਦਿਵਸ ਮਨਾ ਕੇ ਅਸੀਂ ਹਾਸੇ-ਮਜ਼ਾਕ ਦੇ ਪਾਤਰ ਨਹੀਂ ਬਣਨਾ। ਕੌਮਾਤਰੀ ਪਹੁੰਚ ਅਪਨਾਉਣ ਦੀ ਲੋੜ ਹੈ।

ਜੇ ਸਾਬਿਤ ਕਰ ਸਕਦੇ ਹਾਂ ਕਿ ਸਾਲ 354 ਦਿਨ ਦਾ ਹੁੰਦਾ ਹੈ ਤਾਂ ਨਾਨਕਸ਼ਾਹੀ ਕੈਲੰਡਰ ਉਕਾ ਹੀ ਰੱਦ ਕਰ ਦਿੱਤਾ ਜਾਵੇ। ਨਹੀਂ ਤਾਂ ਕਥਿਤ ਸੋਧਾਂ ਤੋਂ ਪਹਿਲਾਂ ਵਾਲਾ ਸ਼ੁੱਧ ਕੈਲੰਡਰ ਹੂ-ਬ-ਹੂ ਲਾਗੂ ਕੀਤਾ ਜਾਵੇ। ਜਿਹੜਾ ਸੜਕ ਦੇ ਵਿਚਕਾਰ ਤੁਰਦਾ ਹੈ, ਉਹ ਮਾਰਿਆ ਜਾਂਦਾ ਹੈ। ਗੰਭੀਰਤਾ, ਸੰਜੀਦਗੀ ਅਤੇ ਖੁੱਲ੍ਹਦਿਲੀ ਨਾਲ ਵਿਚਾਰ ਕਰਕੇ ਅਗਾਂਹ ਵਧਿਆ ਜਾਵੇ। ਕਿਸੇ ਦੁਬਿਧਾ ਦੀ ਲੋੜ ਨਹੀਂ। ਜੋ ਗ਼ਲਤੀ ਹੋ ਗਈ, ਸੋ ਹੋ ਗਈ। ਅਜੇ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ।

*(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)*


## ਸ੍ਰੀ ਗੁਰੂ ਰਵਿਦਾਸ ਜੀ ਦੇ 634ਵੇਂ ਜਨਮ ਦਿਨ ਦੀ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈ

**ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ, ਸੈਲਮਾ (ਕੈਲੀਫੋਰਨੀਆ) ਵਲੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜਨਮ ਦਿਨ ਮਿਤੀ 20 ਫਰਵਰੀ, 2011 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ (2650, Blaine Ave, Selma, CA 93662) ਵਿਖੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਇਸ ਮਹਾਨ ਤੇ ਪਵਿਤਰ ਦਿਹਾੜੇ 'ਤੇ ਹਾਜ਼ਰ ਹੋਣ ਦੀ ਸਨਿਮਰ ਬੇਨਤੀ ਹੈ।**

## ਪ੍ਰੋਗਰਾਮ

*18 ਫਰਵਰੀ, 2011 (ਸ਼ੁਕਰਵਾਰ)*
ਸੇਵਾ ਸ੍ਰੀ ਨਿਸ਼ਾਨ ਸਾਹਿਬ ਸਵੇਰੇ 9 ਵਜੇ ਅਤੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ

*19 ਫਰਵਰੀ, 2011 (ਸਨਿਚਰਵਾਰ)*
ਕੀਰਤਨ ਸ਼ਾਮ 6 ਵਜੇ

*20 ਫਰਵਰੀ, 2011 (ਐਤਵਾਰ)*
ਭੋਗ ਸ੍ਰੀ ਅਖੰਡ ਪਾਠ ਸਾਹਿਬ
ਉਪਰੰਤ ਕਥਾਵਾਚਕ ਭਾਈ ਬਲਵੀਰ ਸਿੰਘ ਸੰਧੂ, ਸੈਕਰਾਮੈਂਟੋ (ਪ੍ਰਭ ਮਿਲਣੇ ਕਾ ਚਾਓ), ਢਾਡੀ ਮੋਹਣ ਸਿੰਘ ਦਾ ਜਥਾ ਅਤੇ ਗਾਇਕ ਸੁਖਵਿੰਦਰ ਪੰਛੀ ਗੁਰੂ ਸਾਹਿਬ ਦੇ ਕ੍ਰਾਂਤੀਕਾਰੀ ਜੀਵਨ ਬਾਰੇ ਪ੍ਰੋਗਰਾਮ ਪੇਸ਼ ਕਰਨਗੇ।


*ਸਤਿਗੁਰੂ ਰਵਿਦਾਸ ਜੀ ਮਹਾਰਾਜ*

ਇਸ ਪਵਿਤਰ ਦਿਹਾੜੇ 'ਤੇ ਸਾਰੀ ਸੇਵਾ ਸਵਰਗੀ ਸੰਤਰਾਮ ਨਰ ਦੇ ਸਮੂਹ ਪਰਿਵਾਰ ਵਲੋਂ ਨਿਮਰਤਾ ਸਹਿਤ ਕੀਤੀ ਜਾ ਰਹੀ ਹੈ।

**ਬੇਨਤੀਕਰਤਾ: ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ, ਸੈਲਮਾ ਅਤੇ ਸਮੂਹ ਸਾਧ ਸੰਗਤ**

ਪੰਜਾਬ ਟਾਈਮਜ਼

ਸਨਿਚਰਵਾਰ, 19 ਫਰਵਰੀ 2011

## ਰਸੂਖ਼ ਅਤੇ ਰਿਸ਼ਵਤ ਦਾ ਰਾਜ

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਡਾਕਟਰਾਂ ਦੀ ਭਰਤੀ ਵੇਲੇ ਹੋਈ ਮਨਮਰਜ਼ੀ ਨੇ ਇਕ ਵਾਰ ਫਿਰ ਇਸ ਤੰਤਰ ‘ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਡਾਕਟਰਾਂ ਦੀ ਇਸ ਭਰਤੀ ਬਾਰੇ ਵਿਜੀਲੈਂਸ ਬਿਊਰੋ ਦੀ ਜਾਂਚ ਰਿਪੋਰਟ ਵਿਚ ਜੋ ਜੋ ਖੁਲਾਸੇ ਹੋਏ ਹਨ, ਉਸ ਤੋਂ ਬਹੁਤ ਕੁਝ ਜ਼ਾਹਿਰ ਹੋ ਗਿਆ ਹੈ। ਰਿਪੋਰਟ ਮੁਢਲੇ ਰੂਪ ਵਿਚ ਇਹੀ ਦੱਸਦੀ ਹੈ ਕਿ ਹੁਣ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਰਗੇ ਅਦਾਰੇ ਵੱਲੋਂ ਭਰੀਆਂ ਜਾਣ ਵਾਲੀਆਂ ਆਸਾਮੀਆਂ ਦੇ ਮਾਮਲਿਆਂ ਵਿਚ ਵੀ ਪਹਿਲਾਂ ਹੀ ਤੈਅ ਹੋ ਜਾਂਦਾ ਹੈ ਕਿ ਕਿਸ ਕਿਸ ਉਮੀਦਵਾਰ ਦੀ ਚੋਣ ਕਰਨੀ ਹੈ। ਚੋਣ ਨੇਮਾਂ ਅਤੇ ਅਮਲ ਵਿਚ ਵੱਡੇ ਪੱਧਰ ‘ਤੇ ਕੀਤੀ ਤਬਦੀਲੀ ਨਾਲ ਹੀ ਸਪਸ਼ਟ ਹੋ ਜਾਂਦਾ ਹੈ ਕਿ ਆਸਾਮੀਆਂ ਲਈ ਚੋਣ ਤਾਂ ਹੋ ਵੀ ਚੁੱਕੀ ਹੈ, ਬਾਅਦ ਵਿਚ ਤਾਂ ਸਿਰਫ਼ ਖਾਨਾਪੂਰਤੀ ਹੀ ਬਾਕੀ ਰਹਿ ਜਾਂਦੀ ਹੈ। ਕਮਿਸ਼ਨ ਦੇ ਮੈਂਬਰਾਂ ਨੇ ਜਿਸ ਢੰਗ ਨਾਲ ਸਭ ਤੋਂ ਵੱਧ ਅੰਕ ਹਾਸਲ ਕਰਨ ਵਾਲਿਆਂ ਨੂੰ ਇੰਟਰਵਿਊ ਵਿਚ ਘੱਟ ਅੰਕ ਦੇ ਕੇ ਫਾਡੀ ਰੱਖਿਆ ਅਤੇ ਘੱਟ ਅੰਕ ਲੈਣ ਵਾਲਿਆਂ ਨੂੰ ਇੰਟਰਵਿਊ ਵਿਚ ਵੱਧ ਅੰਕ ਵੰਡ ਕੇ ਅੱਵਲ ਬਣਾਇਆ, ਉਸ ਤੋਂ ਇਸ ਤੰਤਰ ਦੀਆਂ ਚੋਰਮੋਰੀਆਂ ਅਤੇ ਅਫ਼ਸਰਾਂ ਵੱਲੋਂ ਤਾਕਤ ਦੀ ਕੀਤੀ ਦੁਰਵਰਤੋਂ ਦੀ ਸੂਹ ਪੈਂਦੀ ਹੈ। ਕਮਿਸ਼ਨ ਵਿਚ ਇਸ ਤਰ੍ਹਾਂ ਦੀ ਕਾਣੀ ਵੰਡ ਪੀ.ਸੀ.ਐਸ. ਅਫ਼ਸਰਾਂ ਦੀ ਭਰਤੀ ਵੇਲੇ ਉਦੋਂ ਵੀ ਹੋਈ ਸੀ ਜਦੋਂ ਰਵੀ ਸਿੱਧੂ ਇਸ ਕਮਿਸ਼ਨ ਦੇ ਮੁਖੀ ਸਨ ਪਰ ਐਤਕੀਂ ਜਿਸ ਪੱਧਰ ‘ਤੇ ਜਾ ਕੇ ਅਤੇ ਜਿਸ ਢੰਗ-ਤਰੀਕੇ ਨਾਲ ਭਰਤੀ ਕੀਤੀ ਗਈ, ਉਸ ਨੇ ਰਵੀ ਸਿੱਧੂ ਵੱਲੋਂ ਕਥਿਤ ਤੌਰ ‘ਤੇ ਕੀਤੀਆਂ ਬੇਨੇਮੀਆਂ ਨੂੰ ਵੀ ਬਹੁਤ ਛੋਟੀਆਂ ਪਾ ਦਿੱਤਾ ਹੈ। ਵਿਜੀਲੈਂਸ ਦੀ ਜਾਂਚ ਰਿਪੋਰਟ ਮੁਤਾਬਕ ਐਤਕੀਂ ਕਮਿਸ਼ਨ ਦੇ ਸਾਰੇ ਦੇ ਸਾਰੇ 14 ਮੈਂਬਰ ਹੀ ਇਸ ਭਰਤੀ ਵੇਲੇ ਕੀਤੀਆਂ ਬੇਨੇਮੀਆਂ ਵਿਚ ਭਾਈਵਾਲ ਸਾਬਤ ਹੋਏ ਹਨ। ਰਿਸ਼ਵਤ ਅਤੇ ਰਸੂਖ਼ ਦਾ ਇੰਨੀ ਵੱਡੀ ਪੱਧਰ ਉਤੇ ਬੈਠਿਆ ਤਾਲਮੇਲ ਇਸ ਢਾਂਚੇ ਦੇ ਥੋਥੇ ਹੋਣ ਦੀ ਹੀ ਦੱਸ ਪਾ ਗਿਆ ਹੈ।

ਡਾਕਟਰਾਂ ਦੀ ਇਸ ਭਰਤੀ ਵਿਚ ਚੱਲੀ ਰਿਸ਼ਵਤ ਅਤੇ ਰਸੂਖ਼ ਬਾਰੇ ਜੇ ਰਤਾ ਕੁ ਗਹਿਰਾਈ ਨਾਲ ਝਾਤੀ ਮਾਰੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਇਹ ਮਾਮਲਾ ਮੁੱਖ ਰੂਪ ਵਿਚ ਤਾਕਤ ਦੀ ਦੁਰਵਰਤੋਂ ਨਾਲ ਜੁੜਿਆ ਹੋਇਆ ਹੈ। ਇਹ ਤਾਕਤ ਭਲਾ ਕਿਨ੍ਹਾਂ ਲੋਕਾਂ ਕੋਲ ਹੈ ਅਤੇ ਕਿਸ ਤਰ੍ਹਾਂ ਇਨ੍ਹਾਂ ਦੇ ਹੱਥਾਂ ਦਾ ਖਿਡੌਣਾ ਬਣ ਗਈ ਹੈ? ਸਭ ਤੋਂ ਪਹਿਲਾਂ ਤਾਂ ਆਪੋ-ਆਪਣੇ ਸਿਆਸੀ ਰਸੂਖ਼ ਨੂੰ ਪੱਕਾ ਕਰਨ ਲਈ ਵੱਡੇ ਅਹੁਦਿਆਂ ਉਤੇ ਆਪਣੀ ਮਰਜ਼ੀ ਦੇ ਅਫ਼ਸਰਾਂ ਦੀ ਤਾਇਨਾਤੀ ਕੀਤੀ ਜਾਂਦੀ ਹੈ। ਕਮਿਸ਼ਨ ਦੇ ਮੈਂਬਰਾਂ ਉਤੇ ਉਡਦੀ ਜਿਹੀ ਨਜ਼ਰ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਪਹਿਲਾਂ ਅਮਰਿੰਦਰ ਸਿੰਘ ਸਰਕਾਰ ਅਤੇ ਫਿਰ ਬਾਦਲ ਸਰਕਾਰ ਵੇਲੇ ਕਿਸ ਤਰ੍ਹਾਂ ਚੁਣ-ਚੁਣ ਕੇ ਬੰਦੇ ਕਮਿਸ਼ਨ ਦੇ ਮੈਂਬਰ ਥਾਪੇ ਗਏ। ਇਸ ਸਾਰੇ ਵਰਤਾਰੇ ਕਾਰਨ ਰਸੂਖ਼ ਤੋਂ ਵਾਂਝੇ ਅਤੇ ਰਿਸ਼ਵਤ ਦੇਣ ਤੋਂ ਆਰੀ ਆਮ ਲੋਕ ਤਾਂ ਪਹਿਲੇ ਹੀ ਗੇੜ ਵਿਚ ਦੌੜ ਵਿਚੋਂ ਬਾਹਰ ਹੋ ਗਏ। ਇਸ ਸੂਰਤ ਵਿਚ ਸੰਵਿਧਾਨ ਵੱਲੋਂ ਬਰਾਬਰ ਮੌਕਿਆਂ ਦੇ ਦਿੱਤੇ ਅਧਿਕਾਰਾਂ ਦੀ ਫਿਰ ਕੀ ਵੁੱਕਤ ਰਹਿ ਜਾਂਦੀ ਹੈ? ਇਨ੍ਹਾਂ ਨਿਮਾਣੇ ਲੋਕਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਇਨ੍ਹਾਂ ਕੋਲ ਵਰਤਣ ਲਈ ਰਸੂਖ਼ ਨਹੀਂ ਅਤੇ ਰਿਸ਼ਵਤ ਦੇਣ ਲਈ ਰਕਮ ਵੀ ਨਹੀਂ! ਲਗਾਤਾਰ ਹਾਸ਼ੀਏ ਉਤੇ ਧੱਕੇ ਜਾ ਰਹੇ ਇਨ੍ਹਾਂ ਲੋਕਾਂ ਦੀ ਢੋਈ ਫਿਰ ਕਿੱਥੇ ਹੈ? ਇਹ ਉਹ ਅਣਗਿਣਤ ਸਵਾਲ ਹਨ ਜਿਨ੍ਹਾਂ ਵੱਲ ਭਾਰਤ ਦਾ ਤੰਤਰ ਬਿਲਕੁੱਲ ਵੀ ਧਿਆਨ ਨਹੀਂ ਦੇ ਰਿਹਾ ਹੈ। ਇਸੇ ਕਰਕੇ ਘਪਲੇ ਲਗਾਤਾਰ ਹੋ ਰਹੇ ਹਨ ਅਤੇ ਚਾਰ ਦਿਨ ਰੌਲਾ-ਰੱਪਾ ਪੈਣ ਤੋਂ ਬਾਅਦ ਉਹ ਲੋਕ ਮੁੜ ਆਪਣੇ ਰਸੂਖ਼ ਕਾਰਨ ਛੁੱਟ ਜਾਂਦੇ ਹਨ। ਹਾਲ ਹੁਣ ਇਹ ਹੋਇਆ ਪਿਆ ਹੈ ਕਿ ਕਿਸੇ ਨਾ ਕਿਸੇ ਕਾਰਨ ਜਿਸ ਵੀ ਵਿਭਾਗ ਦੀ ਪੁਣ-ਛਾਣ ਹੋ ਜਾਵੇ, ਉਥੇ ਹੀ ਕੁਝ ਵੀ ਅੱਛਾ ਨਹੀਂ ਮਿਲਦਾ! ਤੰਤਰ ਇੰਨਾ ਜ਼ਿਆਦਾ ਗ਼ਰਕ ਚੁੱਕਾ ਹੈ।

ਪਿਛਲੇ ਕੁਝ ਸਮੇਂ ਤੋਂ ਭਾਰਤ ਦੀ ਕੇਂਦਰ ਸਰਕਾਰ ਅਤੇ ਬਹੁਤ ਸਾਰੀਆਂ ਸੂਬਾਈ ਸਰਕਾਰਾਂ ਘਪਲਿਆਂ ਕਾਰਨ ਬੁਰੀ ਤਰ੍ਹਾਂ ਬਦਨਾਮ ਹੋਈਆਂ ਹਨ। ਘਪਲੇ ਕਾਰਨ ਪਏ ਰੱਫੜ ਕਾਰਨ ਹੀ ਪਿਛਲੀ ਵਾਰ ਦਾ ਸੰਸਦ ਦਾ ਸਮਾਗਮ ਬਿਨਾਂ ਕੋਈ ਕੰਮ ਨਿਬੇੜੇ ਖ਼ਤਮ ਕਰਨਾ ਪਿਆ ਸੀ। ਹੋਰ ਵੀ ਜਿਸ ਤਰ੍ਹਾਂ ਦੇ ਮਾਮਲੇ ਲਗਾਤਾਰ ਸਾਹਮਣੇ ਆਏ ਹਨ, ਉਨ੍ਹਾਂ ਤੋਂ ਸਰਕਾਰਾਂ ਦੀ ਨਾ-ਅਹਿਲੀਅਤ ਦੇ ਦਰਸ਼ਨ ਹੁੰਦੇ ਹਨ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਭਰਤੀਆਂ ਵੇਲੇ ਹੋਈਆਂ ਬੇਨੇਮੀਆਂ ਇਸੇ ਕੜੀ ਦਾ ਹਿੱਸਾ ਹਨ। ਸਿਤਮਜ਼ਰੀਫ਼ੀ ਤਾਂ ਇਹ ਵੀ ਹੈ ਕਿ ਅਜਿਹੀਆਂ ਬੇਨੇਮੀਆਂ ਰੋਕਣ ਲਈ ਕੋਈ ਅਹੁਲ ਵੀ ਨਹੀਂ ਰਿਹਾ। ਇਸੇ ਕਰਕੇ ਹਰ ਵਾਰ ਅਗਲੀ ਬੇਨੇਮੀ ਪਿਛਲੀ ਨੂੰ ਮਾਤ ਪਾ ਜਾਂਦੀ ਹੈ। ਇਹ ਨਿੱਘਰ ਚੁੱਕੇ ਤੰਤਰ ਦੀ ਨਿਸ਼ਾਨੀ ਹੁੰਦੀ ਹੈ। ਤਕਰੀਬਨ ਇਕ ਦਹਾਕਾ ਪਹਿਲਾਂ ਪਾਕਿਸਤਾਨ ਦੇ ਇਕ ਪੱਤਰਕਾਰ ਨਜਮ ਸੇਠੀ ਨੇ ਜਦੋਂ ਪਾਕਿਸਤਾਨ ਨੂੰ ਆਪਣੇ ਪਰਚੇ ‘ਫਰਾਈਡੇਅ ਟਾਈਮਜ਼’ ਵਿਚ ‘ਅਸਫ਼ਲ ਸਟੇਟ’ ਆਖ ਦਿੱਤਾ ਸੀ ਤਾਂ ਬੜਾ ਰੌਲਾ ਪਿਆ ਸੀ ਪਰ ਹੁਣ ਪਾਕਿਸਤਾਨ ਜਿਸ ਮੋੜ ’ਤੇ ਖੜ੍ਹਾ ਹੈ, ਉਸ ਤੋਂ ਨਜਮ ਸੇਠੀ ਦੀ ਪੇਸ਼ੀਨਗੋਈ ਸੱਚ ਸਾਬਤ ਹੋ ਰਹੀ ਹੈ। ਪਿਛਲੇ ਕੁਝ ਹਫ਼ਤਿਆਂ ਦੌਰਾਨ ਮਿਸਰ ਵਿਚ ਹੋਏ ਵਿਦਰੋਹ ਦੀਆਂ ਲੜੀਆਂ ਨੂੰ ਰਤਾ ਕੁ ਵਸੀਹ ਪੱਧਰ ’ਤੇ ਜੋੜਿਆ ਜਾਵੇ ਤਾਂ ਸਰਕਾਰਾਂ ਅਤੇ ਤੰਤਰਾਂ ਦਾ ਸੱਚ ਸਾਹਮਣੇ ਆਉਣ ਲਗਦਾ ਹੈ। ਇਹ ਸਾਰੇ ਉਹ ਤੰਤਰ ਹਨ ਜਿੱਥੇ ਦਰਪੇਸ਼ ਸਮੱਸਿਆਵਾਂ ਨੂੰ ਸਿੱਧੇ ਟਕਰਨ ਜਾਂ ਉਨ੍ਹਾਂ ਨੂੰ ਪੂਰੀ ਦਿਆਨਤਦਾਰੀ ਨਾਲ ਹੱਲ ਕਰਨ ਦੀ ਥਾਂ ਟਾਲਾ ਵੱਟਣ ਦੀ ਰੁਚੀ ਭਾਰੀ ਰਹੀ ਹੈ। ਇਸ ਨਾ-ਅਹਿਲੀਅਤ ਦੀ ਕੀਮਤ ਤਾਂ ਆਖ਼ਰਕਾਰ ਚੁਕਾਉਣੀ ਪੈਂਦੀ ਹੈ ਪਰ ਤ੍ਰਾਸਦੀ ਇਹ ਹੈ ਕਿ ਇਹ ਕੀਮਤ ਆਮ ਲੋਕਾਈ ਨੂੰ ਵੱਧ ਚੁਕਾਉਣੀ ਪੈਂਦੀ ਹੈ। ਭਾਰਤ ਦੇ ਲੋਕ ਅਜੇ ਇਸ ਤੰਤਰ ਉਤੇ ਭਰੋਸਾ ਕਰਦੇ ਹਨ। ਜਿਸ ਦਿਨ ਇਹ ਭਰੋਸਾ ਨਾ ਰਿਹਾ ਜਾਂ ਭਰੋਸਾ ਨਾ ਕਰਨ ਵਾਲਿਆਂ ਦੀ ਗਿਣਤੀ ਵਧ ਗਈ ਤਾਂ ਰਸੂਖ਼ ਅਤੇ ਰਿਸ਼ਵਤਾਂ ਦੇ ਸਿਰ ’ਤੇ ਚੱਲ ਰਹੇ ਤੰਤਰ ਨੂੰ ਵੱਡੀ ਵੰਗਾਰ ਦਾ ਸਾਹਮਣਾ ਕਰਨਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਧ ਜ਼ਿੰਦਗੀ ਦਾ!*

ਜੇ ਤੂੰ ਪੰਧ ਜ਼ਿੰਦਗੀ ਦਾ ਸੌਖ ਨਾਲ ਕੱਟਣਾ ਏ,  
ਦੁਨੀਆਂ ਦੀ ਲੋਭ ਵਾਲੀ ਮੋਢਿਓਂ ਉਤਾਰ ਗੰਢ।  
ਪੱਲਾ ਫੜੀਂ ਘੁੱਟ ਕੇ ਤੂੰ ਜੱਗ ਵਿਚ ਇੱਕ ਦਾ ਹੀ,  
ਜਣੇ ਖਣੇ ਨਾਲ ਐਵੇਂ ਪਾਈਂ ਨਾ ਪਿਆਰ-ਗੰਢ।  
ਭਲਾ, ਰੱਬ ਆਸਰੇ ਨੂੰ ਜੱਗ ਦੀ ਮੁਥਾਜੀ ਕੀ ਏ?  
ਸਿਰ ਉਤੇ ਚੁੱਕਦਾ ਨਾ ਘੋੜ-ਅਸਵਾਰ ਗੰਢ!  
ਘੁੱਟ ਘੁੱਟ ਪੱਲੇ ਬੰਨ੍ਹ ਕੰਮ ਸਾਰੇ ਨੇਕੀਆਂ ਦੇ,  
ਸੂਮ ਜਿਵੇਂ ਰੱਖਦਾ ਹੈ ਪੈਸਿਆਂ ਨੂੰ ਮਾਰ ਗੰਢ!

# ਤੇਲ ਦੀ ਸਿਆਸਤ ਤੇ ਬਦਲਵੇਂ ਊਰਜਾ ਸੋਮੇ

**ਹਰਜਿੰਦਰ ਦੁਸਾਂਝ**

***ਅੱਜ ਦਾ ਖ਼ਪਤਕਾਰ ਇਸ ਗੱਲ ਦੀਆਂ ਸੂਹਾਂ ਲੈ ਰਿਹਾ ਹੈ ਕਿ ਛੇਤੀ ਤੋਂ ਛੇਤੀ ਸਾਫ਼ ਅਤੇ ਸਸਤੀ ਊਰਜਾ ਦੇ ਸੋਮੇ ਹੋਰ ਵਿਕਸਤ ਕੀਤੇ ਜਾਣ ਤਾਂ ਜੋ ਫ਼ੋਸਿਲ ਫ਼ਿਊਲ (ਤੇਲ, ਕੋਇਲਾ ਤੇ ਗੈਸ) ਦੀ ਵਰਤੋਂ ਘੱਟ ਸਕੇ।... ਦੁਨੀਆਂ ਭਰ ਦਾ ਮੀਡੀਆ ਵੀ ਗ਼ੈਰ-ਤੇਲ ਵਾਲੇ ਊਰਜਾ ਸਾਧਨਾਂ ਦੀ ਤਰੱਕੀ ਲਈ ਪ੍ਰਚਾਰ ਕਰ ਰਿਹਾ ਹੈ।...ਦੂਜੇ ਬੰਨ੍ਹੇ ਤੇਲ ਉਤਪਾਦਕ, ਤੇਲ ਦੇ ਦਿਨ ਪੁੱਗਣ ਤੋਂ ਪਹਿਲਾਂ ਪਹਿਲਾਂ ਵੱਧ ਤੋਂ ਵੱਧ ਤੇਲ ਕੱਢਣਾ ਚਾਹੁੰਦੇ ਹਨ। ਉਹ ਵੀ ਸੋਚਦੇ ਹਨ ਕਿ ਇਕ ਦਿਨ ਤੇਲ ਦੀ ਕੋਈ ਬਹੁਤੀ ਵੁੱਕਤ ਨਹੀਂ ਰਹਿਣੀ।***

ਆਰਥਿਕ ਸੁਪਨਿਆਂ ਦੇ ਸੰਸਾਰ ਵਿਚ ਤੇਲ ਦੀ ਕੀਮਤ, ਤੇਲ ਦੀ ਮੰਗ ਅਤੇ ਇਸ ਦੀ ਸਪਲਾਈ ਉਤੇ ਨਿਰਭਰ ਕਰਦੀ ਹੈ ਪਰ ਅਸਲ ਵਿਚ ਇਸ ਦਾ ਦਾਰੋਮਦਾਰ ਤੇਲ ਉਤਪਾਦਨ ਦੇ ਖ਼ਰਚਿਆਂ ਅਤੇ ਆਰਥਿਕ ਹਾਲਾਤ ਉਤੇ ਹੈ। ਇਸ ਦੇ ਬਾਵਜੂਦ ਤੇਲ ਦੀਆਂ ਕੀਮਤਾਂ ਦੀ ਖੇਡ ਪੂਰੇ ਸੰਸਾਰ ਵਿਚ ਬੇਹੱਦ ਗੁੰਝਲਦਾਰ ਵਰਤਾਰਾ ਬਣੀ ਹੋਈ ਹੈ।

ਅੱਜ ਕੱਲ ਤੇਲ ਕੀਮਤਾਂ ਦੀਆਂ ਗੱਲਾਂ ਹਰ ਢਾਣੀ ਦਾ ਚਰਚਿਤ ਵਿਸ਼ਾ ਬਣੀਆਂ ਹੋਈਆਂ ਹਨ। ਇਤਿਹਾਸ ਵਿਚ ਇਹ ਦੂਜੀ ਵਾਰ ਹੋਇਆ ਹੈ, ਜਦੋਂ ਕੱਚੇ ਤੇਲ ਦੀਆਂ ਕੀਮਤਾਂ ਸੌ ਡਾਲਰ ਤੋਂ ਉਤੇ ਹੋਈਆਂ ਹਨ। ਤੇਲ ਉਦਯੋਗ ਨਾਲ ਜੁੜੇ ਕਈ ਮਾਹਿਰਾਂ ਦੀ ਰਾਇ ਹੈ ਕਿ ਇਸ ਵਾਰ ਵਧੀਆਂ ਕੀਮਤਾਂ ਹੁਣ ਥੱਲੇ ਨਹੀਂ ਆਉਣੀਆਂ। ਉਹ ਆਪਣੀ ਰਾਇ ਨੂੰ ਤੇਲ ਉਦਯੋਗ ਦੇ ਮੁਗ਼ਲ ਅਦਾਰੇ ਬੀ.ਪੀ. ਇੰਡਸਟਰੀਜ਼ ਵੱਲੋਂ ਪੇਸ਼ ਕੀਤੀ ਤਾਜ਼ੀ ਰਿਪੋਰਟ ਨੂੰ ਆਧਾਰ ਬਣਾ ਰਹੇ ਹਨ। ਰਿਪੋਰਟ ਮੁਤਾਬਕ ਕੁਦਰਤੀ ਤੇਲ, ਗੈਸ ਅਤੇ ਕੋਇਲਾ ਅੱਜ ਵੀ ਪੂਰੀ ਦੁਨੀਆਂ ਵਿਚ 80% ਊਰਜਾ ਪੈਦਾ ਕਰਦੇ ਹਨ। 2030 ਤੋਂ ਪਹਿਲਾਂ ਇਸ ਦੀ ਵਰਤੋਂ ਜ਼ਿਆਦਾ ਘੱਟ ਕਰਨ ਦੇ ਆਸਾਰ ਬਹੁਤ ਘੱਟ ਹਨ।

ਵਿਕਸਤ ਦੇਸ਼ਾਂ ਵਿਚ ਭਾਵੇਂ ਇਨ੍ਹਾਂ ਦੀ ਮੰਗ ਜ਼ਿਆਦਾ ਨਹੀਂ ਵਧ ਰਹੀ; ਦੂਜਾ ਅਗਲੇ ਵੀਹ ਸਾਲਾਂ ਵਿਚ ਇਹ ਹੋਰ ਬਦਲਵੀਂ ਊਰਜਾ ਦੇ ਸਾਧਨ ਵਧਾ ਵੀ ਲੈਣਗੇ ਪਰ ਸਮੁੱਚੇ ਤੌਰ ‘ਤੇ ਪੂਰੇ ਸੰਸਾਰ ਵਿਚ ਇਨ੍ਹਾਂ ਦੀ ਮੰਗ ਲਗਾਤਾਰ ਵਧ ਰਹੀ ਹੈ। ਇਕੱਲੇ ਚੀਨ ਅਤੇ ਭਾਰਤ ਦੀ ਆਰਥਿਕਤਾ ਹੀ ਵਿਕਸਤ ਦੇਸ਼ਾਂ ਦੇ ਮੁਕਾਬਲੇ ਦੋ-ਤਿਹਾਈ ਹੈ। ਇਕੱਲਾ ਤੇਲ, ਸੰਸਾਰ ਦੀ ਕੁੱਲ ਊਰਜਾ ਮੰਗ ਦਾ ਪੈਂਤੀ ਫ਼ੀਸਦੀ ਭਾਰ ਚੁੱਕਦਾ ਹੈ। ਜਿਸ ਤਰ੍ਹਾਂ ਇਸ ਦੀ ਮੰਗ ਵਧ ਰਹੀ ਹੈ, ਉਸ ਤੋਂ ਲੱਗਦਾ ਹੈ ਕਿ ਵਧੀਆਂ ਕੀਮਤਾਂ ਟਿਕੀਆਂ ਰਹਿਣਗੀਆਂ ਜਾ ਹੋਰ ਵਧਣਗੀਆਂ। ਇਸ ਤੋਂ ਇਲਾਵਾ ਬੀ.ਪੀ. ਤੇਲ ਕੰਪਨੀ ਨੇ ਆਪਣੀ ਰਿਪੋਰਟ ਵਿਚ ਰਾਜਨੀਤੀ, ਤਕਨਾਲੋਜੀ ਅਤੇ ਫ਼ੈਸ਼ਨਪ੍ਰਸਤੀ ਵਰਗੇ ਵਿਸ਼ੇ ਛੂਹੇ ਤਕ ਨਹੀਂ ਜਿਹੜੇ ਪਿਛਲੇ ਲੰਮੇ ਅਰਸੇ ਤੋਂ ਤੇਲ ਕੀਮਤਾਂ ਨੂੰ ਪ੍ਰਭਾਵਤ ਕਰਦੇ ਆ ਰਹੇ ਹਨ।

ਸਭ ਤੋਂ ਅਹਿਮ ਗੱਲ ਦੇਖਣ ਵਾਲੀ ਇਹ ਹੈ ਕਿ ਜਦੋਂ ਤੇਲ ਦੀ ਮੰਗ ਵਧਦੀ ਹੈ ਤਾਂ ਖਾੜੀ ਦੇਸ਼ਾਂ ਵਿਚ ਹੋਰ ਤੇਲ ਖੂਹ ਪੁੱਟੇ ਜਾਂਦੇ ਹਨ ਪਰ ਇਸ ਖਿੱਤੇ ਵਿਚ ਲੰਮੇ ਸਮੇਂ ਤੋਂ ਰਾਜਸੀ ਅਸਥਿਰਤਾ ਦਾ ਮਾਹੌਲ ਬਣਿਆ ਹੋਇਆ ਹੈ। ਅਸਥਿਰਤਾ ਦਾ ਇਹ ਮਾਹੌਲ ਛੇਤੀ ਤੋਂ ਛੇਤੀ ਊਰਜਾ ਦੇ ਬਦਲਵੇਂ ਸਾਧਨ ਵਿਕਸਤ ਕਰਨ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਧਰਤੀ ਉਤੇ ਵਧ ਰਿਹਾ ਪ੍ਰਦੂਸ਼ਣ ਵੀ ਨਵੇਂ ਸਾਧਨ ਲੱਭਣ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਧਰਤੀ ਉਤੇ ਵਧ ਰਹੀ ਗਰਮੀ ਘਟਾਉਣ ਲਈ ਫ਼ੋਸਿਲ ਫ਼ਿਊਲ (ਤੇਲ, ਕੋਇਲਾ ਤੇ ਗੈਸ) ਫੂਕਣਾ ਬੰਦ ਕਰਨਾ ਪਵੇਗਾ। ਦੁਨੀਆਂ ਭਰ ਦੀਆਂ ਸਰਕਾਰਾਂ ਇਸ ਕੰਮ ਨੂੰ ਹੋਰ ਕਾਰਗਰ ਤੇ ਸਹਾਈ ਬਣਾਉਣ ਵਿਚ ਲੱਗੀਆਂ ਹੋਈਆਂ ਹਨ। ਅਮਰੀਕਾ ਵਿਚ ਹੀ ਓਬਾਮਾ ਸਰਕਾਰ ਨੇ 2016 ਤਕ ਸਾਰੇ ਵਾਹਨਾਂ ਦੀ ਤੇਲ ਖ਼ਪਤ 35.5 ਪ੍ਰਤੀ ਗੈਲਨ ਕਰਨ ਦਾ ਮਿਆਰ ਮਿਥ ਦਿੱਤਾ ਹੈ ਜੋ ਹੁਣ 25 ਮੀਲ ਫ਼ੀ ਗੈਲਨ ਹੈ। ਇਸ ਦੇ ਸਿੱਟੇ ਵਜੋਂ ਅਮਰੀਕਾ ਵਿਚ ਤੇਲ ਦੀ ਖ਼ਪਤ 29% ਘਟ ਜਾਵੇਗੀ। ਤਕਨਾਲੋਜੀ ਇਸ ਖੇਤਰ ਵਿਚ ਹੋਰ ਵੀ ਅੱਗੇ ਵਧ ਰਹੀ ਹੈ। ਅਜਿਹੇ ਵਾਹਨ ਵਿਕਸਤ ਹੋ ਰਹੇ ਹਨ ਜਿਹੜੇ ਕੂੜਾ-ਕਰਕਟ, ਰਹਿੰਦ-ਖੂੰਹਦ, ਕਚਰੇ ਅਤੇ ਖਾਰੇ-ਗੰਧਲੇ ਪਾਣੀ ਵਰਗੇ ਸਰੋਤਾਂ ਤੋਂ ਪੈਦਾ ਕੀਤੀ ਊਰਜਾ ਨਾਲ ਚੱਲਣਗੇ। ਇਸ ਨਾਲ ਖੇਤੀ ਵਾਲੀ ਜ਼ਮੀਨ ਦੀ ਹੋਰ ਬੱਚਤ ਕਰਨ ਦਾ ਵੀ ਟੀਚਾ ਹੈ। ਇਤਿਹਾਸ ਵਿਚ ਰੁਚੀ ਰੱਖਣ ਵਾਲੇ ਲੋਕਾਂ ਨੂੰ ਪਤਾ ਹੈ ਕਿ ਬੈਟਰੀ ਨਾਲ ਚੱਲਣ ਵਾਲੀ ਕਾਰ (ਇਲੈਕਟ੍ਰਿਕ ਕਾਰ) ਅਤੇ ਤੇਲ ਇਕੋ ਸਮੇਂ ਦੀਆਂ ਖੋਜਾਂ ਹਨ। ਉਸ ਵਕਤ ਤਕ ਮਨੁੱਖ ਨੇ ਤੇਲ ਵੀ ਲੱਭ ਲਿਆ ਸੀ। ਸੋ, ਜੇਕਰ ਤੇਲ ਨਾਲ ਚੱਲਣ ਵਾਲੀਆਂ ਗੱਡੀਆਂ ਨੂੰ ਉਤਸ਼ਾਹਿਤ ਨਾ ਕੀਤਾ ਜਾਂਦਾ ਤਾਂ ਤੇਲ ਕਿਸ ਕੰਮ ਆਉਣਾ ਸੀ। ਤੇਲ ਲੱਭ ਤਾਂ ਲਿਆ ਪਰ ਇਸ ਦਾ ਕੀ ਕੀਤਾ ਜਾਵੇ, ਅਤੇ ਇਸ ਤੋਂ ਪੈਸਾ ਕਿਵੇਂ ਕਮਾਇਆ ਜਾਵੇ, ਅਜਿਹੇ ਸਵਾਲਾਂ ਨੇ ਹੀ ਤੇਲ ਵਾਲੇ ਇੰਜਣ ਨੂੰ ਹੋਰ ਉਤਸ਼ਾਹਿਤ ਕੀਤਾ ਅਤੇ ਪਬਲਿਕ ਟਰਾਂਸਪੋਰਟ ਨੂੰ ਠੱਪ ਕੀਤਾ ਤਾਂ ਜੋ ਵੱਧ ਤੋਂ ਵੱਧ ਤੇਲ ਅਤੇ ਤੇਲ ਨਾਲ ਚੱਲਣ ਵਾਲੇ ਵਾਹਨ ਵੇਚ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਇਆ ਜਾ ਸਕੇ।

ਹੁਣ ਤੇਲ ਦਾ ਵਪਾਰ ਇੰਨਾ ਫੈਲਿਆ ਹੋਇਆ ਹੈ ਕਿ ਜੇ ਇਸ ਨੂੰ ਛੇਤੀ ਤੋੜਿਆ ਜਾਵੇ ਤਾਂ ਆਰਥਿਕ ਅਸਥਿਰਤਾ ਵਧ ਸਕਦੀ ਹੈ ਪਰ ਇਸ ਨੂੰ ਬਦਲਣ ਦੇ ਲਗਾਤਾਰ ਯਤਨ ਜਾਰੀ ਹਨ। ਇਹ ਸਭ ਕੁਝ ਇਸ ਤਰੀਕੇ ਨਾਲ ਹੋ ਰਿਹਾ ਹੈ ਕਿ ਲੋਕਾਂ ਦੇ ਕੰਮ-ਧੰਦੇ ਵੀ ਨਾਲ-ਨਾਲ ਸਹਿਜ ਰੂਪ ਵਿਚ ਬਦਲਦੇ ਜਾਣ; ਨਹੀਂ ਤਾਂ ਇਕ ਰਾਤ ਵਿਚ ਹੀ, ਤੇਲ ਦੇ ਇੰਜਣ ਨਾਲੋਂ ਵੀ ਜ਼ਿਆਦਾ ਤਾਕਤਵਰ, ਬੈਟਰੀ ਜਾਂ ਹੋਰ ਤਰੀਕਿਆਂ ਨਾਲ ਚੱਲਣ ਵਾਲੀ ਕਾਰ ਮਾਰਕੀਟ ਵਿਚ ਲਿਆਂਦੀ ਜਾ ਸਕਦੀ ਹੈ। ਇਥੋਂ ਤਕ ਕਿ ਨਿਰੋਲ ਪਾਣੀ ਨਾਲ ਚੱਲਣ ਵਾਲਾ ਇੰਜਣ ਵਿਕਸਤ ਹੋ ਚੁੱਕਾ ਹੈ ਜਿਸ ਦੇ ਇਕ ਚੈਂਬਰ ਵਿਚ ਪਾਣੀ ਨੂੰ ਆਕਸੀਜਨ ਅਤੇ ਹਾਈਡ੍ਰੋਜਨ ਵਿਚ ਨਿਖੇੜਿਆ ਜਾਂਦਾ ਹੈ ਤੇ ਦੂਜੇ ਵਿਚ ਦੋਵਾਂ ਗੈਸਾਂ ਨੂੰ ਮੁੜ ਪਾਣੀ ਵਿਚ ਬਦਲਿਆ ਜਾਂਦਾ ਹੈ। ਇਸ ਦੋਹਰੀ ਪ੍ਰਕਿਰਿਆ ਵਿਚ ਹੁੰਦੇ ਧਮਾਕੇ ਨਾਲ ਜਿਹੜੀ ਬਿਜਲੀ ਪੈਦਾ ਹੁੰਦੀ ਹੈ, ਉਸ ਨਾਲ ਇੰਜਣ ਚੱਲਦਾ ਹੈ। ਇਸ ਇੰਜਣ ਦੀ ਬਣਤਰ ਬਾਰੇ ਚਰਚਾ ਕਿਸੇ ਹੋਰ ਲੇਖ ਵਿਚ ਕਰਾਂਗੇ। ਸਮੁੱਚੇ ਤੌਰ ਉਤੇ ਜਿਸ ਤਰ੍ਹਾਂ ਤੇਲ ਦੇ ਬਦਲਵੇਂ ਸਾਧਨ ਲੱਭੇ ਜਾ ਰਹੇ ਹਨ ਜਾਂ ਲੱਭੇ ਜਾ ਚੁੱਕੇ ਹਨ, ਉਸ ਤੋਂ ਸਪਸ਼ਟ ਹੈ ਕਿ ਤੇਲ ਦੇ ਵਪਾਰ ਨੂੰ ਲੱਗੀ ਸੰਨ੍ਹ ਹੋਰ ਮੋਕਲੀ ਹੁੰਦੀ ਜਾ ਰਹੀ ਹੈ ਅਤੇ ਤੇਲ ਦੀ ਕੀਮਤ ਫ਼ਰੈਂਕਲਿਨ ਦੀ ਫੋਟੋ ਵਾਲੇ ਪੱਤੇ ਉਤੇ ਜ਼ਿਆਦਾ ਦੇਰ ਟਿਕੀ ਨਹੀਂ ਰਹਿ ਸਕਦੀ।

ਤੇਲ ਦੀਆਂ ਕੀਮਤਾਂ ਨੂੰ ਲੈ ਕੇ ਜਿਸ ਤਰ੍ਹਾਂ ਦਾ ਮਾਹੌਲ ਅੱਜ ਅਮਰੀਕਾ ਵਿਚ ਹੈ, ਇਸ ਤੋਂ ਵੀ ਵੱਧ ਮਾੜਾ ਮਾਹੌਲ ਦੇਸ਼ ਵਿਚ ਪਹਿਲਾਂ ਵੀ ਪੈਦਾ ਹੋ ਚੁੱਕਾ ਹੈ। ਸੱਤਰਵਿਆਂ ਵਿਚ ਜਦੋਂ ਤੇਲ ਦੀਆਂ ਕੀਮਤਾਂ ਵਧੀਆਂ ਸਨ ਤਾਂ ਸੜਕਾਂ ਉਤੇ ਰਫ਼ਤਾਰ ਦੀ ਹੱਦ ਮਿੱਥ ਦਿੱਤੀ ਗਈ। ਉਸ ਤੋਂ ਪਹਿਲਾਂ ਅਮਰੀਕਾ ਦੀਆਂ ਸੜਕਾਂ ਉਤੇ ਕਾਰ ਤੇਜ਼ ਚਲਾਉਣ ਦੀ ਕੋਈ ਸਪੀਡ ਹੱਦ ਨਹੀਂ ਹੁੰਦੀ ਸੀ। ਉਸ ਵਕਤ ਤੇਲ ਦੇ ਵਪਾਰ ਉਤੇ ਇਕ ਘਰਾਣੇ ਦੀ ਅਜਾਰੇਦਾਰੀ ਸੀ ਅਤੇ ਉਸ ਦੇ ਇਕ ਕਰੀਬੀ ਘਰਾਣੇ ਦੀ ਸਮੁੱਚੇ ਮੀਡੀਆ ਉਤੇ ਪਕੜ ਸੀ। ਦੋਵੇਂ ਘਰਾਣੇ ਮਨਮਰਜ਼ੀ ਦੇ ਭਾਅ ਮਿਥ ਕੇ ਲੋਹੜੇ ਦਾ ਪੈਸਾ ਕਮਾਉਂਦੇ ਸਨ।

ਤੇਲ ਨਾਲ ਜੁੜੇ ਘਰਾਣੇ ਜਦੋਂ ਦੇਸ਼ ਦੀ ਸਰਕਾਰ ਲਈ ਚੁਣੌਤੀ ਬਣਨ ਲੱਗੇ ਤਾਂ ਇਨ੍ਹਾਂ ਦੀਆਂ ਕੰਪਨੀਆਂ ਨੂੰ ਸਰਕਾਰ ਨੇ ਕਈ ਹਿੱਸਿਆਂ ਵਿਚ ਵੰਡ ਕੇ ਵਪਾਰਕ ਪਾਬੰਦੀਆਂ ਲਾ ਦਿੱਤੀਆਂ ਜਿਵੇਂ ਪਿੱਛੇ ਜਿਹੇ ਮਾਈਕ੍ਰੋਸਾਫ਼ਟ ਕੰਪਨੀ ਨਾਲ ਕੀਤਾ ਗਿਆ ਹੈ। ਸਰਕਾਰ ਨੂੰ ਉਹ ਦਿਨ ਯਾਦ ਹਨ ਜਦੋਂ ਤੇਲ ਕੰਪਨੀਆਂ, ਸਰਕਾਰਾਂ ਨੂੰ ਆਪਣੇ ਇਸ਼ਾਰੇ ‘ਤੇ ਚਲਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਸੋ, ਅੱਜ ਦੀਆਂ ਸਰਕਾਰਾਂ ਤੇਲ ਕੰਪਨੀਆਂ ਉਤੇ ਪੂਰੀ ਨਿਗ੍ਹਾ ਰੱਖ ਰਹੀਆਂ ਹਨ। ਇਨ੍ਹਾਂ ਦੀ ਅਜਾਰੇਦਾਰੀ ਅਤੇ ਕਾਲਪਨਿਕ ਕਹਾਣੀਆਂ ਅੱਗੇ ਨਹੀਂ ਵਧਣ ਦੇਣਗੀਆਂ। ਦੂਜਾ, ਅੱਜ ਦਾ ਖ਼ਪਤਕਾਰ ਹੋਰ ਸਿਆਣਾ ਹੋ ਰਿਹਾ ਹੈ। ਖ਼ਪਤਕਾਰਾਂ ਨੂੰ ਪਤਾ ਹੈ ਕਿ ਤੇਲ ਕੰਪਨੀਆਂ ਕਿਵੇਂ ਕਿਸੇ ਤੇਲ ਸੋਧਕ ਕਾਰਖ਼ਾਨੇ ਨੂੰ ਲੱਗੀ ਅੱਗ, ਖਾੜੀ ਵਿਚ ਵਾਪਰੀ ਕਿਸੇ ਘਟਨਾ ਜਾਂ ਕੁਦਰਤੀ ਆਫ਼ਤਾਂ ਨੂੰ ਬਹਾਨਾ ਬਣਾ ਕੇ ਤੇਲ ਦੀਆਂ ਕੀਮਤਾਂ ਵਧਾ ਲੈਂਦੀਆਂ ਹਨ। ਹੁਣ ਲੋਕਾਂ ਨੂੰ ਪਤਾ ਹੈ ਕਿ ਕੁਦਰਤੀ ਆਫ਼ਤ ਕੈਟਰੀਨਾ ਦੇ ਮੌਕੇ ਤੇਲ ਕੰਪਨੀਆਂ ਦਾ ਮੁਨਾਫ਼ਾ ਤਾਂ ਉਪਰ ਨੂੰ ਗਿਆ ਜਦਕਿ ਬਾਕੀ ਸਾਰੇ ਧੰਦੇ ਥੱਲੇ ਗਏ। ਸੋ, ਅੱਜ ਦਾ ਖ਼ਪਤਕਾਰ ਇਸ ਗੱਲ ਦੀਆਂ ਸੂਹਾਂ ਲੈ ਰਿਹਾ ਹੈ ਕਿ ਛੇਤੀ ਤੋਂ ਛੇਤੀ ਸਾਫ਼ ਅਤੇ ਸਸਤੀ ਊਰਜਾ ਦੇ ਸੋਮੇ ਹੋਰ ਵਿਕਸਤ ਕੀਤੇ ਜਾਣ ਤਾਂ ਜੋ ਫ਼ੋਸਿਲ ਫ਼ਿਊਲ (ਤੇਲ, ਕੋਇਲਾ ਤੇ ਗੈਸ) ਦੀ ਵਰਤੋਂ ਘੱਟ ਸਕੇ ਅਤੇ ਇਨ੍ਹਾਂ ਦੀ ਲੁੱਟ ਤੋਂ ਬਚਿਆ ਜਾ ਸਕੇ।

ਸ਼ੁਰੂ ਤੋਂ ਲੈ ਕੇ ਹੁਣ ਤਕ ਅਮਰੀਕਾ ਵਿਚ ਵਰਤੋਂ ਵਿਚ ਆਉਂਦਾ ਸਭ ਤੋਂ ਵੱਧ ਤੇਲ ਕੈਨੇਡਾ, ਮੈਕਸੀਕੋ ਅਤੇ ਦੱਖਣੀ ਅਮਰੀਕਾ ਤੋਂ ਆਉਂਦਾ ਹੈ। ਅਰਬ ਦੇਸ਼ ਤੇਲ ਦਾ ਬਹੁਤ ਥੋੜ੍ਹਾ ਹਿੱਸਾ ਦੇ ਕੇ ਆਖਦੇ ਹਨ ਕਿ ਅਮਰੀਕਾ ਤੇਲ ਦੇ ਮਾਮਲੇ ਵਿਚ ਅਰਬ ਲੋਕਾਂ ਦਾ ਗ਼ੁਲਾਮ ਹੈ। ਅਮਰੀਕਾ ਦੀ ਨਵੀਂ ਪੀੜ੍ਹੀ ਸੋਚਦੀ ਹੈ ਕਿ ਜੇਕਰ ਤੇਲ ਬਿਨਾਂ ਕਾਰਾਂ ਚਲਾਈਆਂ ਜਾ ਸਕਦੀਆਂ ਹਨ ਤਾਂ ਕਿਉਂ ਨਾ ਚਲਾਈਆਂ ਜਾਣ! ਤੇਲ ਵਾਲੀਆਂ ਕਾਰਾਂ ਚਲਾ ਕੇ ਕਿਸੇ ਤੋਂ ਗ਼ੁਲਾਮ ਕਿਉਂ ਕਹਾਇਆ ਜਾਵੇ। ਤੇਲ ਪੈਦਾ ਕਰਨ ਵਾਲੇ ਦੇਸ਼ਾਂ ਦੀ ਨਵੀਂ ਪੀੜ੍ਹੀ ਨੂੰ ਵੀ ਇਹ ਸਮਝ ਹੈ ਕਿ ਤੇਲ ਵਪਾਰ ਦੇ ਦਿਨ ਹੁਣ ਬਹੁਤ ਲੰਮੇ ਨਹੀਂ, ਖ਼ਾਸ ਕਰਕੇ ਅਰਬ ਦੇਸ਼ਾਂ ਦੀ ਜਾਗਰੂਕ ਨਵੀਂ ਪੀੜ੍ਹੀ ਨੂੰ ਪਤਾ ਹੈ ਕਿ ਉਨ੍ਹਾਂ ਕੋਲ ਤੇਲ ਦੇ ਸਿਵਾਏ ਸੀਮਤ ਕੁਦਰਤੀ ਸਾਧਨ ਹਨ। ਉਹ ਸਮਝਦੇ ਹਨ ਕਿ ਜੇਕਰ ਛੇਤੀ ਤੇਲ ਦੇ ਬਦਲਵੇਂ ਸਾਧਨ ਆ ਗਏ ਤਾਂ ਤੇਲ ਦਾ ਕੀ ਕੀਤਾ ਜਾਵੇਗਾ? ਸੋ, ਉਹ ਸੋਚਦੇ ਹਨ ਕਿ ਤੇਲ ਦੇ ਬਦਲਵੇਂ ਸਾਧਨ ਵਿਕਸਤ ਹੋਣ ਤੋਂ ਪਹਿਲਾਂ ਪਹਿਲਾਂ ਵੱਧ ਤੋਂ ਵੱਧ ਤੇਲ ਕੱਢ ਕੇ ਵੇਚਿਆ ਜਾਵੇ ਅਤੇ ਤੇਲ ਤੋਂ ਕਮਾਇਆ ਪੈਸਾ ਦੂਸਰੇ ਦੇਸ਼ਾਂ ਵਿਚ ਜਾਂ ਹੋਰ ਖੇਤਰਾਂ ਵਿਚ ਲਾਇਆ ਜਾਵੇ।

ਸੱਦਾਮ ਹੁਸੈਨ ਵੱਲੋਂ ਕੁਵੈਤ ਉਤੇ ਹਮਲੇ ਦਾ ਇਹ ਪੱਖ ਸਭ ਤੋਂ ਭਾਰੂ ਸੀ ਕਿਉਂਕਿ ਸੱਦਾਮ ਚਾਹੁੰਦਾ ਸੀ ਕਿ ਅਰਬ ਤੇਲ ਥੋੜ੍ਹਾ ਕੱਢਣ ਤਾਂ ਜੋ ਮਾਰਕੀਟ ਵਿਚ ਤੇਲ ਦੀ ਥੁੜ੍ਹ ਰੱਖ ਕੇ ਮਹਿੰਗਾ ਅਤੇ ਹੌਲੀ-ਹੌਲੀ ਵੇਚਿਆ ਜਾਵੇ ਪਰ ਕੁਵੈਤ ਦਾ ਵਿਲਾਇਤ ਤੋਂ ਪੜ੍ਹਿਆ ਰਾਜ ਕੁਮਾਰ ਸੋਚਦਾ ਸੀ ਕਿ ਅਰਬ ਤੇਲ ਉਤੇ ਹੀ ਕਿਉਂ ਬੈਠੇ ਰਹਿਣ। ਉਨ੍ਹਾਂ ਨੂੰ ਚਾਹੀਦੈ ਕਿ ਛੇਤੀ ਤੋਂ ਛੇਤੀ ਵੱਧ ਤੇਲ ਵੇਚ ਕੇ ਪੈਸਾ ਕਮਾਇਆ ਜਾਵੇ ਅਤੇ ਮੁੜ ਉਹ ਪੈਸਾ ਪੱਛਮੀ ਦੇਸ਼ਾਂ ਵਿਚ ਲਾਇਆ ਜਾਵੇ।

ਅੱਜ ਦੁਨੀਆਂ ਭਰ ਦਾ ਮੀਡੀਆ ਵੀ ਗ਼ੈਰ-ਤੇਲ ਊਰਜਾ ਸਾਧਨਾਂ ਦੀ ਤਰੱਕੀ ਲਈ ਪ੍ਰਚਾਰ ਕਰ ਰਿਹਾ ਹੈ। ਪੰਜਾਬੀ ਪੱਤਰਕਾਰੀ ਦਾ ਇਤਿਹਾਸ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਸ਼ੁਰੂ ਵਿਚ ਪੰਜਾਬੀ ਪੱਤਰਕਾਰੀ ‘ਚ ਬੁਨੈਣ ਪਾਉਣ ਦੇ ਕੀ ਫ਼ਾਇਦੇ ਅਤੇ ਕੀ ਨੁਕਸਾਨ ਹਨ, ਵਰਗੇ ਮਜ਼ਮੂਨ ਹੁੰਦੇ ਸਨ। ਇਸੇ ਬਹਿਸ ਨੇ ਅੰਦਰ (ਹੇਠਾਂ) ਪਾਉਣ ਵਾਲੇ ਛੋਟੇ ਕੱਪੜਿਆਂ ਦਾ ਵਪਾਰ ਪੰਜਾਬੀ ਭਾਈਚਾਰੇ ਵਿਚ ਪ੍ਰਵਾਨ ਚਾੜ੍ਹ ਦਿੱਤਾ। ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਅਮਰੀਕਾ ਵਿਚ ਇਕ ਫ਼ਿਲਮ ਬਣੀ ਸੀ ‘ਇੱਟ ਹੈਪਨਡ ਵੰਨ ਨਾਈਟ’ ਜਿਸ ਵਿਚ ਦੱਸਿਆ ਗਿਆ ਸੀ ਕਿ ਬੁਨੈਣਾਂ ਜਾਂ ਅੰਦਰ ਪਾਉਣ ਵਾਲੇ ਛੋਟੇ ਕੱਪੜੇ ਫ਼ਜ਼ੂਲਖ਼ਰਚੀ ਹੈ। ਇਸ ਇਕ ਫ਼ਿਲਮ ਨੇ ਹੀ ਅਮਰੀਕਾ ਦੇ ਅੰਦਰ ਪਾਉਣ ਵਾਲੇ ਛੋਟੇ ਕੱਪੜਿਆਂ ਦੇ ਵਪਾਰ ਦਾ ਝੁੱਗਾ ਚੌੜਾ ਕਰ ਦਿੱਤਾ ਸੀ, ਜਿਹੜਾ ਦੂਜੀ ਜੰਗ ਦੌਰਾਨ ਆਈ ਪਹਿਲੀ ਅਮਰੀਕੀ ਆਰਥਿਕ ਮਹਾਂਮਾਰੀ ਪਿੱਛੋਂ ਹੀ ਮੁੜ ਪੈਰਾਂ ‘ਤੇ ਆ ਸਕਿਆ ਸੀ। ਅੱਜ ਕਾਰਾਂ ਦੀ ਵੀ ਇਹੋ ਕਹਾਣੀ ਹੈ। ਨਵੀਂ ਪੀੜ੍ਹੀ ਸੋਚ ਰਹੀ ਹੈ ਕਿ ਜਦੋਂ ਤੇਲ ਅਤੇ ਬੈਟਰੀ ਨਾਲ ਚੱਲਣ ਵਾਲੀਆਂ ਹਾਈਬ੍ਰਿਡ ਕਾਰਾਂ ਆ ਗਈਆਂ ਹਨ; ਪ੍ਰਦੂਸ਼ਣ ਰਹਿਤ ਨਵੀਂ ਤਕਨਾਲੋਜੀ ਨਾਲ ਕਾਰਾਂ ਬਣਾਈਆਂ ਜਾ ਸਕਦੀਆਂ ਹਨ ਤਾਂ ਤੇਲ ਨਾਲ ਚੱਲਣ ਵਾਲੀਆਂ ਕਾਰਾਂ ਹੀ ਕਿਉਂ ਚਲਾਈਆਂ ਜਾਣ? ਤੇਲ ਵਾਲੀਆਂ ਕਾਰਾਂ ਚਲਾ ਕੇ ਕਿਸੇ ਦੇ ਗ਼ੁਲਾਮ ਕਿਉਂ ਬਣੀਏ? ਇਹ ਸੋਚ ਤੇਲ ਦੀਆਂ ਕੀਮਤਾਂ ਵਧਾਏਗੀ ਨਹੀਂ ਸਗੋਂ ਘਟਾਏਗੀ। ਛੋਟੀਆਂ ਕਾਰਾਂ ਚਲਾਉਣ ਦਾ ਰੁਝਾਨ ਵਧ ਰਿਹਾ ਹੈ। ਇਹ ਸਭ ਆਸਾਰ ਤੇਲ ਦੀਆਂ ਕੀਮਤਾਂ ਘੱਟਣ ਦੇ ਹਨ।

ਬੀ.ਪੀ. ਗੈਸ ਕੰਪਨੀ ਨੇ ਜੋ ਰਿਪੋਰਟ ਪੇਸ਼ ਕੀਤੀ ਹੈ, ਉਹ ਰਾਤ ਦੀ ਬਾਤ ਵਰਗੀ ਹੈ। ਉਹ ਤੇਲ ਵਪਾਰ ਦੇ ਮਾੜੇ ਭਵਿੱਖ ਤੋਂ ਚਿੰਤਤ ਹਨ। ਉਹ ਯਥਾਰਥਵਾਦੀ ਸੰਸਾਰ ਨੂੰ ਕਾਲਪਨਿਕ ਕਹਾਣੀਆਂ ਸੁਣਾ ਕੇ ਭੈਅਭੀਤ ਕਰ ਕੇ ਆਪਣਾ ਤੇਲ ਵਪਾਰ ਦਾ ਸਿਤਾਰਾ ਚਮਕਦਾ ਰੱਖਣਾ ਚਾਹੁੰਦੇ ਹਨ। ਸਮੁੱਚੇ ਤੌਰ ‘ਤੇ ਇਕ ਵਾਰ ਫਿਰ ਲੰਮੇ ਅਰਸੇ ਲਈ ਤੇਲ ਦੀਆਂ ਕੀਮਤਾਂ ਥੱਲੇ ਆਉਣਗੀਆਂ, ਹੁਣ ਵਧੀਆ ਕੀਮਤਾਂ ਸਿਰਫ਼ ਤੇਲ ਕੰਪਨੀਆਂ ਲਈ ਮਿਸਰ ਦਾ ਘਟਨਾਕ੍ਰਮ ਇਕ ਬਹਾਨਾ ਹੈ।

# ਚੰਗਾ ਨਹੀਂ ਹੈ ਬੰਗਾਲ ਦਾ ਹਾਲ

ਦੇਸ਼-ਪਰਦੇਸ

**ਪੱਛਮੀ ਬੰਗਾਲ ਵਿਚ ਪੁਲਿਸ ਨੇ ਕਾਨੂੰਨ ਦੇ ਸ਼ਾਸਨ ਨੂੰ ਹਵਾ ਵਿਚ ਉਡਾ ਦਿੱਤਾ ਹੈ। ਇਹ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਹਥਿਆਰਬੰਦ ਬੁਰਛਾਗਰਦਾਂ ਨਾਲ ਜੰਗਲਮਹਿਲ ਖੇਤਰ ਵਿਚ ਘਿਉ-ਸ਼ੱਕਰ ਹੋ ਪਈ ਹੈ। ਇਸ ਖੇਤਰ ਵਿਚ ਦੱਖਣੀ ਬੰਗਾਲ ਦੇ ਤਿੰਨ ਜ਼ਿਲ੍ਹੇ ਪੱਛਮੀ ਮਿਦਨਾਪੁਰ, ਬੰਕੁਰਾ ਅਤੇ ਪੁਰੂਲੀਆ ਆਉਂਦੇ ਹਨ ਜਿਥੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੋ ਰਿਹਾ ਹੈ।**

ਅਰੂਪ ਦਾਸ ਗੁਪਤਾ

ਵਿਸ਼ਵ ਦੀ ਚੌਥੀ ਵਿਸ਼ਾਲ ਅਰਥ-ਵਿਵਸਥਾ ਵਜੋਂ ਭਾਰਤ ਦੇ ਉਭਾਰ ਦੀ ਕਹਾਣੀ ਲੱਖਾਂ ਗਰੀਬ ਅਤੇ ਵਾਂਝੇ ਲੋਕਾਂ ਦੀ ਗੰਭੀਰ ਹਾਲਤ ਨੂੰ ਦੁਨੀਆਂ ਤੋਂ ਛੁਪਾ ਕੇ ਰੱਖ ਰਹੀ ਹੈ। ਵਿਸ਼ਵ ਦੇ ਵਿਸ਼ਾਲ ਲੋਕਤੰਤਰ ਨੇ ਆਕੜ ਅਤੇ ਬਾਹੂਬਲ ਦਾ ਰਾਜਨੀਤਕ ਸੱਭਿਆਚਾਰ ਪੈਦਾ ਕਰ ਦਿੱਤਾ ਹੈ ਜਿਸ ਨੂੰ ਹਰ ਸਿਆਸੀ ਪਾਰਟੀ ਨੇ ਆਪਣੇ ਕੰਮਕਾਜੀ ਸਿਧਾਂਤ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਹੈ। ਜਦੋਂ ਗਰੀਬਾਂ ਵਿਚ ਅਸੰਤੁਸ਼ਟਤਾ ਉਭਰਦੀ ਹੈ ਅਤੇ ਇਸ ਦੇ ਨਤੀਜੇ ਵਜੋਂ ਕਾਨੂੰਨ ਅਤੇ ਵਿਵਸਥਾ 'ਚ ਗਿਰਾਵਟ ਆ ਜਾਂਦੀ ਹੈ ਤਾਂ ਹਕੂਮਤ ਸਖਤ ਕਦਮ ਉਠਾ ਕੇ ਦਖ਼ਲ ਦਿੰਦੀ ਹੈ ਪਰ ਉਦੋਂ ਗੱਲ ਹੋਰ ਆਕਾਰ ਲੈ ਲੈਂਦੀ ਹੈ ਅਤੇ ਜਨਤਾ ਚੁੱਪਚਾਪ ਪੁਲਿਸ ਦੇ ਅਪਰਾਧੀਕਰਨ ਅਤੇ ਸੱਤਾਧਾਰੀ ਪਾਰਟੀ ਨਾਲ ਉਸ ਦੀ ਮਿਲੀਭੁਗਤ ਦੇਖਦੀ ਰਹਿ ਜਾਂਦੀ ਹੈ।

ਇਸ ਵਿਵਸਥਾ ਨੂੰ ਸਮਰਥਨ ਦੇਣ ਲਈ ਇਕ ਕਹਾਣੀ ਪ੍ਰਚਲਿਤ ਹੈ ਕਿ ਪੱਛਮੀ ਬੰਗਾਲ ਵਿਚ ਪੁਲਿਸ ਨੇ ਕਿਵੇਂ ਕਾਨੂੰਨ ਦੇ ਸ਼ਾਸਨ ਨੂੰ ਹਵਾ ਵਿਚ ਉਡਾ ਦਿੱਤਾ ਹੈ। ਇਹ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਹਥਿਆਰਬੰਦ ਬੁਰਛਾਗਰਦਾਂ ਨਾਲ ਜੰਗਲਮਹਿਲ ਖੇਤਰ ਵਿਚ ਘਿਉ-ਸ਼ੱਕਰ ਹੋਈ ਪਈ ਹੈ। ਇਸ ਖੇਤਰ ਵਿਚ ਦੱਖਣੀ ਬੰਗਾਲ ਦੇ ਤਿੰਨ ਜ਼ਿਲ੍ਹੇ ਪੱਛਮੀ ਮਿਦਨਾਪੁਰ, ਬੰਕੁਰਾ ਅਤੇ ਪੁਰੂਲੀਆ ਆਉਂਦੇ ਹਨ ਜਿਥੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੋ ਰਿਹਾ ਹੈ।

22 ਸਾਲਾ ਕੰਚਨ ਦੇਬ ਮਧੂਪੁਰ ਪਿੰਡ ਦਾ ਨਿਵਾਸੀ ਹੈ ਜੋ ਪੱਛਮੀ ਮਿਦਨਾਪੁਰ ਦੇ ਸਲਬੋਨੀ ਪੁਲਿਸ ਸਟੇਸ਼ਨ ਅਧੀਨ ਆਉਂਦਾ ਹੈ। ਉਹ ਅਤੇ ਉਸ ਦਾ ਵੱਡਾ ਭਰਾ ਹੇਮੰਤ ਲਾਲਗੜ੍ਹ ਵਿਚ ਨਵੰਬਰ 2008 ਤੋਂ ਲੋਕਾਂ ਦੀ ਪੁਲਿਸ ਅਤਿਆਚਾਰ ਵਿਰੋਧੀ ਕਮੇਟੀ ਦੁਆਰਾ ਚਲਾਏ ਗਏ ਸੰਘਰਸ਼ ਵਿਚ ਸ਼ਾਮਿਲ ਹੋ ਗਏ ਸਨ। ਸੁਰੱਖਿਆ ਬਲਾਂ ਨੇ ਦੋਹਾਂ ਨੂੰ 6 ਅਪ੍ਰੈਲ 2010 ਨੂੰ ਮਿਦਨਾਪੁਰ ਤੋਂ ਫੜਿਆ ਸੀ। ਜਦੋਂ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਲਬੋਨੀ ਪੁਲਿਸ ਸਟੇਸ਼ਨ ਗਏ ਤਾਂ ਪੁਲਿਸ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਫੜਿਆ ਗਿਆ ਹੈ। ਉਨ੍ਹਾਂ ਨੂੰ ਕਦੇ ਵੀ ਜੁਡੀਸ਼ਲ ਮੈਜਿਸਟਰੇਟ ਸਾਹਮਣੇ ਪੇਸ਼ ਨਹੀਂ ਕੀਤਾ ਗਿਆ। ਦਰਅਸਲ ਉਨ੍ਹਾਂ ਨੂੰ ਖੜਗਪੁਰ ਨਗਰ ਅਤੇ ਕੇਸ਼ਪੁਰ ਦੇ ਥਾਣਿਆਂ ਵਿਚ ਦੋ ਮਹੀਨਿਆਂ ਤੋਂ ਜ਼ਿਆਦਾ ਸਮੇਂ ਤੱਕ ਬਦਤਰ ਹਾਲਤ ਵਿਚ ਰੱਖਿਆ ਗਿਆ। ਨਜ਼ਰਬੰਦ ਕੀਤੇ ਇਕ ਹੋਰ ਸ਼ਖ਼ਸ ਦੀਪਕ ਡੇਅ ਜੋ ਗਵਾਲਟੋਰ ਦਾ ਹੈ, ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਹਰ ਦੂਜੀ ਰਾਤ ਅੱਖਾਂ 'ਤੇ ਪੱਟੀ ਬੰਨ੍ਹ ਕੇ ਛੱਤ ਤੋਂ ਥੱਲੇ ਲਮਕਾਇਆ ਜਾਂਦਾ ਸੀ ਅਤੇ ਇਹ ਮੰਨਣ ਲਈ ਕੁੱਟਿਆ ਜਾਂਦਾ ਸੀ ਕਿ ਉਹ ਮਾਓਵਾਦੀਆਂ ਦੇ ਸੰਪਰਕ ਵਿਚ ਹੈ। 17 ਸਾਲ ਦੇ ਸਕੂਲ ਜਾਣ ਵਾਲੇ ਬਾਲਕ ਅਸੀਮ ਨੂੰ ਸਲਬੋਨੀ ਥਾਣੇ ਦੇ ਪਿਦਰਾਕੋਲੀ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਸੇ ਤਰ੍ਹਾਂ ਦੋ ਮਹੀਨਿਆਂ ਤੋਂ ਜ਼ਿਆਦਾ ਨਜ਼ਰਬੰਦ ਰੱਖਿਆ ਸੀ।

ਇਨ੍ਹਾਂ ਨੌਜਵਾਨਾਂ ਦੇ ਰਿਸ਼ਤੇਦਾਰਾਂ ਵੱਲੋਂ ਮਿਦਨਾਪੁਰ ਦੀ ਅਦਾਲਤ ਵਿਚ ਨੌਜਵਾਨਾਂ ਦੇ ਲਾਪਤਾ ਹੋਣ ਬਾਰੇ ਕੇਸ ਦਰਜ ਕਰਵਾਇਆ, ਫਿਰ ਵੀ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਇਨਕਾਰ ਕਰਦੀ ਰਹੀ। ਜੂਨ 2010 ਦੇ ਅੱਧ ਵਿਚ ਇਨ੍ਹਾਂ ਨੌਜਵਾਨਾਂ ਦੇ ਮੰਗੋਲਦੋਈ (ਆਸਾਮ ਦਾ ਡਰੰਗ ਜ਼ਿਲ੍ਹਾ) 'ਚ ਹੋਣ ਬਾਰੇ ਲੱਗਾ ਜਿਥੇ ਉਨ੍ਹਾਂ ਨੂੰ ਗ਼ਲਤ ਦੋਸ਼ ਲਗਾ ਕੇ ਭੇਜਿਆ ਗਿਆ ਸੀ। ਕੰਚਨ ਨੇ ਦੱਸਿਆ ਹੈ ਕਿ ਕਿਵੇਂ ਉਨ੍ਹਾਂ ਨੂੰ ਆਸਾਮ ਧੱਕਿਆ ਗਿਆ ਸੀ। ਆਸਾਮ ਲਿਜਾਂਦੇ ਸਮੇਂ ਉਨ੍ਹਾਂ ਦੇ ਵਾਹਨ ਨੂੰ ਕਿਸੇ ਜੰਗਲ ਕੋਲ ਰੋਕਿਆ ਗਿਆ ਅਤੇ ਕੁਝ ਹੀ ਮਿੰਟਾਂ ਬਾਅਦ ਉਨ੍ਹਾਂ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਕੁਝ ਦੇਰ ਬਾਅਦ ਕੁਝ ਸਿਪਾਹੀ ਆਏ ਅਤੇ ਉਨ੍ਹਾਂ ਨੇ ਵਾਹਨ ਵਿਚ ਗਾਂਜੇ ਦੇ ਕੁਝ ਬੰਡਲ ਰੱਖ ਦਿੱਤੇ। ਜਦੋਂ ਇਹ ਵਾਹਨ ਮੰਗੋਲਦੋਈ ਪਹੁੰਚਿਆ ਤਾਂ ਉਨ੍ਹਾਂ ਨੇ ਓ.ਸੀ. ਅਤੇ ਕੁਝ ਹੋਰ ਪੁਲਿਸ ਕਰਮੀਆਂ ਵਿਚਕਾਰ ਜ਼ੋਰ-ਜ਼ੋਰ ਨਾਲ ਹੋ ਰਹੀ ਤਕਰਾਰ ਸੁਣੀ। ਓ.ਸੀ. ਉਨ੍ਹਾਂ 'ਤੇ ਮਾਦਕ ਪਦਾਰਥਾਂ ਸਬੰਧੀ ਮਾਮਲਾ ਥੋਪਣ ਦਾ ਇੱਛੁਕ ਨਹੀਂ ਸੀ ਕਿਉਂਕਿ ਦੋਸ਼ ਸਾਬਤ ਕਰਨਾ ਬਹੁਤ ਮੁਸ਼ਕਿਲ ਸੀ। ਸੋ, ਓ.ਸੀ. ਨੇ ਨਜ਼ਰਬੰਦਾਂ ਨੂੰ ਆਪਣੇ ਮਾਪਿਆਂ ਨਾਲ ਫੋਨ 'ਤੇ ਗੱਲ ਕਰਨ ਦੀ ਇਜਾਜ਼ਤ ਦੇ ਦਿੱਤੀ ਤਾਂ ਕਿ ਉਹ ਇਥੇ ਆ ਕੇ ਜ਼ਮਾਨਤ ਦੀ ਵਿਵਸਥਾ ਕਰ ਸਕਣ। ਨਜ਼ਰਬੰਦ ਕੀਤੇ ਲੋਕਾਂ ਦੇ ਪਰਿਵਾਰ ਛੋਟੇ ਕਿਸਾਨ ਹਨ ਅਤੇ ਉਨ੍ਹਾਂ ਸਾਹਮਣੇ ਧਨ ਉਧਾਰ ਲੈਣਾ ਅਤੇ ਜਾਇਦਾਦ ਵੇਚ ਕੇ ਧਨ ਇਕੱਤਰ ਕਰਨਾ ਬਹੁਤ ਮੁਸ਼ਕਿਲ ਕੰਮ ਸੀ। ਇਕ ਵਕੀਲ ਦੀ ਗਾਰੰਟੀ ਨਾਲ ਉਨ੍ਹਾਂ ਨੂੰ ਜ਼ਮਾਨਤ ਮਿਲੀ।

ਇਸ ਤੋਂ ਪਹਿਲਾਂ ਅਸੀਮ ਦੇ ਮਾਪਿਆਂ ਨੇ ਮੰਗੋਲਦੋਈ ਆਉਣ ਦੀ ਯੋਜਨਾ ਬਣਾਈ ਸੀ ਅਤੇ ਜਦੋਂ ਉਹ ਰੇਲਗੱਡੀ ਵਿਚ ਸਵਾਰ ਹੋਣ ਲਈ ਬੱਸ ਰਾਹੀਂ ਖੜਗਪੁਰ ਸਟੇਸ਼ਨ ਪਹੁੰਚੇ ਤਾਂ ਖੜਗਪੁਰ ਥਾਣੇ ਦੀ ਪੁਲਿਸ ਨੇ ਉਨ੍ਹਾਂ ਨੂੰ ਕਈ ਘੰਟੇ ਨਜ਼ਰਬੰਦ ਰੱਖਿਆ ਅਤੇ ਪ੍ਰੇਸ਼ਾਨ ਕੀਤਾ।

ਜਦੋਂ ਉਹ ਵਾਪਸ ਆਏ ਤਾਂ ਆਪੋ-ਆਪਣੇ ਪਿੰਡਾਂ ਤੱਕ ਨਹੀਂ ਪਹੁੰਚ ਸਕੇ ਕਿਉਂਕਿ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਬੁਰਛਾਗਰਦਾਂ, ਜਿਨ੍ਹਾਂ ਨੂੰ ਸੰਯੁਕਤ ਬਲਾਂ ਦੀ ਸਹਾਇਤਾ ਤੇ ਸ਼ਹਿ ਹਾਸਲ ਸੀ, ਨੇ ਖੇਤਰ ਦੇ ਲਗਭਗ ਹਰ ਪਿੰਡ ਵਿਚ ਆਪਣੇ ਹਥਿਆਰਬੰਦ ਕੈਂਪ ਸਥਾਪਿਤ ਕਰ ਲਏ ਸਨ। ਪਿੰਡ ਨਿਵਾਸੀ ਜੋ ਮੁੱਖ ਰੂਪ ਵਿਚ ਲੋਕ ਪੁਲਿਸ ਤਸ਼ੱਦਦ ਵਿਰੋਧੀ ਕਮੇਟੀ ਅਤੇ ਵਿਰੋਧੀ ਦਲਾਂ ਨਾਲ ਸਬੰਧਤ ਸਨ ਆਪਣੇ ਘਰਾਂ 'ਚੋਂ ਭੱਜ ਗਏ ਅਤੇ ਉਨ੍ਹਾਂ ਨੇ ਮਿਦਨਾਪੁਰ ਅਤੇ ਖੜਗਪੁਰ ਦੇ ਸਹਾਇਤਾ ਕੇਂਦਰਾਂ 'ਚ ਜਾ ਸ਼ਰਨ ਲਈ। ਕੰਚਨ ਅਤੇ ਹੋਰ ਲੋਕਾਂ ਨੇ ਮਿਦਨਾਪੁਰ ਨਗਰ ਪਾਲਿਕਾ ਦੀ ਇਮਾਰਤ ਵਿਚ ਸ਼ਬੀਰ ਦੇ ਘਰ ਵਿਚ ਸ਼ਰਨ ਲਈ। ਲਗਭਗ 130 ਲੋਕ ਜੋ ਸਲਬੋਨੀ, ਮਾਨਿਕਪਾਰਾ, ਗਲਟੋਰ ਵਰਗੇ ਜ਼ਿਲ੍ਹਿਆਂ ਤੋਂ ਆਏ ਸਨ, ਆਪਣੇ ਉਜੜੇ-ਪੁਜੜੇ ਪਰਿਵਾਰਾਂ ਨਾਲ ਇਥੇ ਠਹਿਰੇ ਹੋਏ ਸਨ। ਇਸ ਕੈਂਪ ਦਾ ਸੰਚਾਲਨ ਸਥਾਨਕ ਤ੍ਰਿਣਮੂਲ ਕਾਂਗਰਸ ਦੁਆਰਾ ਕੀਤਾ ਜਾ ਰਿਹਾ ਹੈ।

ਪੁਲਿਸ ਨੂੰ ਕੰਚਨ ਵਿਰੁਧ ਜਾਰੀ ਇਕ ਵਾਰੰਟ ਮਿਲਿਆ, ਉਨ੍ਹਾਂ ਅਨੁਸਾਰ ਉਹ ਅਪ੍ਰੈਲ 2010 ਤੋਂ ਲਾਪਤਾ ਹੈ। ਉਸ ਨੂੰ ਗ੍ਰਿਫ਼ਤਾਰੀ ਦਾ ਸ਼ੱਕ ਸੀ, ਇਸ ਲਈ ਉਹ ਮਿਦਨਾਪੁਰ ਦੇ ਮੈਡੀਕਲ ਕਾਲਜ ਹਸਪਤਾਲ ਵਿਚ ਦਾਖ਼ਲ ਆਪਣੀ ਬਿਮਾਰ ਮਾਤਾ ਨੂੰ ਦੇਖਣ ਵੀ ਨਹੀਂ ਜਾ ਸਕਿਆ। ਜਦੋਂ ਉਸ ਦੀ ਮਾਤਾ ਦਾ ਦਿਹਾਂਤ ਹੋ ਗਿਆ ਤਾਂ ਉਸ ਦਾ ਅੰਤਿਮ ਸਸਕਾਰ ਕਰਨ ਲਈ ਵੀ ਉਹ ਸ਼ਮਸ਼ਾਨਘਾਟ ਤੱਕ ਨਹੀਂ ਸੀ ਜਾ ਸਕਿਆ।

9 ਨਵੰਬਰ 2010 ਨੂੰ ਕੰਚਨ ਅਤੇ ਉਸ ਦੇ ਕੁਝ ਦੋਸਤ ਕੁਝ ਸਥਾਨਕ ਵਿਰੋਧੀ ਰਾਜਨੀਤਕ ਨੇਤਾਵਾਂ ਸੰਗ ਸਲਬੋਨੀ ਨੇੜੇ ਪੀਰਾਕਟਾ ਵਿਖੇ ਇਕ ਵਿਰੋਧ ਪ੍ਰਦਰਸ਼ਨ 'ਚ ਸ਼ਾਮਿਲ ਹੋਏ। ਉਥੋਂ ਫੜ ਕੇ ਉਸ ਨੂੰ ਸਲਬੋਨੀ ਥਾਣੇ ਲਿਆਂਦਾ ਗਿਆ। ਪੁਲਿਸ ਨੇ ਉਸ ਨੂੰ ਮਾਓਵਾਦੀ ਨੇਤਾ ਐਲਾਨ ਦਿੱਤਾ ਜਿਸ ਨੂੰ ਬੰਗਾਲੀ ਚੈਨਲਾਂ ਰਾਹੀਂ ਟੀ.ਵੀ. ਉਪਰ ਦਿਖਾਇਆ ਗਿਆ। ਅਗਲੇ ਦਿਨ ਕੰਚਨ ਨੂੰ ਮਿਦਨਾਪੁਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਸਰਕਾਰੀ ਵਕੀਲ ਨੇ ਇਸ ਆਧਾਰ 'ਤੇ ਕਿ ਕੰਚਨ ਮਾਓਵਾਦੀ ਨੇਤਾ ਕਿਸ਼ਨਜੀ ਦਾ ਨੇੜੇ ਦਾ ਸਹਿਯੋਗੀ ਹੈ ਅਤੇ ਉਹ ਮਾਓਵਾਦੀਆਂ ਦੇ ਵੱਡੇ ਹਥਿਆਰ ਡਿਪੂਆਂ ਬਾਰੇ ਬਹੁਤ ਕੁਝ ਜਾਣਦਾ ਹੈ, 15 ਦਿਨਾਂ ਲਈ ਪੁਲਿਸ ਰਿਮਾਂਡ ਦੀ ਮੰਗ ਕੀਤੀ। ਇੰਡੀਅਨ ਪੀਨਲ ਕੋਡ ਦੀ ਧਾਰਾ 124 ਤਹਿਤ ਦੋਵੇਂ ਕੇਸ ਉਸ 'ਤੇ ਬਣਾ ਦਿੱਤੇ ਗਏ। ਉਸ ਨੂੰ ਸੀ.ਆਰ.ਪੀ.ਐਫ. ਦੇ ਕਰਮੀਆਂ 'ਤੇ ਮਸ਼ੀਨਗੰਨ ਨਾਲ ਹਮਲਾ ਕਰਨ ਦਾ ਦੋਸ਼ੀ ਦੱਸਿਆ ਗਿਆ। ਬਚਾਅ ਪੱਖ ਦੀ ਦਲੀਲ ਨੂੰ ਮੈਜਿਸਟਰੇਟ ਨੇ ਕੋਈ ਮਹੱਤਤਾ ਨਹੀਂ ਦਿੱਤੀ ਕਿਉਂਕਿ ਪੁਲਿਸ ਤਸ਼ੱਦਦ ਦੀ ਸ਼ਿਕਾਇਤ, ਰਾਜਧ੍ਰੋਹ ਦੇ ਦੋਸ਼ 'ਤੇ ਕਦੇ ਵੀ ਭਾਰੀ ਨਹੀਂ ਪੈ ਸਕਦੀ। ਉਸ ਨੂੰ ਕੁੱਲ 10 ਮਹੀਨਿਆਂ ਵਿਚ 13 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ।

ਅਦਾਲਤ ਦੇ ਕਮਰੇ ਦੇ ਜਾਲੀਦਾਰ ਦਰਵਾਜ਼ੇ 'ਚੋਂ ਮੇਰੇ ਨਾਲ ਗੱਲ ਕਰਦੇ ਹੋਏ ਕੰਚਨ ਨੇ ਦੱਸਿਆ ਕਿ ਆਪਣੀ ਮਾਂ ਦੇ ਦੇਹਾਂਤ ਤੋਂ ਬਾਅਦ ਉਹ ਆਪਣੇ ਕਈ ਸਾਕ ਸਬੰਧੀਆਂ ਨੂੰ ਗੁਆ ਚੁਕਾ ਹੈ। ਉਸ ਦੇ ਪਿਤਾ ਦਾ ਦੇਹਾਂਤ ਕੁਝ ਸਾਲ ਪਹਿਲਾਂ ਹੋ ਗਿਆ ਸੀ। ਉਸ ਦੇ ਵਿਚਕਾਰਲੇ ਭਰਾ ਦੀ ਮੌਤ ਕਿਸੇ ਬਿਮਾਰੀ ਨਾਲ ਹੋ ਗਈ ਸੀ ਅਤੇ ਉਸ ਦੇ ਵੱਡੇ ਭਰਾ ਹੇਮੰਤ ਨੂੰ ਸੰਯੁਕਤ ਬਲਾਂ ਨੇ ਫਰਜ਼ੀ ਮੁਕਾਬਲੇ ਵਿਚ ਮਾਰ ਮੁਕਾਇਆ। ਸ਼ਾਮ ਨੂੰ ਮਿਦਨਾਪੁਰ ਸਹਾਇਤਾ ਕੈਂਪ 'ਚ ਇਕ ਬੰਦੇ ਦਾ ਫੋਨ ਆਇਆ ਜਿਸ ਨੇ ਜਾਣਕਾਰੀ ਦਿੱਤੀ ਕਿ ਸਲਬੋਨੀ ਬਲਾਕ ਤਹਿਤ ਮਧੂਪੁਰ ਪਿੰਡ ਵਿਚ ਕੰਚਨ ਦੇ ਘਰ ਨੂੰ ਉਸ ਦੀ ਗ੍ਰਿਫ਼ਤਾਰੀ ਤੋਂ ਤੁਰੰਤ ਬਾਅਦ ਭਾੜੇ ਦੇ ਬਦਮਾਸ਼ਾਂ ਨੇ ਜਲਾ ਦਿੱਤਾ ਹੈ। ਕੰਚਨ ਦਾ ਹੁਣ ਕੋਈ ਵੀ ਆਪਣਾ ਨਹੀਂ ਸੀ ਜਿਸ ਵੱਲ ਉਹ ਭਾਵਨਾਤਮਕ ਸਹਾਰੇ ਲਈ ਟੇਕ ਰੱਖ ਸਕੇ।

# ਵਧਦੀ ਆਬਾਦੀ, ਮਹਿੰਗਾਈ ਅਤੇ ਲੋਕਾਂ ਦੀ ਨਿਘਰਦੀ ਹਾਲਤ

ਗੁਰਦਿਆਲ ਸਿੰਘ

ਰਾਜਨੀਤਕ ਪਾਰਟੀਆਂ ਦੇ ਨੇਤਾ ਅਤੇ ਵਰਕਰ ਹਰ ਚੋਣ ਸਮੇਂ ਬੜੇ ਸੁਪਨੇ ਦਿਖਾਉਂਦੇ ਹਨ ਜੋ ਕਦੇ ਪੂਰੇ ਨਹੀਂ ਹੋਏ। ਇਹ ਸਿਲਸਿਲਾ ਨਹਿਰੂ-ਯੁੱਗ ਤੋਂ ਸ਼ੁਰੂ ਹੋ ਕੇ ਅੱਜ ਤੱਕ ਜਾਰੀ ਹੈ ਅਤੇ ਅੱਗਿਓਂ ਵੀ ਜਾਰੀ ਰਹਿਣਾ ਹੈ (ਸਗੋਂ ਵਧਦਾ ਜਾਵੇਗਾ)। ਹੁਣ ਤਾਂ ਹਾਲਾਤ ਇਥੋਂ ਤਕ ਪਹੁੰਚ ਚੁੱਕੇ ਹਨ ਕਿ ਕਿਸੇ ਵਰਗ ਦੀ ਕੋਈ ਸਮੱਸਿਆ ਹੱਲ ਹੋਣ ਦੀਆਂ ਸੰਭਾਵਨਾਵਾਂ ਹੀ ਖ਼ਤਮ ਹੁੰਦੀਆਂ ਜਾ ਰਹੀਆਂ ਹਨ।

ਪਹਿਲੀ ਸਮੱਸਿਆ ਮਹਿੰਗਾਈ ਦੀ ਹੈ ਜੋ ਕਿਵੇਂ ਵੀ ਰੁਕ ਨਹੀਂ ਸਕਦੀ। ਚਾਹੇ ਵੱਡੇ ਨੇਤਾ ਲੱਖ ਕਹੀ ਜਾਣ ਕਿ ਮਹਿੰਗਾਈ ਕੁਝ ਸਮੇਂ ਅੰਦਰ ਕਾਬੂ ਕਰ ਲਈ ਜਾਵੇਗੀ ਪਰ ਅਜਿਹੇ ਦਿਲਾਸਿਆਂ ਦੇ ਕੋਈ ਅਰਥ ਨਹੀਂ। ਸਬਜ਼ੀਆਂ, ਫਲ, ਖੰਡ, ਦੁੱਧ ਅਤੇ ਅਜਿਹੀਆਂ ਹੋਰ ਚੀਜ਼ਾਂ ਸਿਰਫ ਚੰਗੀ ਆਮਦਨ ਵਾਲੇ ਮੱਧਵਰਗੀ ਲੋਕ ਹੀ ਖਰੀਦ ਸਕਦੇ ਹਨ। ਅਜਿਹੇ ਲੋਕਾਂ ਦੀ ਕੁੱਲ ਗਿਣਤੀ 30 ਕਰੋੜ ਤੋਂ ਵਧੇਰੇ ਨਹੀਂ। ਬਾਕੀ 90-95 ਕਰੋੜ ਲੋਕਾਂ ਕੋਲ ਤਾਂ ਗਾਜਰਾਂ ਅਤੇ ਗੰਢੇ ਖਰੀਦਣ ਜੋਗੀ ਵੀ ਆਮਦਨ ਨਹੀਂ। ਉਹ ਮੁਸ਼ਕਲ ਨਾਲ ਆਟਾ, ਦਾਲ ਜਾਂ ਲੂਣ-ਮਿਰਚ ਹੀ ਖਰੀਦ ਸਕਦੇ ਹਨ। ਜੇ ਸਰਕਾਰ ਦੀਆਂ 'ਬਦਨੀਤੀਆਂ' ਕੁਝ ਘਟ ਜਾਣ ਅਤੇ ਯੋਜਨਾਵਾਂ ਅਜਿਹੀਆਂ ਬਣ ਸਕਣ ਕਿ ਇਨ੍ਹਾਂ ਆਮ ਲੋਕਾਂ ਵਿਚੋਂ ਅੱਧਿਆਂ ਨੂੰ ਕੋਈ ਗੁਜ਼ਾਰੇ ਜੋਗਾ ਕੰਮ ਮਿਲ ਸਕੇ ਅਤੇ ਇਨ੍ਹਾਂ ਕੋਲ ਵੀ ਸਬਜ਼ੀਆਂ ਜਾਂ ਫ਼ਲ ਖਰੀਦਣ ਜੋਗੀ ਆਮਦਨ ਹੋ ਸਕੇ ਤਾਂ ਮਹਿੰਗਾਈ ਹੋਰ ਵਧ ਜਾਏਗੀ। ਇਹਦੇ ਕਾਰਨ ਸਹਿਜੇ ਹੀ ਸਮਝੇ ਜਾ ਸਕਦੇ ਹਨ।

ਪਹਿਲਾ ਇਹ ਕਿ ਸਬਜ਼ੀਆਂ, ਫ਼ਲ ਆਦਿ ਬੀਜਣ ਵਾਲੇ ਕਿਸਾਨਾਂ ਤੇ ਮਾਲੀਆਂ ਕੋਲ, ਸਬਜ਼ੀਆਂ ਤੇ ਫ਼ਲ ਬੀਜਣ ਲਈ ਜ਼ਮੀਨ ਆਏ ਦਿਨ ਘਟ ਰਹੀ ਹੈ। ਦੂਜਾ ਕਾਰਨ ਇਹ ਕਿ ਝੋਨੇ ਤੇ ਕਣਕ ਦੀ ਖੇਤੀ ਵਿਚ ਕਿਸਾਨ ਇਸ ਲਈ ਉਲਝ ਚੁੱਕੇ ਹਨ ਕਿ ਇਨ੍ਹਾਂ ਦੀ ਸਾਰੇ ਦੇਸ਼ ਨੂੰ (ਜਿਊਂਦੇ ਰਹਿਣ ਲਈ) ਲੋੜ ਹੈ। ਚਾਹੇ ਸਰਕਾਰ ਖਰੀਦੇ ਜਾਂ ਵਪਾਰੀ, ਕਿਸਾਨ ਦੇ ਇਹ ਦੋਵੇਂ ਅਨਾਜ ਹਰ ਹਾਲਤ ਵਿਚ ਵਿਕ ਜਾਂਦੇ ਹਨ। ਪੈਸੇ ਵੀ 'ਕੱਠੇ ਮਿਲ ਜਾਂਦੇ ਹਨ ਜਿਨ੍ਹਾਂ ਨਾਲ ਔਖਿਆਂ-ਸੌਖਿਆਂ ਜ਼ਿੰਦਗੀ ਦੀ ਗੱਡੀ ਰਿੜ੍ਹਦੀ ਰਹਿ ਸਕਦੀ ਹੈ। ਫ਼ਲ, ਸਬਜ਼ੀਆਂ ਤਾਂ ਰੁੱਤ ਅਨੁਸਾਰ ਬੀਜਣੇ ਪੈਂਦੇ ਹਨ ਅਤੇ ਹਰ ਸਮੇਂ ਉਨ੍ਹਾਂ ਦੀ ਨਿਗਰਾਨੀ ਰੱਖਣੀ ਪੈਂਦੀ ਹੈ ਜੋ ਆਮ ਕਿਸਾਨ ਦੀ ਆਦਤ ਨਹੀਂ। ਵੱਤ ਸਿਰ ਤੋੜਨ ਤੋਂ ਮਗਰੋਂ ਜੇ ਸਬਜ਼ੀਆਂ, ਫ਼ਲ ਨਾ ਵਿਕ ਸਕਣ ਤਾਂ ਉਹ ਖਰਾਬ ਹੋ ਜਾਣਗੇ। ਜੇ ਕੁਝ ਸਮਾਂ ਇਨ੍ਹਾਂ ਨੂੰ ਰੱਖਣਾ ਹੋਵੇ ਤਾਂ ਠੰਢੇ-ਸਟੋਰਾਂ ਦੀ ਲੋੜ ਪਏਗੀ। ਨਾ ਕੋਲਡ ਸਟੋਰ ਹਨ ਅਤੇ ਨਾ ਹੀ ਇਨ੍ਹਾਂ ਨੂੰ ਚਲਾਉਣ ਲਈ ਬਿਜਲੀ।

ਮਹਿੰਗਾਈ ਨਿਰੀ ਖਾਣ ਵਾਲੀਆਂ ਵਸਤਾਂ ਦੀ ਹੀ ਨਹੀਂ, ਹਰ ਕਿਸਮ ਦੀਆਂ ਵਸਤਾਂ ਦੀ ਵਧ ਰਹੀ ਹੈ। ਮਿਸਾਲ ਵਜੋਂ ਜੁੱਤੀ-ਜੋੜੇ, ਕੱਪੜੇ, ਭਾਂਡੇ, ਇਮਾਰਤਾਂ ਬਣਾਉਣ ਲਈ ਇੱਟਾਂ, ਸੀਮਿੰਟ, ਸਰੀਆ, ਲੱਕੜ ਅਤੇ ਆਮ ਬੰਦੇ ਦੀ ਵਰਤੋਂ ਦੀ ਹਰ ਚੀਜ਼। ਆਮ ਕਾਰਨ ਤਾਂ ਇਹ ਹੈ ਕਿ ਉਤਪਾਦਨ ਘੱਟ ਹੈ ਅਤੇ ਖਰੀਦਣ ਵਾਲਿਆਂ ਦੀ ਗਿਣਤੀ ਵੱਧ।

ਸਭ ਤੋਂ ਵਧੇਰੇ ਗੁੰਝਲਦਾਰ ਸਮੱਸਿਆ ਇਹ ਹੈ ਕਿ ਕਿਸੇ ਵੀ ਫ਼ਸਲ ਦੀ ਉਪਜ ਕਰਨ ਅਤੇ ਕਿਸੇ ਚੀਜ਼ ਨੂੰ ਬਣਾਉਣ ਉਤੇ ਖਰਚ ਕਿਵੇਂ ਵਧਦਾ ਜਾਂ ਘਟਦਾ ਹੈ? ਉਤਪਾਦਨ ਲਈ ਮਜ਼ਦੂਰੀ ਦੇਣ ਦੀ ਲੋੜ ਹੈ। ਜੇ ਉਸ ਨੂੰ ਮਜ਼ਦੂਰੀ ਘੱਟ ਮਿਲਦੀ ਹੈ ਤਾਂ ਉਤਪਾਦਨ ਸੰਭਵ ਨਹੀਂ ਅਤੇ ਜੇ ਉਤਪਾਦਨ ਮਸ਼ੀਨਾਂ ਰਾਹੀਂ ਕੀਤਾ ਜਾਂਦਾ ਹੈ ਤਾਂ 90-95 ਕਰੋੜ ਬੰਦੇ ਬਿਲਕੁਲ ਵਿਹਲੇ ਹੋ ਜਾਣਗੇ। ਜੋ ਟੁਟਵਾਂ ਕੰਮ ਹੁਣ ਮਿਲਦਾ ਹੈ, ਉਹ ਵੀ ਨਹੀਂ ਮਿਲਣਾ। ਜੇ ਉਹ ਬਿਲਕੁਲ ਵਿਹਲੇ ਹੋ ਗਏ ਤਾਂ ਦੋ ਹੋਰ ਵਿਕਰਾਲ ਸਮੱਸਿਆਵਾਂ ਪੈਦਾ ਹੋਣਗੀਆਂ। ਪਹਿਲੀ ਇਹ ਕਿ ਭੁੱਖ ਦੇ ਦੁੱਖ ਨਾਲ ਜਾਂ ਉਹ, ਬੰਗਾਲ ਦੇ ਕਾਲ ਵਾਂਗ ਮਰਨਗੇ ਜਾਂ ਚੋਰ-ਉਚੱਕੇ, ਲੁਟੇਰੇ ਤੇ ਕਾਤਲ ਬਣ ਕੇ ਮੱਧਵਰਗ ਦਾ ਜਿਊਣਾ ਹਰਾਮ ਕਰ ਦੇਣਗੇ। ਹੁਣ ਜਿਵੇਂ ਭਾਰਤੀ ਸਮਾਜ ਅੰਦਰ, ਨਿੱਕੀ-ਮੋਟੀ ਚੋਰੀ, ਡਾਕੇ ਤੇ ਕਤਲਾਂ ਦੇ ਮਾਮਲੇ ਰੋਜ਼ ਵਧ ਰਹੇ ਹਨ। ਉਨ੍ਹਾਂ ਦਾ ਮੂਲ ਕਾਰਨ ਇਹੋ ਹੈ ਕਿ ਹੇਠਲੇ ਆਮ ਲੋਕਾਂ-ਮਜ਼ਦੂਰਾਂ, ਕਿਸਾਨਾਂ ਤੇ ਹੋਰ ਨਿੱਕੇ-ਮੋਟੇ ਕੰਮ ਕਰਨ ਵਾਲੇ ਲੋਕ ਵਿਹਲੇ ਹੋ ਰਹੇ ਹਨ।

ਉਲਝਣ ਵਾਲੀ ਅਜਿਹੀ ਹਾਲਤ ਦਿਨੋ-ਦਿਨ ਵਿਕਰਾਲ ਹੁੰਦੀ ਜਾ ਰਹੀ ਹੈ ਕਿਉਂਕਿ ਕਿਸੇ ਸਰਕਾਰ ਨੇ ਨਾ ਆਬਾਦੀ ਰੋਕਣ ਦਾ ਕੋਈ ਕਾਰਗਰ ਢੰਗ ਅਪਨਾਇਆ ਹੈ ਅਤੇ ਨਾ ਹੀ 90-95 ਕਰੋੜ ਲੋਕਾਂ ਲਈ ਕੰਮ ਦੇ ਵਸੀਲੇ ਪੈਦਾ ਕੀਤੇ ਹਨ। ਸਾਲ ਵਿਚ ਪਰਿਵਾਰ ਦੇ ਇਕ ਬੰਦੇ ਨੂੰ ਸੌ ਦਿਨ ਕੰਮ ਦੇਣ ਦੀ ਯੋਜਨਾ ਬੁਰੀ ਤਰ੍ਹਾਂ ਅਸਫਲ ਹੋ ਚੁੱਕੀ ਹੈ। ਸਾਡੇ 'ਸਿਆਣੇ' ਅਰਥ-ਸ਼ਾਸਤਰੀਆਂ (ਪ੍ਰਧਾਨ-ਮੰਤਰੀ ਤੇ ਉਨ੍ਹਾਂ ਦੀ ਸੱਜੀ ਬਾਂਹ ਮੌਂਟੇਕ ਸਿੰਘ ਆਹਲੂਵਾਲੀਆ) ਨੂੰ ਇਹ 'ਜਟਕੀ' ਗੱਲ ਵੀ ਕਦੇ ਸਮਝ ਨਹੀਂ ਆਈ ਕਿ ਜਦੋਂ ਪਿੰਡਾਂ ਤੇ ਸ਼ਹਿਰਾਂ ਵਿਚ, ਵਰਤਮਾਨ ਯੋਜਨਾਵਾਂ ਅਨੁਸਾਰ ਤਗਾਰੀ ਚੁੱਕਣ ਵਾਲੇ, ਅਨਪੜ੍ਹ ਤੇ ਸਾਧਾਰਨ (ਅਸਿੱਖਿਅਤ) ਬੰਦਿਆਂ ਲਈ ਪਹਿਲਾਂ ਹੀ ਕੋਈ ਕੰਮ ਨਹੀਂ ਬਚਿਆ ਤਾਂ ਤੁਸੀਂ ਉਨ੍ਹਾਂ ਨੂੰ ਕੀ ਕੰਮ ਦਿਓਗੇ? ਨਰੇਗਾ ਅਧੀਨ ਜਿਹੜੇ ਪਰਿਵਾਰਾਂ ਦਾ ਕੋਈ ਬੰਦਾ ਕੰਮ ਲਈ ਚੁਣਿਆ, ਉਹਨੂੰ ਵੀ ਸੌ ਦਿਨ ਦੀ ਬਜਾਏ ਸਿਰਫ 48 ਦਿਨ ਕੰਮ ਮਿਲਿਆ। ਇਉਂ 14 ਫੀਸਦੀ ਬੰਦਿਆਂ ਨੂੰ ਹੀ ਸੌ ਦਿਨ ਕੰਮ ਮਿਲਿਆ। ਛੱਪੜਾਂ ਦੀ ਮਿੱਟੀ ਕੱਢਣ ਜਾਂ ਪੱਕੀ ਸੜਕ ਤੱਕ, ਕਿਸੇ ਪਿੰਡ ਤੋਂ ਸੜਕ ਦਾ ਟੋਟਾ ਬਣਾਉਣ ਲਈ ਮਿੱਟੀ ਪਾਉਣ ਤੇ ਇੱਟਾਂ ਲਾਉਣ ਵਰਗੇ ਕੰਮਾਂ ਨਾਲ ਬੇਰੁਜ਼ਗਾਰੀ ਦੂਰ ਨਹੀਂ ਹੋ ਸਕਦੀ। ਇਹ ਮੋਟੀ ਬੁੱਧੀ ਵਾਲਾ ਆਦਮੀ ਵੀ ਸੋਚ ਸਕਦਾ ਹੈ ਕਿ ਜੇ ਇਕ ਪਰਿਵਾਰ ਦੇ ਇਕ ਬੰਦੇ ਨੂੰ 100 ਦਿਨ ਅਜਿਹਾ ਕੋਈ ਕੰਮ ਦੇ ਵੀ ਦਿਓ ਤਾਂ ਬਾਕੀ 265 ਦਿਨ ਉਹ ਕੀ ਕਰੇਗਾ?

**ਜੇ ਲੋਕਾਂ ਨੂੰ ਉਲਝੀ ਤਾਣੀ ਦੀਆਂ ਗੁੰਝਲਾਂ ਸਮਝ ਆ ਸਕਣ ਤਾਂ ਸ਼ਾਇਦ ਵੋਟਾਂ ਦੀ ਖਿੱਚ-ਧੂਹ ਸਮੇਂ ਲੋਕ ਹਰ ਰਾਜਨੀਤਕ ਪਾਰਟੀ ਨੂੰ ਕਟਹਿਰੇ ਵਿਚ ਖੜ੍ਹਾ ਕੇ ਪੁੱਛ ਲੈਣ ਕਿ '63 ਸਾਲ ਵਿਚ ਤੁਸੀਂ ਕੀਤਾ ਕੀ ਹੈ?' ਫੇਰ ਵੀ ਪਤਾ ਨਹੀਂ ਰਾਜਸੱਤਾ ਹਥਿਆਉਣ ਵਾਲੇ ਮੱਛੀ ਵਾਂਗ ਤਿਲ੍ਹਕ ਜਾਣ ਜਿਵੇਂ ਛੇ ਦਹਾਕਿਆਂ ਤੋਂ ਲੋਕਾਂ ਨੂੰ 'ਤਿਲ੍ਹਕਾਉਂਦੇ' ਆਏ ਹਨ। ਇਹ ਢੰਗ ਵੀ ਸ਼ਾਇਦ ਉਨ੍ਹਾਂ ਨੂੰ ਆਪਣਾ ਰਾਜ-ਭਾਗ ਕਾਇਮ ਰੱਖਣ ਲਈ ਮਾੜੀ-ਮੋਟੀ ਸਮੱਸਿਆ ਹੱਲ ਕਰਨ ਲਈ ਮਜਬੂਰ ਕਰ ਸਕੇ।**

ਦੂਜੀ ਸਮੱਸਿਆ ਇਹ ਹੈ ਕਿ ਛੱਪੜ ਸਾਫ਼ ਕਰਨਾ ਅਤੇ ਨਿੱਕੀ-ਮੋਟੀ, ਟੁੱਟੀ-ਭੱਜੀ ਸੜਕ ਬਣਾਉਣਾ ਉਤਪਾਦਨ ਦਾ ਕੋਈ ਕੰਮ ਨਹੀਂ। ਉਤਪਾਦਨ ਉਹ ਹੈ ਜਦੋਂ ਕੋਈ ਚੀਜ਼ ਪੈਦਾ ਕੀਤੀ ਜਾਂ ਬਣਾਈ ਜਾਏ। ਸੜਕ ਉਤੇ ਕਰੋੜਾਂ ਬੇਕਾਰ ਲੋਕਾਂ ਨੇ ਕੀ ਕਾਰਾਂ ਚਲਾਉਣੀਆਂ ਹਨ? ਉਨ੍ਹਾਂ ਨੂੰ ਤਾਂ ਠਿੱਬੇ ਛਿੱਤਰਾਂ ਨਾਲ ਧੂੜ-ਭਰੇ ਕੱਚੇ ਰਾਹਾਂ ਉਤੇ ਵੀ ਤੁਰੇ ਫਿਰਦਿਆਂ ਸਦੀਆਂ ਬੀਤ ਗਈਆਂ, ਸੜਕਾਂ ਤੋਂ ਉਨ੍ਹਾਂ ਨੇ ਕੀ ਲੈਣਾ ਹੈ?

ਜੇ ਸਰਕਾਰ ਅੱਜ ਵੀ, ਆਬਾਦੀ ਜਿੰਨੀ ਹੋ ਚੁੱਕੀ ਹੈ (120 ਕਰੋੜ) ਇਥੇ ਹੀ ਇਕ, ਜਾਂ ਵੱਧ ਤੋਂ ਵੱਧ ਦੋ ਬੱਚਿਆਂ ਦਾ ਕਾਨੂੰਨ ਬਣਾ ਕੇ (ਚੀਨ ਵਾਂਗ) ਆਬਾਦੀ ਰੋਕ ਵੀ ਦੇਵੇ ਤਾਂ ਵੀ 90-95 ਕਰੋੜ ਲੋਕਾਂ ਨੂੰ ਕੋਈ ਲਾਹੇਵੰਦ ਉਤਪਾਦਨ ਦਾ ਕੰਮ ਨਹੀਂ ਦੇ ਸਕਦੀ। ਉਤਪਾਦਨ ਲਈ ਪਹਿਲੀ ਸ਼ਰਤ ਇਹ ਹੈ ਕਿ ਕਿਸੇ ਵੀ ਉਪਜ ਲਈ ਕੁਝ ਥਾਂ ਚਾਹੀਦਾ ਹੈ। ਜ਼ਮੀਨ ਰਹਿ ਕਿੱਥੇ ਗਈ ਹੈ? ਪੰਜਾਬ ਦੇ ਇਕ ਥਰਮਲ ਪਲਾਂਟ ਲਈ 2300 ਏਕੜ ਜ਼ਮੀਨ ਲੈਣ ਲਈ ਕਈ ਪਿੰਡਾਂ ਦਾ ਅੱਧ-ਪਚੱਧਾ ਉਜਾੜਾ ਹੋ ਗਿਆ। ਥਰਮਲ ਪਲਾਂਟ ਦੀ ਬਿਜਲੀ ਜਦੋਂ ਬਣਨ ਵੀ ਲੱਗ ਪਈ ਤਾਂ ਉਹ ਉਤਲੇ ਲੋਕਾਂ ਦੇ ਕਮਰੇ ਠੰਢੇ ਜਾਂ ਗਰਮ ਕਰਨ ਲਈ ਜਾਂ ਸ਼ਹਿਰਾਂ ਦੇ 'ਸੁੰਦਰੀਕਰਨ' ਲਈ ਹੀ ਵਧੇਰੇ ਵਰਤੀ ਜਾਵੇਗੀ। ਮੰਨ ਲਓ ਕਿ ਉਹ ਆਮ ਲੋਕਾਂ ਦੀਆਂ ਲੋੜਾਂ ਵੀ ਪੂਰੀਆਂ ਕਰੇ ਪਰ ਕੀ ਉਹ ਲੋੜਾਂ 'ਉਤਪਾਦਨ' ਵਧਾਉਣਗੀਆਂ ਕਿ ਬਿਜਲੀ ਦਰਾਂ ਦੁੱਗਣੀਆਂ-ਤਿਗੁਣੀਆਂ ਕਰਕੇ ਆਮ ਲੋਕਾਂ ਨੂੰ ਹੋਰ ਗਰੀਬ ਕਰ ਦੇਣਗੀਆਂ? ਇਹ ਤਾਂ ਪਲਾਂਟ ਲੱਗਣ ਤੋਂ ਮਗਰੋਂ ਦੀਆਂ ਸਮੱਸਿਆਵਾਂ ਹਨ ਪਰ 2300 ਏਕੜ ਵਿਚ ਹੋਣ ਵਾਲੀਆਂ ਫ਼ਸਲਾਂ ਦੀ ਘਾਟ ਤਾਂ ਹੁਣੇ ਹੋ ਗਈ। ਇਹ ਕੌਣ ਪੂਰੀ ਕਰੇਗਾ? ਜਿਹੜੇ ਕੁਝ ਅਰਬ ਰੁਪਏ ਕਿਸਾਨਾਂ ਨੂੰ ਮਿਲੇ ਹਨ ਉਨ੍ਹਾਂ 'ਕਾਗਜ਼ਾਂ' (ਨੋਟਾਂ) ਦਾ ਉਹ ਕੀ ਕਰਨਗੇ? ਰਾਜਸਥਾਨ ਤੇ ਉਤਰ ਪ੍ਰਦੇਸ਼ ਵਿਚ ਵੀ ਜ਼ਮੀਨਾਂ ਹੁਣ ਨਹੀਂ ਮਿਲਦੀਆਂ ਕਿ ਅਜਿਹੇ ਉਜਾੜੇ ਸਮੇਂ ਕਿਸਾਨ ਉਥੇ ਜ਼ਮੀਨਾਂ ਲੈ ਕੇ ਖੇਤੀ ਕਰ ਸਕਣ। ਜੇ ਕਿਸੇ ਆੜ੍ਹਤੀਏ ਨੂੰ ਪੈਸੇ ਦੇ ਬੈਠੇ ਤਾਂ ਉਹੋ ਹੜੱਪ ਜਾਵੇਗਾ। ਜੇ ਬੈਂਕ ਵਿਚ ਰੱਖਣਗੇ ਤਾਂ ਪੰਜ-ਸੱਤ ਸਾਲਾਂ ਮਗਰੋਂ ਮਹਿੰਗਾਈ ਨੇ ਇਕ ਰੁਪਏ ਦੀ ਕੀਮਤ 25 ਨਵੇਂ ਪੈਸੇ ਵੀ ਨਹੀਂ ਰਹਿਣ ਦੇਣੀ। ਜੇ ਮੁੰਡੇ ਪੜ੍ਹਾ ਲਏ ਤਾਂ ਉਨ੍ਹਾਂ ਨੂੰ ਕਿਸੇ ਨੇ ਚਪੜਾਸੀ ਵੀ ਨਹੀਂ ਲਾਉਣਾ ਕਿਉਂਕਿ ਅੱਜ ਵੀ ਦਸਵੀਂ, ਬਾਰ੍ਹਵੀਂ ਪਾਸ ਮੁੰਡੇ-ਕੁੜੀਆਂ ਦੀ ਗਿਣਤੀ ਪੰਜਾਹ ਲੱਖ ਤੋਂ ਵਧੇਰੇ ਹੈ ਜਿਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲ ਰਹੀ। ਜਟਕੇ ਹਿਸਾਬ ਨਾਲ 1980 ਵਿਚ ਸੋਨਾ 700 ਰੁਪਏ ਤੋਲਾ ਸੀ। ਪਿਛਲੇ 30 ਸਾਲਾਂ ਬਾਅਦ ਇੱਕੀ ਹਜ਼ਾਰ ਰੁਪਏ ਤੋਲਾ (ਦਸ ਗਰਾਮ) ਹੋ ਚੁੱਕਿਆ ਹੈ। ਇਸ ਉਲਝੀ ਤਾਣੀ (ਬੇਰੋਕ ਵਧਦੀ ਆਬਾਦੀ, ਘਟਦਾ ਉਤਪਾਦਨ ਅਤੇ ਇਨ੍ਹਾਂ ਕਾਰਨਾਂ ਕਰਕੇ ਵਧ ਰਹੀ ਬੇਕਾਰੀ, ਗਰੀਬੀ ਤੇ ਬਿਮਾਰੀਆਂ) ਬਾਰੇ ਅਸੀਂ ਤਾਂ ਸਿਰਫ 'ਕਲਮਾਂ ਘਸਾਉਣ' ਜੋਗੇ ਹੀ ਰਹਿ ਗਏ ਹਾਂ (ਮੇਲੇ ਵਿਚ ਚੱਕੀਰਾਹਿਆਂ ਵਰਗੇ)। ਜੇ ਆਮ ਲੋਕਾਂ ਨੂੰ ਇਹ ਗੁੰਝਲਾਂ ਸਮਝ ਆ ਸਕਣ ਤਾਂ ਸ਼ਾਇਦ ਵੋਟਾਂ ਦੀ ਖਿੱਚ-ਧੂਹ ਸਮੇਂ ਲੋਕ ਹਰ ਰਾਜਨੀਤਕ ਪਾਰਟੀ ਨੂੰ ਕਟਹਿਰੇ ਵਿਚ ਖੜ੍ਹਾ ਕੇ ਪੁੱਛ ਲੈਣ ਕਿ '63 ਸਾਲ ਵਿਚ ਤੁਸੀਂ ਕੀਤਾ ਕੀ ਹੈ?' ਇਹ ਢੰਗ ਵੀ ਸ਼ਾਇਦ ਉਨ੍ਹਾਂ ਨੂੰ ਆਪਣਾ ਰਾਜ-ਭਾਗ ਕਾਇਮ ਰੱਖਣ ਲਈ ਮਾੜੀ-ਮੋਟੀ ਸਮੱਸਿਆ ਹੱਲ ਕਰਨ ਲਈ ਮਜਬੂਰ ਕਰ ਸਕੇ। ਇਹਦੀ ਵੀ ਕੋਈ ਆਸ ਨਜ਼ਰ ਨਹੀਂ ਆਉਂਦੀ ਕਿਉਂਕਿ ਲੋਕ ਛੋਟੇ-ਛੋਟੇ ਧੜਿਆਂ ਵਿਚ ਵੰਡੇ ਹੋਏ ਹਨ। ਤਦੇ ਤਾਂ ਇਹ ਮੁਹਾਵਰੇ ਬਣੇ ਹਨ- 'ਧਰਮ (ਧਿਰ) ਨਾਲੋਂ ਧੜਾ ਪਿਆਰਾ'। ਦੋ ਢਾਈ ਹਜ਼ਾਰ ਸਾਲ ਤੋਂ ਲੋਕ ਜਾਤਾਂ-ਗੋਤਾਂ ਵਿਚ ਵੰਡੇ ਹੋਏ ਸਨ। ਹੁਣ ਉਸ ਤੋਂ ਵੀ ਅਗਾਂਹ ਧੜਿਆਂ ਵਿਚ ਵੰਡੇ ਜਾ ਚੁੱਕੇ ਹਨ। ਇਹ ਗੰਧਲ ਰਾਜਨੀਤਿਕ ਪਾਰਟੀਆਂ ਨੇ ਪਾਇਆ। ਜਦੋਂ ਤੱਕ ਲੋਕ ਇਨ੍ਹਾਂ ਗੋਝਾਂ ਨੂੰ ਨਹੀਂ ਸਮਝਦੇ, ਕੋਈ ਸਮਾਜਿਕ ਸਮੱਸਿਆ ਹੱਲ ਨਹੀਂ ਹੋ ਸਕਦੀ।

# ਜਲਾਲੇ-ਪਾਤਸ਼ਾਹੀ ਯਾ ਜ਼ਮਹੂਰੀ ਤਮਾਸ਼ਾ?

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਐ ਖ਼ਾਕ ਨਸ਼ੀਨੋ ਉਠ ਬੈਠੋ,
ਵੋਹ ਵਕਤ ਕਰੀਬ ਆ ਪਹੁੰਚਾ ਹੈ,
ਜਬ ਤਖ਼ਤ ਗਿਰਾਏ ਜਾਏਂਗੇ,
ਜਬ ਤਾਜ ਉਛਾਲੇ ਜਾਏਂਗੇ!

ਫੈਜ਼ ਅਹਿਮਦ 'ਫੈਜ਼' ਦਾ ਇਨਕਲਾਬੀ ਜੁੱਝ ਮਾਰਦਾ ਇਹ ਸ਼ੇਅਰ ਬੇਸ਼ੱਕ ਤਾਰੀਖ ਦੀਆਂ ਨਜ਼ਰਾਂ ਵਿਚ ਕਈ ਵਾਰ ਦੁਹਰਾਇਆ ਜਾ ਚੁੱਕਾ ਹੈ। ਲੇਕਿਨ ਅੱਜ ਦੀ ਦੁਨੀਆਂ ਹੈਰਤ ਭਰੀਆਂ ਨਜ਼ਰਾਂ ਨਾਲ ਫਿਰ ਇਨ੍ਹਾਂ ਸਤਰਾਂ 'ਤੇ ਅਮਲ ਹੁੰਦਾ ਦੇਖ ਰਹੀ ਹੈ। ਪ੍ਰਾਚੀਨ ਸੱਭਿਅਤਾ ਦੀ ਧਰੋਹਰ ਮਿਸਰ ਦੀ ਧਰਤੀ, ਜਿੱਥੋਂ ਦੇ ਸੁਹੱਪਣ ਦੀਆਂ ਰਸੀਲੀਆਂ ਤੇ ਨਸ਼ੀਲੀਆਂ ਗੱਲਾਂ ਸਾਡੇ ਪੰਜਾਬ ਦੇ ਅਨਪੜ੍ਹ ਜਾਂ ਅਧਪੜ੍ਹ ਬਜ਼ੁਰਗਾਂ ਦੀਆਂ ਢਾਣੀਆਂ ਵਿਚ ਵੀ ਚਟਖਾਰੇ ਲਾ ਕੇ ਕੀਤੀਆਂ ਜਾਂਦੀਆਂ ਨੇ, ਜਿੱਥੋਂ ਦੇ ਸ਼ਾਹਜ਼ਾਦੇ ਯੂਸਫ ਦੇ ਕਿੱਸੇ ਵਾਰਿਸ ਸ਼ਾਹ ਦੀ ਹੀਰ ਵਾਂਗ ਪੰਜਾਬੀਆਂ ਦੇ ਜ਼ਿਹਨੀ ਵੱਸੇ ਹੋਏ ਹਨ, ਅੱਜ ਉਸ ਮਿਸਰ ਦੇਸ਼ ਦੇ ਵਾਸੀ ਅਕਾਸ਼ ਵਿਚ ਸਤਰੰਗੀਆਂ ਰੌਸ਼ਨੀਆਂ ਬਿਖੇਰਦੀਆਂ ਆਤਿਸ਼ਬਾਜ਼ੀਆਂ ਚਲਾ ਰਹੇ ਨੇ। ਗਲੀਆਂ ਕੂਚਿਆਂ ਵਿਚ ਪਟਾਖੇ, ਅਨਾਰ ਚਲਾ ਕੇ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਨੇ। ਈਦ-ਮੁਬਾਰਕ ਕਹਿਣ ਵਾਂਗ ਉਥੋਂ ਦੇ ਬਾਸ਼ਿੰਦੇ ਇੱਕ ਦੂਜੇ ਨਾਲ ਬਗਲਗੀਰ ਹੋ ਕੇ ਵਧਾਈਆਂ ਦਾ ਆਦਾਨ-ਪ੍ਰਦਾਨ ਕਰ ਰਹੇ ਨੇ। ਉਨ੍ਹਾਂ ਦੇ ਚਿਹਰਿਆਂ ਦੀ ਲਾਲੀ ਪਹਿਲਾਂ ਨਾਲੋਂ ਕਿਤੇ ਵਧੇਰੇ ਲਿਸ਼ਕਾਂ ਮਾਰ ਰਹੀ ਹੈ। ਉਹ ਵਾਰ ਵਾਰ ਆਪਣਾ ਖੰਡੇ-ਕ੍ਰਿਪਾਨਾਂ ਵਾਲਾ ਕੌਮੀ ਝੰਡਾ ਖੁਲ੍ਹੀ ਅਜ਼ਾਦ ਫਿਜ਼ਾ ਵਿਚ ਲਹਿਰਾ ਰਹੇ ਨੇ।

ਉਛਲ ਉਛਲ ਪੈਂਦੀ ਖ਼ੁਸ਼ੀ ਮਨਾਈ ਵੀ ਕਿਉਂ ਨਾ ਜਾਏ? ਇਹ ਕੋਈ ਛੋਟੀ ਜਿਹੀ ਗੱਲ ਹੈ? ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਲੰਮੀ ਚੱਲਦੀ ਆ ਰਹੀ ਤਾਨਾਸ਼ਾਹੀ ਦਾ ਉਥੋਂ ਬੋਰੀਆ ਬਿਸਤਰਾ ਗੋਲ ਹੋ ਗਿਆ ਹੈ। 'ਕਿਸੇ ਹਾਲਤ ਵਿਚ ਵੀ ਗੱਦੀ ਨਹੀਂ ਛੱਡਾਂਗਾ!' ਵਰਗੀਆਂ ਡੀਂਗਾ ਮਾਰਨ ਵਾਲਾ ਹੋਸਨੀ ਮੁਬਾਰਕ ਲੋਕ-ਰੋਹ ਅੱਗੇ ਝੁਕਦਿਆਂ ਉਥੋਂ ਪੱਤਰਾ ਵਾਚ ਗਿਆ ਹੈ। ਮਿਸਰ ਦੇ ਵਸਨੀਕਾਂ ਦੀ ਇਹ ਵੀ ਖ਼ੁਸ਼ਨਸੀਬੀ ਹੀ ਮੰਨੀ ਜਾਵੇਗੀ ਕਿ ਬਿਨਾਂ ਕਿਸੇ ਖ਼ੂਨ-ਖ਼ਰਾਬੇ ਦੇ ਉਨ੍ਹਾਂ ਦੀ ਧਰਤੀ 'ਤੇ ਇਨਕਲਾਬ ਦਾ ਚੰਦ ਚੜ੍ਹ ਆਇਆ ਹੈ! ਉਥੋਂ ਦੀ ਪੁਲਿਸ ਜਾਂ ਫੌਜ ਦੀ ਕੌਮਪ੍ਰਸਤੀ ਨੂੰ ਸਲਾਮ ਕਰੀਏ ਜਿਸ ਨੇ ਆਖਰੀ ਪਲਾਂ ਵਿਚ 'ਆਪਣੇ' ਲੋਕਾਂ ਉਤੇ ਗੋਲੀਆਂ ਚਲਾਉਣ ਦਾ ਤਾਨਾਸ਼ਾਹੀ ਫੁਰਮਾਨ ਮੰਨਣ ਤੋਂ ਇਨਕਾਰ ਕਰ ਦਿੱਤਾ। ਬੱਸ ਇਹ ਮਿਸਰੀ ਜਨਤਾ ਦਾ 'ਜ਼ੌਕ-ਏ-ਯਕੀ' ਹੀ ਰੰਗ ਲੈ ਆਇਆ,

ਗ਼ੁਲਾਮੀ ਮੇਂ ਨਾ ਕਾਮ ਆਤੀ ਹੈਂ
ਸ਼ਮਸ਼ੀਰੇਂ ਨਾ ਤਦਬੀਰੇਂ।
ਜੋ ਹੋ ਜ਼ੌਕ-ਏ ਯਕੀਂ ਪੈਦਾ,
ਤੋ ਕਟ ਜਾਤੀ ਹੈਂ ਜ਼ੰਜੀਰੇਂ।

ਹਾਂ, ਜੇ ਕਿਤੇ ਉਥੇ ਪੰਜਾਬ ਪੁਲਿਸ ਜਾਂ ਸੀ.ਆਰ. ਪੀ.ਐਫ. ਵਰਗੇ ਅਰਧ-ਸੈਨਿਕ ਬਲ ਹੁੰਦੇ, ਫੇਰ ਸ਼ਾਇਦ ਉਥੋਂ ਦੇ ਹਾਲਾਤ ਹੀ ਕੁੱਝ ਹੋਰ ਤਰ੍ਹਾਂ ਦੇ ਹੁੰਦੇ! ਫੇਰ ਉਥੇ ਵੀ 'ਹਥਿਆਰਾਂ ਦੀ ਬਰਾਮਦਗੀ' ਲਈ ਲਿਜਾਏ ਜਾਣ ਵਾਲੇ ਮੁਜਾਹਿਦੀਨ ਦੀਆਂ ਲਾਸ਼ਾਂ ਸੁਏਜ਼ ਨਹਿਰ ਜਾਂ ਨੀਲ ਦਰਿਆ ਦੀਆਂ ਮੱਛੀਆਂ ਦੀ ਖ਼ੁਰਾਕ ਬਣੀ ਜਾਣੀਆਂ ਸਨ। ਅਜਿਹੀ ਹਾਲਤ ਵਿਚ ਹੌਲੀ ਹੌਲੀ 'ਹਾਲਾਤ ਕਾਬੂ ਹੇਠ' ਆ ਜਾਣੇ ਸਨ ਅਤੇ ਅਮਨ-ਅਮਾਨ ਨੂੰ 'ਖ਼ਤਰਾ ਬਣਨ' ਵਾਲੇ ਲੋਕਾਂ ਦਾ 'ਸਫਾਇਆ' ਬੜੀ ਜਲਦੀ ਹੋ ਜਾਣਾ ਸੀ। ਸ਼ੁਕਰ ਖ਼ੁਦਾ ਦਾ! ਇਹ ਕੁਲਹਿਣਾ ਵਰਤਾਰਾ ਉਥੇ ਨਹੀਂ ਵਰਤਿਆ!! ਉਥੋਂ ਦੇ ਲੋਕਾਂ ਨੂੰ 'ਸਸਤੇ ਭਾਅ' ਅਜ਼ਾਦੀ ਮਿਲ ਗਈ ਹੈ।

ਆਓ! ਹੁਣ ਮਿਸਰ ਦੀਆਂ ਸੜਕਾਂ ਅਤੇ ਚੌਰਾਹਿਆਂ ਵਿਚ ਭੰਗੜੇ ਪਾ ਕੇ ਜਸ਼ਨ ਮਨਾਉਣ ਦੀ ਚੀਰਫਾੜ ਕਰੀਏ। ਖ਼ਲੀਲ ਜਿਬਰਾਨ ਕਹਿੰਦਾ ਹੈ ਕਿ ਜਦੋਂ ਤੁਹਾਡੇ ਅੰਗ ਸੰਗ ਖ਼ੁਸ਼ੀਆਂ ਖਿੜਖਿੜ ਹੱਸ ਰਹੀਆਂ ਹੋਣ ਤਾਂ ਸਮਝੋ ਗ਼ਮੀ ਵੀ ਕਿਤੇ ਲਾਗੇ ਚਾਗੇ ਹੀ ਘੁੰਮ ਰਹੀ ਹੋਵੇਗੀ,

ਫੂਲ ਖਿਲਤਾ ਹੈ
ਮੁਰਝਾਨੇ ਕਾ ਤਖ਼ਯੁਲ ਲੇ ਕਰ,
ਜਿਸੇ ਹੰਸਤਾ ਹੂਆ ਦੇਖੋ
ਉਸੇ ਰੋਤਾ ਹੂਆ ਪਾਉਗੇ!

ਜਿਹੋ ਜਿਹੀਆਂ ਤੁਰ੍ਹੀਆਂ-ਸ਼ਹਿਨਾਈਆਂ ਅੱਜ ਦੇ ਮਿਸਰ ਵਾਲੇ ਵਜਾ ਰਹੇ ਨੇ, ਤੀਹ-ਬੱਤੀ ਸਾਲ ਪਹਿਲਾਂ ਜਦੋਂ ਅਨਵਰ ਸਾਦਾਤ ਤੋਂ ਬਾਅਦ ਹੋਸਨੀ ਮੁਬਾਰਕ ਨੇ ਹਕੂਮਤ ਸੰਭਾਲੀ ਸੀ, ਉਦੋਂ ਵੀ ਇੰਜ ਹੀ ਖ਼ੁਸ਼ੀਆਂ 'ਚ ਖੀਵੇ ਹੁੰਦਿਆਂ ਆਤਿਸ਼ਬਾਜ਼ੀਆਂ ਚਲਾਈਆਂ ਗਈਆਂ ਸਨ। ਜਿਵੇਂ ਹੁਣ ਨਵੇਂ ਹਾਕਮ ਦਾ ਇਸਤਕਬਾਲ ਕੀਤਾ ਜਾ ਰਿਹਾ ਹੈ, ਇੰਜ ਉਦੋਂ ਹੋਸਨੀ ਮੁਬਾਰਕ ਦਾ ਵੀ ਹੋਇਆ ਸੀ। ਲੇਕਿਨ ਜਦੋਂ ਹੋਸਨੀ ਮੁਬਾਰਕ 'ਰਾਜਾ ਸ਼ੀਂਹ' ਬਣ ਗਿਆ ਤਾਂ ਦੇਸ਼ਵਾਸੀਆਂ ਨੂੰ ਆਪਣੀਆਂ ਅੱਖਾਂ 'ਚ ਮੁੱਕੀਆਂ ਦੇ ਦੇ ਰੋਣਾ ਪੈ ਗਿਆ।

ਇਹ ਗੱਲ ਬਿਲਕੁਲ ਠੀਕ ਹੈ ਕਿ ਅਜੋਕੇ ਯੁੱਗ ਵਿਚ ਪੁਸ਼ਤ-ਦਰ-ਪੁਸ਼ਤ ਬਾਦਸ਼ਾਹੀ ਜਾਂ ਤਾਨਾਸ਼ਾਹੀ ਨੂੰ ਕਿਸੇ ਹਾਲਤ ਵਿਚ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਵਿਸ਼ਵ ਦੇ ਜਿਹੜੇ ਵੀ ਸੁਭਾਗੇ ਖਿੱਤੇ ਵਿਚ ਡੈਮੋਕਰੇਸੀ ਦਾ ਆਗਾਜ਼ ਹੁੰਦਾ ਹੈ, ਉਸ ਦਾ ਦਿਲ ਖੋਲ ਕੇ ਸਵਾਗਤ ਕਰਨਾ ਬਣਦਾ ਹੈ। ਪਰ ਜ਼ਰਾ ਗ਼ੌਰ ਨਾਲ ਅੰਤਰਰਾਸ਼ਟਰੀ ਰਾਜਨੀਤੀ ਵੱਲ ਨਜ਼ਰ ਮਾਰੀਏ ਤਾਂ ਕੌੜੀਆਂ ਹਕੀਕਤਾਂ ਹੀ ਨਜ਼ਰ ਪੈਂਦੀਆਂ ਹਨ। ਲੋਕਰਾਜੀ ਪ੍ਰਣਾਲੀ ਅਪਨਾਉਣ ਵਾਲੇ ਦੇਸ਼ਾਂ ਵਿਚ (ਕੁਝ ਕੁ ਗਿਣਤੀ ਦਿਆਂ ਨੂੰ ਛੱਡ ਕੇ) ਕੀ ਕੜ੍ਹੀ ਘੁਲ ਰਹੀ ਹੈ? ਕਿਵੇਂ ਸਥਾਨਕ ਜਨਤਾ ਉਪਰ 'ਚੁਣੇ ਹੋਏ ਹਾਕਮ' ਜ਼ੁਲਮੋ-ਸਿਤਮ ਢਾਹ ਰਹੇ ਹਨ। ਕਿਵੇਂ ਫੌਜ ਜਾਂ ਅਰਧ ਸੈਨਿਕ ਦਲਾਂ ਦੀ ਵਰਤੋਂ (ਅਸਲ 'ਚ ਦੁਰਵਰਤੋਂ) ਕਰਦਿਆਂ ਲੋਕਾਂ ਦੀਆਂ ਹੱਕੀ ਮੰਗਾਂ ਨੂੰ ਫੌਜੀ ਬੂਟਾਂ ਥੱਲੇ ਦਰੜਿਆ ਜਾਂਦਾ ਹੈ। ਜਿਸ ਤਰ੍ਹਾਂ ਦੀ ਡੈਮੋਕ੍ਰੇਸੀ ਆਉਣ 'ਤੇ ਮਿਸਰ ਵਾਲੇ ਭਰਾ ਚਾਘੀਆਂ ਪਾ ਰਹੇ ਹਨ, ਉਸ ਕਥਿਤ ਡੈਮੋਕ੍ਰੇਸੀ ਨੇ ਹੋਰ ਮੁਲਕਾਂ ਵਿਚ ਕਿਹੜੇ ਲੱਲੇ ਲਾਏ ਹੋਏ ਹਨ?

ਆਪਣੇ ਭਾਰਤ ਦੇਸ਼ ਦੀ ਹੀ ਮਿਸਾਲ ਲੈ ਲਈਏ। ਸੰਨ 1947 ਵਿਚ ਅਜ਼ਾਦੀ ਪ੍ਰਾਪਤੀ ਦੇ ਜਸ਼ਨ ਮਨਾਉਣ ਵਾਲੇ ਦੇਸ਼ ਵਾਸੀਆਂ ਨੇ ਕਦੇ ਸੁਪਨੇ ਵਿਚ ਵੀ ਸੋਚਿਆ ਨਹੀਂ ਹੋਣਾ ਕਿ ਸੈਂਤੀ ਸਾਲਾਂ ਬਾਅਦ ਡੈਮੋਕ੍ਰੈਟਿਕ ਢੰਗ ਨਾਲ ਚੁਣੀ ਹੋਈ ਕੇਂਦਰੀ ਸਰਕਾਰ ਦੇ ਹੁਕਮ ਨਾਲ ਸ੍ਰੀ ਦਰਬਾਰ ਸਹਿਬ 'ਤੇ ਫੌਜਾਂ ਚੜ੍ਹਾਈਆਂ ਜਾਣਗੀਆਂ! 'ਆਪਣਾ ਦੇਸ਼ ਆਪਣੀ ਸਰਕਾਰ' ਦੇ ਸੁਰੀਲੇ ਨਗਮੇ ਗਾਉਂਦਿਆਂ ਜਸ਼ਨੇ-ਅਜ਼ਾਦੀ ਮਨਾਉਣ ਵਾਲਿਆਂ ਨੇ ਕਿਆਸਿਆ ਵੀ ਨਹੀਂ ਹੋਣਾ ਕਿ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਦੇ ਨੱਕ ਥੱਲੇ ਦਿੱਲੀ 'ਚ ਦੋ ਤਿੰਨ ਦਿਨਾਂ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਮੌਤ ਦੀ ਭੱਠੀ ਵਿਚ ਝੋਕ ਦਿੱਤੇ ਜਾਣਗੇ! ਗੋਧਰਾ ਕਾਂਡ, ਗੁਜਰਾਤ ਦਾ ਮੁਸਲਿਮ ਕਤਲੇਆਮ ਅਤੇ ਬਾਬਰੀ ਮਸਜਿਦ ਢਾਹੁਣ ਵਰਗੇ ਕਾਰਨਾਮੇ, ਕੀ ਲੋਕਰਾਜੀ ਰਾਜ-ਪ੍ਰਣਾਲੀ ਨਾਲ ਮੇਲ ਖਾਂਦੇ ਹਨ? ਜਿਨ੍ਹਾਂ ਗੋਰਿਆਂ ਨੂੰ ਸਾਡੇ ਵਡੇਰਿਆਂ ਨੇ 'ਅੰਗਰੇਜ਼ੋ ਭਾਰਤ ਛੱਡੋ' ਅੰਦੋਲਨ ਚਲਾ ਕੇ ਇੱਥੋਂ ਕੱਢਿਆ ਤੇ ਉਨ੍ਹਾਂ ਦੇ ਨਿਕਲਣ ਦੀ ਖ਼ੁਸ਼ੀ ਵਿਚ ਘਿਉ ਦੇ ਦੀਵੇ ਬਾਲੇ, ਅੱਜ ਉਨ੍ਹਾਂ ਹੀ ਅੰਗਰੇਜ਼ਾਂ ਦੇ ਮੁਲਕ ਨੂੰ ਅਸੀਂ ਜਹਾਜ਼ਾਂ ਦੇ ਟਾਇਰਾਂ ਨਾਲ ਚਿੰਬੜ ਕੇ ਜਾਣ ਲਈ ਵੀ ਤਿਆਰ ਹਾਂ! ਮਣਾਂ ਮੂੰਹੀ ਖ਼ੂਨ ਬਹਾ ਕੇ ਲਈ 'ਅਜ਼ਾਦੀ' ਸਾਨੂੰ ਦੇਸ਼ ਵਿਚ ਹੀ ਰਹਿਣ ਦਾ ਚਾਅ ਕਿਉਂ ਨਹੀਂ ਚੜ੍ਹਾਉਂਦੀ?

ਉਈਂ ਜੇ ਕੱਛਾਂ ਵਜਾਈ ਜਾਣੀਐਂ ਤਾਂ ਵੱਖਰੀ ਗੱਲ ਹੈ। ਅਸਲ 'ਚ ਡੈਮੋਕ੍ਰੇਸੀ ਜਾਂ ਡਿਕਟੇਟਰਸ਼ਿਪ ਵਿਚ ਵੱਡਾ ਫਰਕ ਏਹੀ ਹੈ ਕਿ ਇੱਕ ਡਿਕਟੇਟਰ ਆਪਣੇ ਅੰਤ ਤੱਕ ਚੰਮ ਦੀਆਂ ਚਲਾਉਂਦਾ ਰਹਿੰਦਾ ਹੈ। ਪਰ ਵੋਟਾਂ ਨਾਲ ਚੁਣਿਆਂ ਹੋਇਆ ਆਗੂ, ਤਿੰਨ, ਚਾਰ ਜਾਂ ਪੰਜ ਸਾਲ ਲਈ 'ਡਿਕਟੇਟਰ' ਬਣ ਬਹਿੰਦਾ ਹੈ। ਉਹ ਵੀ ਤਾਨਾਸ਼ਾਹਾਂ ਵਾਂਗ ਜਿਉਂਦੇ ਜੀ ਆਪਣੇ ਪੁੱਤ, ਧੀ, ਜਾਂ ਪਤਨੀ ਨੂੰ ਹੀ ਗੱਦੀ ਸੌਂਪਣ ਲਈ ਤਾਣਾ-ਬਾਣਾ ਬੁਣਦਾ ਰਹਿੰਦਾ ਹੈ। ਦੂਸਰੇ ਲਾਇਕ ਆਗੂਆਂ ਦਾ ਹੱਕ ਮਾਰ ਕੇ ਆਪਣੇ 'ਨਾਲਾਇਕ ਨੇੜ੍ਹ' ਨੂੰ ਉਤਰਾਧਿਕਾਰੀ ਬਣਾਉਂਦਾ ਹੈ, ਸਵਿਸ ਬੈਂਕਾਂ ਵਿਚ ਅੰਨਾ ਧਨ ਜਮ੍ਹਾਂ ਕਰਦਾ ਹੈ। ਕਹਿਣ ਨੂੰ ਲੋਕਰਾਜੀ ਪ੍ਰਣਾਲੀ ਵਿਚ 'ਜਾਂਨਸ਼ੀਨ' ਚੁਣਨ ਦਾ ਕੋਈ ਵਿਧੀ-ਵਿਧਾਨ ਨਹੀਂ ਹੈ ਪ੍ਰੰਤੂ ਬਹੁਤੀ ਥਾਈਂ ਵੋਟ-ਪ੍ਰਣਾਲੀ ਦੇ ਅੱਖੀਂ ਘੱਟਾ ਪਾ ਕੇ ਚੰਮ ਦੀਆਂ ਹੀ ਚਲਾ ਰਹੇ ਨੇ ਚੁਣੇ ਹੋਏ ਨੇਤਾ।

ਸੰਸਾਰ ਭਰ ਦਾ ਰਾਜਨੀਤਿਕ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਰਾਜ-ਗੱਦੀ ਦਾ ਨਸ਼ਾ, ਇੱਕ ਨਾ ਇੱਕ ਦਿਨ ਗੱਦੀ-ਦਾਰ ਦੇ ਸਿਰ ਨੂੰ ਚੜ੍ਹ ਹੀ ਜਾਂਦਾ ਹੈ। 'ਤਪੋਂ ਰਾਜ ਤੇ ਰਾਜੋਂ ਨਰਕ' ਵਾਲੀ ਪ੍ਰਮਾਣਿਕ ਕਹਾਵਤ ਇਸੇ ਸੱਚਾਈ ਦੇ ਪ੍ਰਥਾਏ ਬਣੀ ਹੋਈ ਜਾਪਦੀ ਹੈ ਕਿਉਂਕਿ ਸੱਤਾ ਪ੍ਰਾਪਤੀ ਉਪਰੰਤ ਹਉਮੈ ਤੇ ਹੰਕਾਰ ਦਾ ਹਮਲਾ ਹੋ ਜਾਣਾ ਲਗਭਗ ਨਿਸ਼ਚਿਤ ਹੀ ਹੁੰਦਾ ਹੈ,

ਤਖ਼ਤੇ-ਸ਼ਾਹੀ ਤਖ਼ਤ-ਨਸ਼ੀਂ ਪਰ,
ਅਪਨਾ ਰੰਗ ਚੜ੍ਹਾ ਦੇਤਾ ਹੈ।
ਰਫ਼ਤਾ ਰਫ਼ਤਾ ਹਰ ਹਾਕਮ ਕੋ
ਔਰੰਗਜ਼ੇਬ ਬਨਾ ਦੇਤਾ ਹੈ।

ਤਾਂ ਹੀ ਗੁਰੂ ਬਾਬਾ ਜੀ ਨੇ 'ਤਖਤਿ ਬਹੈ ਤਖਤੈ ਕੀ ਲਾਇਕ' ਆਖਦਿਆਂ ਤਾਕੀਦ ਕੀਤੀ ਹੈ ਕਿ ਹਾਕਮ 'ਰਾਜੇ ਚੁਲੀ ਨਿਆਉ ਕੀ' ਵਾਲਾ ਅਸੂਲ ਸਦੈਵ ਪੱਲੇ ਬੰਨ੍ਹ ਕੇ ਰੱਖੇ। ਇਸ ਦੇ ਉਲਟ ਰਾਜ-ਮਦ ਵਿਚ ਚੂਰ ਹੋ ਕੇ, ਪਰਜਾ ਉਪਰ ਜ਼ੁਲਮ ਢਾਹੁਣ ਵਾਲਿਆਂ ਨੂੰ 'ਸ਼ੀਂਹ' ਅਤੇ ਉਨ੍ਹਾਂ ਦੇ ਕਾਰਿੰਦਿਆਂ ਨੂੰ 'ਕੁੱਤੇ' ਕਹਿ ਕੇ ਦੁਰਕਾਰਿਆ ਹੈ ਸਤਿਗੁਰਾਂ ਨੇ।

(ਬਾਕੀ ਅਗਲੇ ਸਫੇ 'ਤੇ)

# ਇੱਕ ਖ਼ਤ-ਵਿਛੜੀ ਡਾਇਨਾ ਵਰਗੀ ਮੇਰੀ ਸਾਥਣ ਦੇ ਨਾਂ!

ਗੁਰਮੇਲ ਬਦੇਸ਼ਾ, ਸਰੀ, ਬੀ.ਸੀ.*

ਡਾਇਨਾਸੋਰ ਦੀਏ ਭੈਣੇ! ਤੈਨੂੰ ਰੀੜ ਦੀ ਹੱਡੀ ਵਰਗਾ ਪਿਆਰ!!

ਅੜੀਏ! ਬੇਸ਼ੱਕ, ਤੂੰ ਨਜਰਾਂ ਤੋਂ ਅਲੋਪ ਹੋ ਗਈ ਏਂ ਪਰ ਤੇਰਾ ਪਿਆਰ ਅਜੇ ਵੀ ਦਿਲ ਵਿਚ ਬਰਕਰਾਰ ਹੈ। ਪਰ ਦੇਖ ਲੈ! ਤੂੰ ਤਾਂ ਕਦੇ ਯਾਰ ਨਿਮਾਣੇ ਦਾ ਹਾਲ ਨਹੀਂ ਪੁੱਛਿਆ।

ਤੇਰੇ ਨਾਲੋਂ ਤਾਂ ਤੇਰੇ ਚਾਚੇ-ਤਾਏ ਹੀ ਚੰਗੇ ਨੇ ਜਿਹੜੇ ਭਾਵੇਂ ਬੁਲਾਉਂਦੇ ਤਾਂ ਨਹੀਂ ਪਰ ਤਿਉੜੀਆਂ ਵਾਲੀ ਸਲੇਟ ਤੇ ਘੂਰੀਆਂ ਵੱਟ ਕੇ ਲਿਖੇ ਅਹਿਸਾਸਾਂ ਰਾਹੀਂ ਜਵਾਨੀ ਦਾ ਹਾਲ ਚਾਲ ਤਾਂ ਪੁੱਛ ਲੈਂਦੇ ਨੇ! ਦਰਾਂ ਮੂਹਰੇ ਬੈਠੇ ਇੰਜ ਲੱਗਦੇ ਨੇ ਜਿਵੇਂ ਰੋਟੀ ਦੇ ਟੁਕੜੇ ਖਾਤਿਰ ਬਿੱਲੀਆਂ ਲੜ ਕੇ ਹਟੀਆਂ ਹੋਣ, ਇੱਕ ਮੁੱਛਾਂ ਚਾੜ ਕੇ ਝੀਂਡੇ ਵਾਂਗੂੰ ਲਗਦੈ, ਦੂਜਾ ਮੱਕੜ ਵਾਂਗੂੰ! ਬਿੱਲੀਆਂ ਵਾਂਗੂੰ ਜੀਭ ਫੇਰ ਫੇਰ ਕੇ ਲਾਲ ਕੀਤੇ ਬੁੱਲਾਂ ਤੋਂ ਏਦਾਂ ਜਾਪਦੈ ਜਿਵੇਂ ਕੜਾਹ ਖਾ ਖਾ ਕੇ ਨਰਮ ਕੀਤੇ ਬੁੱਲ ਅਲ੍ਹੜ ਕੁੜੀ ਦੇ ਬੁੱਲਾਂ ਨਾਲੋਂ ਵੀ ਮੁਲਾਇਮ ਹੋਣ! ਉਂਜ ਬਿੱਲੀਆਂ ਤੇ ਮੱਕੜ-ਝੀਂਡੇ ਵਿਚ ਬਾਹਲਾ ਫਰਕ ਨਹੀਂ ਲਗਦਾ, ਉਹ ਰੋਟੀ ਪਿੱਛੇ ਲੜਦੀਆਂ ਨੇ ਤੇ ਇਹ ਗੋਲਕ ਪਿੱਛੇ। ਪਰ ਇਨ੍ਹਾਂ ਦਾ ਕੌਣ ਸਮਝੌਤਾ ਕਰਾਵੇ? ਕਰਵਾਉਣ ਵਾਲਿਆਂ ਦੀ ਲੰਕਾ ਪਹਿਲਾਂ ਹੀ ਲਟ ਲਟ ਕਰ ਕੇ ਮੱਚਦੀ ਪਈ ਐ! ਉਲੰਪਿਕ ਖੇਡਾਂ ਦੀ ਮਿਸ਼ਾਲ ਵਰਗੀ ਪੂਛ ਨੂੰ ਅੱਗ ਲਗਾ ਕੇ ਇਨ੍ਹਾਂ ਦੇ ਆਪਣੇ ਹੀ ਖ਼ੈਰ-ਖੁਆਹ ਪਿੰਡ ਪਿੰਡ ਲਿਜਾ ਕੇ ਲੋਕਾਂ ਦੀਆਂ ਅੱਖਾਂ ਖੋਲ ਰਹੇ ਨੇ!

ਵੈਸੇ, ਬਿੱਲੀਆਂ ਤੋਂ ਗੱਲ ਯਾਦ ਆਈ, ਇੱਕ ਵਾਰ ਦੀ ਗੱਲ ਐ! ਮੇਰੇ ਤਾਏ ਦੇ ਮੁੰਡੇ ਦਾ ਬਾਹਰਲੇ ਵਿਹੜੇ ਵਿਚ ਮੰਜਾ ਡਾਹਿਆ ਹੁੰਦਾ ਸੀ। ਇੱਕ ਦਿਨ ਓਹਦੇ ਘਰਵਾਲੀ ਰਾਤ ਨੂੰ ਸਿਰਹਾਣੇ ਦੁੱਧ ਰੱਖਣ ਆਈ ਤੇ ਨਾਲ ਹੀ ਹਦਾਇਤ ਕਰ'ਗੀ ਕਿ ਉਠ ਕੇ ਪੀ ਲਵੀਂ, ਅਜੇ ਗਰਮ ਐ! ਅੱਗੋਂ ਤਾਏ ਦਾ ਮੁੰਡਾ ਕਹਿੰਦਾ, ਜੇ ਮੇਰੀ ਅੱਖ ਲੱਗ ਗਈ ਤਾਂ ਤੂੰ ਉਠਾ ਕੇ ਪਿਆ ਜਾਵੀਂ। ਪਤਾ ਨਹੀਂ ਉਸ ਰਾਤ ਸਾਡੀ ਭਰਜਾਈ ਦੀ ਅੱਖ ਲੱਗ ਗਈ ਜਾਂ ਦੇਰ ਰਾਤ ਤੱਕ ਨਿਆਣੇ ਨਾ ਸੁੱਤੇ! ਭਰਜਾਈ ਨੇ ਜਗਾ ਕੇ ਦੁੱਧ ਪਿਲਾਇਆ ਹੀ ਨਾ ਪਰ ਮਹੰਤ ਧੁੰਮੇ ਵਰਗੇ ਬਾਘੜ ਬਿੱਲੇ ਨੇ ਗੜਵੀ ਵਿਚ ਮੂੰਹ ਪਾ ਕੇ ਦੁੱਧ ਪੀਣਾ ਸ਼ੁਰੂ ਕਰ ਦਿੱਤਾ। ਸੁਆਦ-ਸੁਆਦ 'ਚ ਸਾਰਾ ਦੁੱਧ ਤਾਂ ਪੀ ਗਿਆ ਪਰ ਵਿਚ ਸਿਰ ਫਸਾ ਕੇ ਬਹਿ ਗਿਆ। ਬਿੱਲਾ ਸਾਰੇ ਵਿਹੜੇ ਵਿਚ ਧਮਾਲਾਂ ਪਾਈ ਫਿਰੇ! ਵਿਹੜੇ 'ਚ ਘੜਿਆਲ ਖੜਕਦੇ ਸੁਣ ਕੇ ਤਾਏ ਦੇ ਮੁੰਡੇ ਦੀ ਅੱਖ ਖੁੱਲ ਗਈ। ਉਹਦੇ ਹੱਥ 'ਚ ਪਰੈਣੀ ਆ ਗਈ, ਕਾਲੇ ਬਿੱਲੇ ਦੀ ਆਕੜੀ ਪੂਛ ਥੱਲੇ 'ਡੂ ਨਾਟ ਐਂਟਰ' ਦੇ ਸਾਇਨ ਵਰਗਾ ਥਾਂ ਨਜਰ ਆ ਗਿਆ। ਬੱਸ ਉਹ ਓਥੇ ਹੀ ਨਿਸ਼ਾਨੇ ਲਗਾਉਂਦਾ ਰਿਹਾ।

...ਤੇ ਬਾਘੜ ਬਿੱਲਾ ਪਿਛਲੀਆਂ ਲੱਤਾਂ ਤੇ ਸਿਰ ਉਪਰ ਗੜਵੀ ਰੱਖ ਕੇ ਸਾਰੇ ਵੇਹੜੇ ਵਿਚ ਟਪੂਸੀਆਂ ਲਾਉਂਦਾ ਰਿਹਾ ਜਿਵੇਂ ਹੁਣ ਧੂੰਮੇ ਹੋਣੀ ਲਾਉਂਦੇ ਨੇ! ਉਹੀ ਵਿਹੜਾ, ਉਹੀ ਟਪੂਸੀਆਂ! ਫਰਕ ਸਿਰਫ ਏਨਾ ਹੀ ਹੈ-ਪਹਿਲਾਂ ਚਾਰ ਲੱਤਾਂ 'ਤੇ ਲਾਉਂਦੇ ਹੁੰਦੇ ਸੀ, ਹੁਣ ਦੋ ਲੱਤਾਂ 'ਤੇ ਲਾਉਂਦੇ ਨੇ! ਕਿਉਂਕਿ ਮੂਹਰਲੀਆਂ ਦੋ ਲੱਤਾਂ ਤਾਂ ਗੜਵੀ ਦੇ ਗਲ 'ਚ ਫਸੀਆਂ ਹੋਈਆਂ ਨੇ! ਪੰਥ ਨੂੰ ਖਤਰੇ ਵਾਲੀ ਇਹ ਗੜਵੀ ਸਮੇਂ ਸਮੇਂ 'ਤੇ ਬਾਘੜ ਬਿੱਲੇ ਗਲ 'ਚ ਪਾ ਕੇ ਵਸਦੇ ਘਰਾਂ ਦੀਆਂ ਕੰਧਾਂ 'ਚ ਟੱਕਰਾਂ ਮਾਰਦੇ ਫਿਰਦੇ ਨੇ! ਕੌਮ ਦੇ ਹੀਰੇ ਅਤੇ ਲੋਕਾਂ ਦੇ ਪੁੱਤ ਮਰਵਾ ਕੇ ਅਜੇ ਵੀ ਟਿੰਡ 'ਚ ਕਾਨਾ ਪਾਈ ਫਿਰਦੇ ਨੇ!

ਚੱਲ ਛੱਡ! ਆਪਾਂ ਬਿੱਲੇ ਦੀ ਗੱਲ ਕਰ ਰਹੇ ਸੀ, ਕੜ੍ਹਿਆ ਦੁੱਧ ਪੀਣ ਵੇਲੇ ਉਹਦੀ ਉਮਰ ਮਸਾਂ ਇੰਨੀ ਕੁ ਹੋਵੇਗੀ ਜਿੰਨੀ ਕੁ ਢੱਡਰੀਆਂਵਾਲੇ ਦੀ ਚਮਟੇ-ਢੋਲਕੀਆਂ ਸਿੱਖਣ ਵੇਲੇ ਸੀ। ਹੁਣ ਤਾਂ ਸਾਡੇ ਬਿੱਲੇ ਵਾਂਗੂੰ ਢੱਡਰੀਆਂਵਾਲਾ ਵੀ ਫਿੱਟਿਆ ਪਿਆ ਏ ਪਰ ਚੋਬਰ ਦੇ ਹਾਲੇ ਵੀ ਲੱਛਣ ਤਾਂ ਖਰਾਬ ਹੀ ਲੱਗਦੇ ਨੇ! ਇੱਕ ਦਿਨ ਮੈਂ ਪਿੰਡ ਫੋਨ ਕਰਕੇ ਪੁੱਛਿਆ ਕਿ ਆਪਣੇ ਬਿੱਲੇ ਦਾ ਕੀ ਹਾਲ ਐ? ਵੱਡਾ ਭਾਈ ਕਹਿੰਦਾ, 'ਠੀਕ ਐ, ਪਰ ਬਰਨਾਲੇ ਵਾਂਗੂੰ ਹੁਣ ਲਿੱਸਾ ਜਿਹਾ ਹੋਇਆ ਪਿਐ! ਜੀਅ ਕਰਦੈ, ਓਸ ਦੇ ਨਿਵਾਸ ਅਸਥਾਨ ਦੀਆਂ ਖੁੱਡਾਂ ਮੂਹਰੇ ਰਖਵਾਲੀ ਲਈ ਰਾਖੇ ਤਾਇਨਾਤ ਕਰ ਦੇਈਏ! ਕਿਤੇ ਕੋਈ ਬਲੈਕਥੰਡਰ ਵਾਲੀ ਬਿਜਲੀ ਏਥੇ ਵੀ ਨਾ ਵਰ੍ਹਾ ਦੇਵੇ?

ਪਰ ਮੇਰੀਏ ਕਨੇਡਨੇ! ਜਦੋਂ ਤੂੰ ਇੰਡੀਆ ਤੋਂ ਨਵੀਂ-ਨਵੀਂ ਆਈ ਸੀ ਤਾਂ ਕਾਰ ਦੀ ਸੀਟ ਬੈਲਟ ਵੀ ਦੋਵੇਂ ਹੱਥਾਂ ਨਾਲ ਫੜ ਕੇ ਬੈਠਦੀ ਹੁੰਦੀ ਸੈਂ! ਓਦਣ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਿੰਦਣ ਤੂੰ ਆਪ ਕਾਰ ਚਲਾ ਕੇ ਮੇਰੇ ਮੂਹਰਿਓਂ ਲੰਘੀ ਸੈਂ। ਡਰਾਇਵਰ ਸੀਟ 'ਤੇ ਬੈਠੀ ਨੂੰ ਦੇਖ ਕੇ ਮੇਰਾ ਬੋਲੀਆਂ ਪਾਉਣ ਨੂੰ ਜੀਅ ਕਰਦਾ ਸੀ, "ਧਾਵੇ-ਧਾਵੇ...! ਦੇਸ ਵਿਚ ਸੀ ਬੈਲ ਗੱਡੀ ਹੱਕਦੀ, ਏਥੇ ਆ ਕੇ ਕਾਰਾਂ ਚਲਾਵੇ...! ਕੀ ਰੀਸ ਪੰਜਾਬਣ ਦੀ, ਚੁੰਨੀ ਬਾਰੀ 'ਚੋਂ ਲਮਕਦੀ ਜਾਵੇ...!"

ਪਰ ਹੁਣ ਤਾਂ ਤੇਰੀ ਤਨਹਾਈ ਨੇ ਦਿਲ ਵਲੂੰਧਰਿਆ ਪਿਐ! ਤਾਈਓਂ ਦਿਲ ਦੀ ਧੜਕਣ ਕਦੇ ਲਿਸਟਰ, ਕਦੇ ਪੀਟਰ ਇੰਜਨ ਬਣ ਜਾਂਦੀ ਏ। ਯਾਦਾਂ ਦਾ ਪਟਾ ਮਨ ਦੀ ਪੁਲੀ ਤੋਂ ਲਹਿ-ਲਹਿ ਜਾਂਦਾ ਏ। ਮੁਹੱਬਤਾਂ ਦੇ ਰਿੰਗਾਂ ਨੂੰ ਰਗੜਾ ਲੱਗਾ ਪਿਐ! ਦਿਲ ਚੰਦਰਾ ਪਲੀਤਾ ਲਾ ਕੇ ਸਟਾਰਟ ਕਰਨਾ ਪੈਂਦਾ ਏ। ਓਨੇ ਚਿਰ ਨੂੰ ਆਸ ਦਾ ਪੱਖਾ ਪਾਣੀ ਛੱਡ ਜਾਂਦਾ ਏ, ਤੇ ਪਿਆਰ ਦੀ ਫਸਲ ਸੋਕੇ ਨਾਲ ਮਰ ਜਾਂਦੀ ਏ। ਫਿਰ ਹੰਝੂਆਂ ਦਾ ਮੀਂਹ ਵਰਦੈ ਤੇ ਅਰਮਾਨਾਂ ਦੇ ਵਾਹਣ 'ਚ ਹੜ੍ਹ ਆ ਜਾਂਦੈ। ਫਿਰ ਦਿਲ ਦਾ ਕੱਦੂ ਕਰਕੇ ਝੋਨਾ ਲਾਉਣ ਦੀ ਤਿਆਰੀ ਕਰਦਾ ਹਾਂ ਤਾਂ ਖਿਆਲਾਂ ਦੇ ਭਈਏ ਰਾਤ ਨੂੰ ਮੋਟਰ ਤੋਂ ਭੱਜ ਕੇ ਕਿਸੇ ਹੋਰ ਦੀ ਪਨੀਰੀ ਪੱਟਣ ਚਲੇ ਜਾਂਦੇ ਨੇ।

ਨੀ! ਤੇਰਾ ਗਰੀਬ ਜੱਟ ਤਾਂ ਮਾਰ ਲਿਐ, ਕਦੇ ਸੋਕੇ ਨੇ, ਕਦੇ ਡੋਬੇ ਨੇ!

ਮੇਰੀਏ ਲੱਛੀਏ! ਜੇ ਤੂੰ ਕੋਲ ਹੋਵੇਂ ਤਾਂ ਤੇਰੇ ਕੰਨਾਂ ਨੂੰ 'ਬੰਦ' ਬਣਵਾ ਕੇ ਦੇਵਾਂ ਪਰ ਅਜੇ ਤਾਂ ਤੇਰੀਆਂ ਮੁਰਕੀਆਂ ਲੁਹਾ ਕੇ ਵੇਚਣ ਨੂੰ ਜੀਅ ਕਰਦੈ ਪਰ ਨੱਕ ਦਾ ਕੋਕਾ ਨਹੀਂ ਲੁਹਾਉਣਾ, ਜੇ ਲੁਹਾ ਲਿਆ ਤਾਂ ਲੋਕਾਂ ਨੇ ਕਹਿਣੈ 'ਵਾਪਸੀ ਨਾਲੀ' ਦਾ ਮੂੰਹ ਵੇਖ ਕਿੱਧਰ ਨੂੰ ਕੱਢਿਆ ਪਿਐ? ਨਾਲੇ ਥਰੀ ਕੁਆਟਰ ਇੰਚ ਮੋਟਾ ਕੋਕਾ ਤੇਰੇ ਨੱਕ ਵਿਚ ਨਾ ਹੋਇਆ ਤਾਂ ਤੇਰੇ ਘੁਰਾੜੇ ਸੀਟੀ ਮਾਰ-ਮਾਰ ਕੇ ਉਠਾਇਆ ਕਰਨਗੇ! 'ਚੌਕੀਦਾਰ ਅਜੇ ਨਹੀਂ ਸੁੱਤਾ, ਨੀ! ਸੋਹਣਾ ਆਉਣ ਨੂੰ ਫਿਰੇ...! ਜਾਗਦੇ ਰਹੋ...!!'

ਮੇਰੇ ਨੈਣਾਂ ਦੀਏ ਵਾਲ-ਪੇਪਰੇ! ਦਿਲ ਦੇ ਮੌਨੀਟਰ 'ਤੇ ਸਧਰਾਂ ਦਾ ਕਰਸਰ ਗੁਆਚੀ ਵੈਬਸਾਈਟ ਵਾਂਗੂੰ ਤੈਨੂੰ ਲੱਭਦੀ ਨੂੰ ਥੱਕਿਆ ਪਿਐ! ਤੂੰ ਪਤਾ ਨਹੀਂ ਕੀਹਦੇ ਸੌਫਟਵੇਅਰ ਵਿਚ ਜਾ ਕੇ ਫਿੱਟ ਹੋ ਗਈ ਏਂ? ਵਿਛੋੜਿਆਂ ਦੇ ਵਾਇਰਸ ਨੇ ਅੰਗ-ਅੰਗ ਫਰੀਜ਼ ਕੀਤਾ ਪਿਆ ਏ! ਹੁਣ ਤਾਂ ਐਂਟੀ-ਵਾਇਰਸ ਵਰਗੇ ਤੇਰੇ ਖਤ ਪੜ੍ਹ ਕੇ ਟਾਇਮ ਟਪਾ ਰਿਹਾ ਹਾਂ।

ਵੇਖੀਂ ਕਿਤੇ, ਹੁਣ ਮੈਨੂੰ ਤੇਰੇ ਵਰਗੀ ਕੋਈ ਹੋਰ ਕੁੜੀ ਨਾ ਡਾਊਨਲੋਡ ਕਰਨੀ ਪੈ ਜਾਵੇ? ਪਰ ਹੁਣ ਤਾਂ ਵਿੰਡੋ-98 ਵਰਗੇ ਤੇਰੇ ਗੁਰਮੇਲ ਦੀ ਵੀ ਗੀਗਾ-ਬਾਈਟ ਸ਼ਕਤੀ ਘਟੀ ਜਾਂਦੀ ਏ, ਮੇਰੀਏ ਵਿੰਡੋ-ਵਿਸਟੀਏ!! ਚੱਲ ਉਹ ਤਾਂ ਕੋਈ ਨਾ, ਸਟੋਰ ਤੋਂ ਨੀਲੀ ਚਿੱਪ (100 ਐਮ.ਜੀ. ਦੀ) ਲੈ ਕੇ ਵਧਾ ਲਵਾਂਗੇ,

'ਤੂੰ ਆ ਜਾ ਕਿਤੋਂ ਈ-ਮੇਲ ਬਣ ਕੇ!
ਮੈਂ ਸਾਰੀ ਉਮਰ ਜਾਗ ਕੇ ਲੰਘਾਵਾਂ,
ਕਦੇ ਵੀ ਨਾ ਅੱਖ ਗੁਰਮੇਲ ਝਮਕੇ!'

ਅੜੀਏ! ਹੁਣ ਤਾਂ ਇਕੱਲੇ ਨੂੰ ਘਰ ਦੀਆਂ ਕੰਧਾਂ ਵੀ ਖਾਣ ਨੂੰ ਆਉਂਦੀਆਂ ਨੇ ਪਰ ਉਹ ਵੀ ਮੂੰਹ ਲਾ ਕੇ ਛੱਡ ਦਿੰਦੀਆਂ ਨੇ! ਸ਼ਾਇਦ ਤੇਰੇ ਵਾਂਗੂੰ ਹੁਣ ਕੰਧਾਂ ਨੂੰ ਵੀ ਮੈਂ ਸੁਆਦ ਲਗਣੋਂ ਹਟ ਗਿਆਂ! ਕੁਝ ਖਾਣ ਨੂੰ ਵੀ ਜੀ ਨਹੀਂ ਕਰਦਾ ਪਰ ਘਰੇ ਕੁਝ ਹੋਵੇ ਤਾਂ ਖਾਵਾਂ! ਵਰਜਿਨ ਕੌਲੀਆਂ ਨੂੰ ਵੀ ਬਿਨਾਂ ਵਰਤੇ ਹੀ ਧੋ-ਧੋ ਕੇ ਰਖਦਾ ਰਹਿੰਦਾ ਹਾਂ! ਬੱਸ, ਹੁਣ ਤਾਂ ਤੇਰੀ ਯਾਦ 'ਚ ਸਾਰਾ ਦਿਨ ਚਾਹ 'ਚ ਕੜਛੀ ਘੁੰਮਾਉਂਦਾ ਰਹਿੰਦਾ ਹਾਂ!

ਤੂੰ ਪਤਾ ਨਹੀਂ ਕਿਧਰ ਜ਼ੁਲਫਾਂ ਦੀ ਬਲੀ ਦੇਣ ਚਿੰਤਪੁਰਨੀ ਚਲੀ ਗਈ ਏਂ! ਪਰ ਪਾਪਣੇ! ਕੁਝ ਜੰਮੀਆਂ-ਅਣਜੰਮੀਆਂ ਸਿਰ ਦੀਆਂ ਧੀਆਂ ਬਾਰੇ ਤਾਂ ਸੋਚਦੀ! ਸਮਾਜ ਤਾਂ ਓਧਰ ਮਰਦਾਂ ਨੂੰ ਤਾਹਨੇ ਮਾਰਦਾ ਪਿਆ ਏ ਕਿ ਇਹ ਕੁੜੀਆਂ ਨੂੰ ਨਹੀਂ ਚਾਹੁੰਦੇ! ਭਲਾ ਪੁੱਛਣ ਵਾਲਾ ਹੋਵੇ, ਕੁੜੀਆਂ ਤੋਂ ਬਿਨਾਂ ਅਸੀਂ ਕਿਸ ਕੰਮ ਦੇ? ਕਿਤੇ ਬਾਹਰਲੇ ਮੁਲਕਾਂ 'ਚ ਆ ਕੇ ਆਪਣਾ ਵਿਰਸਾ ਤਾਂ ਨਹੀਂ ਭੁੱਲ ਗਈ-ਮੁਟਿਆਰੇ! ਕਦੇ-ਕਦੇ ਮੈਨੂੰ ਤੇਰੀ ਹੋਂਦ 'ਤੇ ਵੀ ਸ਼ੱਕ ਜਿਹਾ ਹੋਣ ਲੱਗ ਪੈਂਦਾ ਏ! ਜਿਵੇਂ ਚਮਕੀਲੇ ਦੀ ਅਮਰਜੋਤ ਨੂੰ ਕੰਧ 'ਚ ਮੋਰੀ ਕਰਨ ਵਾਲੇ ਜੇਠ 'ਤੇ ਹੋ ਗਿਆ ਸੀ ਪਰ ਸਾਡੇ ਵਿਰਸੇ ਦੀ ਕਿਤੇ ਤੁਸੀਂ ਨਸਲਕੁਸ਼ੀ ਤਾਂ ਨਹੀਂ ਕਰੀ ਜਾਂਦੀਆਂ?

ਪਹਿਲਾਂ ਤਾਂ ਆਪਾਂ ਗਾਉਣ ਵਾਲਿਆਂ ਨੂੰ ਇਲਜ਼ਾਮ ਦਿੰਦੇ ਹੁੰਦੇ ਸੀ ਕਿ ਇਹ ਗੀਤਾਂ 'ਚ ਨੰਗੇਜ ਦਾ ਪ੍ਰਚਾਰ ਕਰਦੇ ਨੇ। ਤੇ ਅੱਜ ਕਲ ਤਾਂ ਦੇਖ ਲੈ! ਸਾਰਾਹ ਪਾਲਿਨ ਦੀਆਂ ਚੇਲੀਆਂ ਆਪ ਹੀ ਸ਼ਰੇ-ਬਜ਼ਾਰ ਸਭ ਕੁਝ ਦਿਖਾਈ ਜਾਂਦੀਆਂ ਨੇ!! ਫਿਰ ਇਹ ਦੇਖ ਕੇ ਦਲਜੀਤ ਹੋਰਾਂ ਨੇ ਤਾਂ ਆਪੇ ਔਰਤ ਨੂੰ ਔਰਤ ਨਹੀਂ, ਸਗੋਂ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚਲਦੀ ਫਿਰਦੀ ਫਰੈਂਚਾਈਜ਼ ਹੀ ਸਮਝ ਕੇ ਹੇਕਾਂ ਲਾਉਣੀਆਂ ਨੇ...'ਲੱਕ ਲਿਮਕੇ ਦੀ ਬੋਤਲ ਤੋਂ ਵੀ ਗੋਲ, ਆਮਲੇਟ ਤੋਂ ਨਰਮ ਬੁੱਲੀਆਂ ਜਾਂ ਫਿਰ ਲੱਕ ਟਵੰਟੀ ਏਟ ਕੁੜੀ ਦਾ, ਫੌਰਟੀ ਸੈਵਨ ਵੇਟ ਕੁੜੀ ਦਾ!' ਵਾਹ! ਕਿਆ ਸਾਡਾ ਵਰਤਮਾਨ ਸੱਭਿਆਚਾਰ ਹੈ!! ਗਾਇਕ ਨੇ ਐਸੀ ਕੁੜੀ ਤਾਂ ਹੱਥੀਂ ਪਾਲੀ ਲਗਦੀ ਐ!

ਪਰ ਬੀਚਾਂ 'ਤੇ ਅੱਧ-ਨੰਗੀਆਂ ਨੂੰ ਜੇ ਹੁਣ ਚਮਕੀਲਾ ਆ ਕੇ ਦੇਖੇ ਤਾਂ ਮੇਰੇ ਗਲ ਲੱਗ ਕੇ ਭੁੱਬਾਂ ਮਾਰ-ਮਾਰ ਰੋਵੇਗਾ ਕਿ ਗੁਰਮੇਲ ਤੂੰ ਐਨਾ ਕਿਉਂ ਬੇਸ਼ਰਮ ਹੋ ਗਿਆ ਏਂ? ਜੇ ਹੋ ਹੀ ਗਿਆ ਏਂ ਤਾਂ ਨਾਲ ਲਗਦੀ ਇੱਕ ਹੇਅਰ-ਰਿਮੂਵਲ ਵਾਲੀ ਦੁਕਾਨ ਖੋਲ ਲੈ! ਜਾਂ ਜੇ ਕਿਸੇ ਖੂੰਜੇ 'ਚ ਸ਼ਰਮ ਬਚੀ ਹੈ ਤਾਂ ਡੱਗੀ ਵਾਲੀ ਦੁਕਾਨ ਖੋਲ ਕੇ ਨਾਰੀ ਸੰਸਾਰ ਦੀ ਸੇਵਾ ਆਪਣੇ ਹੱਥੀਂ ਕਿਉਂ ਨਹੀਂ ਲੈਂਦਾ! ਹਾਲੇ ਵੀ ਸੋਚ ਲੈ ਤਾਂ ਕਿ ਤੇਰਾ ਜਨਮ ਸਫਲਾ ਹੋ ਜਾਵੇ!

ਪਰ ਗੁੱਸੇ-ਖੋਰੀਏ! ਕਿਤੇ ਗੁੱਸਾ ਹੀ ਨਾ ਕਰ ਜਾਵੀਂ। ਤਿੱਖੀ ਚੁੰਝ ਵਾਲੀ ਤੇਰੀ ਜੁੱਤੀ ਤੋਂ ਵੀ ਬੜਾ ਡਰ ਲਗਦੈ। ਪਰ ਜੋ ਵੀ ਹੋਵੇ, ਜਦੋਂ ਤੂੰ ਮੈਨੂੰ ਸਲੀਵਲੈਸ ਪਾ ਕੇ ਮਿਲਣ ਆਉਂਦੀ ਹੁੰਦੀ ਸੀ ਤਾਂ ਪਹਿਲਾਂ ਤੇਰੇ ਕੁਤਕੁਤੀਆਂ ਕੱਢਣ ਨੂੰ ਜੀਅ ਕਰਦਾ ਹੁੰਦਾ ਸੀ!

ਕਦੇ ਫੇਰ ਉਹ ਦਿਨ ਵੀ ਆਉਣਗੇ? ਬੱਸ, ਇੱਕ 'ਡੌਗੀ-ਝਾਕ' ਵਿਚ;

ਕਾਲੀਆਂ ਜ਼ੁਲਫਾਂ ਦੇ ਪ੍ਰਛਾਵੇਂ ਵਰਗੀਏ ਨੀ! ਲਾਲ ਪਰਾਂਦੇ ਵਰਗਾ ਤੇਰਾ ਯਾਰ!..ਗੁਰਮੇਲ ਬਦੇਸ਼ਾ!!

*ਫੋਨ:604-537-9490

# ਬਾਦਲਕੇ ਚਾੜ੍ਹ ਰਹੇ ਨੇ ਨਿੱਤ ਨਵੇਂ ਚੰਦ

## ਸਿਆਸਤ ਦਾ ਪਿੜ

**ਜਤਿੰਦਰ ਪੰਨੂ**

***ਇਹ ਅਜੇ ਪਤਾ ਨਹੀਂ ਲੱਗਦਾ ਕਿ ਚੋਣਾਂ ਵੇਲੇ ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ ਨੂੰ ਵੱਧ ਢਾਹ ਲਾਵੇਗਾ ਕਿ ਕਾਂਗਰਸ ਨੂੰ। ਇਸੇ ਲਈ ਕਾਂਗਰਸੀ ਆਗੂ ਵੀ ਹੁਣੇ ਤੋਂ ਉਸ ਨੂੰ ਨਿਸ਼ਾਨੇ 'ਤੇ ਰੱਖ ਕੇ ਚਾਂਦਮਾਰੀ ਕਰਨ ਲੱਗ ਪਏ ਹਨ। ਆਮ ਤੌਰ 'ਤੇ ਚੋਣਾਂ ਵਿਚ ਰਾਜ ਕਰਦੀ ਧਿਰ ਨਾਲ ਨਾਰਾਜ਼ ਹੋਏ ਵੋਟਰਾਂ ਦੀ ਚਾਰ ਫ਼ੀਸਦ ਵੀ ਟੁੱਟ ਕੇ ਜੇ ਵਿਰੋਧੀ ਖ਼ੇਮੇ ਵੱਲ ਚਲੀ ਜਾਵੇ ਤਾਂ ਇਧਰੋਂ ਚਾਰ ਘੱਟ ਕੇ ਓਧਰ ਚਾਰ ਵਧਣ ਨਾਲ ਅਸਲ ਵਿਚ ਅੱਠ ਫ਼ੀਸਦ ਦਾ ਨੁਕਸਾਨ ਹੁੰਦਾ ਹੈ। ਕਾਂਗਰਸ ਨੂੰ ਇਸ ਵਕਤ ਇਹ ਫ਼ਿਕਰ ਹੈ ਕਿ ਜਿਹੜੀ ਚਾਰ-ਪੰਜ ਫ਼ੀਸਦ ਵੋਟ ਰਾਜ ਕਰਦੇ ਗਠਜੋੜ ਨਾਲ ਨਾਰਾਜ਼ ਹੋ ਕੇ ਟੁੱਟਣੀ ਸੀ, ਜੇ ਉਹ ਇਸ ਵਾਰ ਉਸ ਦੇ ਖ਼ਾਤੇ ਨਾ ਪੈ ਕੇ ਕਿਸੇ 'ਤੀਜੀ ਧਿਰ' ਦੇ ਛਾਬੇ ਵਿਚ ਪੈ ਗਈ ਤਾਂ ਉਸ ਦੀਆਂ ਸੀਟਾਂ ਅਕਾਲੀ-ਭਾਜਪਾ ਗਠਜੋੜ ਤੋਂ ਭਾਵੇਂ ਵੱਧ ਵੀ ਹੋ ਜਾਣ, ਰਾਜ ਪ੍ਰਾਪਤੀ ਲਈ ਜਿੱਤ ਦੀ ਉਨਾਹਠ ਸੀਟਾਂ ਵਾਲੀ ਹੱਦ ਟੱਪਣੀ ਔਖੀ ਹੋ ਸਕਦੀ ਹੈ।***

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅੱਜ ਦੇ ਦੌਰ ਵਿਚ ਸਭ ਤੋਂ ਵੱਧ ਹੰਢੇ-ਵਰਤੇ ਰਾਜਸੀ ਆਗੂਆਂ ਵਿਚ ਗਿਣਿਆ ਜਾਂਦਾ ਹੈ। ਉਹ ਆਜ਼ਾਦੀ ਮਿਲਣ ਤੋਂ ਦਸ ਸਾਲ ਬਾਅਦ ਹੀ ਵਿਧਾਨ ਸਭਾ ਦੇ ਮੈਂਬਰ ਬਣ ਗਏ ਸਨ ਅਤੇ ਉਸ ਤੋਂ ਬਾਅਦ ਦੇ ਚਰਵੰਜਾ ਸਾਲਾਂ ਵਿਚ ਦੋ ਵਾਰੀਆਂ ਨੂੰ ਛੱਡ ਕੇ, ਜਿਨ੍ਹਾਂ ਵਿਚ ਇਕ ਵਾਰੀ ਉਹ ਹਾਰ ਗਏ ਅਤੇ ਇਕ ਵਾਰੀ ਚੋਣ ਦਾ ਬਾਈਕਾਟ ਕਰ ਬੈਠੇ ਸਨ, ਲਗਾਤਾਰ ਚੋਣਾਂ ਜਿੱਤਦੇ ਰਹੇ ਹਨ। ਇਕ ਵਾਰ ਤਾਂ ਉਹ ਦੋ ਹਲਕਿਆਂ-ਲੰਬੀ ਅਤੇ ਕਿਲਾ ਰਾਏਪੁਰ ਤੋਂ ਇਕੋ ਵਕਤ ਵੀ ਚੁਣੇ ਗਏ ਸਨ। ਉਂਜ ਦੋ ਥਾਂਵਾਂ ਤੋਂ ਚੋਣ ਲੜਨ ਪਿੱਛੇ ਉਨ੍ਹਾਂ ਦੇ ਮਨ ਦਾ ਇਹ ਡਰ ਸੀ ਕਿ ਲੰਬੀ ਹਲਕੇ ਵਿਚ ਕਿਧਰੇ ਹਾਰ ਨਾ ਹੋ ਜਾਂਦੀ ਹੋਵੇ। ਕਿਹਾ ਜਾਂਦਾ ਹੈ ਕਿ ਇਹੋ ਖ਼ਤਰਾ ਹੁਣ ਵੀ ਭਾਸ ਰਿਹਾ ਹੈ ਤੇ ਲੰਬੀ ਦੇ ਨਾਲ-ਨਾਲ ਦੂਜੇ ਹਲਕੇ ਵਜੋਂ ਚਮਕੌਰ ਸਾਹਿਬ ਨੂੰ ਤਿਆਰ ਕਰਨ ਲਈ ਉਥੇ ਮੁੜ-ਮੁੜ 'ਸੰਗਤ ਦਰਸ਼ਨ' ਇਸੇ ਲਈ ਕੀਤੇ ਜਾ ਰਹੇ ਹਨ। ਪਾਰਲੀਮੈਂਟ ਦੇ ਮੈਂਬਰ ਵੀ ਉਹ ਇਕ ਵਾਰ ਚੁਣੇ ਗਏ ਅਤੇ ਤਿੰਨ ਕੁ ਮਹੀਨੇ ਮੋਰਾਰਜੀ ਡਿਸਾਈ ਸਰਕਾਰ ਵਿਚ ਵਜ਼ੀਰ ਵੀ ਰਹੇ ਸਨ। ਇਸ ਪੱਧਰ ਦੇ ਨੇਤਾ ਦਾ ਗੱਲ ਕਰਨ ਦਾ ਵੀ ਪੱਧਰ ਹੁੰਦਾ ਹੈ ਪਰ ਬਾਦਲ ਸਾਹਿਬ ਬਿਆਨਬਾਜ਼ੀ ਕਰਨ ਸਮੇਂ ਇਸ ਪੱਧਰ ਦਾ ਚੇਤਾ ਨਹੀਂ ਰੱਖਦੇ ਜਾਪਦੇ। ਕਈ ਵਾਰ ਉਹ ਬਹੁਤ ਹਲਕੀ ਗੱਲ ਕਰ ਜਾਂਦੇ ਹਨ। ਜਿਵੇਂ ਇਕ ਵਾਰੀ ਲੋਕਾਂ ਤੋਂ ਤਾੜੀਆਂ ਮਰਵਾਉਣ ਖ਼ਾਤਰ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੂੰ 'ਗਾਂ ਵਾਂਗ ਭੂਤਰੀ ਫਿਰਦੀ' ਆਖ ਦਿੱਤਾ ਸੀ। ਹੁਣ ਇਕੋ ਮਹੀਨੇ ਅੰਦਰ ਦੋ ਵਾਰ ਆਪਣੇ ਭਤੀਜੇ ਬਾਰੇ ਇਸੇ ਤਰ੍ਹਾਂ ਦੀ ਗ਼ੈਰ-ਮਿਆਰੀ ਗੱਲ ਆਖ ਕੇ ਵੀ ਉਨ੍ਹਾਂ ਨੇ ਕਈ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ।

ਭਤੀਜਾ ਜਿਸ ਨੂੰ ਕਦੇ ਉਹ 'ਪੁੱਤਰ ਨਾਲੋਂ ਵੀ ਪਿਆਰਾ' ਆਖਦੇ ਹੁੰਦੇ ਸਨ, ਉਨ੍ਹਾਂ ਦੀ ਪਾਰਟੀ ਛੱਡ ਕੇ ਨਹੀਂ ਗਿਆ, ਉਸ ਨੂੰ ਕੱਢਿਆ ਗਿਆ ਹੈ। ਵੱਖਰੀ ਪਾਰਟੀ ਉਸ ਨੇ ਹਾਲੇ ਬੰਨ੍ਹੀ ਨਹੀਂ, ਫਿਰ ਵੀ ਉਸ ਦੀ ਮੁਹਿੰਮ ਦਾ ਅਸਰ ਪੰਜਾਬ ਦੀ ਰਾਜਨੀਤੀ ਵਿਚ ਸਾਫ਼ ਵੇਖਿਆ ਜਾ ਰਿਹਾ ਹੈ। ਅਸੀਂ ਉਸ ਦੇ ਹਮਾਇਤੀ ਵੀ ਨਹੀਂ ਅਤੇ ਉਸ ਨਾਲ ਵਿਰੋਧ ਦਾ ਚਲਿੱਤਰ ਵੀ ਨਹੀਂ ਕਰਾਂਗੇ ਪਰ ਇਹ ਮੰਨਣ ਵਿਚ ਹਰਜ ਨਹੀਂ ਕਿ ਇਸ ਵੇਲੇ ਦੇ ਰਾਜਸੀ ਖ਼ਾਤੇ ਵਿਚ ਗਿਣੀ ਜਾਣ ਜੋਗੀ ਇਕ ਮੱਦ ਉਹ ਬਣ ਚੁੱਕਾ ਹੈ। ਇਹ ਅਜੇ ਪਤਾ ਨਹੀਂ ਲੱਗਦਾ ਕਿ ਚੋਣਾਂ ਵੇਲੇ ਉਹ ਅਕਾਲੀ ਦਲ ਨੂੰ ਵੱਧ ਢਾਹ ਲਾਵੇਗਾ ਕਿ ਕਾਂਗਰਸ ਨੂੰ। ਇਸੇ ਲਈ ਕਾਂਗਰਸੀ ਆਗੂ ਵੀ ਹੁਣੇ ਤੋਂ ਉਸ ਨੂੰ ਨਿਸ਼ਾਨੇ 'ਤੇ ਰੱਖ ਕੇ ਚਾਂਦਮਾਰੀ ਕਰਨ ਲੱਗ ਪਏ ਹਨ। ਆਮ ਤੌਰ 'ਤੇ ਚੋਣਾਂ ਵਿਚ ਰਾਜ ਕਰਦੀ ਧਿਰ ਨਾਲ ਨਾਰਾਜ਼ ਹੋਏ ਵੋਟਰਾਂ ਦੀ ਚਾਰ ਫ਼ੀਸਦ ਵੀ ਟੁੱਟ ਕੇ ਜੇ ਵਿਰੋਧੀ ਖ਼ੇਮੇ ਵੱਲ ਚਲੀ ਜਾਵੇ ਤਾਂ ਇਧਰੋਂ ਚਾਰ ਘੱਟ ਕੇ ਓਧਰ ਚਾਰ ਵਧਣ ਨਾਲ ਅਸਲ ਵਿਚ ਅੱਠ ਫ਼ੀਸਦ ਦਾ ਨੁਕਸਾਨ ਹੁੰਦਾ ਹੈ। ਕਾਂਗਰਸ ਨੂੰ ਇਸ ਵਕਤ ਇਹ ਫ਼ਿਕਰ ਹੈ ਕਿ ਜਿਹੜੀ ਚਾਰ-ਪੰਜ ਫ਼ੀਸਦ ਵੋਟ ਰਾਜ ਕਰਦੇ ਗਠਜੋੜ ਨਾਲ ਨਾਰਾਜ਼ ਹੋ ਕੇ ਟੁੱਟਣੀ ਸੀ, ਜੇ ਉਹ ਇਸ ਵਾਰ ਉਸ ਦੇ ਖ਼ਾਤੇ ਨਾ ਪੈ ਕੇ ਕਿਸੇ 'ਤੀਜੀ ਧਿਰ' ਦੇ ਛਾਬੇ ਵਿਚ ਪੈ ਗਈ ਤਾਂ ਉਸ ਦੀਆਂ ਸੀਟਾਂ ਅਕਾਲੀ-ਭਾਜਪਾ ਗਠਜੋੜ ਤੋਂ ਭਾਵੇਂ ਵੱਧ ਵੀ ਹੋ ਜਾਣ, ਰਾਜ ਪ੍ਰਾਪਤੀ ਲਈ ਜਿੱਤ ਦੀ ਉਨਾਹਠ ਸੀਟਾਂ ਵਾਲੀ ਹੱਦ ਟੱਪਣੀ ਔਖੀ ਹੋ ਸਕਦੀ ਹੈ।

ਜਦੋਂ ਜ਼ਮੀਨੀ ਹਾਲਾਤ ਇਹ ਹਨ, ਉਦੋਂ ਚੌਥੀ ਵਾਰੀ ਮੁੱਖ ਮੰਤਰੀ ਬਣੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਹਾਸੋਹੀਣੀ ਟਿੱਪਣੀ ਕਰ ਦਿੱਤੀ ਹੈ ਕਿ ਟੱਕਰ ਤਾਂ ਚੋਣ ਵੇਲੇ ਅਕਾਲੀ-ਭਾਜਪਾ ਗਠਜੋੜ ਜਾਂ ਕਾਂਗਰਸ ਵਾਲੀਆਂ ਦੋ ਧਿਰਾਂ ਵਿਚਾਲੇ ਰਹਿਣੀ ਹੈ ਤੇ ਮਨਪ੍ਰੀਤ ਬਾਦਲ ਨੂੰ ਕਿਸੇ ਨੇ ਗੌਲਣਾ ਨਹੀਂ। ਨਾਲ ਉਨ੍ਹਾਂ ਇਹ ਵੀ ਕਹਿ ਦਿੱਤਾ ਹੈ ਕਿ ਮਨਪ੍ਰੀਤ ਬਾਦਲ ਆਪਣੀ ਪਾਰਟੀ ਛੱਡ ਕੇ ਗਿਆ ਹੈ। ਜਿਹੜਾ



*ਮਨਪ੍ਰੀਤ ਸਿੰਘ ਬਾਦਲ*

ਬੰਦਾ ਪਾਰਟੀ ਛੱਡ ਕੇ ਜਾਵੇ; ਲੋਕ ਉਸ ਨੂੰ ਮੂੰਹ ਨਹੀਂ ਲਾਉਂਦੇ ਹੁੰਦੇ। ਐਨ ਇਹੋ ਗੱਲਾਂ ਕਿਸੇ ਸਮੇਂ ਆਪਣੇ ਨਾਲੋਂ ਟੁੱਟ ਕੇ ਗਏ ਵੀ.ਪੀ. ਸਿੰਘ ਬਾਰੇ ਰਾਜੀਵ ਗਾਂਧੀ ਨੇ ਵੀ ਕਹੀਆਂ ਸਨ, ਪਰ ਸਵਾ ਸਾਲ ਪਿੱਛੋਂ ਵੀ.ਪੀ. ਸਿੰਘ ਨੇ ਰਾਜੀਵ ਗਾਂਧੀ ਵਾਲੀ ਕੁਰਸੀ ਮੱਲੀ ਹੋਈ ਸੀ ਅਤੇ ਰਾਜੀਵ ਗਾਂਧੀ ਨੂੰ ਮੁੜ ਕੇ ਉਸ ਕੁਰਸੀ ਉਤੇ ਬਹਿਣ ਦਾ ਮੌਕਾ ਹੀ ਕੁਦਰਤ ਨੇ ਨਹੀਂ ਸੀ ਦਿੱਤਾ।

ਬਾਬੇ ਕਹਿੰਦੇ ਹੁੰਦੇ ਸੀ ਕਿ 'ਕੱਲ੍ਹ ਨਾਮ ਕਾਲ ਦਾ' ਹੁੰਦਾ ਹੈ, ਕੱਲ੍ਹ ਕਿਸੇ ਨੂੰ ਡੋਬ ਵੀ ਸਕਦਾ ਹੈ ਤੇ ਕਿਸੇ ਦਾ ਪਾਰ-ਉਤਾਰਾ ਵੀ ਕਰ ਸਕਦਾ ਹੈ। ਕਿਸੇ ਵਕਤ ਧੜੱਲੇਦਾਰ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਗੁੱਡੀ ਉਸ ਦੇ ਇਕ ਫ਼ਰਜ਼ੰਦ ਦੇ ਕਾਰਿਆਂ ਨੇ ਕਟਵਾ ਦਿੱਤੀ ਸੀ ਅਤੇ ਫਿਰ ਇਕ ਹੋਰ ਧੜੱਲੇਦਾਰ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਾਰੀ ਖੱਟੀ ਹੋਈ ਭੱਲ ਨੂੰ ਉਸ ਦੇ ਪੋਤਰੇ ਦੀ ਇਕੋ ਰੰਗੀਨ ਸ਼ਾਮ ਨੇ ਧੁਆਂਖ ਕੇ ਰੱਖ ਦਿੱਤਾ ਸੀ। ਬਾਦਲ ਸਾਹਿਬ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਰਾਜ-ਮਹਿਲ ਅੰਦਰ ਕਿੱਦਾਂ ਦੇ 'ਦਰਬਾਰੀ' ਫਿਰਦੇ ਹਨ ਅਤੇ ਉਹ ਪਤਾ ਨਹੀਂ ਕਦੋਂ ਕੀ ਚੰਦ ਚਾੜ੍ਹ ਦੇਣਗੇ!

ਰਹੀ ਗੱਲ ਮਨਪ੍ਰੀਤ ਬਾਦਲ ਦੀ, ਜਦੋਂ ਉਸ ਨੇ ਆਪਣੇ ਸਿਆਸੀ 'ਪਿੰਡ' ਦੀ ਹਾਲੇ ਮੋੜ੍ਹੀ ਵੀ ਨਹੀਂ ਗੱਡੀ, ਉਸ ਦੇ ਭਵਿੱਖ ਬਾਰੇ ਹੁਣੇ ਕਿਆਫ਼ੇ ਲਾਉਣੇ ਵੇਲੇ ਤੋਂ ਪਹਿਲਾਂ ਦੀ ਗੱਲ ਹੈ। ਉਸ ਦੇ ਨਾਲ ਸੰਤ ਅਜੀਤ ਸਿੰਘ ਗਿਆ ਸੀ ਜਿਹੜਾ ਖ਼ਾਲਸੇ ਦੇ ਜਨਮ ਅਸਥਾਨ ਤੋਂ ਸਹੁੰ ਚੁੱਕ ਕੇ ਤੁਰਨ ਦਾ ਵਾਅਦਾ ਕਰਦਾ ਸੀ ਪਰ ਪਰਿਵਾਰ ਵਿਛੋੜਾ ਸਾਹਿਬ ਪਹੁੰਚ ਕੇ ਜਦੋਂ ਮਨਪ੍ਰੀਤ ਨਾਲੋਂ ਵਿਛੋੜੇ ਦਾ ਐਲਾਨ ਇੰਨੀ ਗੱਲ ਪਿੱਛੋਂ ਕਰਨ ਲੱਗ ਪਿਆ ਕਿ ਬਾਦਲ ਸਾਹਿਬ ਨੇ ਡੀ.ਸੀ. ਅਤੇ ਐਸ.ਐਸ.ਪੀ. ਨੂੰ ਸੰਤ ਦਾ ਹੁਣ ਖ਼ਾਸ ਖ਼ਿਆਲ ਰੱਖਣ ਨੂੰ ਕਹਿ ਦਿੱਤਾ ਹੈ। ਇਕ ਆਜ਼ਾਦ ਵਿਧਾਇਕ ਵੀ ਮਨਪ੍ਰੀਤ ਬਾਦਲ ਨਾਲ ਗਿਆ ਸੀ ਪਰ ਦਿਨ ਦਸ ਨਾ ਲੰਘੇ, ਅਤੇ ਉਹ ਆਪਣੀ ਆਜ਼ਾਦੀ ਨੂੰ ਛੱਡ ਕੇ ਕਾਂਗਰਸ ਦੇ ਕਿੱਲੇ ਨਾਲ ਜਾ ਬੱਝਾ ਸੀ। ਇੱਦਾਂ ਦੇ ਕੁਝ ਸੱਜਣ ਹੋਰ ਵੀ ਹਨ ਜਿਹੜੇ ਕਈ ਪੱਤਣਾਂ ਦੇ ਤਾਰੂ ਰਹਿ ਚੁੱਕੇ ਹਨ ਅਤੇ ਜਦੋਂ ਮਨਪ੍ਰੀਤ ਬਾਦਲ ਦਾ ਸਾਥ ਛੱਡਣਾ ਹੋਇਆ, ਅਗਲਾ ਅੱਡਾ ਆਉਂਦਾ ਵੀ ਉਹ ਨਹੀਂ ਉਡੀਕਣ ਲੱਗੇ। ਇੱਦਾਂ ਦੇ ਪੱਖਾਂ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਵਿਧਾਨ ਸਭਾ ਚੋਣਾਂ ਵਿਚ ਇਕ ਸਾਲ ਰਹਿੰਦਿਆਂ ਇਹ ਕਹਿਣਾ ਅੱਜ ਦੀ ਘੜੀ ਮੁਸ਼ਕਲ ਹੈ ਕਿ ਮਨਪ੍ਰੀਤ ਦਾ ਕੱਲ੍ਹ ਨੂੰ ਕੀ ਬਣੇਗਾ?

ਜਿਹੜੀ ਗੱਲ ਮੁੱਖ ਮੰਤਰੀ ਬਾਦਲ ਸਾਹਿਬ ਦੇ ਸੋਚਣ ਵਾਲੀ ਹੈ, ਉਨ੍ਹਾਂ ਦੇ ਉਪ ਮੁੱਖ ਮੰਤਰੀ ਪੁੱਤਰ ਦੇ ਸੋਚਣ ਵਾਲੀ ਬਿਲਕੁਲ ਨਹੀਂ, ਉਹ ਇਹ ਕਿ ਮਨਪ੍ਰੀਤ ਬਾਦਲ ਦੀ ਮੁਹਿੰਮ ਆਪਣਾ ਅਸਰ ਵਿਖਾ ਰਹੀ ਹੈ। ਅੱਜ ਦੇ ਦਿਨ ਵੇਖੀਏ ਤਾਂ ਉਸ ਦਾ ਪ੍ਰਭਾਵ ਕਿਸੇ ਨਾਲਾਇਕ ਬੰਦੇ ਵੱਲੋਂ ਖਾਦ ਦਾ ਛੱਟਾ ਦੇਣ ਨਾਲ ਕਿਸੇ ਥਾਂ ਕਾਲੀ ਹੋਈ ਅਤੇ ਕਿਤੇ ਪੀਲੀ ਰਹਿ ਗਈ ਫ਼ਸਲ ਵਰਗਾ ਬਣਦਾ ਹੈ। ਜੇ ਕਿਸੇ ਥਾਂ ਮਨਪ੍ਰੀਤ ਬਾਦਲ ਦੇ ਨਾਲ ਆਪ-ਮੁਹਾਣ ਨਜ਼ਰ ਆਉਂਦਾ ਹੈ ਤਾਂ ਬਹੁਤ ਸਾਰੇ ਹਲਕੇ ਹੋਰ ਹਨ, ਜਿਥੇ ਉਸ ਦਾ ਹਾਲੇ ਤਕ ਝੰਡਾ ਵੀ ਕਿਸੇ ਨੇ ਨਹੀਂ ਲਾਇਆ ਪਰ ਮਾਲਵੇ ਦੀ ਜਿਸ ਪੱਟੀ ਨੂੰ ਅੱਗੇ 'ਬਾਦਲ ਪਰਿਵਾਰ ਦਾ ਖੇਤਰ' ਗਿਣਿਆ ਜਾਂਦਾ ਸੀ, ਉਥੇ ਉਹ ਪਰਿਵਾਰ ਦਾ 'ਆਧੀ' ਬਣ ਰਿਹਾ ਜਾਪਦਾ ਹੈ। ਮਾਘੀ ਦੇ ਮੇਲੇ ਮੌਕੇ ਉਸ ਦੀ ਕਾਨਫ਼ਰੰਸ ਵਿਚ ਸਰਕਾਰੀ ਰੋਕਾਂ ਦੇ ਬਾਵਜੂਦ ਉਸ ਨੂੰ ਸੁਣਨ ਵਾਲਿਆਂ ਦੀ ਹਾਜ਼ਰੀ ਜਿੰਨੀ ਹੋ ਗਈ, ਉਸ ਤੋਂ ਸਾਰੇ ਹੈਰਾਨ ਸਨ। ਇਕ ਪਾਸੇ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਪਾਰਟੀ-ਤਿੰਨ ਤਾਕਤਾਂ ਦਾ ਜ਼ੋਰ ਲੱਗਾ ਪਿਆ ਸੀ ਅਤੇ ਦੂਜੇ ਪਾਸੇ 'ਸਵਾ ਲੱਖ' ਫ਼ੌਜ ਉਨ੍ਹਾਂ ਦੇ ਬਰਾਬਰ ਜੇ ਨਾ ਮੰਨੀ ਜਾਵੇ ਤਾਂ ਨੇੜੇ-ਤੇੜੇ ਦਾ ਪ੍ਰਭਾਵ ਜ਼ਰੂਰ ਹਰ ਕਿਸੇ ਉਤੇ ਪੈਂਦਾ ਸੀ।

ਹੰਢੇ ਹੋਏ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਤੋਂ ਸੋਚਣ ਦੀ ਲੋੜ ਹੈ ਕਿ 'ਕੱਲ੍ਹ ਦੇ ਜੰਮੇ ਜਵਾਕ' (ਕੁਝ ਅਕਾਲੀ ਲੀਡਰ ਉਸ ਬਾਰੇ ਇਹੋ ਸ਼ਬਦ ਵਰਤਦੇ ਹਨ) ਪਿੱਛੇ ਇੰਨੇ ਲੋਕ ਕਿਉਂ ਆ ਗਏ? ਜਿਹੜੇ ਲੋਕ ਆਏ ਜਾਂ ਆ ਰਹੇ ਹਨ, ਉਨ੍ਹਾਂ ਵਿਚੋਂ ਕਈ ਉਸ ਦੇ ਕਿਰਦਾਰ ਦੇ ਪ੍ਰਸ਼ੰਸਕ ਹੋਣਗੇ ਪਰ ਕਈ ਉਹ ਵੀ ਹਨ ਜਿਹੜੇ ਬਾਦਲ ਅਕਾਲੀ ਦਲ ਦੇ ਅੰਦਰ ਨਵੀਂ ਪੀੜ੍ਹੀ ਦੇ ਵਿਹਾਰ ਤੋਂ ਤੰਗ ਆਏ ਪਏ ਸਨ। ਇਹ ਗੱਲ ਬਾਦਲ ਸਾਹਿਬ ਨੂੰ ਵੀ ਪਤਾ ਹੋਏਗੀ ਕਿ ਸੰਗਰੂਰ ਦੀ ਪਾਰਲੀਮੈਂਟ ਸੀਟ ਕਾਂਗਰਸ ਨੇ ਨਹੀਂ ਸੀ ਜਿੱਤੀ, ਅਕਾਲੀ ਦਲ ਨੇ ਹਾਰੀ ਸੀ। ਕਿਉਂ ਅਤੇ ਕਿੱਦਾਂ ਹਾਰੀ ਸੀ, ਜੇ ਇਹ ਗੱਲ ਸੰਗਰੂਰ ਦੇ ਬੱਚੇ-ਬੱਚੇ ਦੀ ਜ਼ਬਾਨ ਉਤੇ ਹੈ ਤਾਂ ਅਕਾਲੀ ਸਫ਼ਾਂ ਅੰਦਰ ਚਾਲੀ-ਚਾਲੀ ਸਾਲ ਲਾ ਚੁੱਕੇ ਜਥੇਦਾਰਾਂ ਨੂੰ ਵੀ ਪਤਾ ਹੋਏਗੀ। ਜਿਹੜੇ ਜਥੇਦਾਰ ਇਹ ਗੱਲ ਜਾਣਦੇ ਹੋਏ ਵੀ ਚੁੱਪ ਹਨ, ਪਾਰਟੀ ਦੀ ਵਫ਼ਾਦਾਰੀ ਕਰ ਕੇ ਹੀ ਚੁੱਪ ਨਹੀਂ ਬੈਠੇ ਹੋਏ, ਉਹ ਮੌਕੇ ਦੀ ਉਡੀਕ ਕਰਦੇ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਇਹ ਮੌਕਾ, ਪਾਰਟੀ ਅੰਦਰ ਕੁਰਸੀਆਂ ਲਈ ਕਾਹਲਾ ਟੋਲਾ ਖ਼ੁਦ ਦੇਈ ਜਾ ਰਿਹਾ ਹੈ। ਸਾਲ ਤਾਂ ਹੁਣ ਸਿਰਫ਼ ਇਕ ਰਹਿ ਗਿਆ ਹੈ, ਜੇ ਅਜੇ ਵੀ ਬਾਦਲ ਸਾਹਿਬ ਮੁੱਛਾਂ ਨੂੰ ਤਾਅ ਦੇਣ ਵਾਲੇ ਇਸ ਟੋਲੇ ਨੂੰ ਨਹੀਂ ਸੰਭਾਲਦੇ ਤਾਂ ਇਹ ਟੋਲਾ ਪਾਰਟੀ ਨੂੰ ਸੌਖੀ ਸੰਭਾਲਣ ਜੋਗੀ ਬਣਾ ਦੇਵੇਗਾ।

ਪਿਛਲੇ ਦਿਨੀਂ ਸਾਬਕਾ ਪਾਰਲੀਮੈਂਟ ਮੈਂਬਰ ਵਰਿੰਦਰ ਸਿੰਘ ਬਾਜਵਾ ਪਾਰਟੀ ਛੱਡ ਕੇ ਮਨਪ੍ਰੀਤ ਬਾਦਲ ਦੇ ਨਾਲ ਜਾ ਰਲਿਆ। ਹਾਲੇ ਦੋ ਦਿਨ ਪਹਿਲਾਂ ਤੱਕ ਉਹ ਸੁਖਬੀਰ ਸਿੰਘ ਬਾਦਲ ਦੇ ਨਾਲ ਬੈਠਾ ਦਿਸਦਾ ਸੀ। ਦੋ ਦਿਨਾਂ ਵਿਚ ਕੀ ਹੋ ਗਿਆ ਕਿ ਉਸ ਨੂੰ ਪਾਰਟੀ ਛੱਡਣੀ ਪੈ ਗਈ? ਚਰਚਾ ਹੈ ਕਿ ਜਿੱਦਾਂ ਦਾ ਵਿਹਾਰ ਧਾਰਨ ਕੀਤਾ ਜਾ ਰਿਹਾ ਸੀ, ਉਸ ਨੂੰ ਸਾਊ ਬੰਦਾ ਬਰਦਾਸ਼ਤ ਨਹੀਂ ਕਰ ਸਕਦਾ। ਉਸ ਦੇ ਪਿੱਛੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਭੜਥੂ ਪਿਆ ਹੋਇਆ ਹੈ ਕਿ ਫਲਾਣਾ ਵੀ ਜਾਣ ਵਾਲਾ ਹੈ ਤੇ ਫਲਾਣਾ ਵੀ ਪਰ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਕਿ ਖੋਰਾ ਉਸ ਜ਼ਿਲ੍ਹੇ ਵਿਚ ਭਾਰਤੀ ਜਨਤਾ ਪਾਰਟੀ ਨੂੰ ਵੀ ਲੱਗਣ ਵਾਲਾ ਸੁਣੀਂਦਾ ਹੈ। ਕੱਲ੍ਹ ਤਕ ਭਾਜਪਾ ਦੇ ਆਗੂ ਇਸ ਗੱਲੋਂ ਖ਼ੁਸ਼ ਸਨ ਕਿ ਜੇ ਚਾਰ ਅਕਾਲੀ ਹੋਰ ਛੱਡ ਜਾਣ ਅਤੇ ਬਾਦਲ ਅਕਾਲੀ ਦਲ ਕੁਝ ਕਮਜ਼ੋਰ ਹੋ ਜਾਵੇ ਤਾਂ ਪਿਛਲੀਆਂ ਤੇਈ ਸੀਟਾਂ ਦੀ ਥਾਂ ਇਸ ਵਾਰੀ ਤੇਤੀ ਮੰਗਾਂਗੇ ਪਰ ਹੁਣ ਆਪਣਾ ਕੁੱਲਾ ਝੁਲਸਦਾ ਵੇਖ ਕੇ ਸੋਚੀਂ ਪਏ ਫਿਰਦੇ ਹਨ। ਸਮੱਸਿਆ ਉਨ੍ਹਾਂ ਦੀ ਵੀ ਇਹੋ ਹੈ ਕਿ ਪਾਰਟੀ ਵਰਕਰਾਂ ਦੇ ਕੰਮ ਵੀ ਪਾਰਟੀ ਦੇ ਮੰਤਰੀ ਆਪਣੇ ਦਲਾਲਾਂ ਰਾਹੀਂ ਸ਼ਗਨ ਪੁਆਏ ਬਿਨਾਂ ਨਹੀਂ ਕਰਦੇ। ਫਿਰ ਪਾਰਟੀ ਕਿਵੇਂ ਬਚੇਗੀ ਤੇ ਗਠਜੋੜ ਕਿਵੇਂ ਬਚੇਗਾ?

ਓਧਰ ਮਾਲਵੇ ਵਿਚ ਹੁਣ ਉਹ ਲੋਕ ਵੀ ਪਾਰਟੀ ਅੰਦਰ ਅਪਮਾਨ ਦਾ ਰੋਣਾ ਰੋਣ ਲੱਗ ਪਏ ਹਨ ਜਿਨ੍ਹਾਂ ਦਾ ਵੱਡੇ ਬਾਦਲ ਨਾਲ ਮੁੱਛ ਫੁੱਟਣ ਦੇ ਦਿਨਾਂ ਤੋਂ ਨੇੜ ਸੀ। ਕੌਣ ਨਹੀਂ ਜਾਣਦਾ ਕਿ ਗੁਰਦੇਵ ਸਿੰਘ ਬਾਦਲ ਮੁੱਢ ਤੋਂ ਹੀ ਪ੍ਰਕਾਸ਼ ਸਿੰਘ ਬਾਦਲ ਨਾਲ ਪ੍ਰਛਾਵੇਂ ਵਾਂਗ ਰਿਹਾ ਸੀ ਤੇ ਜਦੋਂ ਮਨਪ੍ਰੀਤ ਬਾਦਲ ਦੇ ਸਵਾਲ ਉਤੇ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ ਸਖ਼ਤ ਫ਼ੈਸਲਾ ਕਰਨਾ ਸੀ, ਸਭ ਤੋਂ ਪਹਿਲਾਂ ਕੌੜਾ ਬਿਆਨ ਉਸ ਦੇ ਖ਼ਿਲਾਫ਼ ਗੁਰਦੇਵ ਸਿੰਘ ਬਾਦਲ ਨੇ ਹੀ ਦਿੱਤਾ ਸੀ। ਗੁਰਦੇਵ ਬਾਦਲ ਦਾ ਇਕ ਪੁੱਤਰ ਸ਼੍ਰੋਮਣੀ ਕਮੇਟੀ ਦਾ ਕਈ ਸਾਲਾਂ ਤੋਂ ਜੂਨੀਅਰ ਮੀਤ ਪ੍ਰਧਾਨ ਹੈ, ਭਰੇ ਇਜਲਾਸ ਵਿਚ ਉਸ ਦੀ ਦਾੜ੍ਹੀ ਰੰਗੀ ਹੋਣ ਦਾ ਮੁੱਦਾ ਉਠਣ ਦੇ ਬਾਵਜੂਦ ਉਸ ਨੂੰ ਪਾਸੇ ਨਹੀਂ ਸੀ ਕੀਤਾ ਗਿਆ ਤੇ ਦੂਜੇ ਪੁੱਤਰ ਦੇ ਛੱਤੀ ਐਬ ਭੁਲਾ ਕੇ ਕੇਸ ਵਿਚ ਉਸ ਦੀ ਮਦਦ ਕੀਤੀ ਗਈ ਅਤੇ ਨੌਕਰੀ ਵਿਚ ਗ਼ੈਰਹਾਜ਼ਰੀ ਨੂੰ ਮੁਆਫ਼ ਕਰਨ ਦਾ ਰਾਹ ਵੀ ਕੱਢਿਆ ਗਿਆ ਸੀ। ਹੁਣ ਉਸੇ ਗੁਰਦੇਵ ਸਿੰਘ ਬਾਦਲ ਦਾ ਦਾਮਾਦ ਧਰਮਕੋਟ ਹਲਕੇ ਦਾ ਵਿਧਾਇਕ ਅਤੇ ਪੰਜਾਬ ਦਾ ਚੀਫ਼ ਪਾਰਲੀਮਾਨੀ ਸੈਕਟਰੀ ਸੀਤਲ ਸਿੰਘ ਕਹਿ ਰਿਹਾ ਹੈ ਕਿ ਜੇ ਧਰਮਕੋਟ ਹਲਕੇ ਵਿਚ 'ਬਾਹਰੀ ਬੰਦਾ' ਪਾਰਟੀ ਨੇ ਲਿਆਂਦਾ ਤਾਂ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਸ ਦਾ ਰਿਜ਼ਰਵ ਹਲਕਾ ਜਨਰਲ ਹੋ ਜਾਣ ਮਗਰੋਂ ਉਥੇ 'ਬਾਹਰੀ ਬੰਦਾ' ਲਿਆਉਣ ਦਾ ਦੋਸ਼ ਉਪ ਮੁੱਖ ਮੰਤਰੀ ਦੇ ਜੋਟੀਦਾਰਾਂ ਉਤੇ ਲੱਗ ਰਿਹਾ ਹੈ ਅਤੇ ਮੁੱਖ ਮੰਤਰੀ ਬਾਦਲ ਸਾਹਿਬ ਸਦਾ ਵਾਂਗ ਇਸ ਵਾਰੀ ਵੀ ਚੁੱਪ ਹਨ।

ਲੁਧਿਆਣਾ ਵਿਚ ਇਕ ਸਾਬਕਾ ਵਿਧਾਇਕ ਅਤੇ ਇਕ ਮੌਜੂਦਾ ਮੰਤਰੀ ਨਾਲ ਜਿਹੜਾ ਵਿਹਾਰ ਆਏ ਦਿਨ ਜਨਤਕ ਸਮਾਗਮਾਂ ਵਿਚ ਕੀਤਾ ਜਾ ਰਿਹਾ ਹੈ, ਉਸ ਦੀ ਚਰਚਾ ਪਿਛਲੇ ਛੇ ਮਹੀਨੇ ਤੋਂ ਅਖ਼ਬਾਰਾਂ ਵਿਚ ਹੋ ਰਹੀ ਹੈ ਪਰ ਮੁੱਖ ਮੰਤਰੀ ਸਾਹਿਬ ਨੇ ਕਦੇ ਇਸ ਵਿਚ ਦਖ਼ਲ ਦੇਣ ਦੀ ਲੋੜ ਨਹੀਂ ਸਮਝੀ। ਕਾਰਨ ਇਹ ਕਿ ਇੰਜ ਕਰਨ ਵਾਲੇ ਲੋਕ ਨਵੀਂ ਪੀੜ੍ਹੀ ਦੇ ਉਹ ਝੰਡਾਬਰਦਾਰ ਮੰਨੇ ਜਾਂਦੇ ਹਨ ਜਿਨ੍ਹਾਂ ਨੇ ਇਕ ਮੈਜਿਸਟਰੇਟ ਨੂੰ ਕਚਹਿਰੀ ਵਿਚੋਂ ਚੁੱਕ ਕੇ ਮਿੰਨੀ ਸੈਕਟਰੀਏਟ ਦੀ ਪਾਰਕਿੰਗ ਵਿਚ ਲਿਆ ਕੇ ਕੁੱਟਣ ਤੋਂ ਵੀ ਝਿਜਕ ਨਹੀਂ ਸੀ ਵਿਖਾਈ। ਇਸ ਮਾਮਲੇ ਵਿਚ ਬਾਦਲ ਸਾਹਿਬ ਦੀ ਚੁੱਪ ਦੇ ਦੋ ਅਰਥ ਰਾਜਸੀ ਹਲਕਿਆਂ ਵਿਚ ਲਾਏ ਜਾ ਰਹੇ ਹਨ; ਪਹਿਲਾ ਇਹ ਕਿ ਬਾਦਲ ਸਾਹਿਬ ਹੁਣ ਦਖ਼ਲ ਦੇਣ ਦੀ ਹਾਲਤ ਵਿਚ ਹੀ ਨਹੀਂ ਰਹਿ ਗਏ ਅਤੇ ਕਮਾਨ ਅਗਲੀ ਪੀੜ੍ਹੀ ਅਮਲੀ ਤੌਰ 'ਤੇ ਸਾਂਭ ਵੀ ਚੁੱਕੀ ਹੈ। ਦੂਜਾ ਇਹ ਕਿ ਉਹ ਸਮਝਦੇ ਹਨ ਕਿ ਅੱਜ ਦੀ ਰਾਜਨੀਤੀ



*ਪ੍ਰਕਾਸ਼ ਸਿੰਘ ਬਾਦਲ*

ਵਿਚ ਇੰਜ ਕਰਨ ਦੀ ਵੀ ਲੋੜ ਹੈ। ਚਾਰ ਸਾਲ ਪਹਿਲਾਂ ਜਦੋਂ ਨਗਰ ਕੌਂਸਲਾਂ ਅਤੇ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਤਾਂ ਕਾਂਗਰਸ ਮੈਦਾਨ ਖ਼ਾਲੀ ਕਰ ਗਈ ਸੀ। ਉਦੋਂ ਸਿਰਫ਼ ਭਾਜਪਾ ਹੀ ਅਕਾਲੀਆਂ ਅੱਗੇ ਅੜੀ ਸੀ ਅਤੇ ਉਸ ਦੇ ਆਗੂਆਂ ਨੂੰ ਕੁਟਾਪਾ ਚਾੜ੍ਹ ਕੇ ਜਿਵੇਂ ਹੂੰਝਾ-ਫੇਰਵੀਂ ਅਕਾਲੀ ਜਿੱਤ ਦਾ ਪ੍ਰਭਾਵ ਬਣਾਉਣ ਦਾ ਯਤਨ ਕੀਤਾ ਗਿਆ ਸੀ, ਉਹ ਕਿਸੇ ਨੂੰ ਭੁੱਲ ਨਹੀਂ ਗਿਆ। ਸ਼ਾਇਦ ਬਾਦਲ ਅਕਾਲੀ ਦਲ ਅਗਲੀਆਂ ਵਿਧਾਨ ਸਭਾ ਚੋਣਾਂ ਵੀ ਉਵੇਂ ਹੀ ਲੜਨ ਦਾ ਮਨ ਬਣਾ ਰਿਹਾ ਹੋਵੇਗਾ!

ਕਾਰਨ ਕੋਈ ਵੀ ਹੋਵੇ, ਮੁੱਖ ਮੰਤਰੀ ਸਾਹਿਬ ਨੂੰ ਇਸ ਖ਼ੁਸ਼ਫ਼ਹਿਮੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਹਾਲੇ ਤੱਕ ਕਿਲਾ ਕਾਇਮ ਹੈ। ਜਿਹੜੀ ਜ਼ਮੀਨ ਖਿਸਕਦੀ ਲੋਕ ਮਹਿਸੂਸ ਕਰਦੇ ਹਨ, ਉਹ ਉਨ੍ਹਾਂ ਨੂੰ ਵੀ ਹੋਣੀ ਚਾਹੀਦੀ ਹੈ। ਮਨਪ੍ਰੀਤ ਦਾ ਕੱਲ੍ਹ ਨੂੰ ਕੀ ਬਣੇਗਾ, ਇਹ ਤਾਂ ਸਮਾਂ ਦੱਸੇਗਾ ਪਰ ਬਾਦਲ ਅਕਾਲੀ ਦਲ ਜਿਹੜੇ ਰਾਹ ਪੈ ਗਿਆ ਹੈ, ਉਸ ਨੂੰ ਜਾਣਨ ਲਈ ਸਮੇਂ ਦੀ ਉਡੀਕ ਕਰਨ ਦੀ ਲੋੜ ਨਹੀਂ। ਪੰਜਾਬੀ ਦਾ ਮੁਹਾਵਰਾ ਹੈ ਕਿ 'ਚੰਦ ਚੜ੍ਹੇ ਤੇ ਲਾਲ ਜੰਮੇ ਕਦੇ ਗੁੱਝੇ ਨਹੀਂ ਰਹਿੰਦੇ ਹੁੰਦੇ'; ਪਰ ਸਿਰਫ਼ ਚੰਦ ਚੜ੍ਹੇ ਹੀ ਨਹੀਂ, ਚੰਦ ਚਾੜ੍ਹੇ ਹੋਏ ਵੀ ਗੁੱਝੇ ਨਹੀਂ ਰਹਿੰਦੇ ਹੁੰਦੇ। ਵੇਲੇ ਸਿਰ ਬੰਦਾ ਸਮਝ ਜਾਵੇ ਤਾਂ ਠੀਕ, ਵਰਨਾ ਵੇਲਾ ਬੰਦੇ ਨੂੰ ਸਮਝਾ ਦਿੰਦਾ ਹੈ।

## ਜਲਾਲੇ-ਪਾਤਸ਼ਾਹੀ

***(ਪਿਛਲੇ ਸਫੇ ਦੀ ਬਾਕੀ)***

ਮੁੱਕਦੀ ਗੱਲ, ਉਹ ਡਿਕਟੇਟਰੀ ਹਕੂਮਤ ਸਹਿਣ ਕੀਤੀ ਜਾ ਸਕਦੀ ਹੈ, ਜਿਸ ਦਾ ਮੁਖੀਆ ਮਹਾਰਾਜੇ ਰਣਜੀਤ ਸਿੰਘ ਵਾਂਗ ਬੁੱਢੜਿਆਂ ਦੀਆਂ ਪੰਡਾਂ ਵੀ ਮੋਢੇ ਚੁੱਕ ਲੈਂਦਾ ਹੋਵੇ ਜਾਂ ਉਹ ਰੋੜੇ ਮਾਰਨ ਵਾਲਿਆਂ ਨੂੰ ਵੀ ਸੋਨੇ ਦੀਆਂ ਮੋਹਰਾਂ ਦੇ ਕੇ ਤੋਰਦਾ ਹੋਵੇ। ਦੂਜੀ ਤਰਫ, ਉਹ ਲੋਕਤੰਤਰ ਵੀ 'ਜੋਕ-ਤੰਤਰ' ਮੰਨਿਆ ਜਾਵੇਗਾ, ਜਿਸ ਦਾ ਮੁਖੀ ਆਪਣੇ ਰਾਜ-ਕਾਲ ਵਿਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਕੁਣਬਾਪ੍ਰਸਤੀ ਦੇ ਅਗਲੇ ਪਿਛਲੇ ਰਿਕਾਰਡ ਤੋੜ ਦੇਵੇ। ਐਸੇ 'ਚੁਣੇ ਹੋਏ' ਰਾਜੇ ਨੂੰ ਵੀ ਸੌ ਸੌ ਧ੍ਰਿਕਾਰ, ਜਿਸਦੇ ਪੰਜ ਸਾਲ ਪੂਰੇ ਕਰਨ ਲਈ ਵੀ ਲੋਕਾਂ ਦਾ ਤ੍ਰਾਹ ਨਿਕਲ ਰਿਹਾ ਹੋਵੇ ਪਰ ਉਹ ਦਮਗਜੇ ਮਾਰ ਰਿਹਾ ਹੋਵੇ ਪੱਚੀ ਸਾਲ ਰਾਜ ਕਰਨ ਦੇ!

ਫਿਰ ਉਹ ਕਿਹੜਾ ਸਿਧਾਂਤ, ਕਿਹੜਾ ਗੁਣ ਹੋਵੇਗਾ? ਜਿਸ ਦੀ ਅਣਹੋਂਦ ਕਾਰਨ ਲੋਕਤੰਤਰ ਤੇ ਤਾਨਾਸ਼ਾਹੀ ਦੋਵੇਂ ਬੁਰੀਆਂ ਬਣ ਜਾਂਦੀਆਂ ਨੇ? ਡਾ. ਅਲਾਮਾ ਇਕਬਾਲ ਇਸ ਸਵਾਲ ਦਾ ਜਵਾਬ ਦਿੰਦਾ ਹੈ,

ਜਲਾਲਿ-ਪਾਤਸ਼ਾਹੀ ਹੋ,
ਯਾ ਹੋ ਜ਼ਮਹੂਰੀ ਤਮਾਸ਼ਾ,
ਜੁਦਾ ਹੋ ਦੀਂ-ਸਿਆਸਤ ਸੇ,
ਤੋ ਰਹਿ ਜਾਤੀ ਹੈ ਚੰਗੇਜ਼ੀ!


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

***ਪੁਨੀਆ ਰੀਅਲ ਅਸਟੇਟ:94173-34049***

***ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ***

# ਵਿਸ਼ਵ ਕੱਪ ਕ੍ਰਿਕਟ-2011:ਕੌਣ ਬਣੇਗਾ ਵਿਸ਼ਵ ਚੈਂਪੀਅਨ?

**ਕ੍ਰਿਕਟ ਦੇ ਇਸ ਮਹਾਂਕੁੰਭ ਵਿਚ 10 ਆਈ.ਸੀ.ਸੀ. ਦੇ ਪੱਕੇ ਮੈਂਬਰ ਤੇ 4 ਐਸੋਸੀਏਟ ਮੈਂਬਰ-ਕੁਲ 14 ਟੀਮਾਂ ਹਨ। ਇਨ੍ਹਾਂ ਨੂੰ ਏ ਅਤੇ ਬੀ ਗਰੁਪ ਵਿਚ ਰਖਿਆ ਗਿਆ ਹੈ। ਗਰੁਪ ਏ ਵਿਚ ਆਸਟ੍ਰੇਲੀਆ, ਪਾਕਿਸਤਾਨ, ਸ਼੍ਰੀਲੰਕਾ, ਨਿਊਜੀਲੈਂਡ, ਕੈਨੇਡਾ, ਜ਼ਿੰਬਾਬਵੇ ਅਤੇ ਕੀਨੀਆ ਹਨ। ਗਰੁਪ ਬੀ ਵਿਚ ਇੰਡੀਆ, ਇੰਗਲੈਂਡ, ਸਾਊਥ ਅਫਰੀਕਾ, ਬੰਗਲਾ ਦੇਸ਼, ਵੈਸਟ ਇੰਡੀਜ਼, ਨੀਦਰਲੈਂਡ ਅਤੇ ਆਇਰਲੈਂਡ ਹਨ।**

**ਸੁਰਿੰਦਰ ਸਿੰਘ ਭਾਟੀਆ**

19 ਫਰਵਰੀ ਤੋਂ ਕ੍ਰਿਕਟ ਦਾ ਵਿਸ਼ਵ ਕੱਪ-2011 ਭਾਰਤੀ ਉਪਮਹਾਂਦੀਪ ਵਿਚ ਸ਼ੁਰੂ ਹੋ ਰਿਹਾ ਹੈ। ਏਸ਼ੀਆ ਦੇ ਤਿੰਨ ਦੇਸ਼ ਭਾਰਤ, ਸ੍ਰੀ ਲੰਕਾ ਅਤੇ ਬੰਗਲਾ ਦੇਸ਼ ਇਸ ਦੀ ਮੇਜ਼ਬਾਨੀ ਕਰ ਰਹੇ ਹਨ। ਇਸ ਵਿਚ 14 ਦੇਸ਼ਾਂ ਦੀਆਂ ਟੀਮਾਂ ਜ਼ੋਰ ਅਜ਼ਮਾਈ ਕਰਨਗੀਆਂ। ਉਦਘਾਟਨੀ ਮੈਚ 19 ਫਰਫਰੀ ਨੂੰ ਬੰਗਲਾ ਦੇਸ਼ ਤੇ ਭਾਰਤ ਦਰਮਿਆਨ ਸ਼ੇਰੇ ਬੰਗਲਾ ਸਟੇਡੀਅਮ ਢਾਕਾ ਵਿਚ ਹੋਵੇਗਾ।




ਫਾਈਨਲ 2 ਅਪ੍ਰੈਲ ਨੂੰ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿਚ ਹੋਵੇਗਾ।

ਕ੍ਰਿਕਟ ਦੇ ਇਸ ਮਹਾਂਕੁੰਭ ਵਿਚ 10 ਆਈ.ਸੀ.ਸੀ. ਦੇ ਪੱਕੇ ਮੈਂਬਰ ਤੇ 4 ਐਸੋਸੀਏਟ ਮੈਂਬਰ-ਕੁਲ 14 ਟੀਮਾਂ ਹਨ। ਇਨ੍ਹਾਂ ਨੂੰ ਏ ਅਤੇ ਬੀ ਗਰੁਪ ਵਿਚ ਰਖਿਆ ਗਿਆ ਹੈ। ਗਰੁਪ ਏ ਵਿਚ ਆਸਟ੍ਰੇਲੀਆ, ਪਾਕਿਸਤਾਨ, ਸ਼੍ਰੀਲੰਕਾ, ਨਿਊਜੀਲੈਂਡ, ਕੈਨੇਡਾ, ਜ਼ਿੰਬਾਬਵੇ ਅਤੇ ਕੀਨੀਆ ਹਨ। ਗਰੁਪ ਬੀ ਵਿਚ ਇੰਡੀਆ, ਇੰਗਲੈਂਡ, ਸਾਊਥ ਅਫਰੀਕਾ, ਬੰਗਲਾ ਦੇਸ਼, ਵੈਸਟ ਇੰਡੀਜ਼, ਨੀਦਰਲੈਂਡ ਅਤੇ ਆਇਰਲੈਂਡ ਹਨ।

ਹਰ ਗਰੁਪ ਦੀ ਹਰੇਕ ਟੀਮ ਬਾਕੀ ਦੀਆਂ ਛੇ ਟੀਮਾਂ ਨਾਲ ਲੀਗ-ਗੇੜ ਵਿਚ ਇਕ ਇਕ ਮੈਚ ਖੇਡੇਗੀ। ਦੋਵਾਂ ਗਰੁਪਾਂ ਦੀਆਂ ਪਹਿਲੇ 4 ਥਾਂਵਾਂ 'ਤੇ ਰਹਿਣ ਵਾਲੀਆਂ 8 ਟੀਮਾਂ ਅਗਲੇ ਗੇੜ ਯਾਨਿ ਕੁਆਰਟਰ ਫਾਈਨਲ ਵਿਚ ਪਹੁੰਚਣਗੀਆਂ। ਕੁਆਰਟਰ ਫਾਈਨਲ ਨਾਕ ਆਉਟ ਸਿਸਟਮ ਤੇ ਅਧਾਰਿਤ ਹੋਵੇਗਾ। ਹਾਰਨ ਵਾਲੀ ਟੀਮ ਵਿਸ਼ਵ ਕੱਪ ਵਿਚੋਂ ਬਾਹਰ ਹੋ ਜਾਵੇਗੀ। ਸੈਮੀਫਾਈਨਲ ਵਿਚ ਚਾਰ ਅਤੇ ਫਾਈਨਲ ਵਿਚ ਦੋ ਟੀਮਾਂ ਰਹਿ ਜਾਣਗੀਆਂ।

ਵਿਸ਼ਵ ਕੱਪ ਜਿੱਤਣ ਲਈ ਕਈ ਟੀਮਾਂ ਦਾਅਵੇਦਾਰ ਹਨ। ਹਾਲਾਂਕਿ ਕ੍ਰਿਕਟ ਅਨਿਸ਼ਚਿਤਤਾ ਦੀ ਖੇਡ ਸਮਝੀ ਜਾਂਦੀ ਹੈ ਪਰ ਮਾਹਿਰਾਂ ਵਲੋਂ ਆਈ.ਸੀ.ਸੀ. ਦੀ ਤਾਜ਼ਾ ਇਕ ਦਿਨਾਂ ਰੈਂਕਿੰਗ ਸਿਸਟਮ ਵਿਚ ਨੰਬਰ 1-2-3-4-5-6 ਉਪਰ ਰਹਿਣ ਵਾਲੀਆਂ ਟੀਮਾਂ ਨੂੰ ਹੀ ਮਜਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਆਉ ਲੇਖਾ ਜੋਖਾ ਕਰੀਏ:

**ਇੰਡੀਆ:** ਟੈਸਟ ਮੈਚਾਂ ਵਿਚ ਨੰਬਰ ਇਕ ਅਤੇ ਵਨ-ਡੇ ਮੈਚਾਂ ਵਿਚ ਨੰਬਰ ਦੋ ਰੈਂਕ ਵਾਲੀ ਇੰਡੀਆ ਦੀ ਟੀਮ ਨੂੰ ਸਭ ਤੋਂ ਵੱਡੀ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਉਸ ਦੇ ਕੋਲ ਅਪਾਰ ਤਜ਼ਰਬਾ ਰੱਖਣ ਵਾਲਾ ਖਿਡਾਰੀ ਸਚਿਨ ਤੇਂਦੂਲਕਰ ਹੈ ਜਿਸ ਨੇ ਟੈਸਟ ਮੈਚਾਂ ਤੇ ਵਨ-ਡੇ ਮੈਚਾਂ ਵਿਚ ਵਿਸ਼ਵ ਦੇ ਸਾਰੇ ਖਿਡਾਰੀਆਂ ਨਾਲੋਂ ਵੱਧ ਰਨ ਬਣਾਏ ਹਨ। ਟੀਮ ਇੰਡੀਆ ਦਾ ਬੱਲੇਬਾਜੀ ਕ੍ਰਮ ਬੇਹਦ ਮਜਬੂਤ ਹੈ। ਉਸ ਦੇ ਕੋਲ ਵਿਸਫੋਟਕ ਓਪਨਰ ਵਰਿੰਦਰ ਸਹਿਵਾਗ, ਧਾਕੜ ਬੱਲੇਬਾਜ਼ ਵਿਰਾਟ ਕੋਹਲੀ, ਗੌਤਮ ਗੰਭੀਰ, ਯੂਸਫ ਪਠਾਨ, ਯੁਵਰਾਜ ਸਿੰਘ, ਕੈਪਟਨ ਮਹਿੰਦਰ ਸਿੰਘ ਧੋਨੀ, ਸੁਰੇਸ਼ ਰੈਨਾ ਆਦਿ ਹਨ। ਤੇ ਗੇਂਦਬਾਜ਼ੀ ਵਿਚ ਤਜ਼ਰਬੇਕਾਰ ਜਹੀਰ ਖਾਨ ਤੇ ਹਰਭਜਨ ਸਿੰਘ ਹਨ, ਉਨ੍ਹਾਂ ਦਾ ਸਾਥ ਦੇਣ ਲਈ ਮੁਨਾਫ ਪਟੇਲ, ਆਸ਼ਿਸ਼ ਨੇਹਰਾ, ਪਿਊਸ਼ ਚਾਵਲਾ, ਆਰ. ਅਸ਼ਵਿਨ ਤੇ ਸ੍ਰੀ ਸੰਥ (ਪ੍ਰਵੀਨ ਕੁਮਾਰ ਕੂਹਣੀ ਦੀ ਸੱਟ ਕਾਰਨ ਇਸ ਟੂਰਨਾਮੈਂਟ ਵਿਚੋਂ ਬਾਹਰ ਹੈ ਅਤੇ ਬਦਲ ਵਿਚ ਸ੍ਰੀ ਸੰਥ ਹੈ)। ਪ੍ਰਵੀਨ ਕੁਮਾਰ ਦੀ ਕਮੀ ਭਾਰਤੀ ਟੀਮ ਨੂੰ ਖੌਲੇਗੀ। ਭਾਰਤ ਦਾ ਬੱਲੇਬਾਜ਼ੀ ਕ੍ਰਮ ਤਾਂ ਕਾਫੀ ਦਮਦਾਰ ਹੈ ਪਰ ਗੇਂਦਬਾਜ਼ੀ ਵਿਚ ਪੈਨੇਪਨ ਦੀ ਘਾਟ ਹੈ। ਘਰੇਲੂ ਪਿੱਚ, ਮੌਸਮ ਤੇ ਘਰੇਲੂ ਦਰਸ਼ਕਾਂ ਦਾ ਸਮਰਥਨ ਭਾਰਤੀ ਟੀਮ ਦੇ ਹੱਕ ਵਿਚ ਹੋਵੇਗਾ, ਗੇਂਦਬਾਜਾਂ ਨੂੰ ਇੱਥੇ ਦੀਆਂ ਪਿਚਾਂ ਦੀ ਪੂਰੀ ਜਾਣਕਾਰੀ ਹੈ ਇਹ ਉਨ੍ਹਾਂ ਲਈ ਕਾਫੀ ਮੱਹਤਵਪੂਰਨ ਸਾਬਿਤ ਹੋਵੇਗਾ। ਟੀਮ ਦੀ ਤਿਆਰੀ ਬਾਰੇ ਧੋਨੀ ਅਤੇ ਸਹਿਵਾਗ ਦਾ ਕਹਿਣਾ ਹੈ ਕਿ ਇਸ ਵਾਰ ਸਾਡੀ ਟੀਮ ਕਾਫੀ ਵਧੀਆ ਹੈ। ਅਸੀਂ ਆਤਮ-ਵਿਸ਼ਵਾਸ ਨਾਲ ਭਰੇ ਹੋਏ ਹਾਂ। ਗੌਤਮ ਗੰਭੀਰ, ਹਰਭਜਨ ਸਿੰਘ ਤੇ ਯੂਸਫ ਪਠਾਨ ਦਾ ਕਹਿਣਾ ਹੈ ਕਿ ਉਹ ਵਿਸ਼ਵ ਕੱਪ ਜਿੱਤ ਕੇ ਸਚਿਨ ਤੇਂਦੂਲਕਰ ਨੂੰ ਤੋਹਫਾ ਦੇਣਾ ਚਾਹੁੰਦੇ ਹਨ ਕਿਉਂਕਿ ਇਹ ਸਚਿਨ ਦਾ ਆਖਰੀ ਵਿਸ਼ਵ ਕੱਪ ਹੋ ਸਕਦਾ ਹੈ। ਸਚਿਨ ਦੋ ਦਹਾਕਿਆਂ ਤੋਂ ਵੀ ਵੱਧ ਖੇਲਣ ਦੇ ਬਾਵਜੂਦ ਅਜੇ ਤੱਕ ਵਿਸ਼ਵ-ਕੱਪ ਜੇਤੂ ਟੀਮ ਦੇ ਮੈਂਬਰ ਨਹੀਂ ਬਣ ਪਾਏ। ਸਾਬਕਾ ਸਲਾਮੀ ਬੱਲੇਬਾਜ਼ ਚੇਤਨ ਚੌਹਾਨ, ਕੀਰਤੀ ਅਜਾਦ ਤੇ ਸਾਬਕਾ ਕਪਤਾਨ ਕਪਿਲ ਦੇਵ, ਜਿਸ ਦੀ ਅਗਵਾਈ ਵਿਚ 1983 ਵਿਚ ਭਾਰਤ ਨੇ ਵਿਸ਼ਵ ਕੱਪ ਜਿਤਿਆ ਸੀ, ਨੂੰ ਵਿਸ਼ਵਾਸ ਹੈ ਕਿ ਭਾਰਤ ਕੋਲ 28 ਸਾਲਾ ਬਾਅਦ ਵਿਸ਼ਵ ਕੱਪ ਜਿੱਤਣ ਦਾ ਸੁਨਹਿਰੀ ਮੌਕਾ ਹੈ।

**ਆਸਟ੍ਰੇਲੀਆ:** ਲਗਾਤਾਰ ਤਿੰਨ ਵਾਰ (ਸੰਨ 1999, 2003, 2007) ਤੇ ਕੁਲ ਚਾਰ ਵਾਰ ਵਿਸ਼ਵ ਕੱਪ ਦਾ ਖਿਤਾਬ ਜਿੱਤ ਚੁਕੀ ਤੇ ਤਾਜਾ ਇਕ ਦਿਨਾਂ ਰੈਕਿੰਗ ਵਿਚ ਨੰਬਰ ਵੰਨ ਆਸਟ੍ਰੇਲੀਆ ਦੀ ਟੀਮ ਨੂੰ ਵੀ ਸੰਭਾਵੀ ਜੇਤੂ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਆਸਟ੍ਰੇਲੀਆ ਦੇ ਕਪਤਾਨ ਰਿਕੀ ਪੋਂਟਿੰਗ ਦਾ ਕਹਿਣਾ ਹੈ "ਅਸੀਂ ਲਗਾਤਾਰ ਚੌਥੀ ਵਾਰ ਵਿਸ਼ਵ ਕੱਪ ਜਿੱਤਣ ਲਈ ਤਿਆਰ ਹਾਂ।" ਹਾਲਾਂਕਿ ਵਿਸ਼ਵ ਦੀ ਇਸ ਨੰਬਰ 1 ਟੀਮ ਦੇ ਕਪਤਾਨ ਰਿਕੀ ਪੋਂਟਿੰਗ ਉਂਗਲੀ ਦੀ ਚੋਟ ਕਾਰਨ ਪਿਛਲੇ ਇਕ ਮਹੀਨੇ ਤੋਂ ਨਹੀਂ ਖੇਡੇ ਤੇ ਸਹਾਇਕ ਕਪਤਾਨ ਮਾਈਕਲ ਕਲਾਰਕ ਦੀ ਵੀ ਖਰਾਬ ਫਾਰਮ ਚਲ ਰਹੀ ਹੈ ਪਰ ਟੀਮ ਦੇ ਆਲ ਰਾਊਂਡਰ ਸ਼ੇਨ ਵਾਟਸਨ, ਡੇਵਿਡ ਹਸੀ, ਕੈਮਰੂਨ ਵਾਈਟ, ਕੈਲਮ ਫਰਗੂਸਨ, ਬ੍ਰੇਡ ਹਾਡਿਨ ਆਦਿ ਬੱਲੇਬਾਜ਼ ਸ਼ਾਨਦਾਰ ਫਾਰਮ ਵਿਚ ਹਨ। ਅਨੁਭਵੀ ਤੇਜ ਗੇਂਦਬਾਜ਼ ਬ੍ਰੇਟ ਲੀ ਵੀ ਇਸ ਸਮੇਂ ਕਾਂਟੇ ਦੀ ਫਾਰਮ ਵਿਚ ਹੈ। ਦੇਖਿਆ ਜਾਏ ਤਾਂ ਆਸਟ੍ਰੇਲੀਆ ਦੀ ਗੇਂਦਬਾਜੀ ਬੇਹਦ ਮਜ਼ਬੂਤ ਹੈ। ਬ੍ਰੇਟ ਲੀ ਤੋਂ ਇਲਾਵਾ ਉਨ੍ਹਾਂ ਕੋਲ ਤੇਜ਼ ਗੇਂਦਬਾਜ ਮਿਸ਼ੇਲ ਜਾਨਸਨ, ਸ਼ਾਨ ਟੈਟ, ਬੋਲਿੰਗਰ, ਹਾਸਟਿੰਗਸ ਤੇ ਸਪਿਨਰ ਜੇਸਨ ਕਰੇਜਾ ਹਨ। ਇਸ ਤਰ੍ਹਾਂ ਆਸਟ੍ਰੇਲੀਆ ਦਾ ਗੇਂਦਬਾਜੀ ਹਮਲਾ ਦੂਜੀਆਂ ਟੀਮਾਂ ਤੋਂ ਬਿਹਤਰ ਲਗਦਾ ਹੈ। ਟੀਮ ਪੰਜਵੀਂ ਵਾਰ ਖਿਤਾਬ ਆਪਣੇ ਨਾਂ ਕਰ ਕੇ ਰਿਕਾਰਡ ਬਣਾਉਣਾ ਚਾਹੁੰਦੀ ਹੈ।

**ਦੱਖਣੀ ਅਫਰੀਕਾ:** ਦੱਖਣੀ ਅਫਰੀਕਾ ਦੀ ਟੀਮ ਵੱਕਾਰੀ ਵਿਸ਼ਵ ਕੱਪ ਜਿੱਤਣ ਲਈ ਬੇਤਾਬ ਹੈ ਜਿਸ ਨੇ ਪਿਛਲੇ ਮਹੀਨਿਆਂ ਵਿਚ ਦਮਦਾਰ ਪ੍ਰਦਰਸ਼ਨ ਕਰਕੇ ਕਈ ਜਿੱਤਾਂ ਹਾਸਿਲ ਕੀਤੀ ਹਨ। ਇਸ ਕੋਲ ਬੱਲੇਬਾਜ਼ੀ ਕ੍ਰਮ ਵਿਚ ਕਪਤਾਨ ਗ੍ਰਾਮ ਸਮਿਥ, ਹਾਸ਼ਮ ਆਮਲਾ, ਏ.ਬੀ.ਡੀ ਵਿਲਰਸ, ਪਾਲ ਡੂਮਨੀ, ਇਨਗਰਾਮ, ਰੋਬਿਨ ਪੀਟਰਸਨ ਮਜਬੂਤ ਬੱਲੇਬਾਜ਼ ਹਨ। ਤੂਫਾਨੀ ਗੇਂਦਬਾਜ਼ ਡੇਲ ਸਟੇਨ, ਮੋਰਕਲ, ਵਾਏਨ ਪੈਰਨਲ, ਟੈਸਟੋਸੋਬੀ ਤੇ ਨਵਾਂ ਚਿਹਰਾ ਸਪਿਨਰ ਇਮਰਾਨ ਤਾਹਿਰ ਵਧੀਆ ਹਨ। ਇਸ ਤੋਂ ਇਲਾਵਾ ਆਪਣੇ ਬੱਲੇ ਤੇ ਗੇਂਦਬਾਜੀ ਦਾ ਜੌਹਰ ਦਿਖਾਉਣ ਵਾਲਾ ਵਿਸ਼ਵ ਪ੍ਰਸਿੱਧ ਆਲ ਰਾਊਂਡਰ ਜੈਕਿਸ ਕੈਲਿਸ ਵੀ ਹੈ ਜੋ ਕਿਸੇ ਵੀ ਮੈਚ ਦਾ ਰੁੱਖ ਬਦਲ ਸਕਦਾ ਹੈ। ਕਪਤਾਨ ਸਮਿਥ ਮੰਨਦੇ ਹਨ ਕਿ ਇਸ ਵਾਰ ਵਿਸ਼ਵ ਕਪ ਵਿਚ ਮੁਕਾਬਲਾ ਕਾਫੀ ਖੁੱਲ੍ਹਾ ਹੈ ਤੇ ਅਸੀਂ ਵਿਸ਼ਵ ਕੱਪ ਜਿਤਾਂਗੇ।

**ਸ੍ਰੀਲੰਕਾ:** 1996 ਦੇ ਵਿਸ਼ਵ ਕੱਪ ਜੇਤੂ ਸ੍ਰੀਲੰਕਾ ਨੂੰ ਇਕ ਵਾਰੀ ਫਿਰ ਸ਼ਕਤੀਸ਼ਾਲੀ ਇਕ ਰੋਜਾ ਟੀਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਕੋਲ ਸਭ ਤੋਂ ਵਧ ਪ੍ਰਤਿਭਾਸ਼ਾਲੀ ਆਲ ਰਾਊਂਡਰ ਖਿਡਾਰੀ ਹਨ। ਟੈਸਟ ਤੇ ਇਕ ਰੋਜਾ ਮੈਚਾਂ ਵਿਚ ਸਭ ਤੋਂ ਵੱਧ 1200 ਵਿਕਟਾਂ ਲੈਣ ਵਾਲਾ ਮੁਥੱਈਆ ਮੁਰਲੀਧਰਨ ਵਰਗਾ ਮਹਾਨ ਗੇਂਦਬਾਜ਼ ਹੈ। ਮੁਰਲੀ ਦਾ ਇਹ ਆਖਰੀ ਵਿਸ਼ਵ ਕੱਪ ਹੈ ਤੇ ਉਹ ਵਿਸ਼ਵ ਕੱਪ ਵਿਚ ਸਭ ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ (ਗਲੈਨ ਮੈਕਗ੍ਰਾਥ-71 ਵਿਕਟਾਂ) ਤੋੜਨ ਲਈ ਵੀ ਉਤਾਵਲਾ ਹੈ। ਉਸ ਦੇ ਸਾਥੀ ਵੀ ਉਸ ਨੂੰ ਵਿਸ਼ਵ ਕੱਪ ਜਿੱਤ ਕੇ ਤੋਹਫਾ ਦੇਣਾ ਚਾਹੁੰਦੇ ਹਨ। ਤੇਜ ਗੇਂਦਬਾਜ਼ ਲਸਿਥ ਮਲਿੰਗਾ, ਕੁਲਸ਼ੇਖਰਾ, ਅਜੰਤਾ ਮੇਂਡਿਸ, ਤਿਸ਼ਾਰਾ ਪਰੇਰਾ, ਹੀਰਥ ਕਿਸੇ ਵੀ ਟੀਮ ਨੂੰ ਹਰਾਉਣ ਦੇ ਸਮਰੱਥ ਹਨ। ਉਨ੍ਹਾਂ ਨੂੰ ਵੀ ਭਾਰਤ ਦੀ ਤਰ੍ਹਾਂ ਘਰੇਲੂ ਹਾਲਾਤ ਤੇ ਘਰੇਲੂ ਪਿਚਾਂ ਦਾ ਲਾਭ ਮਿਲੇਗਾ। ਅਨੁਭਵੀ ਬੱਲੇਬਾਜ ਕੁਮਾਰ ਸੰਗਾਕਾਰਾ ਤੇ ਜੈਵਰਧਨੇ ਕਿਸੇ ਵੀ ਮੈਚ ਨੂੰ ਆਪਣੇ ਦਮ 'ਤੇ ਜਿੱਤ ਸਕਦੇ ਹਨ। ਤਿਲਕਰਤਨੇ ਦਿਲਸ਼ਾਨ, ਐਂਜਲੋ ਮੈਥਿਊਜ਼, ਸਮਰਵੀਰਾ, ਉਪੁਲ ਤਰੰਗਾ, ਫਰਨਾਉਡੋ, ਕੇਪੁਗੇਦਰਾ ਆਦਿ ਸ੍ਰੀਲੰਕਾ ਨੂੰ ਜਿੱਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਸ੍ਰੀਲੰਕਾ ਟੀਮ ਦੀ ਫੀਲਡਿੰਗ ਪੱਖ ਦੀ ਵੀ ਕਾਫੀ ਤਾਰੀਫ ਕੀਤੀ ਜਾਂਦੀ ਹੈ। ਆਪਣੇ ਦੇਸ਼ ਦੇ ਦਰਸ਼ਕਾਂ ਦੇ ਸਾਹਮਣੇ ਸ੍ਰੀਲੰਕਾ ਟੀਮ ਦੇ ਖਿਡਾਰੀ ਵਿਸ਼ਵ ਕੱਪ ਜਿੱਤਣ ਲਈ ਪੂਰਾ ਵਾਹ ਲਾ ਦੇਣਗੇ।

**ਇੰਗਲੈਂਡ:** ਇੰਗਲੈਂਡ ਨੇ ਵਿਸ਼ਵ ਕੱਪ ਦੀ ਮੇਜਬਾਨੀ ਤਾਂ ਕਈ ਵਾਰ ਕੀਤੀ ਹੈ ਪਰ ਉਸ ਦੀ ਕ੍ਰਿਕਟ ਟੀਮ ਇਕ ਵਾਰੀ ਵੀ ਵਨ-ਡੇ ਵਿਸ਼ਵ ਕੱਪ ਨਹੀਂ ਜਿੱਤ ਸਕੀ। ਪਿਛਲੇ ਸਾਲ ਇਸ ਨੇ ਮਈ ਵਿਚ 20-20 ਵਿਸ਼ਵ ਕੱਪ ਜਿੱਤਿਆ ਸੀ। ਟੀਮ ਇਸ ਵਿਸ਼ਵ ਕੱਪ ਨੂੰ ਵੀ ਜਿਤਣ ਲਈ ਕਾਫੀ ਉਤਸ਼ਾਹੀ ਹੈ। ਸਟਾਰ ਬੱਲੇਬਾਜ਼ ਕੇਵਿਨ ਪੀਟਰਸਨ ਨੇ ਕਿਹਾ ਹੈ ਕਿ ਵਿਸ਼ਵ ਕੱਪ ਜਿੱਤ ਕੇ ਅਸੀ ਇੰਗਲਿਸ਼ ਕ੍ਰਿਕਟ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਸਾਲ ਆਪਣੇ ਨਾਂ ਕਰ ਲਵਾਗੇ। ਟੀਮ ਨੇ ਆਸਟ੍ਰੇਲੀਆ 'ਚ ਏਸ਼ੇਜ਼ ਮੈਚਾਂ 'ਚ ਚੰਗਾ ਪ੍ਰਦਰਸ਼ਨ ਕੀਤਾ ਸੀ। ਪਰ ਉਸ ਦੇ ਕਈ ਅਹਿਮ ਖਿਡਾਰੀ ਸੱਟਾਂ ਲੁਆ ਬੈਠੇ ਸਨ। ਕਪਤਾਨ ਐਂਡ੍ਰਿਊ ਸਟ੍ਰਾਸ ਦਾ ਕਹਿਣਾ ਹੈ ਕਿ ਪ੍ਰਮੁੱਖ ਗੇਂਦਬਾਜ਼ ਗ੍ਰੀਮ ਸਵਾਨ, ਟਿਮ ਬ੍ਰੇਸਨਨ, ਸਟੂਅਰਟ ਬ੍ਰਾਰਡ, ਅਮਜ਼ਦ ਸ਼ਹਿਜ਼ਾਦ ਤੇ ਕ੍ਰਿਸ ਟ੍ਰੇਮਲੇਟ ਚੋਟ ਤੋਂ ਉਭਰ ਆਏ ਹਨ ਤੇ ਟੱਕਰ ਦੇਣ ਲਈ ਤਿਆਰ ਹਨ। ਤੇਜ਼ ਗੇਂਦਬਾਜ਼ ਜੇਮਜ ਐਂਡਰਸਨ ਵੀ ਪੂਰੀ ਤਰ੍ਹਾਂ ਫਿਟ ਹੈ। ਜੇ ਇੰਗਲੈਂਡ ਦੇ ਗੇਂਦਬਾਜ਼ ਚੰਗਾ ਖੇਡੇ ਤਾਂ ਇਹ ਟੀਮ ਲਈ ਬਹੁਤ ਸਹਾਈ ਸਿੱਧ ਹੋਵੇਗਾ ਕਿਉਂਕਿ ਇਸ ਦੀ ਬੱਲੇਬਾਜ਼ੀ ਤਾਂ ਪਹਿਲਾਂ ਹੀ ਸਭ ਤੋਂ ਵੱਡੀ ਖਾਸੀਅਤ ਹੈ।

ਟੀਮ ਪਾਸ ਐਂਡ੍ਰਿਊ ਸਟ੍ਰਾਸ, ਕੇਵਿਨ ਪੀਟਰਸਨ, ਇਆਨ ਬੈਲ, ਰਵੀ ਬੋਪਾਰਾ, ਪਾਲ ਕੋਲਿੰਗਵੂਡ, ਮੈਟ ਪ੍ਰਾਇਰ, ਜੋਨਾਥਨ ਟ੍ਰਾਟ ਤੇ ਮਾਈਕਲ ਯਾਰਡੀ ਵਰਗੇ ਬਲੇਬਾਜ਼ ਹਨ ਜੋ ਕਿਸੇ ਵੀ ਗੇਂਦਬਾਜ਼ ਸਾਹਮਣੇ ਵੱਡਾ ਸਕੋਰ ਖੜ੍ਹਾ ਕਰ ਜਿੱਤ ਦਾ ਮਾਹੌਲ ਬਣਾ ਸਕਦੇ ਹਨ।

**ਪਾਕਿਸਤਾਨ:** ਸੰਨ 1992 ਇਮਰਾਨ ਖਾਨ ਦੀ ਅਗਵਾਈ ਵਿਚ ਪਾਕਿਸਤਾਨ ਨੇ ਵਿਸ਼ਵ ਕੱਪ ਜਿਤਿਆ ਸੀ ਤੇ ਹੁਣ ਇਸ ਦੇ ਕਪਤਾਨ ਸ਼ਾਹਿਦ ਅਫਰੀਦੀ ਦੀ ਇੱਛਾ ਹੈ ਕਿ ਉਹ ਇਕ ਵਾਰ ਫਿਰ ਵਿਸ਼ਵ ਕੱਪ ਜਿੱਤ ਕੇ ਦੇਸ਼ ਦੀ ਝੋਲੀ ਪਾਵੇ। ਪਰ ਸਪਾਟ ਫਿਕਸਿੰਗ ਵਿਵਾਦ ਕਾਂਡ ਕਾਰਨ ਮੁਹੰਮਦ ਆਮੀਰ, ਮੁਹੰਮਦ ਆਫਿਸ ਤੇ ਸਲਮਾਨ ਭੱਟ ਦੇ ਬਾਹਰ ਹੋ ਜਾਣ ਕਰਕੇ ਟੀਮ ਨੂੰ ਵੱਡਾ ਝਟਕਾ ਲੱਗਾ ਹੈ, ਨਹੀਂ ਤਾਂ ਇਸ ਪਾਸ ਸ਼ੋਹਿਬ ਅਖਤਰ, ਉਮਰ ਗੁਲ, ਵਿਆਬ ਰਾਜ, ਮੁਹੰਮਦ ਆਮੀਰ, ਮੁਹੰਮਦ ਆਸਿਫ ਆਦਿ ਧਾਕੜ ਤੇਜ਼ ਗੇਂਦਬਾਜ਼ਾਂ ਦੀ ਫੌਜ ਹੋਣੀ ਸੀ ਜੋ ਕਿਸੇ ਵੀ ਟੀਮ ਦੇ ਬੱਲੇਬਾਜਾਂ ਦੇ ਛੱਕੇ ਛੁੜਾ ਦਿੰਦੀ। ਟੀਮ ਨੇ ਹਾਲ ਹੀ ਵਿਚ ਨਿਊਜੀਲੈਂਡ ਨਾਲ ਇਕ ਰੋਜਾ ਮੈਚਾਂ ਦੀ ਲੜੀ ਵਿਚ ਸ਼ਾਨਦਾਰ ਜਿੱਤ ਹਾਸਿਲ ਕੀਤੀ ਹੈ। ਲਗਦਾ ਹੈ ਕਿ ਟੀਮ ਮੁੜ ਸੰਗਠਿਤ ਹੋ ਗਈ ਹੈ ਤੇ ਬੇਹਦ ਸੰਤੁਲਿਤ ਹੈ। ਯੂਨਿਸ ਖਾਨ ਤੇ ਮਿਸਹਾਬ ਹੱਕ, ਮੁਹੰਮਦ ਹਫੀਜ਼, ਕਾਮਰਾਨ ਅਕਮਲ, ਅਬਦੁਲ ਰਜਾਕ, ਸ਼ੋਹਿਬ ਅਖਤਰ ਤੇ ਕਪਤਾਨ ਸ਼ਾਹਿਦ ਅਫਰੀਦੀ ਵਰਗੇ ਤਜ਼ਰਬੇਕਾਰ ਤੇ ਅਹਿਮਦ ਸਹਿਜ਼ਾਦ, ਅਸਾਦ ਸ਼ਫੀਕ, ਉਮਰ ਅਕਮਲ ਜਿਹੇ ਨੌਜਵਾਨ ਖਿਡਾਰੀ ਸ਼ਾਮਿਲ ਹਨ। ਗੇਂਦਬਾਜ਼ੀ ਵਿਚ ਜੁਨੈਦ ਖਾਨ, ਉਮਰਗੁਲ, ਵਿਆਬ ਰਾਜ ਤੇ ਸੱਈਦ ਅਜਮਲ ਕਿਸੇ ਵੀ ਟੀਮ ਲਈ ਮੁਸ਼ਕਿਲ ਖੜੀ ਕਰ ਸਕਦੇ ਹਨ। ਜੇ ਬੂਮ-ਬੂਮ ਕਪਤਾਨ ਸ਼ਾਹਿਦ ਅਫਰੀਦੀ ਚਲ ਨਿਕਲੇ ਤਾਂ ਕਿਸੇ ਵੀ ਟੀਮ ਦੇ ਗੇਂਦਬਾਜਾਂ ਦੀਆਂ ਧਜੀਆਂ ਉਡਾ ਕੇ ਪਾਸਾ ਪਲਟ ਸਕਦੇ ਹਨ। ਅਬਦੁਲ ਰੱਜਾਕ ਵੀ ਬੇਹੱਦ ਤੇਜ-ਤਰਾਰ ਬੱਲੇਬਾਜ਼ ਹੈ।

**ਨਿਊਜ਼ੀਲੈਂਡ:** ਇਸ ਟੀਮ ਨੇ ਜਿਸ ਤਰ੍ਹਾਂ ਪਾਕਿਸਤਾਨ ਨੂੰ ਆਖਰੀ ਇਕ ਰੋਜਾ ਮੈਚ ਵਿਚ ਮਾਤ ਦਿੱਤੀ ਹੈ ਉਸ ਤੋਂ ਆਮ ਧਾਰਨਾ ਬਣ ਗਈ ਹੈ ਕਿ ਇਹ ਟੀਮ ਵੀ ਕਿਸੇ ਤੋਂ ਘੱਟ ਨਹੀਂ। ਨਿਊਜ਼ੀਲੈਂਡ ਦੇ ਬੱਲੇਬਾਜਾਂ-ਗੁਪਿਟਲ, ਬਰੈਨਡੈਨ ਮੂਕਲਮ, ਜੈਸੀ ਰਾਈਡਰ, ਰਾਸ ਟੇਲਰ, ਸਟਰਾਈਸ, ਜੈਕਬ ਉਰਮ ਤੇ ਡੈਨੀਅਲ ਵਿਟੋਰੀ ਨੇ ਪਿਛਲੇ ਦਿਨੀਂ ਕਾਫੀ ਚੰਗੀ ਖੇਡ ਦਿਖਾਈ ਹੈ। ਗੇਂਦਬਾਜ਼ੀ ਵਿਚ ਮਿਲਜ਼, ਬੈਨਟ ਨਾਥਨ ਤੇ ਸਟਰਾਈਸ ਨੇ ਬਹੁਤ ਪ੍ਰਭਾਵਤ ਕੀਤਾ ਹੈ।

**ਬੰਗਲਾ ਦੇਸ਼:** ਵੈਸਟ ਇੰਡੀਜ਼ ਨੂੰ ਹਰਾ ਕੇ ਬੰਗਲਾ ਦੇਸ਼ ਆਈ.ਸੀ.ਸੀ. ਰੈਂਕਿੰਗ ਵਿਚ ਅੱਠਵੇਂ ਥਾਂ ਪਹੁੰਚ ਗਿਆ ਹੈ। ਇਸ ਨੇ ਨਿਊਜ਼ੀਲੈਂਡ ਤੇ ਜ਼ਿੰਬਾਬਵੇ ਨੂੰ ਹਰਾ ਕੇ ਰੈਂਕਿੰਗ ਵਿਚ ਫਾਇਦਾ ਲਿਆ ਹੈ। ਪਿਛਲੇ ਵਿਸ਼ਵ ਕੱਪ ਵਿਚ ਬੰਗਲਾ ਦੇਸ਼ ਨੇ ਭਾਰਤ ਨੂੰ ਹਰਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਇਸ ਟੀਮ ਵਿਚ ਉਸ ਤੋਂ ਬਾਅਦ ਕਾਫੀ ਸੁਧਾਰ ਆਇਆ ਹੈ। ਇਹ ਵੀ ਤਮੀਮ ਇਕਬਾਲ, ਨਈਮ ਇਸਲਾਮ, ਮੁਹੰਮਦ ਅਸ਼ਰਫੁਲ, ਰਕੀਬੁਲ ਹਸਨ, ਜੂਨੈਦ ਸਦੀਕੀ ਜਿਹੇ ਬੱਲੇਬਾਜ਼ਾਂ, ਆਲ ਰਾਉਂਡਰ ਸ਼ਕੀਬ-ਉਲ-ਹਸਨ, ਮਦਦੂਲਾ ਤੇ ਰੂਬੇਲ ਹਸਨ, ਸ਼ਵੀਫੁਲ ਤੇ ਨਾਫੀਸ ਜਿਹੇ ਗੇਂਦਬਾਜ਼ਾਂ ਦੇ ਹੁੰਦਿਆਂ ਕੋਈ ਹੈਰਾਨੀਜਨਕ ਕਾਰਨਾਮਾ ਕਰ ਸਕਦੀ ਹੈ।

**ਵੈਸਟ ਇੰਡੀਜ਼**: 1975 ਤੇ 1979 ਵਿਚ ਵਿਸ਼ਵ ਕੱਪ ਜਿਤਣ ਵਾਲੀ ਵੈਸਟ ਇੰਡੀਜ਼ ਦੀ ਟੀਮ ਬਹੁਤ ਮਜਬੂਤ ਸੀ ਪਰ ਇਸ ਵਾਰ ਕਮਜ਼ੋਰ ਹੈ, ਫਿਰ ਵੀ ਇਸ ਟੀਮ ਨੂੰ ਨਜਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕ੍ਰਿਸ ਗੈਲ, ਬਾਰਥਾ, ਸੈਮੀ, ਸੁਲੇਮਾਨ ਬੈਨ, ਡੈਰਨ ਬਰੇਵੋ, ਡਾਇਨੇ ਬਰੈਵੋ, ਕੈਰਨ ਪੋਲਾਰਡ ਧਮਾਕੇਦਾਰ ਬੱਲੇਬਾਜ਼ ਹਨ। ਚੰਦਰਪਾਲ, ਸਰਵਣ ਲੰਮੀ ਪਾਰੀ ਖੇਡਣ ਵਾਲੇ ਮੱਧ-ਕ੍ਰਮੀ ਬੱਲੇਬਾਜ਼ ਵੀ ਹਨ। ਗੇਂਦਬਾਜ਼ੀ ਵਿਚ ਖਤਰਨਾਕ ਤੇਜ਼ ਗੇਂਦਬਾਜ਼ ਕੈਮਰ ਰੌਚ, ਕੈਰਨ ਪੋਲਾਰਡ, ਰੱਸਲ, ਰਵੀ ਰਾਮਪਾਲ ਕਿਸੇ ਵੀ ਟੀਮ ਦੇ ਬੱਲੇਬਾਜ਼ਾਂ ਨੂੰ ਸਸਤੇ ਵਿਚ ਨਿਪਟਾਉਣ ਦੇ ਯੋਗ ਹਨ, ਹਾਲਾਂਕਿ ਵੈਸਟ ਇੰਡੀਜ਼ ਨੂੰ ਮਜਬੂਤ ਦਾਅਵੇਦਾਰ ਨਹੀਂ ਸਮਝਿਆ ਜਾ ਰਿਹਾ।

**ਕੈਨੇਡਾ:** ਇਸ ਟੀਮ ਵਿਚ ਜ਼ਿਆਦਾਤਰ ਭਾਰਤ ਦੇ ਰਣਜੀ ਟੀਮ ਪਲੇਅਰ, ਪਾਕਿਸਤਾਨ ਦੇ ਰਾਜ ਪੱਧਰ ਦੇ ਪਲੇਅਰ, ਵੈਸਟ ਇੰਡੀਜ਼ ਦੇ ਲੀਗ ਖਿਡਾਰੀ ਤੇ ਕੁਝ ਕੈਨੇਡਾ ਦੇ ਜੰਮਪਲ ਹਨ। ਇਨ੍ਹਾਂ ਵਿਚ ਅਸ਼ੀਸ਼ ਬਗਾਈ, ਰਿਜਵਾਨ ਚੀਮਾ, ਹਰਵੀਰ ਬੈਦਵਾਨ, ਬਾਲਾ ਜੀ ਰਾਉ, ਪਰਥ ਦੇਸਾਈ, ਜਿੰਮੀ ਹੰਸਰਾ, ਖੁਰਮ ਚੌਹਾਨ, ਨੀਤੀਸ਼ ਕੁਮਾਰ, ਹੀਰਾ ਲਾਲ ਪਟੇਲ, ਸੁਰਕਾਰੀ, ਹਮਜਾਂ ਤਾਰਿਕ, ਗੁਣਸ਼ੈਖਰਾ, ਜਾਨ, ਟਾਈਸਨ, ਹੈਨਰੀ ਤੇ ਕਾਰਲ ਪ੍ਰਮੁੱਖ ਹਨ। ਇਨ੍ਹਾਂ ਟੀਮਾਂ ਤੋਂ ਇਲਾਵਾ ਜਿੰਬਾਬਵੇ, ਕੀਨੀਆ, ਆਇਰਲੈਂਡ ਤੇ ਨੀਦਰਲੈਂਡ ਦੀਆਂ ਟੀਮਾਂ ਰੈਕਿੰਗ ਵਿਚ ਬਹੁਤ ਥੱਲੇ ਹਨ ਤੇ ਉਨ੍ਹਾਂ ਦੇ ਵਿਸ਼ਵ ਕੱਪ ਜਿਤਣ ਦੀਆਂ ਸੰਭਾਵਨਾਵਾਂ ਘੱਟ ਹਨ ਪਰ ਇਹ ਟੀਮਾਂ ਕਿਸੇ ਵੀ ਤਗੜੀ ਟੀਮ ਨੂੰ ਹਰਾ ਕੇ ਵੱਡਾ ਫੇਰ ਬਦਲ ਜਾਂ ਉਲਟਾ ਪੁਲਟਾ ਕਰ ਸਕਦੀਆਂ ਹਨ ਖਾਸ਼ ਤੌਰ 'ਤੇ ਲੀਗ ਮੈਚਾਂ ਵਿਚ।

ਇਸ ਟੂਰਨਾਮੈਂਟ ਵਿਚ ਜਿਥੇ ਨਵੇਂ ਖਿਡਾਰੀ ਸਿਤਾਰੇ ਬਣ ਕੇ ਉਭਰਨਗੇ ਉਥੇ ਪੁਰਾਣੇ ਖਿਡਾਰੀ ਵੀ ਆਪਣਾ ਦਮ ਦਿਖਾਉਣਗੇ। ਬ੍ਰੇਟ ਲੀ, ਮੁਰਲੀ, ਕੇਵਿਨ ਪੀਟਰਸਨ ਜਿਨ੍ਹਾਂ ਦਾ ਇਹ ਆਖਰੀ ਵਿਸ਼ਵ ਕੱਪ ਹੈ, ਇਸ ਨੂੰ ਯਾਦਗਾਰੀ ਬਣਾਉਣ ਲਈ ਪੂਰਾ ਜੋਰ ਲਾ ਦੇਣਗੇ। ਕਿਹਾ ਜਾ ਸਕਦਾ ਹੈ ਕਿ ਦਰਸ਼ਕਾਂ ਨੂੰ ਰੁਮਾਂਚਕ ਤੇ ਸੰਘਰਸ਼ਪੂਰਨ ਮੈਚ ਦੇਖਣ ਨੂੰ ਮਿਲਣਗੇ। ਦੇਖਣਾ ਹੈ ਇਸ ਵੱਕਾਰੀ ਵਿਸ਼ਵ ਕੱਪ ਦਾ ਚੈਂਪੀਅਨ ਕੌਣ ਬਣਦਾ ਹੈ?



ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਪੰਥ ਕੀ ਜੀਤ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

# ਅਖੰਡ ਕੀਰਤਨ ਸਮਾਗਮ 2011

## 19 ਫਰਵਰੀ (ਸਨਿਚਰਵਾਰ) ਤੋਂ 23 ਫਰਵਰੀ (ਬੁੱਧਵਾਰ) ਤੱਕ

### ਪ੍ਰੋਗਰਾਮ ਦਾ ਵੇਰਵਾ

19 ਫਰਵਰੀ, 2011 (ਸਚਿਨਰਵਾਰ): ਅਰੰਭ ਸ੍ਰੀ ਅਖੰਡ ਪਾਠ-ਸਵੇਰੇ 5 ਵਜੇ
21 ਫਰਵਰੀ, 2011 (ਸੋਮਵਾਰ): ਭੋਗ ਸ੍ਰੀ ਅਖੰਡ ਪਾਠ-ਸਵੇਰੇ 5 ਵਜੇ
ਆਸਾ ਦੀ ਵਾਰ ਕੀਰਤਨ-ਸਵੇਰੇ 6 ਤੋਂ 11
22 ਫਰਵਰੀ, 2011 (ਮੰਗਲਵਾਰ):ਆਸਾ ਦੀ ਵਾਰ ਕੀਰਤਨ-ਸਵੇਰੇ 6 ਤੋਂ 9
23 ਫਰਵਰੀ, 2011 (ਬੁੱਧਵਾਰ): ਆਸਾ ਦੀ ਵਾਰ ਕੀਰਤਨ-ਸਵੇਰੇ 6 ਤੋਂ 9



ਗੁਰੂ ਪਿਆਰੀ ਸਾਧ ਸੰਗਤ ਜੀਓ, ਆਓ ਸਾਰੇ ਰਲ-ਮਿਲ ਕੇ ਗੁਰੂ ਸਾਹਿਬ ਜੀ ਦੀ ਨਿੱਘੀ ਗੋਦ ਵਿਚ ਜੁੜ ਕੇ ਪਵਿੱਤਰ ਬਾਣੀ ਦੇ ਕੀਰਤਨ ਦੀਆਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੀਏ ਜੀ। ਆਪ ਜੀ ਦੇ ਚਰਨ ਕਮਲਾਂ ਵਿਚ ਨਿਮਰਤਾ ਸਹਿਤ ਜੋਦੜੀ ਹੈ ਕਿ ਆਪ ਪਰਿਵਾਰਾਂ ਅਤੇ ਸਬੰਧੀਆਂ ਸਮੇਤ ਦਰਸ਼ਨ ਦੀਦਾਰੇ ਬਖਸ਼ੋ ਜੀ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com



Punjabi Literature Publication Trust America (Regd.)
ਪੰਜਾਬੀ ਸਾਹਿਤ ਪਬਲੀਕੇਸ਼ਨ ਟਰਸਟ ਅਮਰੀਕਾ (ਰਜਿ:)

# 6ਵਾਂ ਸਾਲਾਨਾ ਸਮਾਗਮ



ਆਜ਼ਾਦ ਜਾਲੰਧਰੀ ਅਤੇ ਜੰਗ ਸਿੰਘ ਗਿਆਨੀ

ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਸਵਰਗੀ ਸ. ਜੰਗ ਸਿੰਘ ਗਿਆਨੀ ਅਤੇ ਮਾਣਯੋਗ ਆਜ਼ਾਦ ਜਾਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਸਥਾਪਤ ਕੀਤਾ ਗਿਆ ਸੀ। ਇਸ ਦਾ ਮੂਲ ਮਨੋਰਥ ਹਰ ਸਾਲ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਸਾਹਿਤ ਛਾਪ ਕੇ ਪਾਠਕਾਂ ਨੂੰ ਭੇਂਟ ਕਰਨਾ ਹੈ ਅਤੇ ਕਵੀ ਦਰਬਾਰਾਂ ਰਾਹੀਂ ਪਾਠਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਹੈ।

ਟਰੱਸਟ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ ਸਾਲਾਨਾ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿਸ ਵਿਚ ਦੋ ਨਵੀਂਆਂ ਪੁਸਤਕਾਂ ਪਾਠਕਾਂ ਦੇ ਅਰਪਣ ਕੀਤੀਆਂ ਜਾਣਗੀਆਂ। ਪਹਿਲੀ ਪੁਸਤਕ ਇੰਗਲੈਂਡ ਦੇ ਵਿਦਵਾਨ ਸ. ਗੁਰਬਚਨ ਸਿੰਘ ਸਿੱਧੂ ਦੀ ਲਿਖੀ "ਪੰਜਾਬ ਅਤੇ ਪੰਜਾਬੀਅਤ" (ਅੰਗ੍ਰੇਜ਼ੀ ਵਿਚ) ਹੈ ਅਤੇ ਦੂਜੀ ਡਾ. ਗੁਰੂਮੇਲ ਸਿੰਘ ਸਿੱਧੂ ਦੀ ਲਿਖੀ "ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ: ਅਕਾਦਮਿਕ ਵਿਸ਼ਲੇਸ਼ਣ" ਹੈ।

ਇਸ ਮੌਕੇ ਇਕ ਕਵੀ ਦਰਬਾਰ ਹੋਵੇਗਾ ਜਿਸ ਵਿਚ ਆਜ਼ਾਦ ਜਾਲੰਧਰੀ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਸਿੰਘ ਕੰਗ, ਸੁਖਵਿੰਦਰ ਕੰਬੋਜ਼, ਕੁਲਵਿੰਦਰ, ਸੁਰਿੰਦਰ ਸੀਰਤ, ਰੇਸ਼ਮ ਸਿੱਧੂ, ਜਗਜੀਤ ਨੁਸ਼ਹਿਰਵੀ, ਸ਼ਸ਼ੀ ਸਮੁੰਦਰਾ, ਈਸ਼ਰ ਸਿੰਘ ਮੋਮਨ, ਫਾਰੂਖ਼ ਤਰਾਜ਼, ਹਰਿਭਜਨ ਢਿੱਲੋਂ, ਭੁਪਿੰਦਰ ਦਲੇਰ, ਨੀਲਮ ਸੈਣੀ, ਤਾਰਾ ਸਾਗਰ, ਕਮਲ ਬੰਗਾ, ਚਰਨਜੀਤ ਸਿੰਘ ਪੰਨੂੰ ਆਦਿ ਕਵੀ ਭਾਗ ਲੈਣਗੇ। ਗੀਤ ਸੰਗੀਤ ਦੀ ਮਹਿਫਲ ਸੁਖਦੇਵ ਸਾਹਿਲ, ਹਰਭਜਨ ਸਿੰਘ ਭਜਨ ਅਤੇ ਤ੍ਰਲੋਕ ਸਿੰਘ ਸਜਾਉਣਗੇ। ਉਮੀਦ ਹੈ ਕਿ ਪੰਜਾਬੀ ਪ੍ਰੇਮੀ ਹਰੇਕ ਸਾਲ ਵਾਂਗ ਇਸ ਵਾਰ ਵੀ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਸਾਡੀ ਮੱਦਦ ਕਰਨਗੇ।

ਚਾਹ ਅਤੇ ਰੋਟੀ-ਪਾਣੀ ਦਾ ਉਚੇਚਾ ਇੰਤਜ਼ਾਮ ਹੋਵੇਗਾ। ਸਭ ਸੱਜਣਾਂ ਨੂੰ ਖੁੱਲ੍ਹਾ ਸੱਦਾ ਹੈ।

### ਪ੍ਰੋਗਰਾਮ ਦਾ ਵੇਰਵਾ

## 20 ਫਰਵਰੀ, 2011

11 ਤੋਂ 12:00 ਇਕ ਦੂਜੇ ਨਾਲ ਮਿਲਣੀ
12 ਤੋਂ 12:15 ਟਰੱਸਟ ਬਾਰੇ ਜਾਣਕਾਰੀ
12:15 ਤੋਂ 1:15 ਪੁਸਤਕ ਸਮਾਰੋਹ
1:15 ਤੋਂ 2:00 ਦੁਪਹਿਰ ਦਾ ਭੋਜਨ
2:00 ਤੋਂ 4:30 ਕਵੀ ਦਰਬਾਰ

### ਸਥਾਨ

Raja Sweets and Indian Cuisine
31853 Alvarado Blvd.
Union City, CA. 94587
Phone:510-489-9100

ਵਲੋਂ:ਸਮੂਹ ਪ੍ਰਬੰਧਕੀ ਕਮੇਟੀ, ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ


HOT OFFER!
BEST DEAL
@540TVL
built-in 4-9mm vari-focal lens & 42pcs IR LED
1/3" SONY Super HAD CCD
Model SA-1838HS
$99
VT-100
Dome Camera
Price: $49.00
VT-1565
IR Camera
Price: $199.00
VT-1566
Bullet Camera
Price: $99.00
NOW BUY ONLINE
www.EzChase.com
$599
4 Cameras + 4CH DVR
PRO PACKAGE
CCTV
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
We sell less price but make your security priceless.
We only provide high quality at economy price.
Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service: 1-800-235-1391


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on
iPhone
with our new technology
QuikStop
Shell
ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਟੰਡਨ ਵੱਲੋਂ ਮਨਪ੍ਰੀਤ ਦੇ ਗੁਣਗਾਨ ਤੋਂ ਭਾਜਪਾ 'ਚ ਖਲਬਲੀ

**ਅੰਮ੍ਰਿਤਸਰ (ਬਿਊਰੋ):** ਸੱਤਾ ਧਿਰ ਦਾ ਕੋਈ ਵੀ ਜ਼ਮੀਰ ਵਾਲਾ ਆਗੂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕਾਰਜ ਸ਼ੈਲੀ ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਦਾ। ਭਾਵੇਂ ਜ਼ਾਬਤੇ ਕਾਰਨ ਸਾਰਿਆਂ ਦੇ ਮੂੰਹ 'ਤੇ ਤਾਲੇ ਲੱਗੇ ਹੋਏ ਹਨ ਪਰ ਕਿਸੇ ਭਾਵੁਕਤਾ ਵੱਸ ਉਹ ਮਨ ਦਾ ਗੁਬਾਰ ਕੱਢ ਹੀ ਦਿੰਦੇ ਹਨ। ਇਸੇ ਤਰ੍ਹਾਂ ਭਾਜਪਾ ਆਗੂਆਂ ਨੇ ਵੀ ਹੁਣ ਮਨਪ੍ਰੀਤ ਬਾਦਲ ਨੂੰ ਨੇਕ ਵਿਅਕਤੀ ਦੱਸਦਿਆਂ ਉਸ ਦੀ ਕਾਰਜ ਸ਼ੈਲੀ ਦੀ ਸ਼ਲਾਘਾ ਕਰਨੀ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਭਾਜਪਾ ਆਗੂ ਤੇ ਸਾਬਕਾ ਮੰਤਰੀ ਬਲਰਾਮ ਜੀ ਦਾਸ ਟੰਡਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੰਨਿਆ ਕਿ ਮਨਪ੍ਰੀਤ ਬਾਦਲ ਇਕ ਸਾਊ ਵਿਅਕਤੀ ਹਨ। ਉਨ੍ਹਾਂ ਦਾ ਕੰਮ ਕਰਨ ਦਾ ਢੰਗ ਬੜਾ ਸਾਧਾਰਨ ਤੇ ਪ੍ਰਭਾਵਸ਼ਾਲੀ ਹੈ। ਆਪਣੀ ਕਾਰਜ ਸ਼ੈਲੀ ਨਾਲ ਉਹ ਹਰ ਵਿਅਕਤੀ ਨਾਲ ਜਲਦੀ ਨੇੜਤਾ ਬਣਾ ਲੈਂਦੇ ਹਨ।

ਸ੍ਰੀ ਟੰਡਨ ਨੇ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ ਕਿ ਜਦੋਂ ਮਨਪ੍ਰੀਤ ਸਿੰਘ ਬਾਦਲ ਅਕਾਲੀ-ਭਾਜਪਾ ਸਰਕਾਰ ਵਿਚ ਵਿੱਤ ਮੰਤਰੀ ਸਨ ਤਾਂ ਉਹ ਕਈ ਵਾਰ ਬਿਨਾਂ ਸੁਰੱਖਿਆ ਦਸਤੇ ਦੇ ਉਨ੍ਹਾਂ ਦੇ ਘਰ ਆ ਜਾਂਦੇ ਸਨ ਤੇ ਕਈ ਮਾਮਲਿਆਂ 'ਤੇ ਨਿੱਠ ਕੇ ਵਿਚਾਰ ਕਰਦੇ ਸਨ। ਮਨਪ੍ਰੀਤ ਚਾਹੁੰਦੇ ਹਨ ਕਿ ਪੰਜਾਬ ਮੁੜ ਤਰੱਕੀ ਕਰੇ ਤੇ ਦੇਸ਼ ਦਾ ਇਕ ਨੰਬਰ ਸੂਬਾ ਬਣੇ।

ਸ੍ਰੀ ਟੰਡਨ ਨੇ ਸਾਬਕਾ ਵਿੱਤ ਮੰਤਰੀ ਦੇ ਇਸ ਫੈਸਲੇ ਦਾ ਵੀ ਸਮਰਥਨ ਕੀਤਾ ਕਿ ਸਬਸਿਡੀਆਂ ਸਿਰਫ਼ ਲੋੜਵੰਦਾਂ ਨੂੰ ਹੀ ਮਿਲਣੀਆਂ ਚਾਹੀਦੀਆਂ ਹਨ। ਇਸ ਦੌਰਾਨ ਜਦੋਂ ਉਨ੍ਹਾਂ ਨੂੰ ਅਕਾਲੀ-ਭਾਜਪਾ ਗਠਜੋੜ ਦੀ ਮਰਿਆਦਾ ਦੀ ਉਲੰਘਣਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ ਨਾ ਕਿ ਪਾਰਟੀ ਦੀ ਵਿਚਾਰਧਾਰਾ। ਉਨ੍ਹਾਂ ਦੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਹੈ ਤੇ ਉਹ ਪਾਰਟੀ ਦੇ ਨਾਲ ਖੜ੍ਹੇ ਹਨ।












# ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ 'ਤੇ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਅਹਿਦ

**ਬੇਕਰਜ਼ਫੀਲਡ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜ਼ਨ ਵੈਸਟ ਕੋਸਟ ਵਲੋਂ ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ 64ਵਾਂ ਜਨਮ ਦਿਨ ਮਨਾਉਣ ਲਈ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਖ ਵਖ ਪੰਥਕ ਆਗੂਆਂ ਨੇ ਸੰਤਾਂ ਦੇ ਦਰਸਾਏ ਮਾਰਗ ਉਪਰ ਚਲਣ ਦਾ ਅਹਿਦ ਲਿਆ। ਇਸ ਮੌਕੇ ਵਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸ. ਜਸਵੰਤ ਸਿੰਘ ਹੋਠੀ, ਖਾਲਿਸਤਾਨ ਅਫੇਅਰਜ਼ ਸੈਂਟਰ ਵਾਸ਼ਿੰਗਟਨ ਡੀ.ਸੀ. ਦੇ ਡਾਇਰੈਕਟਰ ਡਾ. ਅਮਰਜੀਤ ਸਿੰਘ, ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਜਨਰਲ ਸਕੱਤਰ ਸ. ਭਜਨ ਸਿੰਘ ਭਿੰਡਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਵਾਈ। ਇਨ੍ਹਾਂ ਆਗੂਆਂ ਨੇ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਉਲੀਕੇ ਜਾਣ ਵਾਲੇ ਹਰੇਕ ਪੰਥਕ ਪ੍ਰੋਗਰਾਮ ਲਈ ਵਧ ਚੜ੍ਹ ਕੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਮਾਗਮ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜ਼ਨ ਵੈਸਟ ਕੋਸਟ ਦੇ ਪ੍ਰਧਾਨ ਸ. ਰੇਸ਼ਮ ਸਿੰਘ ਦੇ ਯਤਨਾਂ ਨੇ ਸਫਲ ਬਣਾਇਆ। ਉਨ੍ਹਾਂ ਦੇ ਸੱਦੇ ਉਤੇ ਦੂਰ-ਦੁਰਾਡੇ ਤੋਂ ਸੰਗਤਾਂ ਨੇ ਪਹਿਲੀ ਵਾਰੀ ਐਨੀ ਵੱਡੀ ਤਦਾਦ ਵਿਚ ਸ਼ਮੂਲੀਅਤ ਕਰਕੇ ਸੰਤਾਂ ਦੀ ਸੋਚ ਉਤੇ ਪਹਿਰਾ ਦੇਣ ਦਾ ਪ੍ਰਣ ਕੀਤਾ।



ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਇੱਕ ਖੁਲ੍ਹੇ ਪੰਡਾਲ ਵਿਚ ਸਜੇ ਸਮਾਗਮ ਦਾ ਆਰੰਭ ਗੁਰੂ ਘਰ ਦੇ ਹਜ਼ੂਰੀ ਰਾਗੀ ਬਾਬਾ ਖੜਕ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ ਨਾਲ ਹੋਇਆ। ਉਪਰੰਤ ਭਾਈ ਗੁਰਪ੍ਰੀਤ ਸਿੰਘ ਪ੍ਰੀਤ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਵੱਖ ਵੱਖ ਬੁਲਾਰਿਆਂ ਨੇ ਸੰਤਾਂ ਦੇ ਜੀਵਨ ਬਾਰੇ ਡੂੰਘੀ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਸੰਤਾਂ ਦੀ ਮੁੱਖ ਸੋਚ ਸੀ ਕਿ ਜੇਕਰ ਸ੍ਰੀ ਦਰਬਾਰ ਸਾਹਿਬ ਉਤੇ ਫੌਜ ਨੇ ਹਮਲਾ ਕੀਤਾ ਤਾਂ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਜਿਸ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਹਰੇਕ ਸਾਲ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਸੰਤਾਂ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਹ ਪਹਿਲੀ ਵਾਰ ਹੈ ਕਿ ਅਮਰੀਕਾ ਵਿਚ ਸੰਤਾਂ ਦਾ ਜਨਮ ਦਿਨ ਮਨਾਉਣ ਦੀ ਵੀ ਸ਼ੁਰੂਆਤ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਨੇ



ਕਿਹਾ ਕਿ ਸੰਤਾਂ ਨੇ ਗੁਲਾਮੀ ਦਾ ਜੂਲਾ ਕੱਟਣ ਲਈ ਪ੍ਰਚਾਰ ਕੀਤਾ ਅਤੇ ਸਿੱਖ ਕੌਮ ਨੂੰ ਰਾਹ ਦਿਖਾਇਆ। ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ. ਨੇ ਕਿਹਾ ਉਹ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਬੜੀ ਹੀ ਖੂਬਸੂਰਤੀ ਨਾਲ ਖਾਲਿਸਤਾਨ ਦੇ ਮੁੱਦੇ ਨੂੰ ਉਠਾਉਣ ਤੋਂ ਉਨ੍ਹਾਂ ਦੇ ਕਾਇਲ ਹਨ ਅਤੇ ਹਮੇਸ਼ਾਂ ਹੀ ਉਹ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਮੱਰਥਕ ਰਹੇ ਹਨ ਅਤੇ ਰਹਿਣਗੇ।



ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਅਮਰੀਕਾ ਵਿਚ ਅਕਾਲੀ ਦਲ (ਮਾਨ) ਵਲੋਂ ਸੰਤਾਂ ਦਾ ਜਨਮ ਮਨਾਏ ਜਾਣ 'ਤੇ ਵਧਾਈ ਦਿੱਤੀ ਅਤੇ ਅਪੀਲ ਕੀਤੀ ਕਿ ਗੁਰਦੁਆਰਿਆਂ ਦਾ ਜੋ ਲੱਖਾਂ ਡਾਲਰ ਕੋਰਟਾਂ ਕਚਹਿਰੀਆਂ ਵਿਚ ਲੱਗਦਾ ਹੈ, ਮਸਲੇ ਮਿਲ ਬੈਠ ਕੇ ਸੰਗਤੀ ਰੂਪ ਵਿਚ ਨਜਿੱਠ ਕੇ ਬਚਾਇਆ ਜਾ ਸਕਦਾ ਹੈ।

ਏ ਜੀ ਪੀ ਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸੰਤਾਂ ਦੀ ਸੋਚ ਨੂੰ ਅੱਗੇ ਤੋਰਨ ਦੇ ਉਪਰਾਲੇ ਲਈ ਅਕਾਲੀ ਦਲ (ਅੰਮ੍ਰਿਤਸਰ) ਨਾਲ ਮੋਢੇ ਨਾਲ ਮੋਢਾ ਜੋੜਨ ਦਾ ਅਹਿਦ ਕੀਤਾ ਅਤੇ ਅਪੀਲ ਕੀਤੀ ਕਿ ਅੱਗੋਂ ਲਈ ਜੋ ਵੀ ਪ੍ਰੋਗਰਾਮ ਉਲੀਕਿਆ ਜਾਵੇ ਉਸ ਵਿਚ ਹਰ ਇਕ ਗੁਰੂ ਨਾਨਕ ਨਾਮ ਲੇਵਾ ਨੂੰ ਸੱਦਾ ਦਿੱਤਾ ਜਾਵੇ ਅਤੇ ਭਿੰਨ ਭੇਦ ਮਿਟਾ ਕਿ ਸਾਂਝੇ ਪ੍ਰੋਗਰਾਮ ਕੀਤੇ ਜਾਣ। ਕਮੇਟੀ ਦੇ ਜਨਰਲ ਸਕੱਤਰ ਸ. ਭਜਨ ਸਿੰਘ ਭਿੰਡਰ ਨੇ ਸੰਤਾਂ ਦੀ ਜੀਵਨੀ ਸਬੰਧੀ ਵਿਸ਼ੇਸ਼ ਤੌਰ 'ਤੇ ਪੋਸਟਰ ਲਾ ਕੇ ਉਨ੍ਹਾਂ ਦੇ ਜੀਵਨ ਤੇ ਸੁਨੇਹੇ ਨੂੰ ਸੰਗਤਾਂ ਨੂੰ ਜਾਣੂ ਕਰਵਾਇਆ। ਸ. ਹਰਮਿੰਦਰ ਸਿੰਘ ਸਮਾਣਾ ਨੇ ਸੰਤਾਂ ਦੇ ਜੀਵਨ ਉਤੇ ਝਾਤ ਪਾਉਂਦਿਆਂ ਸ. ਮਾਨ ਦੀ ਦ੍ਰਿੜਤਾ ਅਤੇ ਸੋਚ ਉਤੇ ਪਹਿਰਾ ਦੇਣ ਦੀ ਗੱਲ ਆਖੀ ਜਿਨ੍ਹਾਂ ਨੂੰ ਇਹ ਸੋਚ ਸੰਤ ਭਿੰਡਰਾਂਵਾਲਿਆਂ ਤੋਂ ਮਿਲੀ ਹੋਈ ਹੈ।



ਇਕ ਸਿੱਖ ਬੱਚੇ ਸ. ਸਿਮਰਤ ਸਿੰਘ ਨੇ ਇਸ ਮੌਕੇ ਬੋਲਦਿਆਂ ਸੰਤਾਂ ਦੇ ਇਹ ਸ਼ਬਦ ਦੁਹਰਾਏ ਕਿ ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਸਮਝਦਾ। ਬੱਚੇ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ 12 ਫਰਵਰੀ, 1947 ਨੂੰ ਫਰੀਦਕੋਟ ਜ਼ਿਲ੍ਹੇ ਵਿਚ ਹੋਇਆ ਅਤੇ ਭਾਈ ਕਰਤਾਰ ਸਿੰਘ ਖਾਲਸਾ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਜਰਨੈਲ ਸਿੰਘ ਨੂੰ ਜਥੇਦਾਰ ਬਣਾਇਆ ਗਿਆ। ਅੱਜ ਸਾਡੀ ਨੌਜ਼ਵਾਨ ਪੀੜ੍ਹੀ ਫਿਰ ਭਟਕ ਗਈ ਹੈ। ਸਾਨੂੰ ਸੰਤਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

ਭਾਈ ਸਰਵਣ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ, "ਜੱਗ ਤੋਂ ਜ਼ੁਲਮ ਮਿਟਾਵਣ ਖਾਤਿਰ ਕਲਗੀਆਂ ਵਾਲਾ, ਬਾਜਾਂ ਵਾਲਾ ਆਇਆ" ਅਤੇ "ਇੱਕ ਸੰਤ ਵੇਖਿਆ ਮੈਂ ਹੱਥ ਵਿਚ ਤੀਰ ਤੋਰ ਨਿਰਾਲੀ, ਗਲ ਵਿਚ ਪਿਸਟਲ ਪਾਇਆ ਸੀ ਚੇਹਰੇ ਉਤੇ ਚਮਕਦੀ ਲਾਲੀ", "ਤੂੰ ਤੁਰ ਪ੍ਰਦੇਸ ਗਿਆਂ ਮੁੜ ਕੇ ਆ ਜਾ ਵੇ ਤੇਰੀਆਂ ਸਿੱਖ ਪੰਥ ਨੂੰ ਲੋੜਾਂ" ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਬੱਚੀ ਬੀਬੀ ਮੋਨਿਕਾ ਕੌਰ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਜੀਵਨੀ ਸੰਬੰਧੀ ਅੰਗਰੇਜੀ ਵਿਚ ਤਕਰੀਰ ਕੀਤੀ। ਜਸਮੋਲ ਸਿੰਘ ਨੇ ਆਪਣੀ ਛੋਟੀ ਜਿਹੀ ਤਕਰੀਰ ਵਿਚ ਸੰਤ ਜਰਨੈਲ ਸਿੰਘ ਦੇ ਜੀਵਨ ਬਾਬਤ ਝਾਤ ਪਾਈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜ਼ਨ ਵੈਸਟ ਕੋਸਟ ਦੇ ਪ੍ਰਧਾਨ ਸ. ਰੇਸ਼ਮ ਸਿੰਘ ਨੇ ਕਿਹਾ ਕਿ ਪਾਰਟੀ ਵਲੋਂ ਅਜਿਹੇ ਪ੍ਰੋਗਰਾਮ ਸਭ ਦੇ ਸਹਿਯੋਗ ਨਾਲ ਜਾਰੀ ਰੱਖੇ ਜਾਣਗੇ। ਉਨ੍ਹਾਂ ਸਭ ਧਿਰਾਂ ਤੋਂ ਮਿਲੇ ਸਹਿਯੋਗ ਲਈ ਵੀ ਉਨ੍ਹਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਇਸ ਪ੍ਰੋਗਰਾਮ ਲਈ ਸਹਿਯੋਗ ਵਾਸਤੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਹੋਰ ਸੀਨੀਅਰ ਆਗੂਆਂ ਤੋਂ ਇਲਾਵਾ ਅਮਰੀਕਾ ਤੋਂ ਸ. ਕੁਲਜੀਤ ਸਿੰਘ ਨਿੱਝਰ, ਗੁਰਜੀਤ ਸਿੰਘ ਝਾਮਪੁਰ, ਭੁਪਿੰਦਰ ਸਿੰਘ ਚੀਮਾ, ਤਰਲੋਚਨ ਸਿੰਘ, ਜਸਵੀਰ ਸਿੰਘ ਤੱਖੜ ਹੇਵਰਡ, ਹਿੰਮਤ ਸਿੰਘ ਹਿੰਮਤ, ਸੁਦੇਸ਼ ਸਿੰਘ ਅਟਵਾਲ, ਛਿੰਦਾ ਸਿੰਘ, ਪਰਮਿੰਦਰ ਸਿੰਘ ਪਰਵਾਨਾ, ਰਮਿੰਦਰਜੀਤ ਸਿੰਘ ਮਿੱਟੂ ਸੰਧੂ, ਬਲਵਿੰਦਰ ਸਿੰਘ ਮਿੱਠੂ, ਗੁਲਵਿੰਦਰ ਸਿੰਘ ਭਿੰਦਾ, ਹਰਨੇਕ ਸਿੰਘ ਨੇਕੀ, ਕਸ਼ਮੀਰ ਸਿੰਘ ਫਰਿਜ਼ਨੋ, ਇੰਦਰਜੀਤ ਸਿੰਘ ਭੈਣੀ ਬੜਿੰਗ, ਇਕਬਾਲ ਸਿੰਘ ਬੇਕਰਜ਼ਫੀਲਡ, ਦਰਸ਼ਨ ਸਿੰਘ ਸੰਧੂ ਫਰੀਮਾਂਟ, ਦਵਿੰਦਰ ਸਿੰਘ ਬੈਂਸ ਬੇਕਰਜ਼ਫੀਲਡ, ਸੁਖਮਿੰਦਰ ਸਿੰਘ ਗਰੇਵਾਲ, ਸਿਆਟਲ ਤੋਂ ਸੀਨੀਅਰ ਆਗੂ ਪਰਮਜੀਤ ਸਿੰਘ ਅਤੇ ਇੰਦਰਪਾਲ ਸਿੰਘ, ਅਵਤਾਰ ਸਿੰਘ ਐਲ.ਏ. ਮਨਜੀਤ ਸਿੰਘ ਐਲ.ਏ. ਅਤੇ ਸਭ ਪਾਰਟੀ ਵਰਕਰਾਂ ਦਾ ਸ਼ੁਕਰੀਆ ਅਦਾ ਕੀਤਾ।



# ਐਨ ਆਰ ਆਈ ਸਭਾ ਇਕ ਗੈਰ ਸਿਆਸੀ ਸੰਸਥਾ-ਜੋਬਨਜੀਤ

**ਬੇਕਰਜ਼ਫੀਲਡ (ਬਿਊਰੋ):** ਐਨ ਆਰ ਆਈ ਸਭਾ, ਅਮਰੀਕਾ ਇਕ ਗੈਰ ਸਿਆਸੀ ਸੰਸਥਾ ਹੈ ਅਤੇ ਕਿਸੇ ਵੀ ਪਾਰਟੀ, ਵਿਚਾਰਧਾਰਾ ਜਾਂ ਧਰਮ ਨਾਲ ਸਬੰਧਤ ਕੋਈ ਵੀ ਵਿਅਕਤੀ ਇਸ ਦਾ ਮੈਂਬਰ ਬਣ ਸਕਦਾ ਹੈ। ਸਭਾ ਦਾ ਪ੍ਰਧਾਨ ਹਰ ਦੋ ਸਾਲ ਬਾਅਦ ਐਨ ਆਰ ਆਈ ਮੈਂਬਰਾਂ ਵਲੋਂ ਚੁਣਿਆ ਜਾਂਦਾ ਹੈ ਅਤੇ ਪੰਜਾਬ ਦਾ ਮੁੱਖ ਮੰਤਰੀ ਇਸ ਦਾ ਚੀਫ ਪੈਟਰਨ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਨੇ ਸਭਾ ਦੀ ਇਥੇ ਹੋਈ ਇਕ ਮੀਟਿੰਗ ਦੌਰਾਨ ਕੀਤਾ।

ਮੀਟਿੰਗ ਵਿਚ ਹਾਜ਼ਰ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸ. ਬੌਬੀ ਨੇ ਐਨ ਆਰ ਆਈ ਸਭਾ, ਅਮਰੀਕਾ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਪਣੀ ਹੋਂਦ ਦੇ ਕੁਝ ਹੀ ਅਰਸੇ ਵਿਚ ਸਭਾ ਨੇ ਪਰਵਾਸੀ ਭਾਰਤੀਆਂ ਦੀਆਂ ਕਈ ਮੁਸ਼ਕਲਾਂ ਹੱਲ ਕਰਵਾ ਕੇ ਆਪਣੀ ਇਕ ਵੱਖਰੀ ਪਹਿਚਾਣ ਕਾਇਮ ਕੀਤੀ ਹੈ। ਹੱਲ ਕਰਵਾਏ ਗਏ ਵੱਖ ਵੱਖ ਮਸਲਿਆਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਨਿਊ ਜਰਸੀ ਦੇ ਸ. ਮਹਿੰਦਰਜੀਤ ਸਿੰਘ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਾਉਣਾ ਅਤੇ ਅਮਰੀਕਾ ਰਹਿੰਦੇ ਕਤਲ ਨਾਲ ਸਬੰਧਤ ਵਿਅਕਤੀਆਂ ਖਿਲਾਫ ਐਫ ਬੀ ਆਈ ਜਾਂਚ ਸ਼ੁਰੂ ਕਰਵਾਉਣੀ ਵੀ ਸ਼ਾਮਲ ਹੈ। ਲਾਸ ਏਂਜਲਸ ਨਿਵਾਸੀ ਜੀਤ ਸਿੰਘ ਦੇ ਪਲਾਟ ਦਾ ਕਬਜ਼ਾ ਛੁਡਾਇਆ ਗਿਆ ਜੋ ਕਿ ਜ਼ਿਲਾ ਕਪੂਰਥਲਾ ਦੇ ਪਿੰਡ ਮਾਂਗੇਵਾਲ ਤੋਂ ਹਨ। ਬੌਸਟਨ ਦੇ ਸ. ਰਘਬੀਰ ਸਿੰਘ ਦੇ ਟਾਂਡਾ-ਦਸੂਹਾ ਸੜਕ ਉਪਰ ਸਥਿਤ ਪਲਾਟ ਉਤੇ ਪੰਦਰਾਂ ਸਾਲ ਤੋਂ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਤੁੜਾਇਆ ਗਿਆ ਹੈ। ਇਸ ਪਲਾਟ ਦੀ ਕੀਮਤ 3 ਕਰੋੜ ਰੁਪਏ ਤੋਂ ਵੀ ਵੱਧ ਬਣਦੀ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਸ. ਬੌਬੀ ਨੇ ਦੱਸਿਆ ਕਿ ਟਰਲਕ ਸ਼ਹਿਰ ਦੇ ਕੁਲਵੀਰ ਸਿੰਘ ਜਦੋਂ ਪੰਜਾਬ ਗਏ ਤਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਇਕ ਝੂਠੇ ਮੁਕੱਦਮੇ ਵਿਚ ਫਸਾ ਕੇ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰਵਾ ਦਿੱਤਾ। ਸਭਾ ਨੇ ਫੌਰੀ ਕਾਰਵਾਈ ਕਰਦਿਆਂ ਨਾ ਸਿਰਫ ਮੁਕੱਦਮਾ ਹੀ ਖਾਰਜ ਕਰਵਾਇਆ ਸਗੋਂ ਉਸ ਦਾ ਪਾਸਪੋਰਟ ਵਾਪਸ ਦਿਵਾ ਕੇ ਅਮਰੀਕਾ ਲਈ ਰਵਾਨਾ ਕਰਵਾਇਆ। ਇਸੇ ਤਰ੍ਹਾਂ ਦੁਬਈ ਰਹਿੰਦੇ ਦਿਲਬਾਗ ਦੇ ਉਸ ਦੇ ਰਿਸ਼ਤੇਦਾਰਾਂ ਵਲੋਂ ਠੱਗੇ ਗਏ ਪੈਸੇ ਸਭਾ ਦੇ ਸਕੱਤਰ ਜਨਰਲ ਤੇਜਪਾਲ ਨਿਕਸਨ ਨੇ ਆਪਣੇ ਕਰੀਬੀ ਦੋਸਤ ਆਈ ਜੀ ਸੰਜੀਵ ਕਾਲੜਾ ਦੀ ਮਦਦ ਨਾਲ ਵਾਪਸ ਕਰਵਾਏ। ਇਸ ਤੋਂ ਇਲਾਵਾ ਯੂਨੀਅਨ ਸਿਟੀ, ਕੈਲੀਫੋਰਨੀਆ ਦੇ ਸ. ਬਲਦੇਵ ਸਿੰਘ ਦੀ 22 ਕਿੱਲੇ ਜ਼ਮੀਨ ਜੋ ਉਸ ਦੇ ਭਤੀਜਿਆਂ ਨੇ ਹੀ ਨਾਜਾਇਜ਼ ਤੌਰ 'ਤੇ ਦੱਬੀ ਹੋਈ ਸੀ, ਸਭਾ ਦੇ ਯਤਨਾਂ ਨਾਲ ਵਾਪਸ ਕਰਵਾਈ ਗਈ। ਸਭਾ ਨੇ ਦਿੱਲੀ ਅਤੇ ਅੰਮ੍ਰਿਤਸਰ ਦੇ ਏਅਰਪੋਰਟਾਂ ਉਪਰ ਪੰਜਾਬੀਆਂ ਦੀ ਹੁੰਦੀ ਖੱਜਲਖੁਆਰੀ ਰੁਕਵਾਉਣ ਲਈ ਸਬੰਧਤ ਅਫਸਰਾਂ ਨਾਲ ਗੱਲਬਾਤ ਕੀਤੀ ਜਿਸ ਦੇ ਕਾਫੀ ਹਾਂਪੱਖੀ ਨਤੀਜੇ ਸਾਹਮਣੇ ਆਏ ਹਨ।



ਮੀਟਿੰਗ ਵਿਚ ਸਭਾ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਅਟਾਰਨੀ ਜਸਪ੍ਰੀਤ ਸਿੰਘ ਵੀ ਪਹੁੰਚੇ ਹੋਏ ਸਨ ਅਤੇ ਉਨ੍ਹਾਂ ਨੇ ਵੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸਭਾ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਮੁੱਖ ਮਹਿਮਾਨ ਸੀਨੀਅਰ ਅਕਾਲੀ ਆਗੂ ਸ. ਇਕਬਾਲ ਸਿੰਘ ਸਮਰਾ ਅਤੇ ਅਟਾਰਨੀ ਜਸਪ੍ਰੀਤ ਸਿੰਘ ਸਨ। ਇਸ ਤੋਂ ਇਲਾਵਾ ਸਭਾ ਦੇ ਪ੍ਰਧਾਨ ਪਾਲ ਮੰਨਣ, ਸਕੱਤਰ ਜਨਰਲ ਤੇਜਪਾਲ ਨਿਕਸਨ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਜਰਨਲ ਸਕੱਤਰ ਮਨਜੀਤ ਸਿੰਘ, ਮੀਤ ਪ੍ਰਧਾਨ ਜਥੇਦਾਰ ਰੌਣਕ ਸਿੰਘ, ਗੁਰਦੀਪ ਢੀਂਡਸਾ, ਗੁਰਪ੍ਰੀਤ ਸਿੰਘ ਰਾਏ, ਹਰਬੰਸ ਸਰਪੰਚ, ਜੀਤਾ ਢਿੱਲੋਂ, ਮਨਜੋਤ ਰਾਏ, ਮੇਜਰ ਸਿੰਘ ਚੌਹਾਨ, ਰਣਜੀਤ ਸਿੰਘ ਰਾਣਾ, ਕਮਲਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਅਤੇ ਅਮਰੀਕ ਸਿੰਘ ਸੰਘਾ ਵੀ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਸਭਾ ਦੇ ਮੀਡੀਆ ਸਲਾਹਕਾਰ ਮਨਦੀਪ ਮਾਨ ਨੇ ਚਲਾਈ। ਇਸ ਮੌਕੇ ਸਭਾ ਨਾਲ ਸਬੰਧਤ ਕੁਝ ਮਤੇ ਵੀ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਸਭਾ ਦੇ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

# ਕਿਹੋ ਜਿਹੇ ਲਿਖਦਾਂ ਏ ਲੇਖ ਵੇ ਧੀਆਂ ਦੇ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਅੰਮ੍ਰਿਤਸਰ ਸ਼ਹਿਰ ਵਿਚ ਕੱਪੜੇ ਦੀ ਇਕ ਮਿੱਲ ਵਿਚ ਚੰਨੂ ਨਾਂ ਦਾ ਆਦਮੀ ਮਜ਼ਦੂਰੀ ਕਰਦਾ ਸੀ। ਚੰਨੂ ਨੂੰ ਮਿੱਲ ਵੱਲੋਂ ਹੀ ਛੋਟਾ ਜਿਹਾ ਕੁਆਰਟਰ ਮਿਲਿਆ ਹੋਇਆ ਸੀ ਜਿਸ ਵਿਚ ਚੰਨੂ, ਉਸ ਦੇ ਦੋ ਬੇਟੇ ਅਤੇ ਤਿੰਨ ਬੇਟੀਆਂ ਰਹਿੰਦੀਆਂ ਸਨ। ਚੰਨੂ ਦੀ ਘਰਵਾਲੀ ਉਸ ਨਾਲ ਹੀ ਮਿੱਲ ਵਿਚ ਕੰਮ ਕਰਦੀ ਸੀ। ਚੰਨੂ ਆਪ ਬੇਸ਼ੱਕ ਘੱਟ ਪੜ੍ਹਿਆ ਸੀ ਪਰ ਆਪਣੇ ਬੱਚਿਆਂ ਨੂੰ ਉਚ ਵਿਦਿਆ ਦਿਵਾ ਕੇ ਚੰਗੀਆਂ ਨੌਕਰੀਆਂ 'ਤੇ ਲਵਾਉਣਾ ਚਾਹੁੰਦਾ ਸੀ। ਮਿਹਨਤ-ਮਜ਼ਦੂਰੀ ਕਰ ਕੇ ਚੰਨੂ ਆਪਣੇ ਬੱਚੇ ਪਾਲ ਰਿਹਾ ਸੀ। ਪਤਾ ਨਹੀਂ ਲੱਗਿਆ ਕਿ ਕਦੋਂ ਸਾਰੇ ਬੱਚੇ ਜਵਾਨ ਹੋ ਗਏ। ਵੱਡਾ ਬੇਟਾ ਦੀਪਕ ਹੁਣ ਕਾਲਜ ਜਾਣ ਲੱਗਿਆ। ਕਾਲਜ ਦੇ ਖੁੱਲ੍ਹੇ ਮਾਹੌਲ ਨੇ ਉਸ ਦੀ ਜਵਾਨੀ ਬੂਹੇ ਤੋਂ ਲੰਘਾ ਕੇ ਅਮੀਰੀ ਦੇ ਸੁਫ਼ਨਿਆਂ ਵਿਚ ਗੁਆ ਦਿੱਤੀ। ਫਿਰ ਇਕ ਦਿਨ ਉਹ ਕਾਲਜ ਗਿਆ ਵਾਪਸ ਮੁੜਿਆ ਹੀ ਨਹੀਂ। ਇਕ ਦਿਨ, ਦੋ ਦਿਨ, ਤੇ ਹੁਣ ਸਾਲ ਬੀਤੇ ਗਏ। ਦੀਪਕ ਦਾ ਕੋਈ ਥਹੁ-ਪਤਾ ਨਾ ਲੱਗਾ। ਸਾਰਾ ਪਰਿਵਾਰ ਫ਼ਿਕਰਾਂ ਵਿਚ ਡੁੱਬਿਆ ਰਹਿੰਦਾ। ਪੰਜਾਂ ਸਾਲਾਂ ਬਾਅਦ ਦੀਪਕ ਮੁੰਬਈ ਤੋਂ ਵਾਪਸ ਆਇਆ ਜਿਥੇ ਉਹ ਕਿਸੇ ਐਕਟਰ ਦੀ ਕਾਰ ਦਾ ਡਰਾਈਵਰ ਲੱਗਿਆ ਹੋਇਆ ਸੀ। ਮਾਪਿਆਂ, ਭੈਣਾਂ, ਭਾਈਆਂ ਸ਼ੁਕਰ ਮਨਾਇਆ ਕਿ ਦੀਪਕ ਵਾਪਿਸ ਮਿਲ ਗਿਆ ਪਰ ਦੀਪਕ ਚਾਰ ਦਿਨ ਰਹਿ ਕੇ ਫਿਰ ਮੁੰਬਈ ਦੀ ਭੀੜ ਵਿਚ ਗੁਆਚ ਗਿਆ।

ਫਿਰ ਚੰਨੂ ਦੀ ਦੂਜੇ ਨੰਬਰ ਵਾਲੀ ਬੇਟੀ ਕਾਲਜ ਪੜ੍ਹਨ ਲੱਗੀ। ਚੰਨੂ ਨੇ ਡਰਦਿਆਂ ਹੀ ਉਸ ਦਾ ਵਿਆਹ ਕਰਨਾ ਚਾਹਿਆ ਪਰ ਸ਼ੀਤਲ ਹੋਰ ਪੜ੍ਹਨਾ ਚਾਹੁੰਦੀ ਸੀ। ਚੰਨੂ ਡਰਦਾ, ਕਿਤੇ ਇਹ ਵੀ ਦੀਪਕ ਵਾਂਗ ਕੋਈ ਗ਼ਲਤ ਕਦਮ ਨਾ ਚੁੱਕ ਲਵੇ। ਸ਼ੀਤਲ ਲਈ ਵਰ ਦੀ ਤਲਾਸ਼ ਹੋਣ ਲੱਗੀ। ਅੰਮ੍ਰਿਤਸਰ ਸ਼ਹਿਰ ਵਿਚ ਹੀ ਵਿਆਹ ਕਰ ਦਿੱਤਾ। ਅਜੇ ਵਿਆਹ ਨੂੰ ਦੋ ਮਹੀਨੇ ਨਹੀਂ ਹੋਏ ਸਨ ਕਿ ਸਹੁਰਿਆਂ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਨਿੱਤ ਮਾਰ-ਕੁਟਾਈ ਹੋਣ ਲੱਗੀ। ਚੰਨੂ ਨੇ ਤਾਂ ਕਹਿ ਕੇ ਰਿਸ਼ਤਾ ਕੀਤਾ ਸੀ ਕਿ ਮੈਂ ਤਾਂ ਕੰਨਿਆ ਦਾ ਦਾਨ ਕਰ ਸਕਦਾ ਹਾਂ। ਮੇਰੇ ਗ਼ਰੀਬ ਕੋਲ ਹੋਰ ਦੇਣ ਨੂੰ ਕੁਝ ਨਹੀਂ। ਸਹੁਰਿਆਂ ਨੇ ਸ਼ੀਤਲ ਦੀ ਸੁੰਦਰਤਾ ਦੇਖ ਕੇ ਹਾਂ ਕਰ ਦਿੱਤੀ ਸੀ ਪਰ ਅੰਦਰ ਬੈਠਾ ਦਾਜ ਵਾਲਾ ਦੈਂਤ ਨਾ ਕੱਢਿਆ ਜੋ ਹੁਣ ਸ਼ੀਤਲ ਨੂੰ ਨੋਚ-ਨੋਚ ਕੇ ਖਾ ਰਿਹਾ ਸੀ। ਮਾੜੀ ਕਿਸਮਤ, ਸ਼ੀਤਲ ਦੀ ਕੁੱਖੋਂ ਧੀ ਪੈਦਾ ਹੋਈ। ਹੁਣ ਅਤਿ ਤੋਂ ਵੱਧ ਦੁਖੀ ਹੋ ਕੇ ਸ਼ੀਤਲ ਆਪਣੀ ਧੀ ਨੂੰ ਲੈ ਕੇ ਚੰਨੂ ਘਰ ਆ ਗਈ।

ਚੰਨੂ ਦਾ ਤੀਜੇ ਨੰਬਰ ਵਾਲਾ ਬੇਟਾ ਸੁਭਾਸ਼ ਫ਼ਿਲਮਾਂ ਦਾ ਸ਼ੌਕੀਨ ਨਿਕਲਿਆ। ਉਹ ਆਪਣੇ ਵੱਡੇ ਭਰਾ ਸਹਾਰੇ ਮੁੰਬਈ ਨੂੰ ਗੱਡੀ ਬੈਠ ਗਿਆ। ਚੰਨੂ ਸੋਚਦਾ ਕਿ ਔਲਾਦ ਨੂੰ ਕੀ ਬਣਾਉਣ ਦੇ ਸੁਫ਼ਨੇ ਵੇਖਦਾ ਸੀ ਪਰ ਔਲਾਦ ਨੇ ਉਹਦਾ ਕੀ ਹਾਲ ਬਣਾ ਦਿੱਤਾ। ਚਿੰਤਾ ਚਿਖ਼ਾ ਨਾਲੋਂ ਵੀ ਮਾੜੀ ਹੁੰਦੀ ਹੈ। ਚਿਖ਼ਾ 'ਤੇ ਮਰ ਕੇ ਮਚਿਆ ਜਾਂਦਾ ਹੈ ਪਰ ਚਿੰਤਾ ਜਿਉਂਦਿਆਂ ਨੂੰ ਮਚਾਉਂਦੀ ਹੈ। ਚੰਨੂ ਨੇ ਵੀ ਹੁਣ ਖੂੰਡੀ ਅਤੇ ਦਵਾਈਆਂ ਦਾ ਸਹਾਰਾ ਲੈਣਾ ਸ਼ੁਰੂ ਕੀਤਾ। ਹੁਣ ਦੋ ਛੋਟੀਆਂ ਬੇਟੀਆਂ ਪੜ੍ਹਦੀਆਂ ਸਨ ਜੋ ਬਹੁਤ ਹੀ ਹੁਸ਼ਿਆਰ ਤੇ ਸਮਝਦਾਰ ਸਨ, ਪਰ ਤੱਤੇ ਦੁੱਧ ਤੋਂ ਮੂੰਹ ਬਚਾ ਕੇ ਬੰਦਾ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਪੀਂਦਾ ਹੈ। ਸੁਭਾਸ਼ ਨੇ ਵੀ ਦੀਪਕ ਨੂੰ ਲੱਭ ਲਿਆ। ਉਹ ਦੋਵੇਂ ਮਾਂ-ਪਿਉ ਤੇ ਭੈਣਾਂ ਤੋਂ ਵੀ ਬੇਫ਼ਿਕਰੇ ਹੋ ਕੇ ਆਪਣੀ ਮੌਜ-ਮਸਤੀ ਵਿਚ ਲੱਗੇ ਰਹਿੰਦੇ। ਦੀਪਕ ਨੇ ਉਥੇ ਕਿਸੇ ਨਾਲ ਲਵ-ਮੈਰਿਜ ਕਰਵਾ ਲਈ। ਉਸ ਨੇ ਕਦੇ ਨਹੀਂ ਸੋਚਿਆ ਕਿ ਪਿੱਛੇ ਮੇਰੇ ਮਾਤਾ-ਪਿਤਾ ਤੇ ਭੈਣਾਂ ਹਨ।

ਚੰਨੂ ਨੇ ਚੌਥੇ ਨੰਬਰ ਵਾਲੀ ਬੇਟੀ ਸੋਨੀ ਦਾ ਵਿਆਹ ਕਰ ਦਿੱਤਾ। ਜਵਾਈ ਲੱਭਿਆ ਤਾਂ ਸੋਨੇ ਵਰਗਾ ਸੀ ਪਰ ਉਹ ਤਾਂ ਪਿੱਤਲ ਨਾਲੋਂ ਵੀ ਮਾੜਾ ਨਿਕਲਿਆ। ਚੰਨੂ ਦੇ ਜ਼ਖ਼ਮਾਂ 'ਤੇ ਕਿਸੇ ਨੇ ਮੱਲ੍ਹਮ ਨਾ ਲਾਈ। ਜੋ ਵੀ ਮਿਲਿਆ, ਲੂਣ ਛਿੜਕਣ ਵਾਲਾ ਹੀ ਮਿਲਿਆ। ਜਿਸ ਕਾਰੋਬਾਰ ਨੂੰ ਵੇਖ ਕੇ ਸੋਨੀ ਦਾ ਰਿਸ਼ਤਾ ਕੀਤਾ, ਉਸ ਕਾਰੋਬਾਰ ਵਿਚ ਜਵਾਈ ਦਾ ਇਕ ਰੁਪਿਆ ਵੀ ਨਾ ਨਿਕਲਿਆ। ਚੰਨੂ ਦੀ ਪੜ੍ਹੀ-ਲਿਖੀ ਧੀ ਕੱਖੋਂ ਹੌਲੀ ਹੋ ਕੇ ਬੈਠ ਗਈ। ਸੋਨੀ ਦੇ ਪਤੀ ਨੇ ਜੂਏ ਵਿਚ ਘਰ ਦਾ ਸਾਰਾ ਸਾਮਾਨ ਵੇਚ ਸੁੱਟਿਆ। ਕਈ ਵਾਰ ਰੱਬ ਵੀ ਗ਼ਰੀਬਾਂ ਮਗਰ ਹੱਥ ਧੋ ਕੇ ਪੈ ਜਾਂਦਾ ਹੈ। ਸੋਨੀ ਨਾਲ ਵੀ ਇਸ ਤਰ੍ਹਾਂ ਹੋਈ। ਅਜੇ ਸਹੁਰੀਂ ਪੈਰ ਵੀ ਨਹੀਂ ਲੱਗੇ ਸਨ ਕਿ ਦੋ ਜੌੜੀਆਂ ਧੀਆਂ ਹੋ ਗਈਆਂ। ਜੁਆਰੀ ਪਤੀ ਨੇ ਕੁੱਟ-ਕੁੱਟ ਬੁਰਾ ਹਾਲ ਕਰ ਦਿੱਤਾ। ਸੋਨੀ ਨਾਲ ਵੀ ਸ਼ੀਤਲ ਵਰਗੀ ਹੋਈ। ਆਪਣੀਆਂ ਦੋਵੇਂ ਧੀਆਂ ਲੈ ਕੇ ਸੋਨੀ ਵੀ ਚੰਨੂ ਦੇ ਘਰ ਆ ਗਈ। ਇਕ ਕਮਰੇ ਵਿਚ ਸਾਰਾ ਪਰਿਵਾਰ ਇਸ ਤਰ੍ਹਾਂ ਮਹਿਸੂਸ ਕਰਦਾ ਜਿਵੇਂ ਕੁੱਕੜਾਂ ਦੇ ਖੁੱਡੇ ਵਿਚ ਤਾੜੇ ਹੋਣ। ਚੰਨੂ ਤੋਂ ਧੀਆਂ ਦਾ ਹਾਲ ਵੇਖ ਨਾ ਹੋਇਆ। ਫਿਰ ਇਕ ਦਿਨ ਮਿੱਲ ਵਿਚੋਂ ਮਰਿਆ ਹੀ ਚੁੱਕ ਕੇ ਲਿਆਂਦਾ। ਦੋਵੇਂ ਪੁੱਤਰ ਮੁੰਬਈ ਦੀ ਦੁਨੀਆਂ ਵਿਚ ਰੰਗੇ ਹੋਏ ਪਿਤਾ ਦੇ ਸਸਕਾਰ 'ਤੇ ਵੀ ਨਾ ਪਹੁੰਚੇ। ਪਰਿਵਾਰ ਨੂੰ ਪਾਲਣ ਲਈ ਸ਼ੀਤਲ ਅਤੇ ਸੋਨੀ ਨੇ ਨੌਕਰੀ ਦੀ ਤਲਾਸ਼ ਸ਼ੁਰੂ ਕੀਤੀ। ਇਕ ਪ੍ਰਾਈਵੇਟ ਫਾਰਮ ਵਿਚ ਦੋਵੇਂ ਨੌਕਰੀ ਕਰਨ ਲੱਗੀਆਂ। ਦੋਵਾਂ ਦੀਆਂ ਬੱਚੀਆਂ ਨੂੰ ਮਾਂ ਸੰਭਾਲ ਲੈਂਦੀ। ਹੁਣ ਚੰਨੂ ਦੀ ਪੰਜਵੀਂ ਧੀ ਸੀਮਾ ਕਾਲਜ ਵਿਚ ਬੀ.ਏ. ਕਰ ਰਹੀ ਸੀ ਜੋ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ। ਪਰਮਾਤਮਾ ਨੇ ਉਸ ਨੂੰ ਹੁਸਨ ਵੀ ਰੱਜ ਕੇ ਦਿੱਤਾ ਸੀ। ਸਾਰਾ ਕਾਲਜ ਹੀ ਸੀਮਾ ਦਾ ਨਾਂ ਜਪਦਾ ਸੀ।

ਸੀਮਾ ਦੀ ਮਾਂ ਨੇ ਇਕ ਦਿਨ ਉਸ ਦੇ ਵਿਆਹ ਦੀ ਗੱਲ ਤੋਰੀ ਤਾਂ ਸੀਮਾ ਨੇ ਜਵਾਬ ਦਿੱਤਾ, "ਮਾਂ ਮੇਰਾ ਵੀ ਵੱਡੀਆਂ ਭੈਣਾਂ ਵਰਗਾ ਹਾਲ ਕਰਵਾਉਣਾ ਚਾਹੁੰਦੀ ਏ! ਇਨ੍ਹਾਂ ਨੇ ਵਿਆਹ ਕਰਵਾ ਕੇ ਕਿੰਨਾ ਕੁ ਸੁਖ ਹੰਢਾਇਆ ਜੇ! ਮੈਂ ਨਹੀਂ ਜੇ ਵਿਆਹ ਕਰਵਾਉਣਾ।" ਮਾਂ ਸਭ ਕੁਝ ਸੁਣ ਕੇ ਚੁੱਪ ਹੋ ਗਈ। ਸੋਚਦੀ ਕਿ ਧੀ ਦੀ ਗੱਲ ਵਿਚ ਰੱਬ ਵਰਗਾ ਸੱਚ ਹੈ ਪਰ ਧੀਆਂ ਤਾਂ ਰਾਜਿਆਂ-ਰਾਣੀਆਂ ਨੇ ਵੀ ਘਰ ਨਹੀਂ ਰੱਖੀਆਂ। ਵਿਆਹ ਤਾਂ ਮੈਨੂੰ ਤੇਰਾ ਕਰਨਾ ਹੀ ਪੈਣਾ ਹੈ।

ਸੀਮਾ ਦੀ ਜਵਾਨੀ ਦੇ ਦੀਵਾਨੇ ਹੋਏ ਮੁੰਡੇ ਸੀਮਾ ਨੂੰ ਵਿਆਹ ਦੀ ਔਫ਼ਰ ਕਰਦੇ ਲੇਕਿਨ ਸੀਮਾ ਨੂੰ ਮਰਦ ਜਾਤ ਤੋਂ ਨਫ਼ਰਤ ਹੋ ਚੁੱਕੀ ਸੀ। ਇਹ ਮੁੰਡੇ ਵਿਆਹ ਤੋਂ ਪਹਿਲਾਂ ਜਾਂ ਪਿਆਰ ਤੋਂ ਪਹਿਲਾਂ ਬਹੁਤ ਸਬਜ਼ਬਾਗ਼ ਵਿਖਾਉਂਦੇ ਨੇ ਪਰ ਪਿੱਛੋਂ ਬਦਲ ਜਾਂਦੇ ਨੇ। ਸੀਮਾ ਨੇ ਕਿਸੇ ਨੂੰ ਲੜ ਨਾ ਫੜਾਇਆ। ਆਪਣੀ ਪੜ੍ਹਾਈ ਲਗਨ ਨਾਲ ਕਰਦੀ ਗਈ। ਆਪਣੀਆਂ ਸਹੇਲੀਆਂ ਨਾਲ ਮਨਪ੍ਰਚਾਵਾ ਕਰ ਲੈਂਦੀ। ਘਰ ਆ ਕੇ ਛੋਟੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਲੈਂਦੀ ਜਿਸ ਨਾਲ ਉਸ ਦੀ ਪੜ੍ਹਾਈ ਦਾ ਖ਼ਰਚਾ ਨਿਕਲ ਆਉਂਦਾ। ਜੇ ਕੋਈ ਸੀਮਾ ਨੂੰ ਉਸ ਦੇ ਭਰਾਵਾਂ ਬਾਰੇ ਪੁੱਛਦਾ ਤਾਂ ਕਹਿ ਦਿੰਦੀ ਕਿ ਸਾਡੇ ਦੋਵੇਂ ਭਰਾ ਹੀ ਮਰ ਗਏ ਜੇ। ਜਦੋਂ ਮਾਂ-ਪਿਉ-ਭੈਣਾਂ ਦੀ ਜ਼ਿੰਮੇਵਾਰੀ ਤੋਂ ਹੀ ਭੱਜ ਗਏ ਨੇ, ਸਮਝੋ ਮਰਿਆਂ ਬਰਾਬਰ ਹੀ ਨੇ। ਸੀਮਾ ਦੀਆਂ ਸਹੇਲੀਆਂ ਦੇ ਵਿਆਹ ਹੋ ਗਏ। ਸਾਰੀਆਂ ਆਪੋ-ਆਪਣੇ ਘਰੀਂ ਵਧੀਆ ਵੱਸ ਰਹੀਆਂ ਸਨ। ਸੀਮਾ ਤੀਹ ਸਾਲਾਂ ਤੋਂ ਟੱਪ ਗਈ ਸੀ। ਡਰਦਾ ਕੋਈ ਉਸ ਨੂੰ ਵਿਆਹ ਕਰਵਾਉਣ ਦੀ ਸਲਾਹ ਨਹੀਂ ਸੀ ਦਿੰਦਾ। ਸੀਮਾ ਦੀਆਂ ਤਿੰਨ ਭਾਣਜੀਆਂ ਵੀ ਹੁਣ ਵੱਡੀਆਂ ਹੋਣ ਲੱਗੀਆਂ। ਕਿਸੇ ਦੀ ਕੀ ਮਜ਼ਾਲ ਕਿ ਸੀਮਾ ਦੇ ਘਰ ਵੱਲ ਕੋਈ ਬੁਰੀ ਨਜ਼ਰ ਨਾਲ ਤੱਕ ਜਾਵੇ। ਸੀਮਾ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਸਰਕਾਰੀ ਸਕੂਲ ਵਿਚ ਅਧਿਆਪਕਾ ਦੀ ਨੌਕਰੀ ਕਰਨ ਲੱਗ ਗਈ। ਸ਼ੀਤਲ ਅਤੇ ਸੀਮਾ ਨੇ ਮੁੜ ਕੇ ਸਹੁਰਿਆਂ ਦਾ ਬੂਹਾ ਨਹੀਂ ਦੇਖਿਆ। ਦੋਵਾਂ ਦੇ ਘਰਵਾਲੇ ਮਰਿਆਂ ਨਾਲੋਂ ਭੈੜੀ ਸ਼ਕਲ ਬਣਾਈ ਫਿਰਦੇ। ਦੀਪਕ ਤੇ ਸੁਭਾਸ਼ ਨੇ ਇਕ ਦਿਨ ਵੀ ਘਰ ਆ ਕੇ ਮਾਂ ਅਤੇ ਭੈਣਾਂ ਦਾ ਦੁੱਖ ਨਹੀਂ ਵੰਡਾਇਆ। ਮਾਂ ਦੁਖੀ ਹੋ ਕੇ ਕਹਿੰਦੀ, "ਔਰਤ ਦੀ ਕੁੱਖ ਸੁਲੱਖਣੀ ਨਾ ਹੋਣੀ ਪਾਪ ਹੈ। ਜੇ ਕੁੱਖ ਸੁਲੱਖਣੀ ਹੋ ਕੇ ਔਲਾਦ ਪੈਦਾ ਕਰੇ; ਔਲਾਦ ਵੱਲੋਂ ਸੁਖ ਨਾ ਮਿਲੇ, ਫਿਰ ਮਹਾਂ ਸੰਤਾਪ ਹੈ।" ਮਾਪਿਆਂ ਕੋਲੋਂ ਔਲਾਦ ਦਾ ਦੁੱਖ ਝੱਲ ਨਹੀਂ ਹੁੰਦਾ।

ਨਾਲਾਇਕ ਪੁੱਤਾਂ ਦੀ ਸਤਾਈ, ਧੀਆਂ ਦੇ ਦੁੱਖਾਂ ਦੀ ਰੁਆਈ ਚੰਨੂ ਦੀ ਘਰਵਾਲੀ ਰੱਬ ਨੂੰ ਪਿਆਰੀ ਹੋ ਗਈ। ਮਿੱਲ ਵੱਲੋਂ ਮਿਲਿਆ ਕੁਆਰਟਰ ਖੁੱਸ ਗਿਆ। ਸੀਮਾ ਨੇ ਇਕ ਮਕਾਨ ਕਿਰਾਏ 'ਤੇ ਲੈ ਲਿਆ। ਹੁਣ ਤਿੰਨੇ ਭੈਣਾਂ ਤੇ ਤਿੰਨੇ ਬੱਚੀਆਂ ਇਸ ਮਕਾਨ ਵਿਚ ਰਹਿਣ ਲੱਗੀਆਂ। ਤਿੰਨਾਂ ਦਾ ਇਕੋ ਹੀ ਮਨੋਰਥ ਸੀ ਕਿ ਤਿੰਨੇ ਬੱਚੀਆਂ ਨੂੰ ਪੜ੍ਹਾ-ਲਿਖਾ ਕੇ ਇੰਨਾ ਮਜ਼ਬੂਤ ਕਰਨਾ ਹੈ ਕਿ ਇਹ ਆਪਣੇ ਪੈਰਾਂ 'ਤੇ ਖੜ੍ਹ ਕੇ ਮਰਦ ਜਾਤ ਦੀ ਮਾੜੀ ਸੋਚ ਨਾਲ ਡਟ ਕੇ ਮੁਕਾਬਲਾ ਕਰ ਸਕਣ। ਇਨ੍ਹਾਂ ਨੂੰ ਮਰਦਾਂ ਦੀ ਖ਼ੁਦਮੁਖ਼ਤਿਆਰੀ ਅੱਗੇ ਝੁਕਣਾ ਨਾ ਪਵੇ। ਸ਼ੀਤਲ ਅਤੇ ਸੋਨੀ ਕਹਿੰਦੀਆਂ ਕਿ ਇਨ੍ਹਾਂ ਮਰਦਾਂ ਨੇ ਹੀ ਸਾਡੇ ਪਿਉ ਦੀ ਸਿਆਣਪ ਅਤੇ ਗ਼ਰੀਬੀ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਸੁਹਾਗਣਾਂ ਹੁੰਦੀਆਂ ਹੋਈਆਂ ਵੀ ਰੰਡੇਪੇ ਵਰਗੇ ਦਿਨ ਬਤੀਤ ਕਰ ਰਹੀਆਂ ਹਾਂ। ਜਿਸ ਤਰ੍ਹਾਂ ਵੀ ਸਨ, ਵਾਹਿਗੁਰੂ ਦੇ ਭਾਣੇ ਵਿਚ ਦਿਨ ਕੱਟ ਰਹੀਆਂ ਸਨ।

ਸਹੇਲੀਆਂ ਵੱਲੋਂ ਬਹੁਤ ਜ਼ੋਰ ਪਾਉਣ ਉਤੇ ਸੀਮਾ ਵਿਆਹ ਕਰਵਾਉਣ ਲਈ ਮੰਨ ਗਈ। ਇਕ ਐਨ.ਆਰ.ਆਈ. ਮੁੰਡੇ ਨਾਲ ਸੀਮਾ ਦਾ ਪੱਕ-ਠੱਕ ਹੋ ਗਿਆ। ਵਿਆਹ ਵਿਚ ਥੋੜ੍ਹੇ ਦਿਨ ਰਹਿੰਦੇ ਸਨ। ਜਦੋਂ ਮੁੰਡੇ ਬਾਰੇ ਪਤਾ ਲੱਗ ਗਿਆ ਕਿ ਉਸ ਨੇ ਬਾਹਰ ਵੀ ਵਿਆਹ ਕਰਵਾਇਆ ਹੋਇਆ ਹੈ ਅਤੇ ਦੋ ਬੱਚੇ ਵੀ ਹਨ, ਸੀਮਾ ਦਾ ਦਿਲ ਟੁੱਟ ਗਿਆ। ਸੀਮਾ ਸੋਚਦੀ ਕਿ ਇਹ ਸਭ ਕੁਝ ਤਿੰਨਾਂ ਭੈਣਾਂ ਨਾਲ ਹੀ ਕਿਉਂ ਹੋਇਆ ਹੈ? ਹੁਣ ਸੀਮਾ ਨੇ ਕਦੇ ਵੀ ਵਿਆਹ ਨਾ ਕਰਵਾਉਣ ਦੀ ਕਸਮ ਹੀ ਖਾ ਲਈ। ਹੁਣ ਇਨ੍ਹਾਂ ਨੂੰ ਕੋਈ ਗ਼ਿਲਾ-ਸ਼ਿਕਵਾ ਨਹੀਂ ਕਿ ਪਰਮਾਤਮਾ ਨੇ ਸਾਨੂੰ ਭਰਾ ਨਹੀਂ ਦਿੱਤਾ ਜਾਂ ਸਾਡਾ ਵਿਆਹ ਨਹੀਂ ਹੋਇਆ। ਅੱਜ ਵੀ ਤਿੰਨੇ ਜਣੀਆਂ ਨਿਧੜਕ ਹੋ ਕੇ ਆਪਣੇ ਖ਼ਰੀਦੇ ਹੋਏ ਮਕਾਨ ਵਿਚ ਰਹਿੰਦੀਆਂ ਹਨ। ਜਿਹੜਾ ਮਕਾਨ 'ਧੀਆਂ ਦਾ ਘਰ' ਕਰਕੇ ਜਾਣਿਆ ਜਾਂਦਾ ਹੈ। ਚੰਨੂ ਦੇ ਪੁੱਤ, ਪੁੱਤ ਹੁੰਦੇ ਹੋਏ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜ ਗਏ ਪਰ ਧੀਆਂ ਪਰਾਇਆ ਧਨ ਅਖਵਾਉਣ ਵਾਲੀਆਂ, ਬਾਪੂ ਦੇ ਘਰ ਬੂਹਾ ਖੋਲ੍ਹ ਕੇ ਬੈਠੀਆਂ ਹਨ। ਚੰਨੂ ਦਾ ਨਾਂ ਪੁੱਤਾਂ ਕਰਕੇ ਨਹੀਂ, ਧੀਆਂ ਕਰਕੇ ਜਾਣਿਆ ਜਾਂਦਾ ਹੈ। ਰੱਬ ਰਾਖਾ!





## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਅਮਰੀਕਾ ਵਧਾਏਗਾ ਭਾਰਤ ਨਾਲ ਫ਼ੌਜੀ ਸਹਿਯੋਗ

**ਵਾਸ਼ਿੰਗਟਨ:** ਅਮਰੀਕਾ ਪਰਮਾਣੂ ਅਪਸਾਰ ਸੰਧੀ ਤੇ ਦਹਿਸ਼ਤਵਾਦ ਖ਼ਿਲਾਫ਼ ਲੜਾਈ ਵਰਗੇ ਮੁੱਦਿਆਂ ਬਾਰੇ ਭਾਰਤ ਨਾਲ ਫ਼ੌਜੀ ਸਹਿਯੋਗ ਵਧਾਉਣਾ ਚਾਹੁੰਦਾ ਹੈ। ਪੈਂਟਾਗਨ ਦੀ ਰਿਪੋਰਟ ਅਨੁਸਾਰ ਅਮਰੀਕਾ ਦੀ ਇਹ ਇੱਛਾ ਏਸ਼ੀਆ 'ਚ ਵਧੇਰੇ ਸੁਰੱਖਿਆ ਸਹਿਯੋਗ ਵਧਾਉਣ ਦੇ ਯਤਨਾਂ ਦਾ ਹਿੱਸਾ ਹੈ।

'ਦਿ ਨੈਸ਼ਨਲ ਮਿਲਟਰੀ ਸਟਰੈਟਜੀ ਆਫ਼ ਦੀ ਯੂਨਾਇਟਿਡ ਸਟੇਟਸ ਆਫ਼ ਅਮਰੀਕਾ 2011' ਨਾਮੀ ਇਸ ਰਿਪੋਰਟ ਦਾ ਕਹਿਣਾ ਹੈ ਕਿ ਏਸ਼ੀਆ 'ਚ ਫ਼ੌਜੀ ਸਮਰੱਥਾ ਤੇ ਯੋਗਤਾ 'ਚ ਵਾਧਾ ਹੋਇਆ ਹੈ ਇਸ ਲਈ ਅਸੀਂ ਖੇਤਰੀ ਸੁਰੱਖਿਆ ਸਹਿਯੋਗ ਵਧੇਰੇ ਮਜ਼ਬੂਤ ਕਰਨ ਲਈ ਨਵੇਂ ਰਸਤੇ ਤਲਾਸ਼ ਰਹੇ ਹਾਂ ਤੇ ਆਪਣੀ ਸ਼ਕਤੀ ਦੇ ਵਿਸਥਾਰ ਲਈ ਅਸੀਂ ਖ਼ਿੱਤੇ ਵਿਚ ਬਹੁ-ਮੰਤਵੀ ਕੰਮਾਂ ਦੀ ਹਿੱਸੇਦਾਰੀ ਵਧਾਵਾਂਗੇ। ਇਸ 24 ਪੰਨਿਆਂ ਦੀ ਇਸ ਰਿਪੋਰਟ ਦਾ ਕਹਿਣਾ ਹੈ ਕਿ ਉਹ ਪਰਮਾਣੂ ਅਪਸਾਰ ਸੰਧੀ, ਆਲਮੀ ਮੁੱਦਿਆਂ ਦੀ ਸੁਰੱਖਿਆ, ਦਹਿਸ਼ਤਗਰਦੀ ਦੇ ਟਾਕਰੇ ਤੇ ਹੋਰਾਂ ਖੇਤਰਾਂ ਬਾਰੇ ਭਾਰਤ ਨਾਲ ਫੌਜੀ ਸਹਿਯੋਗ ਵਧਾਉਣ ਦੀ ਇੱਛਾ ਰੱਖਦੇ ਹਨ।

ਪੈਂਟਾਗਨ ਸਿਰਫ਼ ਭਾਰਤ ਨਾਲ ਹੀ ਨਹੀਂ ਸਗੋਂ ਫਿਲਪਾਈਨਜ਼, ਥਾਈਲੈਂਡ, ਵੀਅਤਨਾਮ,



ਮਲੇਸ਼ੀਆ, ਪਾਕਿਸਤਾਨ, ਇੰਡੋਨੇਸ਼ੀਆ, ਸਿੰਗਾਪੁਰ ਤੇ ਹੋਰਾਂ ਦੇਸ਼ਾਂ ਨਾਲ ਵੀ ਫੌਜੀ ਸਹਿਯੋਗ ਵਧਾਏਗਾ। ਇਨ੍ਹਾਂ ਦੇਸ਼ਾਂ ਨਾਲ ਮਿਲ ਕੇ ਇਨ੍ਹਾਂ ਦੀ ਅਖੰਡਤਾ ਤੇ ਸੁਰੱਖਿਆ ਨੂੰ ਦਰਪੇਸ਼ ਅੰਦਰੂਨੀ ਤੇ ਵਿਦੇਸ਼ੀ ਚੁਣੌਤੀਆਂ ਦਾ ਟਾਕਰਾ ਕਰੇਗਾ।

ਰਿਪੋਰਟ 'ਚ ਕਿਹਾ ਗਿਆ ਹੈ, 'ਅਸੀਂ ਸੁਰੱਖਿਆ ਸਬੰਧਾਂ ਤੇ ਵਚਨਬੱਧਤਾ ਦੀ ਪ੍ਰਗਤੀ ਨੂੰ ਸਖ਼ਤੀ ਨਾਲ ਉਤਸ਼ਾਹਿਤ ਕਰਾਂਗੇ ਜੋ ਖ਼ਿੱਤੇ 'ਚ ਸਾਡੇ ਸਹਿਯੋਗੀਆਂ ਤੇ ਭਾਈਵਾਲਾਂ ਨਾਲ ਜੁੜੀ ਹੈ। ਇਸ ਨਾਲ ਖੇਤਰੀ ਨਿਯਮਾਂ ਵਿਚ ਮਜ਼ਬੂਤੀ ਲਿਆਉਣ 'ਚ ਮਦਦ ਮਿਲੇਗੀ।'

## ਅਮਰੀਕੀਆਂ ਲਈ ਚੀਨ ਸਭ ਤੋਂ ਵੱਧ ਅਹਿਮ

**ਵਾਸ਼ਿੰਗਟਨ:** ਅਮਰੀਕੀਆਂ ਲਈ ਚੀਨ ਦੀ ਅਹਿਮੀਅਤ ਸਭ ਤੋਂ ਵੱਧ ਹੈ, ਕਿਉਂਕਿ ਦਸਾਂ ਵਿਚੋਂ ਸੱਤ ਅਮਰੀਕੀਆਂ ਦਾ ਕਹਿਣਾ ਹੈ ਕਿ ਚੀਨ ਵਿਚ ਜੋ ਕੁਝ ਹੁੰਦਾ ਹੈ ਉਹ ਅਮਰੀਕਾ ਲਈ ਬੇਹੱਦ ਮਹੱਤਵਪੂਰਨ ਹੈ ਜਦਕਿ ਭਾਰਤ ਦੇ ਮਾਮਲੇ 'ਚ ਅਜਿਹਾ ਖ਼ਿਆਲ ਸਿਰਫ਼ ਤਿੰਨ ਅਮਰੀਕੀਆਂ ਦਾ ਹੀ ਹੈ। ਇਹ ਗੱਲ ਗੈਲਪ ਦੇ ਸੱਜਰੇ ਸਰਵੇਖਣ 'ਚ ਉਭਰ ਕੇ ਸਾਹਮਣੇ ਆਈ ਹੈ। ਅਮਰੀਕਾ ਲਈ 12 ਸਭ ਤੋਂ ਵੱਧ ਅਹਿਮ ਦੇਸ਼ਾਂ ਦੀ ਸੂਚੀ 'ਚ ਚੀਨ ਸਭ ਤੋਂ ਉਪਰ ਹੈ ਜਦਕਿ ਭਾਰਤ ਸਭ ਤੋਂ ਥੱਲੇ ਜਦਕਿ ਅਫ਼ਗਾਨਿਸਤਾਨ ਛੇਵੇਂ, ਪਾਕਿਸਤਾਨ ਅੱਠਵੇਂ ਤੇ ਮਿਸਰ ਨੌਵੇਂ ਸਥਾਨ 'ਤੇ ਹਨ। ਸੀਤ ਜੰਗ ਦੇ ਸਮੇਂ ਦੀ ਦੂਜੀ ਸੰਸਾਰ ਸ਼ਕਤੀ ਰੂਸ ਭਾਰਤ ਤੋਂ ਇਕ ਨੰਬਰ ਅੱਗੇ ਹੈ। ਗੈਲਪ ਨੇ ਅਮਰੀਕੀਆਂ ਨੂੰ ਫਰਵਰੀ 2007 'ਚ ਇਸ ਤਰੀਕੇ ਦੇਸ਼ਾਂ ਦੀ ਅਹਿਮੀਅਤ ਪਰਖਣ ਲਈ ਕਿਹਾ ਸੀ।

## ਇੰਦਰਜੀਤ ਸਿੰਘ ਰਿਆਤ ਵੱਲੋਂ ਸਜ਼ਾ ਵਿਰੁੱਧ ਪਟੀਸ਼ਨ

**ਟੋਰਾਂਟੋ:** ਏਅਰ ਇੰਡੀਆ ਕਨਿਸ਼ਕ ਬੰਬ ਧਮਾਕੇ ਦੇ ਦੋਸ਼ੀ ਕਰਾਰ ਦਿੱਤੇ ਗਏ ਇੰਦਰਜੀਤ ਸਿੰਘ ਰਿਆਤ ਨੇ ਝੂਠੀ ਸਹੁੰ ਖਾਣ 'ਤੇ ਮਿਲੀ ਸਜ਼ਾ ਨੂੰ ਚੁਣੌਤੀ ਦਿੰਦੀ ਪਟੀਸ਼ਨ ਦਾਇਰ ਕੀਤੀ ਹੈ। ਜੇਲ੍ਹ 'ਚ 15 ਸਾਲ ਬਿਤਾਉਣ ਮਗਰੋਂ ਰਿਆਤ ਨੂੰ ਦੋ ਹੋਰ ਮਸ਼ਕੂਕ ਰਿਪੁਦਮਨ ਸਿੰਘ



ਮਲਿਕ ਤੇ ਅਜਾਇਬ ਸਿੰਘ ਬਾਗੜੀ ਨੂੰ 2003 'ਚ ਮੁਕੱਦਮੇ ਦੀ ਕਾਰਵਾਈ ਦੌਰਾਨ ਬਚਾਉਣ ਲਈ ਸਹੁੰ ਚੁੱਕ ਕੇ 19 ਵਾਰ ਝੂਠ ਬੋਲਣ ਲਈ ਨੌਂ ਸਾਲ ਦੀ ਹੋਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਰਿਆਤ ਚਾਹੁੰਦਾ ਹੈ ਕਿ ਇਹ ਫ਼ੈਸਲਾ ਖ਼ਾਰਜ ਕਰਕੇ ਨਵੇਂ ਸਿਰਿਓਂ ਮੁਕੱਦਮਾ ਚਲਾਏ ਜਾਣ ਦੇ ਹੁਕਮ ਜਾਰੀ ਕੀਤੇ ਜਾਣ। ਉਸ ਨੇ ਪਿਛਲੇ ਹਫ਼ਤੇ ਅਪੀਲ ਦਾਇਰ ਕਰਕੇ ਦਾਅਵਾ ਕੀਤਾ ਹੈ ਕਿ ਟਰਾਈਲ ਜੱਜ ਨੇ ਕਾਨੂੰਨ 'ਚ ਤਿੰਨ ਗਲਤੀਆਂ ਕੀਤੀਆਂ ਸਨ।

23 ਜੂਨ 1985 ਨੂੰ ਮਾਂਟਰੀਅਲ ਤੋਂ ਦਿੱਲੀ ਜਾ ਰਿਹਾ ਏਅਰ ਇੰਡੀਆ ਦਾ ਕਨਿਸ਼ਕ ਜਹਾਜ਼ ਆਇਰਲੈਂਡ ਨੇੜੇ ਉਡਾ ਦਿੱਤਾ ਗਿਆ ਸੀ ਜਿਸ ਕਾਰਨ ਇਸ 'ਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਇਸੇ ਧਮਾਕੇ ਮਗਰੋਂ ਇਕ ਘੰਟੇ ਦੇ ਅੰਦਰ ਹੀ ਜਪਾਨ 'ਚ ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ ਇਕ ਹੋਰ ਜਹਾਜ਼ 'ਚ ਧਮਾਕਾ ਹੋਇਆ ਸੀ ਜਿਸ 'ਚ ਸਾਮਾਨ ਚੁੱਕਣ ਵਾਲੇ ਦੋ ਵਿਅਕਤੀ ਮਾਰੇ ਗਏ ਸਨ। ਇਹ ਬੰਬ ਧਮਾਕੇ 1984 'ਚ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਦਾ ਬਦਲਾ ਲੈਣ ਲਈ ਕੀਤੇ ਸਨ।

## ਰਿਸ਼ਵਤ ਦੇਣ ਦੇ ਮਾਮਲੇ 'ਚ ਭਾਰਤੀ ਗ੍ਰਿਫ਼ਤਾਰ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅੰਜਨ ਦੱਤਾ ਗੁਪਤਾ ਨੂੰ ਜਲ ਸੈਨਾ ਅਧਿਕਾਰੀਆਂ ਨੂੰ ਕਥਿਤ ਰਿਸ਼ਵਤ ਦੇਣ ਦੇ ਦੋਸ਼ਾਂ ਹੇਠ ਫੈਡਰਲ ਅਥਾਰਟੀ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੱਤਾਧਾਰੀ ਡੈਮੋਕਰੇਟਿਕ ਪਾਰਟੀ ਨਾਲ ਨੇੜਲੇ ਸਬੰਧ ਰੱਖਣ ਵਾਲੇ ਗੁਪਤਾ ਨੇ ਲੱਖਾਂ ਡਾਲਰ ਮੁੱਲ ਦੇ ਸਾਫਟਵੇਅਰ ਠੇਕੇ ਲੈਣ ਲਈ ਇਹ ਰਿਸ਼ਵਤ ਦਿੱਤੀ।

ਦੱਤਾ ਗੁਪਤਾ ਐਡਵਾਂਸਡ ਸਲਿਊਸ਼ਨਜ਼ ਫਾਰ ਟੂਮਾਰੋ ਦੇ ਬਾਨੀ ਤੇ ਮੁਖੀ ਹਨ। ਕੋਲਕਾਤਾ ਦੇ ਜਮਪਲ ਦੱਤਾ ਨੂੰ ਅਮਰੀਕੀ ਕਸਟਮ ਏਜੰਟਾਂ ਵੱਲੋਂ ਐਟਲਾਂਟਾ 'ਚ ਗ੍ਰਿਫ਼ਤਾਰ ਕਰ ਕੇ ਐਫ਼.ਬੀ.ਆਈ. ਹਵਾਲੇ ਕਰ ਦਿੱਤਾ ਗਿਆ। ਅਮਰੀਕੀ ਅਟਾਰਨੀ ਪੀਟਰ ਨੀਰੋਨਹਾ ਨੇ ਦੱਸਿਆ ਕਿ ਇਹ ਯੋਜਨਾ ਜਲ ਸੈਨਾ ਦੇ ਇਕ ਅਰਬ ਡਾਲਰ ਫੰਡਾਂ ਨਾਲ ਜੁੜੀ ਹੋਈ ਸੀ। ਇਹ ਦਸ ਸਾਲ ਪਹਿਲਾਂ ਦਾ ਮਾਮਲਾ ਹੈ। ਇਹ ਰਕਮ ਉਸ ਕੰਮ ਲਈ ਦਿੱਤੀ ਗਈ ਜੋ ਕਦੇ ਹੋਇਆ ਹੀ ਨਹੀਂ। ਹਾਲਾਂਕਿ ਦੱਤਾ ਗੁਪਤਾ ਨੂੰ 25000 ਡਾਲਰ ਦਾ ਮੁਚੱਲਕਾ ਭਰਨ 'ਤੇ ਜ਼ਮਾਨਤ ਦੇ ਦਿੱਤੀ ਗਈ। ਉਸ ਦੇ ਨਾਲ ਹੀ ਅਮਰੀਕੀ ਅਧਿਕਾਰੀ ਆਰ. ਮੈਰੀਅਨੋ ਨੂੰ ਵੀ ਰਿਸ਼ਵਤ ਲੈਣ ਦੇ ਦੋਸ਼ ਹੇਠ ਦੋਸ਼ੀ ਠਹਿਰਾਇਆ ਗਿਆ ਹੈ। ਦੱਤਾ ਨੇ ਮੈਰੀਅਨੋ ਨੂੰ ਇਕ ਅਰਬ ਡਾਲਰ ਰਿਸ਼ਵਤ ਦਿੱਤੀ ਸੀ। ਦੱਸਣਯੋਗ ਹੈ ਕਿ ਦੱਤਾ ਗੁਪਤਾ ਬਾਰੇ ਜਾਣਕਾਰੀ ਵਾਲੀ ਵੈੱਬਸਾਈਟ 'ਤੇ ਉਸ ਨੂੰ ਭਾਰਤ ਦੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਤੋਂ ਸਨਮਾਨ ਲੈਂਦਿਆਂ ਦਿਖਾਇਆ ਗਿਆ ਹੈ।

# ਅੰਗਹੀਣ ਬੱਚਿਆਂ ਵੱਲੋਂ ਮਾਪਿਆਂ ਦੀ ਨਿਲਾਮੀ

**ਇਸਲਾਮਾਬਾਦ:** ਪਾਕਿਸਤਾਨੀ ਪੰਜਾਬ ਦੇ ਖਾਵੇਵਾਲ ਕਸਬੇ 'ਚ ਗੁਰਬਤ ਦੇ ਸਤਾਏ ਪੰਜ ਅੰਗਹੀਣ ਬੱਚਿਆਂ ਨੇ ਆਪਣੇ ਬੁੱਢੇ ਮਾਪਿਆਂ ਨੂੰ ਨਿਲਾਮੀ 'ਤੇ ਲਾ ਦਿੱਤਾ।

ਪਾਕਿਸਤਾਨੀ ਅਖ਼ਬਾਰ 'ਐਕਸਪ੍ਰੈੱਸ ਟ੍ਰਿਬਿਊਨ' ਦੀ ਖ਼ਬਰ ਅਨੁਸਾਰ ਖਾਵੇਵਾਲ ਕਸਬੇ ਦੇ ਜ਼ਿਲ੍ਹਾ ਤਾਲਮੇਲ ਅਫ਼ਸਰ (ਡੀ.ਸੀ.ਓ.) ਦੇ ਦਫ਼ਤਰ ਅੱਗੇ ਬੁੱਢੇ ਮਾਪਿਆਂ ਨੂੰ ਨਿਲਾਮੀ 'ਤੇ ਲਾਉਣ ਵਾਲੇ ਉਨ੍ਹਾਂ ਦੇ ਅੰਗਹੀਣ ਬੱਚਿਆਂ ਨੇ ਪਿਛਲੇ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ ਤੇ ਉਹ ਗਰੀਬੀ ਕਾਰਨ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਭੈਣ-ਭਰਾਵਾਂ ਨੇ ਨਿਲਾਮੀ ਦੌਰਾਨ ਲੋਕਾਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਦੇ ਮਾਪਿਆਂ ਨੂੰ ਕੋਈ ਖਰੀਦ ਲਏ। ਗਰੀਬੀ ਕਾਰਨ ਬੇਵੱਸ ਇਸ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਦੇ ਮਾਪੇ ਆਪਣੀ ਖ਼ੁਸ਼ੀ ਨਾਲ ਵਿਕਣ ਨੂੰ ਰਾਜ਼ੀ ਹਨ ਜੇ ਕੋਈ ਪੈਸਾ ਖ਼ਰਚਣ ਨੂੰ ਤਿਆਰ ਹੈ। ਸੇਵਾ ਮੁਕਤ ਰੇਲਵੇ ਮੁਲਾਜ਼ਮ ਮੁਹੰਮਦ ਸਰਵਰ ਦੇ ਪੰਜੇ ਬੱਚੇ ਤਨਵੀਰ, ਬਦਰ, ਸਫਦਰ, ਜ਼ਹੀਰ ਤੇ ਨਾਦੀਆ ਅਜਿਹੀ ਬਿਮਾਰੀ ਕਾਰਨ ਅੰਗਹੀਣ ਹਨ ਜੋ ਪਿਤਾ-ਪੁਰਖੀ ਚੱਲੀ ਆ ਰਹੀ ਹੈ।

ਬਜ਼ੁਰਗ ਮੁਹੰਮਦ ਸਰਵਰ ਨੇ ਆਪਣੇ ਬੱਚਿਆਂ ਦੇ ਇਲਾਜ 'ਤੇ ਸਾਰੀ ਜਾਇਦਾਦ ਤੱਕ ਵੇਚ ਦਿੱਤੀ। ਗਰੀਬੀ ਤੇ ਬਿਮਾਰੀ ਦੇ ਮਾਰੇ ਬੱਚਿਆਂ ਨੇ ਆਪਣਾ ਦੁੱਖ ਰੋਂਦਿਆਂ ਕਿਹਾ ਕਿ ਉਹ ਭੁੱਖਮਰੀ ਤੋਂ ਪੀੜਤ ਹਨ ਤੇ ਪਿਛਲੇ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ ਜਿਸ ਕਾਰਨ ਉਨ੍ਹਾਂ ਨੇ ਮਜਬੂਰ ਹੋ ਕਿ ਮਾਪਿਆਂ ਨੂੰ ਨਿਲਾਮੀ 'ਤੇ ਲਾਇਆ। ਇਸ ਪਰਿਵਾਰ ਨੇ ਆਪਣਾ ਦੁਖੜਾ ਸੁਣਾਉਂਦਿਆਂ ਕਿਹਾ ਕਿ ਸਰਕਾਰ ਨੇ ਪਹਿਲਾਂ ਉਨ੍ਹਾਂ ਦੀ ਵਿੱਤੀ ਸਹਾਇਤਾ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਸਹਾਇਤਾ ਨਹੀਂ ਮਿਲੀ।

# ਤਿੰਨ ਸਾਲ ਬਾਅਦ ਵੀ ਸਕਾਰਲੈੱਟ ਦਾ ਸਸਕਾਰ ਨਾ ਹੋ ਸਕਿਆ

**ਲੰਡਨ:** ਤਿੰਨ ਸਾਲ ਪਹਿਲਾਂ ਗੋਆ (ਭਾਰਤ) ਦੇ ਅੰਜੁਨਾ ਬੀਚ ਉੱਤੇ ਭੇਤਭਰੀ ਹਾਲਤ ਵਿਚ ਮਰੀ ਹੋਈ ਮਿਲੀ ਬਰਤਾਨਵੀ ਮੁਟਿਆਰ ਸਕਾਰਲੈਟ ਕੀਲਿੰਗ ਦੀ ਲਾਸ਼ ਬਰਤਾਨੀਆ ਦੇ ਡੈਵੋਨ ਕਾਊਂਟੀ ਮੁਰਦਾਖਾਨੇ ਵਿਚ ਪਈ ਹੈ। ਉਸ ਦੀਆਂ ਅੰਤਿਮ ਰਸਮਾਂ ਲਈ ਪੀੜਤ ਪਰਿਵਾਰ ਨੂੰ ਅਜੇ ਤੱਕ ਸੀ.ਬੀ.ਆਈ. ਤੋਂ ਹਰੀ ਝੰਡੀ ਨਹੀਂ ਮਿਲੀ।

ਸਕਾਰਲੈਟ ਦੀ ਅਧਨੰਗੀ ਲਾਸ਼ 18 ਫਰਵਰੀ 2008 ਨੂੰ ਗੋਆ ਦੇ ਅੰਜੁਨਾ ਬੀਚ ਉੱਤੇ ਮਿਲੀ ਸੀ। ਇਸ ਸਬੰਧ ਵਿਚ ਦੋ ਮੁਕਾਮੀ ਲੋਕਾਂ ਪਿਲਾਸਿਡੋ ਕਾਰਵਾਲਹੋ ਅਤੇ ਸੈਮਸਨ ਡੀਸੂਜ਼ਾ ਖ਼ਿਲਾਫ ਫਰਦ ਜੁਰਮ ਦਾਖ਼ਲ ਕੀਤੀ ਗਈ ਹੈ ਜੋ ਜ਼ਮਾਨਤ ਉੱਤੇ ਜੇਲ੍ਹ ਤੋਂ ਬਾਹਰ ਹਨ ਅਤੇ ਕੇਸ ਚੱਲ ਰਿਹਾ ਹੈ।

ਇਸ ਕੇਸ ਦੀ ਸੁਣਵਾਈ ਬੀਤੇ ਸਾਲ ਅਪਰੈਲ ਵਿਚ ਸ਼ੁਰੂ ਹੋਈ ਅਤੇ ਇਸ ਸਬੰਧ ਵਿਚ ਹੁਣ ਤੱਕ 12 ਗਵਾਹੀਆਂ ਭੁਗਤੀਆਂ ਹਨ ਜਿਨ੍ਹਾਂ ਵਿਚ ਉਸ ਦੀ ਮਾਂ ਫਿਓਨਾ ਮੈਕਿਉਨ ਦੀ ਗਵਾਹੀ ਵੀ ਸ਼ਾਮਲ ਹੈ। ਕੇਸ ਵਿਚ ਕੁੱਲ 72 ਗਵਾਹੀਆਂ ਭੁਗਤਣੀਆਂ ਹਨ। ਪੁਲੀਸ ਨੇ ਸ਼ੁਰੂ ਵਿਚ ਸਕਾਰਲੈਟ ਦੇ ਡੁੱਬ ਕੇ ਮਰਨ ਦੀ ਰਿਪੋਰਟ ਦਰਜ ਕੀਤੀ ਸੀ ਪਰ ਉਸ ਦੀ ਮਾਂ ਵੱਲੋਂ ਇਤਰਾਜ਼ ਉਠਾਏ ਜਾਣ ਉੱਤੇ ਇਹ ਮਾਮਲਾ ਸੀ.ਬੀ.ਆਈ. ਹਵਾਲੇ ਕਰ ਦਿੱਤਾ ਗਿਆ ਸੀ।

## ਪਿਕਾਸੋ ਦੀ ਪੇਂਟਿੰਗ ਢਾਈ ਕਰੋੜ ਪੌਂਡ 'ਚ ਵਿਕੀ

**ਲੰਡਨ:** ਸੰਸਾਰ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ ਵੱਲੋਂ ਆਪਣੀ ਪ੍ਰੇਮਿਕਾ ਦੀ ਬਣਾਈ ਪੇਂਟਿੰਗ 'ਲਾ ਲੈਕਚਰ' ਢਾਈ ਕਰੋੜ ਪੌਂਡ ਤੋਂ ਵੀ ਵੱਧ ਦੀ ਵਿਕ ਗਈ ਹੈ। ਇਸ ਪੇਂਟਿੰਗ ਦੀ ਨਿਲਾਮੀ ਲੰਡਨ ਦੇ ਨਿਲਾਮੀ ਘਰ ਵਿਚ ਹੋਈ। 'ਦ ਡੇਲੀ ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ 17 ਸਾਲਾ ਮੇਰੀ ਵਾਲਟਰ ਨੂੰ ਪਿਕਾਸੋ 1927 'ਚ ਪੈਰਿਸ ਮੈਟਰੋ ਸਟੇਸ਼ਨ ਉੱਤੇ ਮਿਲਿਆ ਸੀ। ਉਸ ਵੇਲੇ ਉਸ ਦੀ ਉਮਰ 45 ਸਾਲ ਸੀ। ਪਿੱਛੋਂ ਉਸ ਨੇ ਮੇਰੀ ਨਾਲ ਰਾਬਤਾ ਕਾਇਮ ਕੀਤਾ ਤੇ ਪੇਸ਼ਕਸ਼ ਕੀਤੀ ਕਿ ਉਹ ਉਸ ਦੀ ਪੇਂਟਿੰਗ ਬਣਾਉਣੀ ਚਾਹੁੰਦਾ ਹੈ।

ਉਸ ਨੇ ਇਸ ਰਿਸ਼ਤੇ ਬਾਰੇ ਪਹਿਲਾਂ ਭਾਫ਼ ਨਹੀਂ ਕੱਢੀ ਕਿਉਂਕਿ ਪਿਕਾਸੋ ਵਿਆਹਿਆ ਹੋਇਆ ਸੀ ਪਰ ਇਹ ਕੁੜੀ ਉਸ ਦੀਆਂ ਬਹੁਤ ਸਾਰੀਆਂ ਕ੍ਰਿਤਾਂ ਲਈ ਮਾਡਲ ਬਣੀ।

# 'ਬੇਨਜ਼ੀਰ ਨੂੰ ਮਿਲਿਆ ਸੀ ਪ੍ਰਧਾਨ ਮੰਤਰੀ ਬਣਾਉਣ ਦਾ ਭਰੋਸਾ'

**ਇਸਲਾਮਾਬਾਦ:** ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਨੂੰ 2008 ਦੀਆਂ ਆਮ ਚੋਣਾਂ ਤੋਂ ਪਿਛੋਂ ਮੁੜ ਪ੍ਰਧਾਨ ਮੰਤਰੀ ਬਣਾਉਣ ਦਾ ਭਰੋਸਾ ਦਿਤਾ ਗਿਆ ਸੀ। ਫੋਰੈਂਸਿਕ ਜਾਂਚ ਏਜੰਸੀ ਨੇ ਬੇਨਜ਼ੀਰ ਦੇ ਨਿੱਜੀ ਬਲੈਕਬੇਰੀ ਫ਼ੋਨ ਤੋਂ ਪ੍ਰਾਪਤ ਵੇਰਵਿਆਂ ਤੋਂ ਇਸ ਭੇਤ ਦਾ ਪਤਾ ਲੱਗਿਆ। ਪਾਕਿਸਤਾਨ ਦੇ ਅਖ਼ਬਾਰ 'ਦ ਐਕਸਪ੍ਰੈੱਸ ਟ੍ਰਿਬਿਊਨ' ਮੁਤਾਬਕ ਭੁੱਟੋ ਨੂੰ ਇਕ ਈ ਮੇਲ ਰਾਹੀਂ ਦਿੱਤੇ ਗਏ ਭਰੋਸੇ 'ਚ ਉਨ੍ਹਾਂ ਨੂੰ ਮਾਣਯੋਗ ਪ੍ਰਧਾਨ ਮੰਤਰੀ ਕਹਿ ਕੇ ਸੰਬੋਧਨ ਕੀਤਾ ਗਿਆ।



ਅਖ਼ਬਾਰ ਮੁਤਾਬਕ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਵੱਲੋਂ ਭੇਜੀ ਈ ਮੇਲ 'ਚ ਉਸ ਸਮੇਂ ਦੇ ਅਮਰੀਕੀ ਵਿਦੇਸ਼ ਮੰਤਰੀ ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐਸ. ਆਈ. ਦੇ ਮੁਖੀ ਦੀ ਮਨਜ਼ੂਰੀ ਸ਼ਾਮਲ ਸੀ। ਪਾਕਿਸਤਾਨ ਦੀ ਸੰਘੀ ਜਾਂਚ ਏਜੰਸੀ (ਐਫ਼.ਆਈ.ਏ.) ਨੂੰ ਬੇਨਜ਼ੀਰ ਦੇ ਦੋ ਬਲੈਕਬੇਰੀ ਫ਼ੋਨਾਂ ਚੋਂ ਪੰਜ ਦਰਜਨ ਈ ਮੇਲ ਮਿਲੀਆਂ ਹਨ। ਇਕ ਈ ਮੇਲ ਵਿਚ ਲਿਖਿਆ ਸੀ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਅਮਰੀਕੀ ਵਿਦੇਸ਼ ਮੰਤਰੀ ਕੌਂਡੋਲੀਜ਼ਾ ਰਾਈਸ ਤੇ ਆਈ.ਐਸ.ਆਈ. ਦਰਮਿਆਨ ਗੁਪਤ ਸਮਝੌਤਾ ਹੋਇਆ ਹੈ ਤੇ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਹੋਵੇ। ਭੁੱਟੋ ਦੀਆਂ ਇਨ੍ਹਾਂ ਈ ਮੇਲਾਂ ਨਾਲ ਉਨ੍ਹਾਂ ਦੀ ਹੱਤਿਆ ਦੀ ਗੁੱਥੀ ਸੁਲਝਾਉਣ 'ਚ ਮਦਦ ਮਿਲ ਸਕਦੀ ਹੈ। ਦੱਸਣਯੋਗ ਹੈ ਕਿ 27 ਦਸੰਬਰ 2007 ਨੂੰ ਚੋਣ ਪ੍ਰਚਾਰ ਦੌਰਾਨ ਰਾਵਲਪਿੰਡੀ ਨੇੜੇ ਬੇਨਜ਼ੀਰ ਭੁੱਟੋ ਦੀ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ ਸੀ।

# ਪਾਕਿ ਕੁਫ਼ਰ ਵਿਰੋਧੀ ਕਾਨੂੰਨ 'ਚ ਸੋਧ ਤੋਂ ਇਨਕਾਰੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਦੇਸ਼ ਦੇ ਵਿਵਾਦਗ੍ਰਸਤ ਕੁਫ਼ਰ ਵਿਰੋਧੀ ਕਾਨੂੰਨ 'ਚ ਸੋਧਾਂ ਕਰਨ ਦੀ ਤਜਵੀਜ਼ ਨੂੰ ਰੱਦ ਕਰ ਦਿੱਤਾ ਤੇ ਨਾਲ ਹੀ ਹਜ਼ਰਤ ਮੁਹੰਮਦ ਦਾ ਕਥਿਤ ਤੌਰ 'ਤੇ ਅਪਮਾਨ ਕਰਨ ਦੇ ਦੋਸ਼ 'ਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੀ ਈਸਾਈ ਔਰਤ ਦੀ ਮੁਆਫ਼ੀ 'ਤੇ ਵੀ ਗੌਰ ਨਾ ਕਰਨ ਦਾ ਫ਼ੈਸਲਾ ਕੀਤਾ ਹੈ।

ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰਾਲੇ ਨੇ ਇਸ ਕਾਨੂੰਨ 'ਚ ਸੋਧ ਕਰਨ ਦੀ ਤਜਵੀਜ਼ ਭੇਜੀ ਸੀ ਤੇ ਗ੍ਰਹਿ ਮੰਤਰਾਲੇ ਨੇ ਆਸੀਆ ਬੀਬੀ ਦੀ ਸਜ਼ਾ ਮੁਆਫ਼ੀ ਲਈ ਕਾਰਵਾਈ ਸ਼ੁਰੂ ਕੀਤੀ ਸੀ ਪਰ ਕਾਨੂੰਨ ਮੰਤਰੀ ਬਾਬਰ ਅਵਾਨ ਨੇ ਦੋਵਾਂ ਤਜਵੀਜ਼ਾਂ ਨੂੰ ਰੱਦ ਕਰਨ ਦੀ ਸਿਫਾਰਸ਼ ਕਰ ਦਿੱਤੀ। ਇਸ ਮਗਰੋਂ ਪ੍ਰਧਾਨ ਮੰਤਰੀ ਨੇ ਕਾਨੂੰਨ ਮੰਤਰੀ ਦੀ ਸਿਫਾਰਸ਼ ਉਪਰ ਮੋਹਰ ਲਗਾ ਦਿੱਤੀ। ਇਸ ਦੌਰਾਨ ਜਨਾਬ ਅਵਾਨ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਗਿਲਾਨੀ ਨੇ ਜਿੱਥੇ ਘੱਟ ਗਿਣਤੀ ਮੰਤਰਾਲੇ ਵੱਲੋਂ ਕੁਫ਼ਰ ਵਿਰੋਧੀ ਕਾਨੂੰਨ 'ਚ ਸੋਧਾਂ ਦੀ ਤਜਵੀਜ਼ ਰੱਦ ਕਰ ਦਿੱਤੀ ਹੈ, ਉੱਥੇ ਆਸੀਆ ਬੀਬੀ ਦੀ ਮੁਆਫ਼ੀ ਦੀ ਅਰਜ਼ੀ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਕਿਉਂਕਿ ਉਸ ਦੀ ਮੁਆਫ਼ੀ ਅਰਜ਼ੀ ਲਾਹੌਰ ਹਾਈ ਕੋਰਟ ਵਿਚ ਪਈ ਹੈ।

ਉਧਰ ਪਾਕਿਸਤਾਨ ਦੀ ਅਦਾਲਤ ਨੇ ਕੁਫ਼ਰ ਵਿਰੋਧੀ ਕਾਨੂੰਨ ਤਹਿਤ ਇਕ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਬੀਤੇ ਕਈ ਸਾਲਾਂ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੁਫ਼ਰ ਦੇ ਦੋਸ਼ ਤਹਿਤ ਕਿਸੇ ਮੁਲਜ਼ਮ ਦੀ ਜ਼ਮਾਨਤ ਮਨਜ਼ੂਰ ਹੋਈ ਹੋਵੇ। ਲਾਹੌਰ ਹਾਈ ਕੋਰਟ ਦੇ ਜਸਟਿਸ ਅਨਵਰ-ਉਲ-ਹੱਕ ਨੇ ਬੀਤੇ ਦਿਨ ਹੁਕਮ ਸੁਣਾਏ ਕਿ ਧਾਰਮਿਕ ਬੇਅਦਬੀ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕੀਤੇ ਗਏ ਸ਼ਾਹਿਦ ਹਸਨ ਸ਼ੇਖ ਨੂੰ ਦੋ ਲੱਖ ਰੁਪਏ ਦੀ ਜ਼ਮਾਨਤ ਰਕਮ ਦੀ ਅਦਾਇਗੀ ਮਗਰੋਂ ਰਿਹਾਅ ਕੀਤਾ ਜਾਵੇ। ਮੁਲਜ਼ਮ ਸ਼ੇਖ ਨੇ ਅਦਾਲਤ 'ਚ ਦੱਸਿਆ ਕਿ ਉਸ ਨੂੰ ਵਿਰੋਧੀ ਧਾਰਮਿਕ ਗਰੁੱਪ ਵੱਲੋਂ ਜਾਣ-ਬੁੱਝ ਕੇ ਇਸ ਕੇਸ ਵਿਚ ਫਸਾਇਆ ਗਿਆ ਹੈ। ਸ਼ੇਖ ਦੇ ਵਕੀਲ ਅਨੁਸਾਰ ਮਲਿਕ ਇਫਤੀਖਾਰ ਨਾਂ ਦੇ ਵਿਅਕਤੀ ਨੇ ਸ਼ੇਖ ਨੂੰ ਇਸ ਕੇਸ 'ਚ ਕਥਿਤ ਤੌਰ 'ਤੇ ਫਸਾਇਆ ਸੀ।

ਕੇਸ ਅਨੁਸਾਰ ਸ਼ੇਖ ਇੱਥੋਂ ਦੇ ਬਾਟਾਪੁਰ ਇਲਾਕੇ 'ਚ ਸਥਿਤ ਇਕ ਮਸਜਿਦ ਦੀ ਮੈਨੇਜਿੰਗ ਕਮੇਟੀ ਦਾ ਉਪ-ਪ੍ਰਧਾਨ ਸੀ ਤੇ ਉਸ ਨੇ ਮਸਜਿਦ ਕੰਪਲੈਕਸ ਵਿਚ ਇਕ ਦੁਕਾਨ ਇਫਤੀਖਾਰ ਨੂੰ ਕਿਰਾਏ 'ਤੇ ਦਿੱਤੀ ਹੋਈ ਸੀ। ਜਦੋਂ ਸ਼ੇਖ, ਇਫਤੀਖਾਰ ਕੋਲੋਂ ਦੁਕਾਨ ਦਾ ਕਿਰਾਇਆ ਮੰਗਣ ਗਿਆ ਤਾਂ ਇਫਤੀਖਾਰ ਨੇ ਸ਼ੇਖ ਤੇ ਉਸ ਦੇ ਦੋ ਸਾਥੀਆਂ 'ਤੇ ਕੁਰਾਨ ਸ਼ਰੀਫ਼ ਦੀ ਬੇਅਦਬੀ ਕਰਨ ਦਾ ਕਥਿਤ ਝੂਠਾ ਦੋਸ਼ ਲਗਾ ਦਿੱਤਾ। ਇਸ ਕੇਸ ਵਿਚ ਸ਼ੇਖ ਦੇ ਦੋ ਸਾਥੀਆਂ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ।

## ਮਲੇਸ਼ੀਆ ਦੇ ਕੈਂਪਾਂ ਵਿਚ ਜਾਣਗੇ ਸਿੱਖ ਪ੍ਰਚਾਰਕ

**ਕੁਆਲਾਲੰਪੁਰ:** ਮਲੇਸ਼ੀਆ ਵਿਖੇ ਨੈਸ਼ਨਲ ਸਰਵਿਸ ਟਰੇਨਿੰਗ ਕੈਂਪ ਵਿਚ ਇਕ ਸਿੱਖ ਨੌਜਵਾਨ ਦੇ ਕਥਿਤ ਤੌਰ 'ਤੇ ਕੇਸ ਕਤਲ ਕੀਤੇ ਜਾਣ ਮਗਰੋਂ ਅਧਿਕਾਰੀਆਂ ਨੇ ਟਰੇਨਿੰਗ ਕੈਂਪਾਂ ਵਿੱਚ ਸਿੱਖ ਪ੍ਰਚਾਰਕਾਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ।

ਸੂਤਰਾਂ ਮੁਤਾਬਕ ਕੈਂਪਾਂ ਵਿੱਚ 15 ਤੋਂ ਵੱਧ ਸਿੱਖ ਟਰੇਨੀ ਹਨ। ਨੈਸ਼ਨਲ ਸਰਵਿਸ ਵਿਭਾਗ ਦੇ ਡਾਇਰੈਕਟਰ ਜਨਰਲ ਅਬਦੁਲ ਹੈਦੀ ਅਬਾਸ ਕੇਚੀ ਨੇ ਸਿੱਖ ਪ੍ਰਚਾਰਕਾਂ ਨੂੰ ਕੈਂਪਾਂ ਵਿੱਚ ਜਾਣ ਦੀ ਇਜਾਜ਼ਤ ਦੇਣ ਦਾ ਫੈਸਲਾ ਬੀਤੇ ਦਿਨ ਮਲੇਸ਼ੀਆ ਗੁਰਦੁਆਰਾ ਕੌਂਸਲ ਨਾਲ ਹੋਈ ਮੀਟਿੰਗ ਮਗਰੋਂ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕੈਂਪ ਵਿਚਲੇ ਸਿੱਖ ਨੌਜਵਾਨਾਂ ਦੇ ਮਾਪੇ ਧਰਮ ਪ੍ਰਚਾਰਕ ਨੂੰ ਕੈਂਪ ਵਿੱਚ ਭੇਜਣ ਦਾ ਖਰਚਾ ਝੱਲ ਸਕਦੇ ਹਨ ਤਾਂ ਵਿਭਾਗ ਨੂੰ ਕੋਈ ਇਤਰਾਜ਼ ਨਹੀਂ।

# ਸੁਪਰੀਮ ਕੋਰਟ ਵੱਲੋਂ ਅਰਬਪਤੀਆਂ ਨੂੰ ਵੀ ਹੱਥ ਪਾਉਣ ਦੀ ਹਦਾਇਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਹਦਾਇਤ ਦਿੱਤੀ ਹੈ ਕਿ 2-ਜੀ ਸਪੈਕਟ੍ਰਮ ਘਪਲੇ 'ਚ ਲਾਭ ਉਠਾਉਣ ਵਾਲੀਆਂ ਕਾਰਪੋਰੇਟ ਕੰਪਨੀਆਂ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਵੇ ਤੇ ਇਸ ਗੱਲ ਦਾ ਕੋਈ ਲਿਹਾਜ਼ ਨਾ ਕੀਤਾ ਜਾਵੇ ਕਿ ਕੰਪਨੀ ਦਾ ਮਾਲਕ ਅਰਬਪਤੀ ਹੈ ਜਾਂ ਫੋਰਬਜ਼ ਸੂਚੀ 'ਚ ਉਸ ਦਾ ਨਾਂ ਆਉਂਦਾ ਹੈ। ਜਾਂਚ ਏਜੰਸੀ ਨੂੰ ਖੁੱਲ੍ਹੀ ਛੁੱਟੀ ਦਿੰਦਿਆਂ ਤੇ ਜਾਂਚ ਦਾ ਦਾਇਰਾ ਤੈਅ ਕਰਦਿਆਂ ਅਦਾਲਤ ਨੇ ਸਰਕਾਰ ਨੂੰ ਸਪੈਕਟ੍ਰਮ ਘੁਟਾਲੇ ਦੇ ਕੇਸ ਦੀ ਸੁਣਵਾਈ ਲਈ ਇਕ ਵਿਸ਼ੇਸ਼ ਅਦਾਲਤ ਕਾਇਮ ਕਰਨ ਲਈ ਕਿਹਾ।

ਅਦਾਲਤ ਨੇ ਸੀ.ਬੀ.ਆਈ. ਨੂੰ ਵੱਡੇ ਕਾਰਪੋਰੇਟ ਘਰਾਣਿਆਂ ਤੇ ਸਰਕਾਰੀ ਅਧਿਕਾਰੀਆਂ ਨੂੰ ਹੱਥ ਪਾਉਣ ਲਈ ਕਿਹਾ, ਜਿਨ੍ਹਾਂ ਦੀ ਇਸ ਘੁਟਾਲੇ 'ਚ ਭੂਮਿਕਾ ਰਹੀ ਸੀ ਤੇ ਉਨ੍ਹਾਂ ਨੂੰ ਮਹਿਜ਼ ਸੰਮਨ ਜਾਰੀ ਕਰਨ ਨਾਲ ਗੱਲ ਨਹੀਂ ਬਣਨੀ। ਜਾਂਚ ਏਜੰਸੀ ਵੱਲੋਂ ਪੇਸ਼ ਕੀਤੀ ਸਟੇਟਸ ਰਿਪੋਰਟ ਜਿਸ ਵਿਚ ਕੁਝ ਵੱਡੇ ਕਾਰਪੋਰੇਟ ਘਰਾਣਿਆਂ ਤੇ ਸਰਕਾਰੀ ਅਧਿਕਾਰੀਆਂ ਦੇ ਨਾਂ ਆਏ ਹਨ, ਉੱਤੇ ਨਜ਼ਰ ਮਾਰਨ ਤੋਂ ਬਾਅਦ ਬੈਂਚ ਨੇ ਆਖਿਆ ਕਿ ਦੇਸ਼ 'ਚ ਬਹੁਤ ਸਾਰੇ ਲੋਕ ਹਨ ਜੋ ਆਪਣੇ-ਆਪ ਨੂੰ ਕਾਨੂੰਨ ਤੋਂ ਉਪਰ ਸਮਝਦੇ ਹਨ। 'ਗੈਰ-ਸਰਕਾਰੀ ਜਥੇਬੰਦੀ ਸੈਂਟਰ ਫਾਰ ਪਬਲਿਕ ਇੰਟਰੈਸਟ ਲਿਟੀਗੇਸ਼ਨ' ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਧਿਆਨ ਦਿਵਾਇਆ ਕਿ ਸਪੈਕਟ੍ਰਮ ਹਾਸਲ ਕਰਨ ਵਾਲੀਆਂ ਕਈ ਕੰਪਨੀਆਂ ਜਿਵੇਂ ਸਵੈਨ ਟੈਕਨਾਲੋਜੀ, ਜਿਸ ਦਾ ਕੰਟਰੋਲ ਅਨਿਲ ਅੰਬਾਨੀ ਦੇ ਰਿਲਾਇੰਸ ਗਰੁੱਪ ਦੇ ਹੱਥਾਂ 'ਚ ਹੈ, ਦੇ ਮੁਖੀਆਂ ਤੋਂ ਪੁੱਛ-ਪੜਤਾਲ ਨਹੀਂ ਕੀਤੀ ਗਈ। ਇਸ 'ਤੇ ਬੈਂਚ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਕੰਪਨੀਆਂ ਦੇ ਕਾਰ-ਮੁਖਤਾਰਾਂ ਤੋਂ ਪੁੱਛ-ਪੜਤਾਲ ਨਹੀਂ ਕੀਤੀ ਗਈ। ਹੈਰਾਨੀ ਦੀ ਗੱਲ ਹੈ ਕਿ ਮੈਨੇਜਿੰਗ ਡਾਇਰੈਕਟਰਾਂ ਨੂੰ ਸੰਮਨ ਵੀ ਨਹੀਂ ਭੇਜੇ ਗਏ।

ਸੁਪਰੀਮ ਕੋਰਟ ਨੇ ਆਖਿਆ ਕਿ ਜਾਂਚ ਏਜੰਸੀਆਂ ਦੀ ਸੁਤੰਤਰਤਾ ਘਟਾਈ ਨਹੀਂ ਜਾਣੀ ਚਾਹੀਦੀ ਤੇ ਉਨ੍ਹਾਂ ਨੂੰ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਸਣੇ ਚਾਰ ਵਿਅਕਤੀਆਂ ਦੀ ਭੂਮਿਕਾ ਤੋਂ ਅਗਾਂਹ ਜਾਣ ਤੇ ਸਾਜ਼ਸ਼ੀਆਂ ਦੇ ਨਾਂ ਦੱਸਣ ਦੀ ਲੋੜ ਹੈ। ਬੈਂਚ ਨੇ ਦੂਜੀਆਂ ਅਦਾਲਤਾਂ ਨੂੰ 2-ਜੀ ਸਪੈਕਟ੍ਰਮ ਦੇ ਕੇਸ ਬਾਰੇ ਕੋਈ ਵੀ ਫੈਸਲਾ ਦੇਣ ਤੋਂ ਰੋਕ ਦਿੱਤਾ ਤਾਂ ਕਿ ਜਾਂਚ ਦੇ ਅਮਲ ਵਿਚ ਰੁਕਾਵਟ ਨਾ ਪਵੇ। ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਸਿੱਟੇ 'ਤੇ ਪੁੱਜਣ ਲਈ ਕੁਝ ਸਮਾਂ ਚਾਹੀਦਾ ਹੈ ਕਿ ਲਾਭਪਾਤਰੀਆਂ ਖ਼ਿਲਾਫ਼ ਅਸੀਂ ਕੀ ਕਾਰਵਾਈ ਕਰਨ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਜਾਂਚ ਦਾ ਘੇਰਾ ਵਧਾ ਦਿੱਤਾ ਹੈ ਤੇ ਲਾਭਪਾਤਰੀਆਂ ਬਾਰੇ ਇਕ ਮਹੀਨੇ 'ਚ ਰਿਪੋਰਟ ਦੇਵਾਂਗੇ।

## ਐਸ. ਬੈਂਡ ਸਪੈਕਟ੍ਰਮ ਸੌਦੇ ਦੀ ਜਾਂਚ ਲਈ ਕਮੇਟੀ ਕਾਇਮ

**ਨਵੀਂ ਦਿੱਲੀ:** ਐਸ. ਬੈਂਡ ਸਪੈਕਟ੍ਰਮ ਸੌਦੇ 'ਚ ਹੋਏ ਘਪਲੇ ਦੀ ਪੋਲ ਖੁੱਲ੍ਹਣ ਪਿੱਛੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਉੱਚ ਪੱਧਰੀ ਕਮੇਟੀ ਨਿਯੁਕਤ ਕਰ ਦਿੱਤੀ ਗਈ ਹੈ ਜੋ ਇਸਰੋ ਦੇ ਕਮਰਸ਼ੀਅਲ ਵਿੰਗ, ਪੁਲਾੜ ਕਾਰਪੋਰੇਸ਼ਨ ਤੇ ਪ੍ਰਾਈਵੇਟ ਕੰਪਨੀ ਵਿਚਾਲੇ ਹੋਏ ਐਸ. ਬੈਂਡ ਸਪੈਕਟਰਮ ਨੂੰ ਲੈ ਕੇ ਹੋਏ ਵਿਵਾਦਗ੍ਰਸਤ ਸੌਦੇ ਵਿਚਲੀਆਂ ਖ਼ਾਮੀਆਂ ਲਈ ਜ਼ਿੰਮੇਵਾਰੀ ਤੈਅ ਕਰਨ ਤੇ ਹੋਰ ਵੱਖ-ਵੱਖ ਪਹਿਲੂਆਂ ਦੀ ਜਾਂਚ ਦਾ ਕੰਮ ਕਰੇਗੀ।ਸਾਬਕਾ ਕੈਬਨਿਟ ਸਕੱਤਰ ਤੇ ਯੋਜਨਾ ਕਮਿਸ਼ਨ ਦੇ ਮੈਂਬਰ ਬੀ.ਕੇ. ਚਤੁਰਵੇਦੀ ਦੀ ਅਗਵਾਈ ਵਾਲੀ ਦੋ ਮੈਂਬਰੀ ਕਮੇਟੀ ਨੂੰ ਅੰਤਰਿਕਸ਼ ਤੇ ਦੇਵਾਸ ਮਲਟੀਮੀਡੀਆ ਪ੍ਰਾਈਵੇਟ ਲਿਮਟਿਡ 'ਚ ਹੋਏ ਸਮਝੌਤੇ ਦੇ ਸਾਰੇ ਤਕਨੀਕੀ, ਕਮਰਸ਼ੀਅਲ ਤੇ ਵਿੱਤੀ ਪਹਿਲੂਆਂ ਦਾ ਮੁਕੰਮਲ ਜਾਇਜ਼ਾ ਲੈਣ ਲਈ ਕਿਹਾ ਹੈ। ਇਹ ਕਮੇਟੀ ਅੰਤਰਿਕਸ਼ ਇਸਰੋ ਤੇ ਪੁਲਾੜ ਵਿਭਾਗ ਵੱਲੋਂ ਲਈ ਪ੍ਰਵਾਨਗੀ ਦੇ ਅਮਲ ਤੇ ਕਾਰਜ ਪ੍ਰਕਿਰਿਆ ਦੀ ਉਚਿਤਤਾ ਦਾ ਵੀ ਜਾਇਜ਼ਾ ਲਏਗੀ। ਤਬਦੀਲੀਆਂ ਤੇ ਸੁਧਾਰਾਂ ਦੇ ਸੁਝਾਵਾਂ ਦੇ ਨਾਲ ਇਸ ਨੇ ਮਹੀਨੇ ਦੇ ਅੰਦਰ-ਅੰਦਰ ਰਿਪੋਰਟ ਦੇਣੀ ਹੈ।

## ਬਿਨਾਇਕ ਦੀ ਜ਼ਮਾਨਤ ਅਰਜ਼ੀ ਰੱਦ



**ਬਿਲਾਸਪੁਰ:** ਛੱਤੀਸਗੜ੍ਹ ਹਾਈ ਕੋਰਟ ਨੇ ਮਨੁੱਖੀ ਹੱਕਾਂ ਲਈ ਗੜ੍ਹਕਣ ਵਾਲੇ ਬਿਨਾਇਕ ਸੇਨ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਸੈਸ਼ਨ ਕੋਰਟ ਨੇ ਡਾ. ਸੇਨ ਨੂੰ ਦੇਸ਼ਧਰੋਹ ਦੇ ਕੇਸ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਅਦਾਲਤ ਨੇ 61 ਸਾਲਾ ਸੇਨ ਦੀ ਜ਼ਮਾਨਤ ਅਰਜ਼ੀ ਰੱਦ ਕਰਨ ਤੋਂ ਇਲਾਵਾ ਕੋਲਕਾਤਾ ਦੇ ਕਾਰੋਬਾਰੀ ਪਿਊਸ਼ ਗੁਹਾ ਦੀ ਜ਼ਮਾਨਤ ਅਰਜ਼ੀ ਵੀ ਰੱਦ ਕਰ ਦਿੱਤੀ। ਗੁਹਾ ਨੂੰ ਵੀ ਸੇਨ ਦੇ ਨਾਲ ਹੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮਨੁੱਖੀ ਹੱਕਾਂ ਦੇ ਕਾਰਕੁਨ ਡਾ. ਸੇਨ ਦੀ ਪਤਨੀ ਇਲੀਨਾ ਸੇਨ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

ਸ੍ਰੀ ਬਿਨਾਇਕ ਸੇਨ ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਦੇ ਮੀਤ ਪ੍ਰਧਾਨ ਹਨ। ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਬੀ.ਪੀ. ਵਰਮਾ ਨੇ 24 ਦਸੰਬਰ ਨੂੰ ਬਿਨਾਇਕ ਸੇਨ, ਨਰਾਇਣ ਸਾਨਿਆਲ ਤੇ ਪਿਊਸ਼ ਗੁਹਾ ਨੂੰ ਦੇਸ਼ਧਰੋਹ , ਸਾਜ਼ਿਸ਼ ਰਚਣ ਤੇ ਜਨਤਕ ਸੁਰੱਖਿਆ ਕਾਨੂੰਨ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਸਰਕਾਰੀ ਵਕੀਲ ਕਿਸ਼ੋਰ ਭਾਦੁੜੀ ਨੇ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਭਾਵੇਂ ਸੇਨ ਇਕ ਡਾਕਟਰ ਹੈ ਪਰ ਉਸ ਨੇ ਰਾਜ ਦੇ ਨਕਸਲੀਆਂ ਦੇ ਅਸਰ ਵਾਲੇ ਇਲਾਕੇ ਵਿਚ ਇਕ ਵੀ ਕੈਂਪ ਨਹੀਂ ਲਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ (ਸੇਨ) ਦੀ ਨਕਸਲੀ ਗਤੀਵਿਧੀਆਂ 'ਚ ਜ਼ਿਆਦਾ ਰੁਚੀ ਸੀ। ਉਹ ਜੇਲ੍ਹ ਵਿਚ ਨਕਸਲੀ ਆਗੂ ਨਰਾਇਣ ਸਾਨਿਆਲ ਨੂੰ ਕਈ ਵਾਰ ਮਿਲਿਆ ਸੀ। ਸ੍ਰੀ ਸੇਨ ਦੇ ਵਕੀਲ ਰਾਮ ਜੇਠਮਲਾਨੀ ਨੇ ਕਿਹਾ ਕਿ ਇਹ ਸਮੁੱਚਾ ਕੇਸ ਸਿਆਸੀ ਵਧੀਕੀ ਦਾ ਹੈ। ਉਨ੍ਹਾਂ ਕਿਹਾ ਕਿ ਸੇਨ ਮਨੁੱਖੀ ਹੱਕਾਂ ਦਾ ਕਾਰਕੁਨ ਹੈ ਤੇ ਜੇਲ੍ਹ 'ਚ ਬੰਦ ਕਿਸੇ ਮੁਲਜ਼ਮ ਨਾਲ ਉਨ੍ਹਾਂ ਦੇ ਮਿਲਣ ਵਿਚ ਕੋਈ ਇਤਰਾਜ਼ਯੋਗ ਗੱਲ ਨਹੀਂ ਹੈ।


## ਯਾਸਿਨ ਮਲਿਕ ਵੱਲ ਜੁੱਤੀ ਸੁੱਟੀ

**ਅਜਮੇਰ:** ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਯਾਸਿਨ ਮਲਿਕ ਨੂੰ ਉਸ ਸਮੇਂ ਸਥਾਨਕ ਭਾਜਪਾ ਵਰਕਰਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਦੋਂ ਉਹ ਸਥਾਨਕ ਗੰਜ ਹੋਟਲ 'ਚ ਠਹਿਰੇ ਹੋਏ ਸਨ। ਉਹ ਹੋਟਲ ਦੀ ਤੀਜੀ ਮੰਜ਼ਲ 'ਤੇ ਖੜ੍ਹੇ ਸਨ ਤਾਂ ਭਾਜਪਾ ਵਰਕਰਾਂ ਨੇ ਉਨ੍ਹਾਂ 'ਤੇ ਜੁੱਤੀ ਵਗਾ ਮਾਰੀ। ਇਹ ਜੁੱਤੀ ਯਾਸਿਨ ਮਲਿਕ ਤੱਕ ਪਹੁੰਚ ਨਾ ਸਕੀ ਤੇ ਉਹ ਵਾਲ-ਵਾਲ ਬਚ ਗਏ।

ਰੋਸ ਮੁਜ਼ਾਹਰਾ ਕਰਨ ਵਾਲੇ ਭਾਜਪਾ ਵਰਕਰ ਮੰਗ ਕਰ ਰਹੇ ਸਨ ਕਿ ਮਲਿਕ ਇਸ ਪਵਿੱਤਰ ਸ਼ਹਿਰ ਨੂੰ ਛੱਡ ਕੇ ਤੁਰੰਤ ਚਲੇ ਜਾਣ। ਭਾਜਪਾ ਵਿਧਾਇਕ ਵਾਸੁਦੇਵ ਦੇਵਨਾਨੀ ਦੀ ਅਗਵਾਈ 'ਚ ਯਾਸਿਨ ਦਾ ਪੁਤਲਾ ਵੀ ਫੂਕਿਆ ਗਿਆ ਤੇ ਉਸ ਵਿਰੁਧ ਨਾਅਰੇਬਾਜ਼ੀ ਕੀਤੀ ਗਈ।

## ਅਫ਼ਜ਼ਲ ਕੇਸ 'ਚ ਸਰਕਾਰ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਨੂੰ ਨੋਟਿਸ ਜਾਰੀ ਕਰਦਿਆਂ ਪੁੱਛਿਆ ਹੈ ਕਿ ਸੰਸਦ ਦੇ ਹਮਲੇ 'ਤੇ ਦੋਸ਼ 'ਚ ਫਾਂਸੀ ਯਾਫਤਾ ਅਫਜ਼ਲ ਗੁਰੂ ਵੱਲੋਂ ਪਾਈ ਰਹਿਮ ਦੀ ਅਪੀਲ 'ਤੇ ਕੇਂਦਰ ਦਾ ਕੀ ਜਵਾਬ ਹੈ। ਇਹ ਮਾਮਲਾ ਸੁਪਰੀਮ ਕੋਰਟ ਵਿਚ ਉਸ ਵੇਲੇ ਸਾਹਮਣੇ ਆਇਆ ਜਦੋਂ ਅਫਜ਼ਲ ਗੁਰੂ ਵੱਲੋਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਜੰਮੂ-ਕਸ਼ਮੀਰ ਦੀ ਕਿਸੇ ਜੇਲ੍ਹ 'ਚ ਤਬਦੀਲ ਕਰਨ ਦੀ ਪਾਈ ਪਟੀਸ਼ਨ 'ਤੇ ਸੁਣਵਾਈ ਚੱਲ ਰਹੀ ਸੀ।



ਇਸ ਸੁਣਵਾਈ ਦੌਰਾਨ ਅਦਾਲਤ ਨੇ ਜਦੋਂ ਵਕੀਲ ਨੂੰ ਪੁੱਛਿਆ ਕਿ ਅਫਜ਼ਲ ਗੁਰੂ ਵੱਲੋਂ ਪਾਈ ਰਹਿਮ ਦੀ ਅਪੀਲ ਦਾ ਮਾਮਲਾ ਕਿੱਥੇ ਹੈ ਤਾਂ ਵਕੀਲ ਨੇ ਜਵਾਬ ਦਿੱਤਾ ਕਿ ਇਹ ਮਾਮਲਾ ਪਿਛਲੇ ਪੰਜ ਸਾਲ ਤੋਂ ਬਕਾਇਆ ਪਿਆ ਹੈ। ਇਸ ਤੋਂ ਪਹਿਲਾਂ ਅਫਜ਼ਲ ਗੁਰੂ ਨੇ ਆਪਣੇ ਵਕੀਲ ਰਾਹੀਂ ਪਟੀਸ਼ਨ ਪਾਈ ਕਿ ਉਸ ਦਾ 11 ਸਾਲ ਦਾ ਲੜਕਾ ਤੇ 80 ਸਾਲ ਦੀ ਬਿਰਧ ਮਾਤਾ ਹੈ, ਜਿਨ੍ਹਾਂ ਨੂੰ ਜੰਮੂ-ਕਸ਼ਮੀਰ ਤੋਂ ਮੁਲਾਕਾਤ ਲਈ ਦਿੱਲੀ ਆਉਣਾ ਮੁਸ਼ਕਲ ਹੈ। ਇਸ ਦੇ ਨਾਲ ਕਿਹਾ ਕਿ ਉਸ ਦੇ ਪਰਿਵਾਰ ਦਾ ਮੁਲਾਕਾਤ ਲਈ ਸਮਾਂ ਤੇ ਪੈਸਾ ਬਹੁਤ ਖਰਚ ਹੁੰਦਾ ਹੈ ਜਿਸ ਕਾਰਨ ਉਸ ਨੂੰ ਤਿਹਾੜ ਜੇਲ੍ਹ ਤੋਂ ਬਦਲ ਕੇ ਜੰਮੂ-ਕਸ਼ਮੀਰ ਦੀ ਕਿਸੇ ਜੇਲ੍ਹ ਭੇਜਿਆ ਜਾਵੇ। ਗੁਰੂ ਨੇ ਆਪਣੀ ਪਟੀਸ਼ਨ 'ਚ ਕਿਹਾ ਕਿ ਜੇ ਉਸ ਨੂੰ ਬਦਲਿਆ ਨਹੀਂ ਜਾਂਦਾ ਤਾਂ ਸਰਕਾਰ ਵੱਲੋਂ ਉਸ ਦੇ ਪਰਿਵਾਰ ਨੂੰ ਆਉਣ-ਜਾਣ ਦਾ ਖਰਚਾ ਦਿੱਤਾ ਜਾਵੇ।

## ਦਿੱਲੀ ਸਰਕਾਰ ਵੱਲੋਂ ਮੰਤਰੀਆਂ ਨੂੰ ਮਾਲੋ-ਮਾਲ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਮੰਤਰੀਆਂ ਨੂੰ ਮਾਲੋ-ਮਾਲ ਕਰਨ ਦੀ ਤਿਆਰੀ ਕਰ ਲਈ ਹੈ ਕਿਉਂਕਿ ਸਰਕਾਰ ਨੇ ਵਿਧਾਇਕਾਂ ਤੇ ਮੰਤਰੀਆਂ ਦੀ ਤਨਖਾਹ ਦੁੱਗਣੀ ਕਰਨ ਦੀ ਤਜਵੀਜ਼ ਰੱਖੀ ਹੈ। ਸਰਕਾਰੀ ਸੂਤਰਾਂ ਮੁਤਾਬਕ ਤਨਖ਼ਾਹਾਂ ਦੁਗਣੀਆਂ ਕਰਨ ਦੀ ਇਸ ਤਜਵੀਜ਼ ਨੂੰ ਛੇਤੀ ਹੀ ਕੈਬਨਿਟ ਦੀ ਮਨਜ਼ੂਰੀ ਲਈ ਪੇਸ਼ ਕੀਤਾ ਜਾਵੇਗਾ। ਇਥੋਂ ਮਨਜ਼ੂਰੀ ਮਿਲਣ 'ਤੇ ਇਸ ਨੂੰ ਕੇਂਦਰ ਸਰਕਾਰ ਨੂੰ ਮਨਜ਼ੂਰੀ ਲਈ ਭੇਜਿਆ ਜਾਵੇਗਾ।

ਇਸ ਤਜਵੀਜ਼ ਨੂੰ ਜੇਕਰ ਕੇਂਦਰ ਸਰਕਾਰ ਮਨਜ਼ੂਰੀ ਦੇ ਦਿੰਦੀ ਹੈ ਤਾਂ ਇਸ ਤਹਿਤ ਵਿਧਾਇਕ ਨੂੰ 70 ਹਜ਼ਾਰ ਰੁਪਏ ਤਨਖਾਹ ਮਿਲੇਗੀ ਜਦੋਂ ਕਿ ਮੌਜੂਦਾ ਸਮੇਂ ਉਨ੍ਹਾਂ ਨੂੰ 32 ਹਜ਼ਾਰ ਰੁਪਏ ਮਿਲਦੇ ਹਨ। ਇਸ ਤਰ੍ਹਾਂ ਹੀ ਮੰਤਰੀ ਨੂੰ 36 ਹਜ਼ਾਰ ਦੀ ਥਾਂ ਨਵੀਂ ਤਜਵੀਜ਼ ਅਨੁਸਾਰ 95 ਹਜ਼ਾਰ ਪ੍ਰਤੀ ਮਹੀਨਾ ਤਨਖ਼ਾਹ ਮਿਲੇਗੀ। ਸੂਤਰਾਂ ਮੁਤਾਬਕ ਤਨਖ਼ਾਹਾਂ 'ਚ ਵਾਧੇ ਦੀ ਇਸ ਤਜਵੀਜ਼ ਨੂੰ ਮਨਜ਼ੂਰੀ ਮਿਲਣ 'ਤੇ ਦਸੰਬਰ 2009 ਤੋਂ ਲਾਗੂ ਕਰਨ ਦਾ ਪ੍ਰਸਤਾਵ ਹੈ।

ਕੇਂਦਰ ਸਰਕਾਰ ਨੇ ਪਿਛਲੇ ਸਾਲ ਨਵੰਬਰ ਵਿਚ ਵਿਧਾਇਕਾਂ ਦੀ ਤਨਖਾਹ 200 ਫੀਸਦੀ ਤੇ ਮੰਤਰੀ ਦੀ 300 ਫੀਸਦੀ ਵਧਾਉਣ ਦੀ ਤਜਵੀਜ਼ ਰੱਦ ਕਰ ਦਿੱਤੀ ਸੀ। ਸੂਤਰਾਂ ਮੁਤਾਬਕ ਸੋਧੀ ਤਜਵੀਜ਼ ਤਹਿਤ ਵਿਧਾਇਕਾਂ ਦੀ ਬੇਸਿਕ ਸੈਲਰੀ ਛੇ ਹਜ਼ਾਰ ਤੋਂ 20 ਹਜ਼ਾਰ ਤੇ ਮੰਤਰੀਆਂ ਦੀ ਬੇਸਿਕ ਸੈਲਰੀ 10 ਤੋਂ ਵਧਾ ਕੇ 25 ਹਜ਼ਾਰ ਕੀਤੀ ਗਈ ਹੈ। ਇਸ ਤਹਿਤ ਮੁੱਖ ਮੰਤਰੀ ਦੀ ਬੇਸਿਕ ਸੈਲਰੀ 30 ਹਜ਼ਾਰ ਰੁਪਏ ਕਰਨ ਦਾ ਪ੍ਰਸਤਾਵ ਹੈ। ਤਜਵੀਜ਼ ਵਿਚ ਵਿਧਾਇਕਾਂ ਨੂੰ 2 ਹਜ਼ਾਰ ਯੂਨਿਟ ਬਿਜਲੀ ਪ੍ਰਤੀ ਮਹੀਨੇ ਮੁਫ਼ਤ ਦੇਣ ਤੇ 10 ਹਜ਼ਾਰ ਲਿਟਰ ਪਾਣੀ ਪ੍ਰਤੀ ਮਹੀਨੇ ਮੁਫ਼ਤ ਦੇਣਾ ਸ਼ਾਮਲ ਹੈ। ਹਾਲ ਹੀ 'ਚ ਗ੍ਰਹਿ ਮੰਤਰਾਲੇ ਨੇ ਕਿਹਾ ਸੀ ਕਿ ਵਿਧਾਇਕਾਂ ਦੀ ਤਨਖਾਹ ਹਰ ਪੰਜ ਸਾਲ ਬਾਅਦ ਸੋਧੀ ਜਾਵੇਗੀ। ਇਸ ਤਹਿਤ ਦਿੱਲੀ ਦੇ ਵਿਧਾਇਕਾਂ ਦੀ ਤਨਖਾਹ 2012 ਵਿਚ ਸੋਧੀ ਜਾਵੇਗੀ ਕਿਉਂਕਿ ਇਸ ਨੂੰ 2007 ਵਿਚ ਸੋਧਿਆ ਗਿਆ ਸੀ।

## ਆਰੂਸ਼ੀ ਹੱਤਿਆ: ਮਾਪਿਆਂ ਖ਼ਿਲਾਫ਼ ਚੱਲੇਗਾ ਕੇਸ

**ਗਾਜ਼ੀਆਬਾਦ:** ਇਕ ਵਿਸ਼ੇਸ਼ ਅਦਾਲਤ ਨੇ ਦੋ ਸਾਲ ਪਹਿਲਾਂ ਹੋਏ ਦੂਹਰੇ ਆਰੂਸ਼ੀ ਹੱਤਿਆ ਕਾਂਡ 'ਚ ਸੀ.ਬੀ.ਆਈ. ਦੀ ਕੇਸ ਬੰਦ ਕਰਨ ਦੀ ਪੇਸ਼ਕਸ਼ ਨੂੰ ਰੱਦ ਕਰਦਿਆਂ ਮ੍ਰਿਤਕ ਦੇ ਮਾਪਿਆਂ ਨੂੰ ਮੁਲਜ਼ਮ ਬਣਾਇਆ ਹੈ। ਅਦਾਲਤ ਨੇ ਸੀ.ਬੀ.ਆਈ. ਦੀ ਮਾਮਲਾ ਬੰਦ ਕਰਨ ਬਾਰੇ ਰਿਪੋਰਟ ਦਾ ਨੋਟਿਸ ਲੈਂਦਿਆਂ, ਉਸ ਦੇ ਮਾਪਿਆਂ ਨੂੰ (ਰਾਜੇਸ਼ ਤਲਵਾੜ ਤੇ ਨੂਪੁਰ ਤਲਵਾੜ) ਨੂੰ 28 ਫਰਵਰੀ ਨੂੰ ਅਦਾਲਤ 'ਚ ਪੇਸ਼ ਹੋਣ ਲਈ ਆਖਦਿਆਂ ਉਨ੍ਹਾਂ ਨੂੰ ਹੱਤਿਆ, ਸਬੂਤ ਨਸ਼ਟ ਕਰਨ, ਸਾਜ਼ਿਸ਼ ਰਚਣ ਤੇ ਰਲ ਕੇ ਅਪਰਾਧ ਕਰਨ ਦੇ ਇਰਾਦੇ ਜਿਹੇ ਦੋਸ਼ਾਂ ਤਹਿਤ ਮੁਲਜ਼ਮ ਬਣਾਇਆ ਹੈ। ਦੱਸਣਯੋਗ ਹੈ ਕਿ 26 ਜੂਨ ਨੂੰ ਸੀ.ਬੀ.ਆਈ. ਨੇ ਇਸ ਕਤਲ ਨੂੰ 'ਅੰਨ੍ਹਾ ਕੇਸ' ਕਰਾਰ ਦੇ ਮਾਮਲਾ ਬੰਦ ਕਰਨ ਦੀ ਰਿਪੋਰਟ ਪੇਸ਼ ਕੀਤੀ ਸੀ। ਉਧਰ ਸੀ.ਬੀ.ਆਈ ਨੇ ਦਾਅਵਾ ਕੀਤਾ ਹੈ ਕਿ ਉਸ ਕੋਲ ਗਵਾਹਾਂ ਦੀ ਲੰਮੀ ਸੂਚੀ ਹੈ, ਜਿਨ੍ਹਾਂ ਤੋਂ ਇਹ ਸਬੂਤ ਮਿਲਦੇ ਹਨ ਕਿ ਡਾ: ਰਾਜੇਸ਼ ਤਲਵਾੜ ਨੇ ਜੁਰਮ ਵਾਲੀ ਥਾਂ ਤੋਂ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ।

## ਉਪ ਰਾਸ਼ਟਰਪਤੀ ਦੀ ਪਤਨੀ ਦੀ ਟਿੱਪਣੀ 'ਤੇ ਹੰਗਾਮਾ

**ਨਵੀਂ ਦਿੱਲੀ:** ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੀ ਪਤਨੀ ਵੱਲੋਂ 'ਲੜਕੀਆਂ ਨੂੰ ਪੈਦਾ ਹੁੰਦੇ ਹੀ ਮਾਰ ਦੇਣ' ਵਾਲੀ ਕੀਤੀ ਟਿੱਪਣੀ 'ਤੇ ਬਵਾਲ ਖੜ੍ਹਾ ਹੋ ਗਿਆ ਹੈ ਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਵੱਲੋਂ ਇਸ ਦੀ ਨਿੰਦਾ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਬੀਬੀ ਅੰਸਾਰੀ ਨੇ ਦੇਸ਼ 'ਚ ਔਰਤਾਂ ਦੀ ਹਾਲਤ 'ਤੇ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਇਸ ਦੇਸ਼ 'ਚ ਲੜਕੀ ਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਣਾ ਚਾਹੀਦਾ ਹੈ।

ਵੱਖ-ਵੱਖ ਮੁੱਦਿਆਂ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਰੱਖਣ ਲਈ ਜਾਣੀ ਜਾਂਦੀ ਸਲਮਾ ਅੰਸਾਰੀ ਨੇ ਕਿਹਾ ਕਿ ਮਾਤਾ-ਪਿਤਾ ਨੂੰ ਲੜਕੀ ਦੇ ਪੈਦਾ ਹੁੰਦੇ ਹੀ ਉਸ ਨੂੰ ਜ਼ਹਿਰ ਦੇ ਕੇ ਮਾਰ ਦੇਣਾ ਚਾਹੀਦਾ ਹੈ, ਹਾਲਾਂਕਿ ਸਲਮਾ ਨੇ ਇਹ ਗੱਲ ਸਮਾਜ 'ਚ ਲੜਕੀਆਂ ਪ੍ਰਤੀ ਹੋ ਰਹੇ ਜ਼ੁਲਮਾਂ ਤੇ ਵਧਦੇ ਅਪਰਾਧਾਂ ਤੋਂ ਦੁਖੀ ਹੋ ਕੇ ਕਹੀ। ਇਸ ਤੋਂ ਪਹਿਲਾਂ ਵੀ ਸਲਮਾ ਅਜਿਹੀਆਂ ਕਈ ਟਿੱਪਣੀਆਂ ਕਾਰਨ ਵਿਵਾਦਾਂ 'ਚ ਰਹਿ ਚੁੱਕੀ ਹੈ। ਪਿਛਲੇ ਸਾਲ ਉਨ੍ਹਾਂ ਨੇ ਕਿਹਾ ਸੀ ਕਿ ਔਰਤ ਰਾਖਵਾਂਕਰਨ ਬਿੱਲ ਉਦੋਂ ਤੱਕ ਔਰਤਾਂ ਦੇ ਕਿਸੇ ਕੰਮ ਦਾ ਨਹੀਂ ਜਦੋਂ ਤੱਕ ਆਮ ਔਰਤਾਂ 'ਚ ਜਾਗਰੂਕਤਾ ਪੈਦਾ ਨਹੀਂ ਹੋ ਜਾਂਦੀ।

## ਵਿਦੇਸ਼ੀ ਕਰੰਸੀ ਮਾਮਲੇ 'ਚ ਕਰਮਾਪਾ ਨੂੰ ਕਲੀਨ ਚਿੱਟ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਸਰਕਾਰ ਨੇ ਵਿਦੇਸ਼ੀ ਕਰੰਸੀ ਮਾਮਲੇ 'ਚ ਕਰਮਾਪਾ ਓ.ਟੀ. ਦੋਰਜੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਧਰਮਸ਼ਾਲਾ ਵਿਖੇ ਕਰਮਾਪਾ ਦੋਰਜੀ ਦੇ ਟਰਾਂਸਿਟ ਘਰ ਵਿਚੋਂ ਵਿਦੇਸ਼ੀ ਕਰੰਸੀ ਦੀ ਵੱਡੀ ਖੇਪ ਬਰਾਮਦ ਕੀਤੀ ਗਈ ਸੀ। ਹਿਮਾਚਲ ਸਰਕਾਰ ਦੇ ਚੀਫ ਸਕੱਤਰ ਰਾਜਵੰਤ ਸੰਧੂ ਨੇ ਦੱਸਿਆ ਕਿ ਇਹ ਵਿਦੇਸ਼ੀ ਕਰੰਸੀ ਕਰਮਾਪਾ ਦੇ ਵਿਦੇਸ਼ੀ ਭਗਤਾਂ ਵੱਲੋਂ ਦਾਨ ਵਜੋਂ ਦਿੱਤੀ ਗਈ ਹੈ ਤੇ ਇਸ ਕਰੰਸੀ ਦੇ ਰੱਖ-ਰਖਾਅ ਵਾਸਤੇ ਇਕ ਟਰਸਟ ਵੀ ਬਣਾਇਆ ਗਿਆ ਹੈ ਅਤੇ ਇਸ ਟਰਸਟ ਦੇ ਮੈਂਬਰ ਹੀ ਇਸ ਵਿਦੇਸ਼ੀ ਕਰੰਸੀ ਦਾ ਲੇਖਾ-ਜੋਖਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਜਿਹੀ ਕੋਈ ਖਾਹਿਸ਼ ਨਹੀਂ ਕਿ ਬੁੱਧ ਧਰਮ ਦੇ ਲੋਕਾਂ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦਿੱਤਾ ਜਾਵੇ।

## 'ਸਰਕਾਰ ਨਹੀਂ ਚਾਹੁੰਦੀ ਨਿਆਂਪਾਲਿਕਾ ਮਜ਼ਬੂਤ ਹੋਵੇ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਿਆਂਪਾਲਿਕਾ ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਨਿਆਂਪਾਲਿਕਾ ਮਜ਼ਬੂਤ ਹੋਵੇ ਤੇ ਇਸ ਦਾ ਪ੍ਰਤੱਖ ਪ੍ਰਮਾਣ ਦੇਸ਼ 'ਚ ਹਰ ਸਾਲ ਪੇਸ਼ ਕੀਤਾ ਜਾਂਦਾ ਬਜਟ ਹੈ ਜਿਸ 'ਚ ਨਿਆਂਪਾਲਿਕਾ ਲਈ ਕੁਝ ਵੀ ਨਹੀਂ ਰੱਖਿਆ ਜਾਂਦਾ।

ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਏ.ਕੇ. ਗਾਂਗੁਲੀ ਦੇ ਬੈਂਚ ਨੇ ਸਮਾਜਵਾਦੀ ਪਾਰਟੀ 'ਚੋਂ ਕੱਢੇ ਆਗੂ ਅਮਰ ਸਿੰਘ ਵੱਲੋਂ ਫੋਨ ਟੈਪਿੰਗ ਦੇ ਮਾਮਲੇ 'ਚ ਪਾਈ ਪਟੀਸ਼ਨ ਦੀ ਸੁਣਵਾਈ ਦੌਰਾਨ ਦੌਰਾਨ ਇਹ ਨਰਾਜ਼ਗੀ ਜ਼ਾਹਰ ਕੀਤੀ। ਬੈਂਚ ਨੇ ਨਿਆਂਪਾਲਿਕਾ ਬਾਰੇ ਸਰਕਾਰ ਦੀ ਪਹੁੰਚ ਬਾਰੇ ਇਹ ਬਿਆਨ ਉਸ ਵੇਲੇ ਦਿੱਤਾ ਜਦੋਂ ਸੋਲੀਸੀਟਰ ਜਨਰਲ ਗੋਪਾਲ ਸੁਬਰਮਨੀਅਮ ਨੇ ਦੱਸਿਆ ਕਿ ਅਮਰ ਸਿੰਘ ਵੱਲੋਂ 2005 'ਚ ਆਪਣੇ ਫੋਨ ਦੀ ਟੈਪਿੰਗ ਦਾ ਮਾਮਲਾ ਦਰਜ ਕੀਤਾ ਗਿਆ ਸੀ ਪਰ ਹਾਲੇ ਵੀ ਇਹ ਮਾਮਲਾ ਦਿੱਲੀ ਦੀ ਚੀਫ ਮੈਟਰੋਪੋਲੀਟਨ ਮੈਜਿਸਟਰੇਟ (ਸੀ.ਐਮ.ਐਮ.) ਕੋਲ ਸੁਣਵਾਈ ਦੌਰਾਨ ਹੈ ਤੇ ਇਸ ਮਾਮਲੇ ਵਿਚ



ਹਾਲੇ ਸਿਰਫ ਇਕ ਗਵਾਹੀ ਭੁਗਤੀ ਹੈ। ਸੀ.ਐਮ.ਐਮ. 'ਚ ਕੰਮ ਦੇ ਬੋਝ ਨੂੰ ਮੰਨਦਿਆਂ ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਸੀ.ਐਮ.ਐਮ. 'ਚ 1522 ਕੇਸਾਂ ਦੀ ਸੁਣਵਾਈ ਹੋ ਰਹੀ ਹੈ ਜਿਸ ਕਾਰਨ ਪੁਰਾਣੇ ਕੇਸ ਲਟਕਦੇ ਹੀ ਚੱਲ ਰਹੇ ਹਨ। ਬੈਂਚ ਨੇ ਕਿਹਾ ਕਿ ਸਰਕਾਰ ਨੇ ਹਮੇਸ਼ਾ ਹੀ ਨਿਆਂਪਾਲਿਕਾ ਨੂੰ ਅਣਗੌਲਿਆ ਕੀਤਾ ਹੈ ਜਿਸ ਕਾਰਨ ਕੇਸਾਂ ਦੇ ਫੈਸਲੇ 'ਚ ਦੇਰੀ ਹੋ ਰਹੀ ਹੈ।

ਬੈਂਚ ਨੇ ਕਿਹਾ ਕਿ ਸਾਲਾਨਾ ਬਜਟ 'ਚ ਨਿਆਂਪਾਲਿਕਾ ਲਈ ਸਿਰਫ 0.25 ਫੀਸਦੀ ਹਿੱਸਾ ਰੱਖਿਆ ਜਾਂਦਾ ਹੈ। ਹੇਠਲੇ ਪੱਧਰ 'ਤੇ ਕੰਮ ਦੇ ਬੋਝ ਕਾਰਨ ਪੈਂਡਿੰਗ ਕੇਸਾਂ ਦੀ ਗਿਣਤੀ ਵਧਦੀ ਜਾਂਦੀ ਹੈ ਜਿਸ ਲਈ ਸਰਕਾਰਾਂ ਜ਼ਿੰਮੇਵਾਰ ਹਨ। ਇਸੇ ਦੌਰਾਨ ਫੋਨ ਟੈਪਿੰਗ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਫਿਟਕਾਰ ਲਗਾਉਂਦਿਆਂ ਕਿਹਾ ਕਿ ਹਾਲੇ ਤੱਕ ਰਿਲਾਇੰਸ ਇਨਫੋਕੌਮ ਦਾ ਲਾਇਸੈਂਸ ਕਿਉਂ ਨਹੀਂ ਰੱਦ ਕੀਤਾ ਗਿਆ।

ਬੈਂਚ ਨੇ ਕਿਹਾ ਕਿ ਅਮਰ ਸਿੰਘ ਦੀਆਂ ਫੋਨ ਕਾਲਾਂ ਦੀ ਗੈਰ-ਕਾਨੂੰਨੀ ਟੈਪਿੰਗ ਕੀਤੀ ਗਈ ਤੇ ਇਸ ਲਈ ਕੰਪਨੀ ਜ਼ਿੰਮੇਵਾਰ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਕੰਪਨੀ ਨੇ ਜਾਂ ਤਾਂ ਅਣਗਹਿਲੀ ਵਰਤੀ ਜਾਂ ਫਿਰ ਜਾਣ-ਬੁੱਝ ਕੇ ਕੀਤਾ ਹੈ।

# ਗਦਰ ਪਾਰਟੀ ਦੀ ਤਾਕਤ

**ਲਾਲਾ ਹਰਦਿਆਲ**

(7 ਅਪਰੈਲ 1914; ਗ਼ਦਰ ਦੀ ਗੂੰਜ)

ਅੰਗਰੇਜ਼ੀ ਗਵਰਮਿੰਟ ਨੇ ਜਿਹੜਾ ਛਾਪਾ ਮਾਰਿਆ ਹੈ, ਇਸ ਤੋਂ ਗ਼ਦਰ ਪਾਰਟੀ ਦੀ ਤਾਕਤ ਦੂੱਗਣੀ ਨਹੀਂ, ਦਸ ਗੁਣਾ ਹੋ ਗਈ ਹੈ। ਹਰ ਪਿਆਰੇ ਦੇਸ਼ ਭਗਤ ਦੇ ਦਿਲ ਵਿਚ ਗ਼ੁੱਸੇ ਅਤੇ ਜੋਸ਼ ਦੀ ਅੱਗ ਭੜਕ ਉਠੀ ਹੈ। ਦੇਸ਼ ਭਗਤੀ ਨਾਲ ਕੁਰਬਾਨੀ ਕਰਨ ਦਾ ਪਿਆਲਾ ਵੀ ਪਹਿਲਾਂ ਤੋਂ ਜ਼ਿਆਦਾ ਹੋ ਗਿਆ ਹੈ। ਜਿਹੜੇ ਲੋਕ ਥੋੜ੍ਹਾ ਜਿਹਾ ਧਨ ਦੇਣ ਨੂੰ ਬਹੁਤ ਸਮਝਦੇ ਸਨ, ਹੁਣ ਉਹ ਜਾਨ ਦੇਣ ਨੂੰ ਤਿਆਰ ਹਨ। ਹੁਣ ਦੁਸ਼ਮਣ ਦੀ ਬਦਮਾਸ਼ੀ ਅੱਛੀ ਤਰ੍ਹਾਂ ਸਭ ਨੂੰ ਮਾਲੂਮ ਹੋ ਗਈ ਹੈ। ਹੁਣ ਸਭ ਭਾਈ ਸਮਝ ਗਏ ਹਨ ਕਿ ਅੰਗਰੇਜ਼ੀ ਗਵਰਮਿੰਟ ਇਨ੍ਹਾਂ ਪਿੱਛੇ ਪੰਜੇ ਝਾੜ ਕੇ ਪੈ ਗਈ ਹੈ। ਹੁਣ ਸਭ ਦਾ ਦਿਲ ਜੋਸ਼ ਨਾਲ ਭਰ ਗਿਆ ਹੈ।

ਵਧਾਈ ਪਿਆਰੇ ਵੀਰੋ! ਹਜ਼ਾਰ ਵਾਰ ਵਧਾਈ!! ਇਸ ਤਰ੍ਹਾਂ ਕਾਨੂੰਨ ਦੇ ਵਿਰੁਧ ਤੁਹਾਡੇ ਇਕ ਸੇਵਕ ਪੁਰ ਵਾਰ ਕਰਕੇ ਤੁਹਾਨੂੰ ਜਗਾ ਦਿੱਤਾ ਹੈ। ਅਸਲ ਵਿਚ ਦੁਸ਼ਮਣ ਨੇ ਇਹ ਦਿਖਾ ਦਿੱਤਾ ਹੈ ਕਿ ਗ਼ਦਰ ਪਾਰਟੀ ਕਿੰਨੀ ਤਾਕਤਵਰ ਹੈ। ਸਿਰਫ਼ ਪੰਜ ਮਹੀਨੇ ਦੇ ਪ੍ਰਚਾਰ ਨਾਲ ਅੰਗਰੇਜ਼ੀ ਗਵਰਮਿੰਟ ਦਾ ਦਿਲ ਕੰਬ ਗਿਆ ਹੈ। ਉਹ ਹਰ ਪਾਸੇ ਹੱਥ-ਪੈਰ ਮਾਰਨ ਲੱਗੀ ਹੈ। ਭਾੜੇ ਦੇ ਟੱਟੂ ਸੂਹੀਏ ਭੇਜਦੀ ਹੈ। ਦੂਜੇ ਦੇਸ਼ਾਂ ਅੱਗੇ ਗਿੜਗਿੜ ਕਰਦੀ ਹੈ ਕਿ ਸਾਡੀ ਮਦਦ ਕਰੋ ਅਤੇ ਹਿੰਦੀ ਦੇਸ਼ ਭਗਤਾਂ ਨੂੰ ਕੈਦ ਦੇਵੋ। ਇਸ ਤੋਂ ਮਾਲੂਮ ਹੁੰਦਾ ਹੈ ਕਿ ਹੁਣ ਹਿੰਦੋਸਤਾਨ ਵਿਚ ਛੇਤੀ ਗ਼ਦਰ ਹੋਣ ਵਾਲਾ ਹੈ। ਵੈਰੀ ਨੂੰ ਹੁਣ ਹਜ਼ਾਰ ਦਰਜੇ ਦਾ ਤਾਪ ਚੜ੍ਹਿਆ ਹੋਇਆ ਹੈ। ਹੁਣ ਮੌਤ ਵੀ ਛੇਤੀ ਹੋਣ ਵਾਲੀ ਹੈ।

ਅੰਗਰੇਜ਼ੀ ਕੌਂਸਲ ਨੇ ਜ਼ੋਰ ਤਾਂ ਬਹੁਤ ਲਾਇਆ ਪਰ ਵਾਰ ਠੀਕ ਨਾ ਹੋਇਆ। ਇੰਮੀਗ੍ਰੇਸ਼ਨ ਅਫ਼ਸਰ ਨੇ ਅੱਛਾ ਵਰਤਾਓ ਕੀਤਾ। ਕਿਸੇ ਕਿਸਮ ਦਾ ਮੇਰੇ ਪੁਰ ਜ਼ੋਰ ਨਹੀਂ ਪਾਇਆ। ਅੰਗਰੇਜ਼ੀ ਕੌਂਸਲ ਦੀ ਸ਼ਾਇਦ ਮਰਜ਼ੀ ਹੋਵੇਗੀ ਕਿ ਐਵੇਂ ਮੱਲੋ-ਮੱਲੀ ਫੜਿਆ ਜਾਊਗਾ ਪਰ ਸਾਡੇ ਦਬਦਬੇ ਵਾਲੇ ਦੋਸਤਾਂ ਤੇ ਅਮਰੀਕਨ ਗਵਰਮਿੰਟ ਦੀ ਮਿਹਰਬਾਨੀ ਨਾਲ ਇਸ ਤਰ੍ਹਾਂ ਕਦੇ ਨਹੀਂ ਹੋ ਸਕਦਾ ਸੀ। ਹੁਣ ਸਾਨੂੰ ਮੌਕਾ ਹੈ ਕਿ ਅੱਛੀ ਤਰ੍ਹਾਂ ਮੁਕੱਦਮਾ ਚਲਾਈਏ, ਅੰਗਰੇਜ਼ਾਂ ਦੀ ਪੋਲ ਖੋਲ੍ਹੀਏ। ਹੋਰ ਜੁਗਤਾਂ ਸੋਚੀਏ ਅਤੇ ਪਾਰਟੀ ਦੀ ਨੀਂਹ ਪਹਿਲਾਂ ਨਾਲੋਂ ਮਜ਼ਬੂਤ ਕਰੀਏ।

ਅੰਗਰੇਜ਼ੀ ਗਵਰਮਿੰਟ ਦਾ ਸ਼ਾਇਦ ਖ਼ਿਆਲ ਹੋਏ ਕਿ ਅਸਾਡਾ ਇਸ ਦੇਸ਼ ਵਿਚ ਕੋਈ ਦੋਸਤ ਨਹੀਂ ਹੈ ਪਰ ਹੱਥ ਲਾਉਂਦੇ ਸਾਰ ਉਸ ਨੂੰ ਮਾਲੂਮ ਹੋ ਗਿਆ ਕਿ ਇਹ ਤਾਂ ਭੂੰਡਾਂ ਦੀ ਖੱਖਰ ਹੈ ਕਿਉਂਕਿ ਸਾਰੇ ਅਖ਼ਬਾਰਾਂ ਨੇ ਰੌਲਾ ਪਾ ਦਿੱਤਾ ਅਤੇ ਅਸਾਡੀ ਹਮਾਇਤ ਕੀਤੀ। ਅੰਗਰੇਜ਼ੀ ਗਵਰਮਿੰਟ ਦਾ ਪਾਜ ਖੁਲ੍ਹ ਗਿਆ ਅਤੇ ਉਸ ਪੁਰ ਛਿੱਤਰ ਪਏ।

ਸਾਨ ਫਰਾਂਸਿਸਕੋ ਅਤੇ ਕੈਲੀਫੋਰਨੀਆ ਦੇ ਦੋਸਤਾਂ ਨੇ ਵਾਸ਼ਿੰਗਟਨ ਤਾਈਂ ਤਾਰ ਖੜਕਾਉਣੇ ਸ਼ੁਰੂ ਕਰ ਦਿੱਤੇ। ਪ੍ਰੈਜ਼ੀਡੈਂਟ ਵਿਲਸਨ, ਸਕੱਤਰ ਬ੍ਰਾਇਨ, ਸੈਕਟਰੀ ਆਫ਼ ਲੇਬਰ, ਕਮਿਸ਼ਨਰ ਇੰਮੀਗ੍ਰੇਸ਼ਨ ਅਤੇ ਹੋਰ ਵੱਡੇ ਅਫ਼ਸਰਾਂ ਪਾਸ ਮੁਲਕ ਦੀਆਂ ਕਈ ਥਾਂਵਾਂ ਤੋਂ ਤਾਰ ਭੇਜੇ ਗਏ। ਛੋਟੀ ਰਾਜ ਸਭਾ (ਕਾਂਗਰਸ) ਅਤੇ ਵੱਡੀ ਰਾਜ ਸਭਾ (ਸੈਨੇਟ) ਦੇ ਮੈਂਬਰਾਂ ਦੇ ਨਾਂਓਂ ਤਾਰ ਗਏ ਕਿ ਇਹ ਨਾ-ਇਨਸਾਫ਼ੀ ਹੈ ਕਿ ਹਿੰਦੋਸਤਾਨ ਦੇ ਦੇਸ਼ ਭਗਤ ਨੂੰ ਜਿਹੜਾ ਅੰਗਰੇਜ਼ਾਂ ਨਾਲ ਜੰਗ ਕਰ ਰਿਹਾ ਹੈ, ਕੱਢਿਆ ਜਾਵੇ। ਇਸ ਤਰ੍ਹਾਂ ਅੰਗਰੇਜ਼ੀ ਗਵਰਮਿੰਟ ਦੀ ਖ਼ੁਸ਼ਾਮਦ ਕਰਨ ਨਾਲ ਅਮਰੀਕਾ ਦੀ ਬੇਇੱਜ਼ਤੀ ਹੈ। ਇਸ ਸਾਰੇ ਝਗੜੇ ਤੋਂ ਅੰਗਰੇਜ਼ੀ ਕੌਂਸਲ ਨੂੰ ਮਾਲੂਮ ਹੋ ਗਿਆ ਹੈ ਕਿ ਇਸ ਵਿਚ ਜਿਤਨਾ ਉਸ ਦਾ ਜ਼ੋਰ ਹੈ, ਉਤਨਾ ਹੀ ਸਾਡਾ ਹੈ; ਸਗੋਂ ਜ਼ਿਆਦਾ ਹੀ ਹੈ। ਅਸਾਡੀ ਗ਼ਦਰ ਪਾਰਟੀ ਦੇ ਦਰਦੀ ਅਤੇ ਹਾਮੀ ਸਾਰੀ ਅਮਰੀਕਾ ਵਿਚ ਹਨ।

ਲਓ, ਇਕ ਥੋੜ੍ਹੀ ਜਿਹੀ ਬਾਤ ਸੋਚਣਯੋਗ ਹੈ ਕਿ ਮੇਰੇ ਫੜਨ ਦੀ ਖ਼ਬਰ ਸੁਣਦੇ ਹੀ ਸਾਨ ਫਰਾਂਸਿਸਕੋ ਦੇ ਇਕ ਸੌਦਾਗਰ ਨੇ ਕਿਹਾ ਕਿ ਜ਼ਮਾਨਤ 50 ਹਜ਼ਾਰ ਦੀ ਮੰਗਣ ਤਾਂ ਉਹ ਦੇਵਾਂਗਾ। ਜ਼ਮਾਨਤ ਦੇਣ ਨੂੰ ਬਹੁਤ ਅਮਰੀਕਨ ਦੋਸਤ ਤਿਆਰ ਸਨ ਪਰ ਮੈਂ ਕਿਹਾ ਕਿ ਤੁਸਾਂ ਦੀ ਮਿਹਰਬਾਨੀ ਹੀ ਬਹੁਤ ਹੈ। ਅਸਾਡੀ ਗ਼ਦਰ ਪਾਰਟੀ ਦੇ ਪਾਸ ਹਰ ਕੰਮ ਵਾਸਤੇ ਰੁਪੱਈਆ ਬਹੁਤ ਹੈ। ਇਸ ਤੋਂ ਇਨ੍ਹਾਂ ਨੂੰ ਸਾਡੀ ਪਾਰਟੀ ਦੀ ਹੋਰ ਹਮਦਰਦੀ ਹੋ ਗਈ।

ਅੱਜ ਕੱਲ੍ਹ ਮੈਂ ਅਖ਼ਬਾਰ ਗ਼ਦਰ ਦੇ ਉਨ੍ਹਾਂ ਲੇਖਾਂ ਦਾ ਉਲੱਥਾ ਅੰਗਰੇਜ਼ੀ ਵਿਚ ਕਰ ਰਿਹਾ ਹਾਂ ਜਿਨ੍ਹਾਂ ਕਰਕੇ ਇਹ ਮੁਕੱਦਮਾ ਹੋਇਆ ਹੈ। ਬਾਤ ਤਾਂ ਇਹ ਹੈ ਕਿ ਸਾਰਾ ਅਖ਼ਬਾਰ ਹੀ ਗ਼ਦਰ ਦੇ ਖ਼ਿਆਲਾਂ ਨਾਲ ਭਰਿਆ ਹੋਇਆ ਹੈ, ਤਾਂ ਫੇਰ ਕਿਉਂ ਥੋੜ੍ਹੇ ਲੇਖ ਫੜੇ। ਅੰਗਰੇਜ਼ੀ ਸੂਹੀਆਂ ਨੇ ਆਪਣੀ ਬੇਵਕੂਫ਼ੀ ਨਾਲ ਐਵੇਂ ਤਿੰਨ-ਚਾਰ ਅਖ਼ਬਾਰਾਂ ਦੇ ਲੇਖ ਚੁਣ ਲਏ ਅਤੇ ਅਮਰੀਕਨ ਗਵਰਮਿੰਟ ਪਾਸ ਰਿਪੋਰਟ ਕਰ ਦਿੱਤੀ। ਇਹ ਲੇਖ ਏਦਾਂ ਹਨ:

29 ਨਵੰਬਰ ਦੇ ਅਖ਼ਬਾਰ 'ਗ਼ਦਰ' ਵਿਚੋਂ:

1. ਸਰਦਾਰ ਭਗਵਾਨ ਸਿੰਘ ਕੈਨੇਡਾ ਵਿਚੋਂ ਕਿਉਂ ਕੱਢਿਆ ਗਿਆ ਹੈ?
2. ਬ੍ਰਿਟਿਸ਼ ਗਵਰਮਿੰਟ ਦੀਆਂ ਕੁਝ ਕਰਤੂਤਾਂ
3. ਮੁਸਲਮਾਨ ਬਦਮਾਸ਼ ਲੀਡਰ ਉਭਾਰੇ ਗਏ

9 ਦਸੰਬਰ 1913 ਦੇ 'ਗ਼ਦਰ' ਅਖ਼ਬਾਰ ਵਿਚੋਂ:

1. ਅੰਗਾਂ ਦੀ ਗਵਾਹੀ
2. ਰਿਆਸਤ ਹੈਦਰਾਬਾਦ ਦੀ ਬੁਜ਼ਦਿਲੀ
3. ਸਾਡਾ ਵੀ ਇਹੋ ਖ਼ਿਆਲ ਹੈ
4. ਦੁਨੀਆਂ ਦਾਦ ਦਿੰਦੀ ਹੈ
5. ਹਿੰਦੋਸਤਾਨੀਆਂ ਦੇ ਵਿਰੁਧ ਫ਼ੈਸਲਾ
6. ਰਿਆਸਤਾਂ ਵਿਚ ਵੱਡੇ ਡਾਕੂ ਦਾ ਦੌਰਾ
7. ਤਵਾਰੀਖ਼ ਗ਼ਦਰ
8. ਦੱਖਣੀ ਅਫ਼ਰੀਕਾ ਵਿਚ ਛੋਟਾ ਗ਼ਦਰ
9. ਮਹਾਰਾਜਾ ਪਟਿਆਲਾ ਦਾ ਗ਼ਲਤ ਦਾਨ
10. ਆਇਰਲੈਂਡ ਦੇ ਦੇਸ਼ ਭਗਤ ਦੀ ਮੌਤ

23 ਦਸੰਬਰ 1913 (ਗ਼ਲਤੀ ਨਾਲ 7 ਅਪਰੈਲ, 1913 ਦੇ ਅਖ਼ਬਾਰ ਵਿਚ 32 ਦਸੰਬਰ ਛਪ ਗਿਆ ਸੀ) ਦੇ 'ਗ਼ਦਰ' ਅਖ਼ਬਾਰ ਵਿਚੋਂ:

1. ਆਇਰਲੈਂਡ ਦੀ ਪੰਚਾਇਤੀ ਪਾਰਟੀ
2. ਸਾਡਾ ਕੇਸਰੀ ਬਾਣਾ
3. ਅੰਗਰੇਜ਼ੀ ਗਵਰਮਿੰਟ ਦੀਆਂ ਔਕੜਾਂ

ਮਾਲੂਮ ਹੁੰਦਾ ਹੈ ਕਿ ਵਿਚਾਰੇ ਸੂਹੀਏ ਨੂੰ ਮਸਾਂ ਥੋੜ੍ਹੇ ਪਰਚੇ ਹੀ ਮਿਲੇ ਜਾਂ ਗਵਰਮਿੰਟ ਨੇ ਝਟ ਉਲੱਥਾ ਕਰ ਕੇ ਸ਼ਿਕਾਇਤ ਦਾਖ਼ਲ ਕਰ ਦਿੱਤੀ, ਭਈ ਕਿਤੇ ਦੇਰ ਨਾ ਹੋ ਜਾਵੇ। ਪਰ ਅੰਗਰੇਜ਼ੀ ਕੌਂਸਲ ਦਾ ਉਹੀ ਹਾਲ ਹੋਇਆ ਕਿ (ਜਿਉਂ) 'ਈਦ ਪਿੱਛੋਂ ਤੰਬਾ (ਫੂਕਣਾ)' ਕਿਉਂਕਿ ਛੇ ਹਫ਼ਤੇ ਦੇਰ ਹੋਣ ਤੋਂ ਸਾਡੀ ਫ਼ਤਿਹ ਦੀ ਉਮੀਦ ਪੋਸ਼ੀ ਹੋ ਗਈ। ਇਸ ਦੇਸ਼ ਵਿਚ ਮੇਰੇ ਤਿੰਨ ਸਾਲ 9 ਫ਼ਰਵਰੀ, 1914 ਨੂੰ ਖ਼ਤਮ ਹੋ ਗਏ ਅਤੇ ਹੁਣ ਮੈਂ ਅਮਰੀਕਾ ਦੇ ਕਾਨੂੰਨ ਵਿਚ ਨਹੀਂ ਆ ਸਕਦਾ।

ਅਮਰੀਕਨ ਸੁਸਾਇਟੀਆਂ ਅਤੇ ਸਭਾਵਾਂ ਨੇ ਵੀ ਹਮਦਰਦੀ ਦੇ ਗੁਰਮਤੇ ਪੇਸ਼ ਕੀਤੇ ਹਨ ਅਤੇ ਇੰਮੀਗ੍ਰੇਸ਼ਨ ਦੇ ਮਹਿਕਮੇ ਤੇ ਅੰਗਰੇਜ਼ੀ ਗਵਰਮਿੰਟ ਪੁਰ ਦੁਰਗਤੀ ਕੀਤੀ।

ਅਮਰੀਕਨ ਦੋਸਤਾਂ ਦੇ ਪੱਤਰ ਮੇਰੇ ਪਾਸ ਆਏ ਜਿਨ੍ਹਾਂ ਵਿਚੋਂ ਸੱਚੀ ਹਮਦਰਦੀ ਦਾ ਸਬੂਤ ਮਿਲਦਾ ਹੈ। ਮੈਡਮ ਕਾਮਾ ਨੇ ਪੈਰਿਸ ਤੋਂ ਤਾਰ ਭੇਜਿਆ ਅਤੇ ਸਾਰਾ ਹਾਲ ਪੁੱਛਿਆ।

ਅਮਰੀਕਨ ਦੋਸਤਾਂ ਨੇ ਬੜੇ-ਬੜੇ ਵੱਡੇ ਪੱਤਰ ਵਾਸ਼ਿੰਗਟਨ ਦੇ ਅਫ਼ਸਰਾਂ ਨੂੰ ਲਿਖੇ ਹਨ।

ਭਾਈਓ, ਵੈਰੀ ਨੂੰ ਸਵਾਦ ਚਖ਼ਾ ਦਿੱਤਾ ਹੈ। ਬਦਕਾਰ, ਬਦਜ਼ਾਤ, ਲੁੱਚੀ-ਲੰਡੀ ਗਵਰਮਿੰਟ ਨੂੰ ਮਾਲੂਮ ਹੋ ਗਿਆ ਹੈ ਕਿ ਹਿੰਦੀ ਡਰਾਕਲ ਨਹੀਂ ਹਨ। ਡਰ ਵਾਲੀ ਥਾਂ ਡਟ ਸਕਦੇ ਹਨ ਅਤੇ ਆਪਣਾ ਫ਼ਰਜ਼ ਪੂਰਾ ਕਰ ਸਕਦੇ ਹਨ। ਅਖ਼ਬਾਰਾਂ ਵਿਚ ਇਹ ਬਾਤ ਛਪੀ ਸੀ ਕਿ ਹੋਰ ਹਿੰਦੀ ਦੇਸ਼ ਭਗਤ ਵੀ ਫੜੇ ਜਾਣਗੇ ਪਰ ਆਸ਼ਰਮ ਦੇ ਸੇਵਕਾਂ ਨੂੰ ਲਾਲੀਆਂ ਚੜ੍ਹ ਆਈਆਂ ਅਤੇ ਉਹ ਤਾਂ ਕਹਿੰਦੇ ਹਨ ਕਿ ਅਸੀਂ ਵੀ ਤਿਆਰ ਬੈਠੇ ਹਾਂ। ਇਨ੍ਹਾਂ ਨੂੰ ਸਿਰਫ਼ ਇਹੀ ਫ਼ਿਕਰ ਹੈ ਕਿ ਅਖ਼ਬਾਰ ਵੇਲੇ ਸਿਰ ਨਿਕਲੇ, ਭਈ ਲੋਕਾਂ ਨੂੰ ਮਾਲੂਮ ਹੋ ਜਾਵੇ ਕਿ 'ਗ਼ਦਰ ਪਾਰਟੀ' ਅਜਿਹੇ ਹਿਚਕੋਲਿਆਂ ਦੀ ਪ੍ਰਵਾਹ ਨਹੀਂ ਕਰਦੀ। ਇਹ 'ਯੁਗਾਂਤਰ ਆਸ਼ਰਮ' ਰੋਸ਼ਨੀ ਦਾ ਮੁਨਾਰਾ ਹੈ। ਅੰਗਰੇਜ਼ੀ ਗਵਰਮਿੰਟ ਦਾ ਗ਼ੁਸਾ ਅਤੇ ਦੁਸ਼ਮਣੀ ਟੱਕਰਾਂ ਮਾਰ ਰਹੀਆਂ ਹਨ ਪਰ ਕੁਝ ਨਹੀਂ ਬਣਦਾ, ਚਾਹੇ ਉਪਰੋਂ ਬਿਜਲੀ ਡਿੱਗੀ ਹੋਵੇ, ਭੁਚਾਲ ਹਿਲਾਵੇ; ਇਹ ਆਸ਼ਰਮ ਦਾ ਮੁਨਾਰਾ ਅੱਟਲ ਰਹੂਗਾ ਅਤੇ ਹਿੰਦੋਸਤਾਨ ਨੂੰ ਆਜ਼ਾਦੀ ਦਾ ਰਾਹ ਦਿਖਾਵੇਗਾ।

ਇੰਮੀਗ੍ਰੇਸ਼ਨ ਵਿਚ ਮੁਕੱਦਮਾ ਕਿਉਂ ਚਲਾਇਆ? ਇਸ ਦੇਸ਼ ਦੀ ਗਵਰਮਿੰਟ ਨੇ ਕਿਉਂ ਇਸ ਤਰ੍ਹਾਂ ਅੰਗਰੇਜ਼ਾਂ ਦੀ ਮਦਦ ਕੀਤੀ। ਇਸ ਦਾ ਮਤਲਬ ਇਹ ਹੈ ਕਿ ਕੁਝ ਤਾਂ ਗ਼ਲਤੀ ਹੋਈ ਅਤੇ ਕੁਝ ਰਾਜਨੀਤੀ ਦੀ ਵੀ ਬਾਤ ਹੈ। ਅੰਗਰੇਜ਼ਾਂ ਨੇ ਇਨ੍ਹਾਂ ਦੇ ਕੰਨ ਭਰੇ ਹਨ ਕਿ ਇਹ ਗ਼ਦਰ ਪਾਰਟੀ ਕਾਨੂੰਨ ਦੇ ਵਿਰੁਧ ਕੰਮ ਕਰ ਰਹੀ ਹੈ ਅਤੇ ਅਸਲੀ ਬਾਤ ਇਹ ਹੈ ਕਿ ਇਸ ਵਕਤ ਅਮਰੀਕਾ ਨੂੰ ਇੰਗਲੈਂਡ ਨਾਲ ਦੋਸਤੀ ਕਰਨ ਦੀ ਬੜੀ ਲੋੜ ਹੈ। ਜਰਮਨੀ ਆਪਣੇ ਜੰਗੀ ਜਹਾਜ਼ ਵਧਾ ਰਹੀ ਹੈ, ਭਈ ਇਕ ਦਿਨ ਅੰਗਰੇਜ਼ਾਂ ਨਾਲ ਜੰਗ ਕਰੇ। ਅਮਰੀਕਾ ਦਾ ਚੀਨ ਪੁਰ ਦੰਦ ਹੈ, ਭਈ ਇਸ ਦਾ ਵਪਾਰ ਮੇਰੇ ਮੂੰਹ ਵਿਚ ਆਵੇ। ਜੇ ਜਰਮਨੀ ਅੰਗਰੇਜ਼ਾਂ ਤੋਂ ਕੋਈ ਦੇਸ਼ ਖੋਹ ਕੇ ਆਪਣਾ ਰਾਜ ਵਧਾ ਲਵੇ ਤਾਂ ਅਮਰੀਕਾ ਦਾ ਨੁਕਸਾਨ ਹੈ। ਬਸ, ਜਰਮਨੀ ਦੇ ਵਿਰੁਧ ਅੰਗਰੇਜ਼ ਅਤੇ ਅਮਰੀਕਾ ਇਕੱਤਰ ਹੋਣਾ ਚਾਹੁੰਦੇ ਹਨ। ਇਸ ਤੋਂ ਬਿਨਾਂ ਅੰਗਰੇਜ਼ਾਂ ਨੇ ਮੈਕਸਿਕੋ ਵਿਚ ਅਮਰੀਕਾ ਨੂੰ ਦੁੱਖ ਦੇਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਨੇ ਨਹਿਰ ਪਨਾਮਾ ਤਾਂ ਬਣਾ ਲਈ ਪਰ ਉਸ ਪੁਰ ਪੂਰਾ ਅਖ਼ਤਿਆਰ ਰੱਖਣ ਖ਼ਾਤਰ ਮੈਕਸਿਕੋ ਨੂੰ ਆਪਣੇ ਹੱਥ ਹੇਠ ਲਿਆਉਣਾ ਜ਼ਰੂਰੀ ਹੈ ਅਤੇ ਅਮਰੀਕਾ ਤੇ ਪਨਾਮਾ ਦੇ ਵਿਚਕਾਰ ਮੈਕਸਿਕੋ ਹੈ। ਮੁਸ਼ਕਲ ਇਹ ਹੈ ਕਿ ਮੈਕਸਿਕੋ ਵਿਚ ਅੱਜ ਕੱਲ੍ਹ ਦੋ ਰਾਜ ਹਨ-ਦੱਖਣ ਵਿਚ ਹੁਰੇਬ ਦਾ ਤੇ ਉਤਰ ਵਿਚ ਗ਼ਦਰ ਪਾਰਟੀ ਦਾ। ਅੰਗਰੇਜ਼ ਹੁਰੇਬ ਦੀ ਮਦਦ ਕਰਦੇ ਹਨ ਅਤੇ ਅਮਰੀਕਾ ਗ਼ਦਰ ਪਾਰਟੀ ਦੀ। ਹੁਰੇਬ ਅੰਗਰੇਜ਼ਾਂ ਨੂੰ ਬਪਾਰ ਅਤੇ ਮਲਕੀਅਤ ਦੇ ਹੱਕ ਦੇਣ ਦਾ ਵਾਅਦਾ ਕਰਦਾ ਹੈ ਅਤੇ ਗ਼ਦਰ ਪਾਰਟੀ ਅਮਰੀਕਨਾਂ ਦੀ ਮਦਦ ਕਰੂਗੀ। ਹੁਣ ਅਮਰੀਕਾ ਚਾਹੁੰਦਾ ਹੈ ਕਿ ਇੰਗਲੈਂਡ ਹੁਰੇਬ ਦੀ ਮਦਦ ਨਾ ਕਰੇ। ਕਿਉਂਕਿ ਜੇ ਇੰਗਲੈਂਡ ਅਮਰੀਕਾ ਅਤੇ ਪਨਾਮਾ ਦੇ ਵਿਚਕਾਰ ਡਟ ਕੇ ਖੜ੍ਹ ਜਾਊਗਾ ਤਾਂ ਅਮਰੀਕਾ ਨੂੰ ਅੱਗੇ ਵਾਸਤੇ ਬਹੁਤ ਡਰ ਹੈ ਅਤੇ ਨਹਿਰ ਪਨਾਮਾ ਦੇ ਵੀ ਅੰਗਰੇਜ਼ਾਂ ਦੇ ਹੱਥ ਵਿਚ

## ਗਦਰ ਦੀਆਂ ਬਾਤਾਂ

ਚਲੇ ਜਾਣ ਦਾ ਡਰ ਹੈ। ਅੰਗਰੇਜ਼ ਇਕ ਮਸ਼ਹੂਰ ਨਹਿਰ ਸੁਵੇਜ਼ ਤਾਂ ਹਜ਼ਮ ਕਰ ਗਏ। ਕਿਤੇ ਇਹ ਦੂਸਰੀ ਨਹਿਰ ਵੀ ਨਾ ਦੱਬ ਲੈਣ। ਬਸ, ਹੁਣ ਅੰਗਰੇਜ਼ਾਂ ਨਾਲ ਮੁਹੱਬਤ ਅਤੇ ਸੁਲ੍ਹਾ ਦੀ ਗੱਲਬਾਤ ਸ਼ੁਰੂ ਹੈ। ਲੰਦਨ ਵਿਚ ਅਮਰੀਕਨ ਕੌਂਸਲ ਮਿਸਟਰ ਪੇਜ ਨੇ ਲੈਕਚਰ ਦੇ ਕੇ ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਿਸ ਪੁਰ ਅੰਗਰੇਜ਼ਾਂ ਦੇ ਵਿਰੁਧ ਅਮਰੀਕਨ ਲੋਕਾਂ ਨੇ ਅੱਛੇ ਜੂਤ ਮਾਰੇ। ਫੇਰ ਪ੍ਰੈਜ਼ੀਡੈਂਟ ਵਿਲਸਨ ਨੇ ਇਹ ਸੁਲ੍ਹਾ ਕੀਤੀ ਕਿ ਅਮਰੀਕਾ ਦੇ ਜਹਾਜ਼ ਵੀ ਪਨਾਮਾ ਵਿਚੋਂ ਲੰਘਣ ਵੇਲੇ ਮਹਿਸੂਲ ਦੇਣ। ਇਸ ਦੇ ਬਹੁਤ ਸਾਰੇ ਲੋਕ ਵਿਰੁਧ ਹਨ ਅਤੇ ਰਾਜ ਸਭਾ ਵਿਚ ਵੀ ਤੂਫ਼ਾਨ ਪੈ ਗਿਆ ਹੈ। ਹਜ਼ਾਰਾਂ ਅਖ਼ਬਾਰ ਕਹਿ ਰਹੇ ਹਨ ਕਿ ਪ੍ਰੈਜ਼ੀਡੈਂਟ ਵਿਲਸਨ ਅੰਗਰੇਜ਼ਾਂ ਦੀ ਤਰਫ਼ਦਾਰੀ ਕਰ ਰਿਹਾ ਹੈ। ਬਸ, ਇਸ ਤਰ੍ਹਾਂ ਅੱਜ-ਕੱਲ੍ਹ ਜ਼ਰੂਰਤ ਦੀ ਵਜ੍ਹਾ ਤੋਂ ਅਮਰੀਕਨ ਸਰਕਾਰ ਅੰਗਰੇਜ਼ਾਂ ਦੀ ਦੋਸਤੀ ਪੁਰ ਆ ਗਈ ਹੈ। ਭਾਈ ਅਹਿਦ ਲੰਮਾ ਹੋ ਜਾਵੇ। ਅਮਰੀਕਨ ਕੌਮ ਦਿਲੋਂ ਤਾਂ ਅੰਗਰੇਜ਼ਾਂ ਤੋਂ ਘਿਣ ਕਰਦੀ ਹੈ ਪਰ ਗਵਰਮਿੰਟ ਦੀ ਧੁਨ ਹੋਰ ਹੈ।

ਇਸ ਰਾਜਨੀਤੀ ਦੇ ਫੇਰ ਵਿਚ ਸਾਡੀ ਗ਼ਦਰ ਪਾਰਟੀ ਵੀ ਆ ਗਈ ਹੈ ਅਤੇ ਅਮਰੀਕਨ ਗਵਰਮਿੰਟ ਨੂੰ ਅੰਗਰੇਜ਼ਾਂ ਦਾ ਦਬਾਓ ਮੰਨਣਾ ਪਿਆ ਕਿਉਂਕਿ ਅਹਿਦਨਾਮਾ ਕਰ ਕੇ ਮੈਕਸਿਕੋ ਵਿਚ ਅਮਰੀਕਨ ਆਪਣਾ ਹੱਥ ਪਾਉਣਾ ਚਾਹੁੰਦੇ ਹਨ। ਬਸ ਮੈਕਸਿਕੋ ਵਿਚ ਅਮਰੀਕਨ ਕੌਮ ਦੇ ਫ਼ਾਇਦੇ ਖ਼ਾਤਰ ਅਸਾਂ ਨੂੰ ਪਿਕ ਕੀਤਾ ਜਾਂਦਾ ਹੈ। ਇੰਗਲੈਂਡ ਕਹਿੰਦਾ ਹੈ ਕਿ ਸਾਹਿਬ, ਜੇ ਤੁਸੀਂ ਸਾਡੇ ਨਾਲ ਦੋਸਤੀ ਕਰਨਾ ਚਾਹੁੰਦੇ ਹੋ ਤਾਂ ਇਸ ਹਿੰਦੀ ਗ਼ਦਰ ਪਾਰਟੀ ਦਾ 'ਬੰਦੋਬਸਤ' ਕਰੋ ਜਿਹੜੀ ਹਿੰਦੋਸਤਾਨ ਵਿਚ ਸਾਡੇ ਰਾਜ ਦੀ ਜੜ੍ਹ ਕੱਟ ਰਹੀ ਹੈ। ਜੇ ਇਹ ਛੇਤੀ ਜਿੱਤ ਗਏ ਤਾਂ ਫਿਰ ਸਾਡੀ ਕੋਈ ਬਾਤ ਨਾ ਪੁੱਛੂਗਾ। ਭਾਵੇਂ ਅਮਰੀਕਨ ਗਵਰਮਿੰਟ ਆਜ਼ਾਦੀ ਦੀ ਹਾਮੀ ਵੀ ਹੈ ਅਤੇ ਅੰਗਰੇਜ਼ੀ ਰਾਜ ਦੇ ਜ਼ੁਲਮ ਤੋਂ ਵਾਕਿਫ਼ ਹੈ ਪਰ ਫਿਰ ਰਾਜਨੀਤੀ ਦੀ ਵਜ੍ਹਾ ਹੋਣ ਕਰਕੇ ਗ਼ਦਰ ਪਾਰਟੀ ਨੂੰ ਕਹਿੰਦੀ ਹੈ ਕਿ ਸਾਨੂੰ ਮੁਸ਼ਕਲ ਵਿਚ ਨਾ ਪਾਓ। ਇਹ ਬਾਤ ਸਮਝ ਕੇ ਸਾਰੇ ਭਾਈਆਂ ਨੂੰ ਵਿਚਾਰ ਕਰਨੀ ਚਾਹੀਦੀ ਹੈ।

ਸਾਡੇ ਕੰਮ ਵਿਚ ਕੁਝ ਰੁਕਾਵਟਾਂ ਆਵਣ, ਇਹ ਪਾਰਟੀ, ਆਸ਼ਰਮ ਅਤੇ ਅਖ਼ਬਾਰ ਹਮੇਸ਼ਾ ਤਰੱਕੀ ਕਰਦੇ ਰਹਿਣਗੇ। ਜੇ ਇਕ ਦੇਸ਼ ਵਿਚ ਕੰਮ ਬੰਦ ਹੋ ਜਾਵੇਗਾ ਤਾਂ ਅਸੀਂ ਝਟ ਦੂਜੇ ਦੇਸ਼ ਵਿਚ ਕੰਮ ਸ਼ੁਰੂ ਕਰ ਦਿਆਂਗੇ। ਸਾਡੇ ਪਾਸ ਕੁਰਬਾਨੀ ਕਰਨ ਵਾਸਤੇ ਹਿੰਮਤ ਭਰੇ ਜਵਾਨ ਹਨ। ਸਾਡੇ ਪਾਸ ਰੁਪਿਆ ਹੈ, ਫਿਰ ਕਿਸ ਚੀਜ਼ ਦਾ ਘਾਟਾ ਹੈ!

*(ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ, ਫੋਨ: 661-331-5651)*

# ਬਰਕਲੇ ਕਾਲਜ ਵਿਚ ਗਦਰ ਪ੍ਰਚਾਰ

**ਲਾਲਾ ਹਰਦਿਆਲ**

*(7 ਅਪਰੈਲ, 1914; ਯੂਨੀਵਰਸਿਟੀ ਆਫ ਕੈਲੀਫ਼ੋਰਨੀਆ ਦੇ ਅਖ਼ਬਾਰ ਵਿਚੋਂ)*

ਅਮਰੀਕਾ ਦੇ ਇੰਮੀਗ੍ਰੇਸ਼ਨ ਮਹਿਕਮੇ ਨੇ ਮੈਨੂੰ ਨਾ-ਪਸੰਦ ਵਿਦੇਸ਼ੀ ਸਮਝ ਕੇ ਫੜਿਆ ਹੈ। ਇਸ ਤੋਂ ਬਹੁਤ ਲੋਕਾਂ ਦਾ ਖ਼ਿਆਲ ਹਿੰਦੋਸਤਾਨ ਦੀ ਗ਼ਦਰ ਪਾਰਟੀ ਵੱਲ ਹੋ ਗਿਆ ਹੈ। ਉਹ ਹਿੰਦੀਆਂ ਦੀ ਗ਼ਦਰ ਪਾਰਟੀ ਦੀ ਬਾਬਤ ਕੁਛ ਜਾਣਨਾ ਚਾਹੁੰਦੇ ਹਨ ਕਿਉਂਕਿ ਵੀਹਵੀਂ ਸਦੀ ਵਿਚ ਹਿੰਦੋਸਤਾਨ ਦੀ ਤਾਕਤ ਬੜੀ ਹੋਣ ਵਾਲੀ ਹੈ।

ਖੁੱਲ੍ਹੇ ਤੌਰ ਪਰ ਤਾਂ ਇੰਮੀਗ੍ਰੇਸ਼ਨ ਨੇ ਮੈਨੂੰ ਆਪਣੇ ਕਾਨੂੰਨ ਦੇ ਅਨੁਸਾਰ ਦੇਸੋਂ ਕੱਢਣ ਦੀ ਖ਼ਾਤਰ ਫੜਿਆ ਹੈ ਜਿਸ ਦੇ ਅਨੁਸਾਰ ਹਰ ਇਕ ਵਿਦੇਸ਼ੀ ਬੇ-ਪਸੰਦ ਸਾਬਤ ਹੋਣ 'ਤੇ ਕੱਢਿਆ ਜਾ ਸਕਦਾ ਹੈ। ਵਾਸ਼ਿੰਗਟਨ ਤੋਂ ਆਈਆਂ ਹੋਈਆਂ ਤਾਰਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮੇਰੇ ਫੜਨ ਦਾ ਵਾਰੰਟ ਇੰਮੀਗ੍ਰੇਸ਼ਨ ਦੇ ਅਸਿਸਟੈਂਟ ਕਮਿਸ਼ਨਰ ਜਨਰਲ ਮਿਸਟਰ ਜਰਨਡ ਨੇ ਅੰਗਰੇਜ਼ੀ ਕੌਂਸਲ ਦੇ ਸਕੱਤਰ ਮਿਸਟਰ 'ਸਕਾਟ' ਦੀ ਦਰਖ਼ਾਸਤ ਪੁਰ ਜਾਰੀ ਕੀਤਾ ਹੈ।


ਜਦ ਮੈਨੂੰ ਫੜਿਆ ਗਿਆ ਤਾਂ ਮੈਂ ਉਸੇ ਵਕਤ ਇਹ ਦੱਸ ਦਿੱਤਾ ਕਿ ਦਾਲ ਵਿਚ ਕਾਲਾ ਹੈ ਕਿਉਂਕਿ ਮੈਂ ਇਹ ਜਾਣਦਾ ਸੀ ਕਿ ਅਮਰੀਕਾ ਦੀ ਗਵਰਮਿੰਟ ਮੈਨੂੰ ਮੇਰੇ ਖ਼ਿਆਲਾਂ ਦੇ ਅਨੁਸਾਰ ਫੜ ਨਹੀਂ ਸਕਦੀ ਕਿਉਂਕਿ ਕਿਸੇ ਕਿਸਮ ਦੇ ਖ਼ਿਆਲ ਜਾਂ ਫ਼ਿਲਾਸਫ਼ੀ ਗਵਰਮਿੰਟ ਵਾਸਤੇ ਬੁਰੀ ਨਹੀਂ ਹੈ। ਅਤੇ ਮੈਂ ਇਹ ਵੀ ਅੱਛੀ ਤਰ੍ਹਾਂ ਜਾਣਦਾ ਸੀ ਕਿ ਹਿੰਦੋਸਤਾਨ ਵਿਚ ਮੇਰੀ ਜ਼ਬਰਦਸਤ ਦੁਸ਼ਮਣ ਅੰਗਰੇਜ਼ੀ ਗਵਰਮਿੰਟ ਹੈ ਅਤੇ ਮੈਂ ਵੀ ਇਸ ਦਾ ਪੱਕਾ ਅਤੇ ਪੂਰਾ ਦੁਸ਼ਮਣ ਹਾਂ। ਮੈਂ ਜ਼ਰੂਰੀ ਮਾਮਲਾ ਪਹਿਲਾਂ ਹੀ ਤਾੜ ਲਿਆ ਸੀ। ਭਾਵੇਂ ਇੰਮੀਗ੍ਰੇਸ਼ਨ ਕਮਿਸ਼ਨਰ ਨੇ ਕਿਹਾ ਕਿ ਇਸ ਮੁਕੱਦਮੇ ਵਿਚ ਅੰਗਰੇਜ਼ਾਂ ਦਾ ਕੋਈ ਹੱਥ ਨਹੀਂ ਹੈ ਪਰ ਫਿਰ ਵੀ ਵਾਸ਼ਿੰਗਟਨ ਦੀ ਤਾਰ ਨੇ ਮੇਰੇ ਖ਼ਿਆਲ ਨੂੰ ਬਿਲਕੁਲ ਪੱਕਾ ਕਰ ਦਿੱਤਾ ਹੈ।

ਫਿਰ ਇੰਮੀਗ੍ਰੇਸ਼ਨ ਮਹਿਕਮੇ ਨੇ ਮੇਰੇ ਫੜਨ ਦੀ ਇਤਨੀ ਛੇਤੀ ਕੀਤੀ ਕਿ ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਉਨ੍ਹਾਂ ਨੂੰ ਮੇਰੇ ਫੜਨ ਦਾ ਕੋਈ ਅਖ਼ਤਿਆਰ ਨਹੀਂ ਹੈ ਕਿਉਂਕਿ ਮੈਂ 10 ਫਰਵਰੀ 1911 ਨੂੰ ਨਿਊ ਯਾਰਕ ਪੁੱਜਾ ਸੀ ਜਿਸ ਨੂੰ ਪੂਰੇ ਤਿੰਨ ਸਾਲ ਹੋ ਗਏ।

ਹਿੰਦੋਸਤਾਨ ਦੀ ਅੰਗਰੇਜ਼ੀ ਗਵਰਮਿੰਟ, ਹਿੰਦੋਸਤਾਨ ਅਤੇ ਵਿਦੇਸ਼ ਵਿਚ ਸੱਤ ਸਾਲ ਤਕ ਮੇਰੇ ਪਿੱਛੇ ਪਈ ਰਹੀ। ਜਦ ਮੈਂ ਪਹਿਲੇ-ਪਹਿਲ ਇਸ ਖ਼ੁਦਮੁਖ਼ਤਿਆਰ ਜ਼ਾਲਮ ਫ਼ਿਰੰਗੀ, ਲੁਟੇਰੀ ਅਤੇ ਬੇ-ਅਸੂਲ ਗਵਰਮਿੰਟ ਦੇ ਵਿਰੁਧ ਲਿਖਣਾ ਅਤੇ ਬੋਲਣਾ ਸ਼ੁਰੂ ਕੀਤਾ ਤਾਂ ਮੈਂ ਗੁਪਤ ਪੁਲੀਸ ਦੇ ਸਿਪਾਹੀਆਂ ਕੋਲੋਂ ਘਿਰਿਆ ਰਹਿੰਦਾ ਸੀ। ਮੈਂ 1908 ਵਿਚ ਹਿੰਦੋਸਤਾਨ ਇਸ ਖ਼ਿਆਲ ਨਾਲ ਛੋੜ ਦਿੱਤਾ ਕਿ 'ਮੇਜਨੀ' ਅਤੇ 'ਬੋਰਹੋਫ਼' ਅਤੇ ਦੂਜੇ ਦੇਸ਼ ਭਗਤਾਂ ਦੀ ਤਰ੍ਹਾਂ ਬਾਕੀ ਦੇਸ਼ਾਂ ਵਿਚ ਜ਼ਿਆਦਾ ਕੰਮ ਕਰ ਸਕੂੰਗਾ। ਉਸ ਵਕਤ ਤੋਂ ਮੈਂ ਫ਼ਰਾਂਸ, ਸਵਿਟਜ਼ਰਲੈਂਡ, ਇਟਲੀ, ਅਲਜੀਰੀਆ ਅਤੇ ਅਮਰੀਕਾ ਵਿਚ ਰਿਹਾ ਹਾਂ। ਇਸ ਵੇਲੇ ਵਿਚ ਮੈਂ ਅੰਗਰੇਜ਼ਾਂ ਦੇ ਵਿਰੁਧ ਲਿਖਦਾ ਰਿਹਾ ਹਾਂ। ਮੈਂ ਹਮੇਸ਼ਾ ਅਕਲਮੰਦੀ ਨਾਲ ਕੰਮ ਕਰਦਾ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਜਿਥੇ ਕਿਤੇ ਮੈਂ ਜਾਂਦਾ ਹਾਂ, ਵਿਦੇਸ਼ੀ ਸਮਝਿਆ ਜਾਂਦਾ ਹਾਂ। ਬਸ, ਦੁਸ਼ਮਣ ਨੂੰ ਮੈਂ ਕਿਸੇ ਦੇਸ਼ ਵਿਚ ਫੜਾਈ ਨਹੀਂ ਦਿੱਤੀ।

ਇਥੇ ਹਿੰਦੋਸਤਾਨੀਆਂ ਨੇ ਪੰਚਾਇਤੀ ਅਸੂਲਾਂ ਪੁਰ ਇਕ ਮਜ਼ਬੂਤ ਸਭਾ ਬਣਾਈ ਹੈ ਜਿਸ ਦਾ ਇਕ ਅਖ਼ਬਾਰ 'ਗ਼ਦਰ' ਨਾਵੇਂ ਹਿੰਦੋਸਤਾਨ ਦੀਆਂ ਦੋ ਜ਼ਬਾਨਾਂ ਵਿਚ ਬੜੀ ਸ਼ਾਨ ਨਾਲ ਨਿਕਲਦਾ ਹੈ। ਇਸ ਅਖ਼ਬਾਰ ਨੇ ਸਾਰੀ ਦੁਨੀਆਂ ਵਿਚ ਹਿੰਦੂਆਂ ਦੇ ਦਿਲਾਂ ਵਿਚ ਬੜਾ ਅਸਰ ਪੈਦਾ ਕੀਤਾ ਹੈ। ਇਹ ਅਖ਼ਬਾਰ ਹਿੰਦੋਸਤਾਨ ਨੂੰ ਵੀ ਗੁਪਤ ਤਰੀਕੇ ਨਾਲ ਭੇਜਿਆ ਜਾਂਦਾ ਹੈ। ਇਹ ਅਖ਼ਬਾਰ ਹਿੰਦੋਸਤਾਨ ਵਿਚ ਅੰਗਰੇਜ਼ਾਂ ਦੇ ਰਾਜ ਦੀਆਂ ਜੜ੍ਹਾਂ ਕੱਟ ਰਿਹਾ ਹੈ। ਇਸੇ ਕਰਕੇ ਅੰਗਰੇਜ਼ੀ ਕੌਂਸਲ ਨੇ ਇੰਮੀਗ੍ਰੇਸ਼ਨ ਦੇ ਹੱਥੀਂ 25 ਮਾਰਚ ਨੂੰ ਮੇਰੇ ਪੁਰ ਛਾਪਾ ਮਾਰਿਆ ਕਿਉਂ ਜੋ ਅੰਗਰੇਜ਼ਾਂ ਦੇ ਇਸ਼ਾਰੇ ਪੁਰ ਸਾਨੂੰ ਫੜਿਆ ਜਾਂਦਾ ਹੈ। "ਕੀ ਅਮਰੀਕਨ ਲੋਕ ਅੰਗਰੇਜ਼ਾਂ ਦੀ ਝੋਲੀ ਚੁੱਕਦੇ ਹਨ?" ਅੱਜ ਕੱਲ੍ਹ ਸਾਰੀਆਂ ਕੌਮਾਂ ਦਾ ਇਹ ਪਵਿੱਤਰ ਫ਼ਰਜ਼ ਹੈ ਕਿ ਉਹ ਵਿਦੇਸ਼ੀਆਂ ਨੂੰ ਸੁਖ ਦੇਣ। ਇੰਗਲੈਂਡ ਵਿਚ ਹੀ ਦੂਜੇ ਦੇਸ਼ਾਂ ਦੇ ਦੇਸ਼ ਭਗਤਾਂ ਜਿਵੇਂ 'ਮੇਜਨੀ' ਇਕ ਸੌ ਸਾਲ ਤਕ ਸੁਖ ਪਾਉਂਦੇ ਰਹੇ ਹਨ। ਇਸ ਮਿਸਾਲ ਪੁਰ ਅਮਰੀਕਾ ਨੂੰ ਵੀ ਚੱਲਣਾ ਚਾਹੀਦਾ ਹੈ।

ਮੈਂ ਇਹ ਮੰਨਦਾ ਹਾਂ ਕਿ ਆਦਮੀ ਕਰਮ ਅਤੇ ਗਿਲਾਨ ਵਿਚ ਰਹੇ, ਖ਼ਿਆਲਾਂ ਦੇ ਅਨੁਸਾਰ ਮੇਰੀ ਇਹ ਰਾਇ ਹੈ ਕਿ ਆਜ਼ਾਦੀ ਅਤੇ ਤਰੱਕੀ ਦੇ ਅਸੂਲ ਬਰਾਬਰ ਰੱਖਣੇ ਚਾਹੀਦੇ ਹਨ ਅਤੇ ਮੇਰਾ ਕੰਮ ਹਿੰਦੀਆਂ ਦੀ ਆਜ਼ਾਦੀ ਦਾ ਬੰਦੋਬਸਤ ਕਰਨਾ ਹੈ। ਮੈਂ ਇਹ ਕਹਿੰਦਾ ਹਾਂ ਕਿ ਅਮਰੀਕਾ ਸਾਨੂੰ ਇਕ ਨਾ ਕਰੇ। ਅਮਰੀਕਾ ਨੂੰ ਇਹ ਨਹੀਂ ਚਾਹੀਦਾ ਕਿ ਅੰਗਰੇਜ਼ਾਂ ਦੀ ਮਦਦ ਖ਼ਾਤਰ ਸਾਨੂੰ ਇਥੋਂ ਕੱਢ ਦੇਵੇ।


ਗ਼ਦਰ

'THE EDITOR'
HINDUSTAN-GADAR
SAN FRANCISCO
CALIF
U. S. A.

ਜਦ ਤਕ ਮੇਰੇ ਮੂੰਹ ਵਿਚ ਜ਼ਬਾਨ ਅਤੇ ਹੱਥ ਵਿਚ ਕਲਮ ਹੈ, ਤਦ ਤਕ ਮੈਂ ਆਪਣੇ ਭਾਈਆਂ ਤੇ ਭੈਣਾਂ ਦੇ ਲਹੂ ਨਾਲ ਰੰਗੀ ਹੋਈ ਅੰਗਰੇਜ਼ੀ ਰਾਜ ਦੀ ਕੰਧ ਵੱਲ ਇਸ਼ਾਰਾ ਕਰ ਕੇ ਕਹੂੰਗਾ ਕਿ ਇਸ ਦੀ ਇੱਟ ਨਾਲ ਇੱਟ ਵਜਾ ਦਿਓ।

*(ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ, ਫੋਨ: 661-331-5651)*

# ਸਿੱਖ ਧਰਮ ਚਿੰਤਨ ਅਤੇ ਧਾਰਮਿਕ ਸਹਿਹੋਂਦ

**ਡਾ. ਗੁਰਨਾਮ ਕੌਰ**

ਅਸੀਂ ਸਿੱਖ ਧਰਮ ਚਿੰਤਨ ਵਿਚ ਧਾਰਮਿਕ ਸਹਿਹੋਂਦ ਦੀ ਗੱਲ ਪਿਛਲੇ ਲੇਖ ਵਿਚ ਕੀਤੀ ਸੀ। ਅੱਗੇ ਚੱਲਣ ਤੋਂ ਪਹਿਲਾਂ ਮੈਂ ਇੱਕ ਗੱਲ ਇਥੇ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਸਿੱਖ ਧਰਮ ਚਿੰਤਨ ਪਹਿਲੀ ਗੁਰੂ ਜੋਤਿ ਗੁਰੂ ਨਾਨਕ ਪਾਤਿਸ਼ਾਹ ਤੋਂ ਲੈ ਕੇ ਦਸਵੀਂ ਸਰੀਰਕ ਗੁਰੂ ਜੋਤਿ ਗੁਰੂ ਗੋਬਿੰਦ ਸਿੰਘ ਤੱਕ ਨਿਰੰਤਰਤਾ ਵਿਚ ਹੈ। ਜੋ ਸਿਧਾਂਤ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਦਿੱਤੇ ਉਨ੍ਹਾਂ ਸਿਧਾਂਤਾਂ ਨੂੰ ਹੀ ਬਾਕੀ ਗੁਰੂ ਸਾਹਿਬਾਨ ਨੇ ਦ੍ਰਿੜ ਕਰਵਾਇਆ। ਇਸ ਲਈ ਇਹ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਨਿਰੰਤਰਤਾ ਵਿਚ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ

## ਗੁਰਮਤਿ ਚਿੰਤਨ

ਕਾਇਆ ਫੇਰਿ ਪਲਟੀਐ।"

ਵੱਖ ਵੱਖ ਧਾਰਮਿਕ ਭੇਖਾਂ ਦੀ ਗੱਲ ਕਰਦਿਆਂ ਦਸਮ ਪਾਤਿਸ਼ਾਹ ਹਜ਼ੂਰ ਨੇ ਅਕਾਲ ਉਸਤਤ ਵਿਚ ਦੱਸਿਆ ਹੈ ਕਿ ਕੋਈ ਸਿਰ ਮੁੰਡਵਾ ਕੇ ਘੋਨ-ਮੋਨ ਹੋ ਗਿਆ ਹੈ, ਕੋਈ ਸੰਨਿਆਸੀ ਬਣ ਗਿਆ ਹੈ, ਕਿਸੇ ਨੇ ਯੋਗ ਧਾਰਨ ਕਰ ਲਿਆ ਹੈ, ਕਿਸੇ ਨੇ ਬ੍ਰਹਮਚਾਰੀ ਰਹਿਣ ਦਾ ਵਰਤ ਲੈ ਲਿਆ ਹੈ ਅਤੇ ਕੋਈ ਜੈਨੀ ਜਾਂ ਹੋਰ ਧਾਰਮਿਕ ਭੇਖ ਨੂੰ ਮੰਨਣ ਵਾਲਾ ਹੈ। ਕੋਈ ਹਿੰਦੂ ਹੈ, ਕੋਈ ਤੁਰਕ, ਕੋਈ ਸ਼ੀਆ ਮੁਸਲਮਾਨ ਤੇ ਕੋਈ ਸੁੰਨੀ ਹੈ ਪਰ ਵੱਖ ਵੱਖ ਭੇਖਾਂ ਅਤੇ ਧਰਮਾਂ ਨੂੰ ਮੰਨਣ ਵਾਲੇ ਇਹ ਸਾਰੇ ਮਨੁੱਖ ਦੀ ਜਾਤ ਹਨ ਅਤੇ ਇਨ੍ਹਾਂ ਨੂੰ ਇੱਕ ਪਹਿਚਾਨਣਾ ਚਾਹੀਦਾ ਹੈ। ਕਰਣ-ਕਰਾਵਣਹਾਰ ਇੱਕੋ ਵਾਹਿਗੁਰੂ ਹੈ, ਉਸ ਤੋਂ ਬਿਨਾ ਕਿਸੇ ਹੋਰ ਨੂੰ ਮੰਨਣਾ ਭਰਮ-ਮੂਲਕ ਹੈ। ਸਾਰਾ ਸੰਸਾਰ ਉਸ ਇੱਕ ਦਾ ਹੀ ਸਰੂਪ ਹੈ ਅਤੇ ਸਭ ਵਿਚ ਉਸ ਇੱਕ ਦੀ ਜੋਤਿ ਬਿਰਾਜਮਾਨ ਹੈ। ਭਾਵੇਂ ਕੋਈ ਮੰਦਿਰ ਨੂੰ ਮੰਨਦਾ ਹੈ ਜਾਂ ਮਸਜਿਦ ਵਿਚ ਜਾਂਦਾ ਹੈ, ਚਾਹੇ ਕੋਈ ਪੂਜਾ ਕਰਦਾ ਹੈ ਜਾਂ ਨਮਾਜ਼ ਅਦਾ ਕਰਦਾ ਹੈ, ਮਾਨਸ ਇੱਕ ਹੈ ਪਰ ਉਸ ਦਾ ਸਰੂਪ ਅਲੱਗ ਅਲੱਗ ਨਜ਼ਰ ਆਉਂਦਾ ਹੈ। ਦੇਵ, ਦੈਂਤ, ਜੱਛ, ਗੰਧਰਵ, ਤੁਰਕ, ਹਿੰਦੂ ਸਭ ਮਨੁੱਖ ਦੀ ਜਾਤ ਹਨ ਪਰ ਵੱਖ ਵੱਖ ਥਾਂਵਾਂ 'ਤੇ ਮਨੁੱਖ ਦਾ ਵੱਖੋ-ਵੱਖਰਾ ਵਿਸ਼ਵਾਸ ਅਤੇ ਭੇਦ ਹੈ। ਮਨੁੱਖ ਦੇ ਨੈਣ ਨਕਸ਼, ਸਰੀਰਕ ਬਣਾਵਟ ਇੱਕ ਹੈ ਅਤੇ ਸਾਰੇ ਹੀ ਇੱਕ ਹੀ ਕਿਸਮ ਦੇ ਤੱਤਾਂ ਮਿੱਟੀ, ਹਵਾ, ਪਾਣੀ ਅਤੇ ਅਗਨੀ ਤੋਂ ਬਣੇ ਹਨ। ਸਭ ਵਿਚ ਵਿਆਪਕ ਕਰਤਾਰੀ ਜੋਤਿ ਇੱਕ ਹੀ ਹੈ। ਵੱਖ ਵੱਖ ਧਾਰਮਿਕ ਗ੍ਰੰਥ ਜਿਵੇਂ ਪੁਰਾਣ ਅਤੇ ਕੁਰਾਨ ਇੱਕ ਹੀ ਹਨ ਕਿਉਂਕਿ ਸਭ ਵਿਚ ਉਸ ਇੱਕ (ਰੱਬੀ ਜੋਤ) ਦਾ ਹੀ ਪ੍ਰਕਾਸ਼ਨ ਹੈ। ਜਿਸ ਤਰ੍ਹਾਂ ਇੱਕ ਅੱਗ ਤੋਂ ਅਨੇਕਾਂ ਕਿਣਕੇ ਉਠਦੇ ਹਨ, ਅਲੱਗ-ਅਲੱਗ ਰੂਪਾਂ ਵਿਚ ਉਠ ਕੇ ਫਿਰ ਉਸੇ ਇੱਕੋ ਅਗਨੀ ਵਿਚ ਸਮਾ ਜਾਂਦੇ ਹਨ, ਜਿਸ ਤਰ੍ਹਾ ਧੂੜ ਤੋਂ ਅਨੇਕਾਂ ਕਣ ਉਡਦੇ ਹਨ ਅਤੇ ਅਕਾਸ਼ ਨੂੰ ਭਰ ਦਿੰਦੇ ਹਨ ਪਰ ਅੰਤ ਨੂੰ ਫਿਰ ਉਸੇ ਧੂੜ ਵਿਚ ਸਮਾ ਜਾਂਦੇ ਹਨ, ਜਿਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਉਠਦੀਆਂ ਹਨ ਅਤੇ ਪਾਣੀ ਦੀਆਂ ਲਹਿਰਾਂ ਵਜੋਂ ਹੀ ਜਾਣੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਸ੍ਰਿਸ਼ਟੀ ਦਾ ਜੋ ਨਜ਼ਰ ਆਉਂਦਾ ਰੂਪ ਹੈ, ਇਹ ਉਸ ਸੂਖਮ ਸੱਤਾ ਵਿਚੋਂ ਹੀ ਪੈਦਾ ਹੋਇਆ ਹੈ ਅਤੇ ਅੰਤ ਨੂੰ ਉਸੇ ਵਿਚ ਹੀ ਸਮਾ ਜਾਣਾ ਹੈ।

ਧਾਰਮਿਕ ਸਹਿਹੋਂਦ ਵਾਸਤੇ ਜੋ ਦੂਸਰਾ ਬਹੁਤ ਹੀ ਅਹਿਮ ਨੁਕਤਾ ਗੁਰਬਾਣੀ ਵਿਚ ਦਿੱਤਾ ਗਿਆ ਹੈ, ਉਹ ਇਹ ਹੈ ਕਿ ਦੂਸਰੇ ਧਰਮਾਂ ਦਾ ਸਤਿਕਾਰ ਮਨੁੱਖ ਤਾਂ ਹੀ ਕਰ ਸਕਦਾ ਹੈ ਜੇ ਉਹ ਆਪਣੇ ਧਰਮ ਪ੍ਰਤੀ ਸੁਹਿਰਦ ਹੋਵੇ, ਆਪਣੇ ਧਰਮ ਵਿਚ ਪੂਰਾ ਹੋਵੇ। ਆਪਣੇ ਧਰਮ ਦੀ ਵਾਸਤਵਿਕਤਾ ਨੂੰ ਪੂਰੀ ਤਰ੍ਹਾਂ ਅਨੁਭਵ ਕਰਨ ਅਤੇ ਫਿਰ ਉਸ ਨੂੰ ਆਪਣੇ ਅਮਲ ਵਿਚੋਂ ਪ੍ਰਗਟ ਕਰਨ ਨਾਲ ਹੀ ਕੋਈ ਅਸਲ ਧਾਰਮਿਕ ਵਿਅਕਤੀ ਹੋ ਸਕਦਾ ਹੈ ਜਿਸ ਨੂੰ ਬਾਣੀ ਵਿਚ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਕਿਹਾ ਗਿਆ ਹੈ। ਬਾਣੀ ਅਨੁਸਾਰ ਤਾਂ ਹਰ ਮਨੁੱਖ ਨੂੰ ਆਪਣੇ ਧਰਮ ਦੀ ਸਹੀ ਸਪਿਰਿਟ, ਅਸਲੀਅਤ ਨੂੰ ਪੂਰੀ ਤਰ੍ਹਾ ਸਮਝ ਕੇ ਉਸ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੁਸਲਮਾਨ ਨੂੰ ਚੰਗਾ ਮੁਸਲਮਾਨ ਅਤੇ ਹਿੰਦੂ ਨੂੰ ਚੰਗਾ ਹਿੰਦੂ ਬਣਨ ਲਈ ਕਿਹਾ ਹੈ ਜੋ ਕਿ ਸਭ ਤੋਂ ਔਖਾ ਕੰਮ ਹੁੰਦਾ ਹੈ, ਕਿਉਂਕਿ ਅਸਲੀ ਅਧਿਆਤਮਕਤਾ ਕਿਸੇ ਧਰਮ ਦੇ ਕਰਮ-ਕਾਂਡ ਵਿਚ ਨਹੀਂ ਸਗੋਂ ਉਸ ਧਰਮ ਦੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਢਾਲਣ ਵਿਚ ਹੁੰਦੀ ਹੈ। ਜੋ ਮਨੁੱਖ ਆਪਣੇ ਧਰਮ ਦੀ ਅਸਲੀਅਤ ਨੂੰ ਸਮਝ ਕੇ ਅਮਲ ਨਹੀਂ ਕਰਦਾ ਉਹ ਬਾਹਰੋਂ ਦੇਖਣ ਨੂੰ ਭਾਵੇਂ ਧਾਰਮਿਕ ਲੱਗ ਸਕਦਾ ਹੈ ਪਰ ਸਹੀ ਮਾਅਨਿਆਂ ਵਿਚ ਧਾਰਮਿਕ ਨਹੀਂ ਹੁੰਦਾ,

"ਮੁਸਲਮਾਣੁ ਕਹਾਵਣ ਮੁਸਕਲੁ
ਜਾ ਹੋਏ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲਮਾਨਾ ਮਾਲੁ ਮੁਸਾਵੈ॥"

ਜੋ ਬ੍ਰਹਮ ਨੂੰ ਸਮਝਦਾ ਹੈ ਉਹੀ ਅਸਲੀ ਬ੍ਰਾਹਮਣ ਹੁੰਦਾ ਹੈ, 'ਬ੍ਰਹਮੁ ਬਿੰਦੇ ਸੁ ਬ੍ਰਾਹਮਣੁ ਹੋਈ।' ਇਸ ਤਰ੍ਹਾਂ ਦਾ ਅਨੁਭਵੀ ਮਨੁੱਖ ਹੀ ਅਸਲੀ ਧਾਰਮਿਕ ਵਿਅਕਤੀ ਹੁੰਦਾ ਹੈ ਅਤੇ ਫਿਰ ਅਜਿਹੇ ਧਾਰਮਿਕ ਵਿਅਕਤੀ ਨੂੰ ਤਾਂ, "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥" ਦਾ ਅਨੁਭਵ ਹੁੰਦਾ ਹੈ ਕਿਉਂਕਿ ਉਸ ਨੂੰ ਤਾਂ, "ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧੋ ਜੀਆ" ਦੇ ਕਥਨ ਅਨੁਸਾਰ ਹਰ ਪਾਸੇ ਪਰਮਾਤਮਾ ਹੀ ਵਿਆਪਤ ਨਜ਼ਰ ਆਉਂਦਾ ਹੈ।

ਇਸ ਤਰ੍ਹਾਂ ਸਿੱਖ ਧਰਮ ਦੇ ਇਲਹਾਮ (ਬਾਣੀ) ਵਿਚ ਧਾਰਮਿਕ ਸਹਿਹੋਂਦ ਲਈ ਜੋ ਮਾਡਲ ਪੇਸ਼ ਕੀਤਾ ਗਿਆ ਹੈ, ਉਹ ਅਨੁਭਵ ਵਿਚ ਸਦ-ਤਾਜ਼ਾ ਅਤੇ ਸੁਤੰਤਰ ਹੈ ਪਰ ਸਿਧਾਂਤ ਦਾ ਜਦੋਂ ਤੱਕ ਅਮਲ ਵਿਚ ਪ੍ਰਕਾਸ਼ਨ ਨਹੀਂ ਹੁੰਦਾ ਉਦੋਂ ਤੱਕ ਸਿਧਾਂਤ ਮਹਿਜ ਸਿਧਾਂਤ ਹੀ ਰਹਿੰਦਾ ਹੈ। ਸਿੱਖ ਧਰਮ ਚਿੰਤਨ ਵਿਚ ਉਸ ਕਿਸਮ ਦੀ ਅਧਿਆਤਮਿਕਤਾ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ ਜੋ ਅਮਲ ਵਿਚ ਨਹੀਂ ਆ ਸਕਦੀ। ਇਸੇ ਲਈ ਸਿਧਾਂਤ ਅਤੇ ਅਮਲ ਵਿਚ ਖੱਪਾ ਮਨਜ਼ੂਰ ਨਹੀਂ ਕੀਤਾ ਗਿਆ।

ਸਿੱਖ ਧਰਮ ਦੇ ਇਸ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਸਿੱਖ ਧਰਮ ਸ਼ਾਸਤਰ (ਥਿਆਲੋਜੀ) ਵਿਚ ਹੋਇਆ ਹੈ। 'ਨ ਕੋ ਹਿੰਦੂ ਨਾ ਮੁਸਲਮਾਨ' ਸਿਧਾਂਤ ਦਾ ਅਮਲੀ ਪ੍ਰਕਾਸ਼ਨ ਉਦੋਂ ਹੀ ਹੋ ਜਾਂਦਾ ਹੈ ਜਦੋਂ ਗੁਰੂ ਨਾਨਕ ਸਾਹਿਬ ਆਪਣੇ ਅਧਿਆਤਮਕ ਅਨੁਭਵ ਦੀ ਸਾਂਝ ਦੁੱਖਾਂ ਅਤੇ ਕਲੇਸ਼ਾਂ ਵਿਚ ਤੜਪ ਰਹੇ ਸੰਸਾਰ ਨਾਲ ਪਾਉਣ ਲਈ ਉਦਾਸੀਆਂ 'ਤੇ ਨਿਕਲਦੇ ਸਮੇਂ ਮਰਦਾਨੇ ਨੂੰ ਆਪਣਾ ਸਾਥੀ ਬਣਾਉਂਦੇ ਹਨ। ਜਦੋਂ ਸੰਸਾਰ ਨਾਲ ਇਲਾਹੀ ਸ਼ਬਦ ਦੀ ਸਾਂਝ ਕੀਰਤਨ ਰਾਹੀਂ ਪਾਉਂਦੇ ਹਨ ਤਾਂ ਰਬਾਬ ਮਰਦਾਨਾ ਵਜਾਉਂਦਾ ਹੈ। ਮਰਦਾਨਾ ਮਜ਼ਹਬ ਪੱਖੋਂ ਮੁਸਲਮਾਨ ਹੈ ਅਤੇ ਇਸਲਾਮ ਹਿੰਦੁਸਤਾਨ ਵਿਚ ਬਾਹਰੋਂ ਠੋਸਿਆ ਹੋਇਆ ਧਰਮ ਸੀ, ਜੋ ਹਮਲਾਵਰਾਂ ਨਾਲ ਆਇਆ। ਮੁਸਲਮਾਨਾਂ ਵਿਚ ਵੀ ਮਰਦਾਨਾ ਸਮਾਜ ਦੀ ਉਸ ਕੋਟੀ ਵਿਚ ਆਉਂਦਾ ਹੈ, ਜਿਸ ਨੂੰ ਨੀਵੀਂ ਸਮਝਿਆ ਜਾਂਦਾ ਹੈ ਭਾਵ ਉਹ ਜਾਤ ਦਾ ਮਰਾਸੀ ਸੀ। ਜਦੋਂ ਰੱਬੀ ਰੰਗ ਵਿਚ ਰੰਗ ਕੇ ਰੱਬੀ ਨੂਰ ਨਾਲ ਇੱਕਸੁਰ ਹੋਏ ਗੁਰੂ ਮਹਾਰਾਜ ਬਾਣੀ ਦਾ ਗਾਇਨ ਕਰਦੇ ਹੋਣਗੇ ਅਤੇ ਮਰਦਾਨਾ ਰਬਾਬ ਵਜਾਉਂਦਾ ਹੋਵੇਗਾ ਤਾਂ ਉਸ ਅਧਿਆਤਮਕ ਨਜ਼ਾਰੇ ਨੂੰ ਅਹਿਸਾਸ ਦੀ ਪੱਧਰ 'ਤੇ ਹੀ ਹੰਢਾਇਆ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦੇਵ ਵੱਖ ਵੱਖ ਧਰਮਾਂ ਦੇ ਤੀਰਥ ਅਸਥਾਨਾਂ 'ਤੇ ਗਏ। ਆਪਣੀ ਗੱਲ ਕਹਿਣ ਲਈ ਅਤੇ ਆਪਣੇ ਸੁਨੇਹੇ ਨੂੰ ਸਮਝਾਉਣ ਲਈ ਉਨ੍ਹਾਂ ਨੇ ਉਥੋਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਰਚਾਇਆ। ਸੰਵਾਦ ਦਾ ਅਰਥ ਹੀ ਦੂਸਰੇ ਦੀ ਗੱਲ ਨੂੰ ਸਮਝਣਾ ਅਤੇ ਆਪਣੀ ਨੂੰ ਸਮਝਾਉਣਾ ਹੁੰਦਾ ਹੈ, "ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।"

ਸਿੱਖਾਂ ਦੇ ਪਵਿੱਤਰ ਸਥਾਨ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੋਂ ਪੰਚਮ ਪਾਤਿਸ਼ਾਹ ਹਜ਼ੂਰ ਨੇ ਰਖਵਾਈ ਸੀ। ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਰੱਖਣ ਦਾ ਮਕਸਦ ਵੀ ਹਰ ਧਰਮ ਅਤੇ ਫ਼ਿਰਕੇ ਨਾਲ ਸਬੰਧਤ ਲੋਕਾਈ ਨੂੰ ਆਉਣ ਦੀ ਖੁਲ੍ਹ ਤੋਂ ਹੈ। ਦੂਸਰੇ ਧਰਮਾਂ ਨਾਲ ਇਸ ਕਿਸਮ ਦੇ ਸਹਿਚਾਰ ਦੀ ਉਦਾਹਰਣ ਹੋਰ ਕਿਧਰੇ ਦੇਖਣ ਨੂੰ ਘੱਟ ਹੀ ਮਿਲਦੀ ਹੈ। ਪੀਰ ਬੁੱਧੂ ਸ਼ਾਹ ਦਸਮ ਪਾਤਿਸ਼ਾਹ ਦਾ ਕਿੰਨਾ ਸ਼ਰਧਾਲੂ ਸੀ, ਇਸ ਦਾ ਇਤਿਹਾਸ ਗਵਾਹ ਹੈ। ਭਾਈ ਘਨੱਈਆ ਦੁਸ਼ਮਣ ਦੀ ਫ਼ੌਜ ਦੇ ਫੱਟੜ ਸਿਪਾਹੀਆਂ ਨੂੰ ਵੀ ਉਸੇ ਹਮਦਰਦੀ ਨਾਲ ਜਲ ਛਕਾਉਂਦੇ ਰਹੇ ਜਿਸ ਨਾਲ ਉਹ ਸਿੰਘਾਂ ਨੂੰ ਛਕਾ ਰਹੇ ਸਨ। ਕਿਹਾ ਜਾਂਦਾ ਹੈ ਕਿ ਕਿਸੇ ਦੇ ਸ਼ਿਕਾਇਤ ਕਰ ਦੇਣ 'ਤੇ ਜਦੋਂ ਗੁਰੂ ਮਹਾਰਾਜ ਨੇ ਪੁੱਛਿਆ ਸੀ ਤਾਂ ਭਾਈ ਘਨੱਈਆ ਦਾ ਉਤਰ ਸੀ, 'ਸੱਚੇ ਪਾਤਿਸ਼ਾਹ! ਮੈਨੂੰ ਤਾਂ ਸਾਰਿਆਂ ਵਿਚ ਤੇਰੇ ਹੀ ਦਰਸ਼ਨ ਦੀਦਾਰੇ ਹੁੰਦੇ ਹਨ। ਹਰ ਇੱਕ ਵਿਚ ਤੁਸੀਂ ਹੀ ਨਜ਼ਰ ਆਉਂਦੇ ਹੋ', ਅਤੇ ਕਲਗੀਧਰ ਪਾਤਿਸ਼ਾਹ ਇਹ ਉਤਰ ਸੁਣ ਕੇ ਗਦ ਗਦ ਹੋ ਗਏ ਸਨ।

ਸਿੱਖ ਧਰਮ ਚਿੰਤਨ ਵਿਚ ਧਾਰਮਿਕ ਸਹਿਹੋਂਦ ਦਾ ਜੋ ਸ਼ਬਦ ਮਾਡਲ ਦਿੱਤਾ ਗਿਆ ਹੈ ਉਸ ਦੇ ਮੁੱਖ ਸਰੋਕਾਰ ਹੇਠ ਲਿਖੇ ਹਨ:

ਇਸ ਸ਼ਬਦ ਮਾਡਲ ਅਨੁਸਾਰ ਮਨੁੱਖ ਨੂੰ ਦੂਸਰੇ ਧਰਮਾਂ ਨਾਲ ਸਹਿਹੋਂਦ ਵਿਚ ਜਿਉਣ ਲਈ ਧਰਮ ਦੇ ਸਹੀ ਸੰਦਰਭ ਨੂੰ ਸਮਝਣਾ ਪੈਂਦਾ ਹੈ ਅਤੇ ਇਸ ਨੂੰ ਉਹੀ ਸਮਝ ਸਕਦਾ ਹੈ ਜੋ ਰੱਬੀ ਜੋਤਿ ਨੂੰ ਆਪਣੇ ਹੁਕਮ ਰਾਹੀਂ ਸਾਰੀ ਸ੍ਰਿਸ਼ਟੀ ਵਿਚ ਵਿਆਪਤ ਅਨੁਭਵ ਕਰਦਾ ਹੈ। ਇਸ ਦੀ ਸਮਝ ਉਸ ਨੂੰ ਸਤਿਸੰਗਤ ਵਿਚ ਜਾਇਆਂ ਆਉਂਦੀ ਹੈ। ਸਤਿਸੰਗਤ ਗੁਰਮਤਿ ਵਿਚਾਰਧਾਰਾ ਅਨੁਸਾਰ ਕੈਸਾ ਹੈ,

'ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ॥'

ਇਸ ਅਨੁਸਾਰ ਮਨੁੱਖੀ ਕਲਿਆਣ ਦਾ ਰਸਤਾ ਸਮਾਜਿਕ ਜ਼ਿੰਦਗੀ ਦਾ ਤਿਆਗ ਕਰ ਕੇ, ਕਿਸੇ ਕਠਿਨ ਤਪ ਵਿਚ ਪੈ ਕੇ ਸੰਭਵ ਨਹੀਂ ਸਗੋਂ ਇਹ ਤਾਂ ਆਪਣੇ ਅੰਦਰ ਸਦਾਚਾਰਕ ਗੁਣ-ਸਤਿ, ਸੰਤੋਖ ਅਤੇ ਦਇਆ ਆਦਿ ਪੈਦਾ ਕਰਨ ਵਿਚ ਹੈ, ਭਾਵੇਂ ਮਨੁੱਖ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਕਿਉਂ ਨਾ ਹੋਵੇ। ਇਹ ਗੁਣ ਮਨੁੱਖ ਅੰਦਰ ਪ੍ਰਭੂ ਦੇ ਨਾਮ ਸਿਮਰਨ ਨਾਲ ਆਉਂਦੇ ਹਨ ਅਤੇ ਨਾਮ ਸਿਮਰਨ ਦਾ ਸਭ ਤੋਂ ਵਧੀਆ ਅਤੇ ਸਾਰਥਕ ਸਾਧਨ ਸੰਗਤ ਹੈ। ਇਸ ਨੂੰ ਅਮਲੀ ਰੂਪ ਦੇਣ ਲਈ ਗੁਰੂ ਨਾਨਕ ਜਿਥੇ ਜਿਥੇ ਵੀ ਗਏ ਉਨ੍ਹਾਂ ਨੇ ਸੰਗਤ ਕਾਇਮ ਕੀਤੀ ਜਿਸ ਨੂੰ ਪਹਿਲਾਂ ਪਹਿਲ ਧਰਮਸਾਲ ਕਿਹਾ ਜਾਂਦਾ ਸੀ। ਇਸ ਸੰਸਥਾ ਦਾ ਵਿਕਾਸ ਬਾਕੀ ਗੁਰੂ ਸਾਹਿਬਾਨ ਨੇ ਕੀਤਾ। ਗੁਰੂ ਅਮਰਦਾਸ ਨੇ ਧਰਮ ਪ੍ਰਚਾਰ ਲਈ ਮੰਜੀਆਂ ਕਾਇਮ ਕੀਤੀਆਂ। ਗੁਰੂ ਰਾਮਦਾਸ ਨੇ ਰਾਮਦਾਸ ਚੱਕ ਦੀ ਸਥਾਪਨਾ ਕੀਤੀ ਅਤੇ ਗੁਰੂ ਅਰਜਨ ਦੇਵ ਨੇ ਇਥੇ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਗੁਰਦੁਆਰਾ ਸੰਸਥਾ ਨੂੰ ਮਜ਼ਬੂਤ ਕੀਤਾ। ਇਸ ਸੰਗਤ ਵਿਚ ਹਰ ਇੱਕ ਮਾਈ-ਭਾਈ ਨੂੰ ਆਉਣ ਦੀ ਆਗਿਆ ਹੈ। ਇਥੇ ਧਰਮ, ਜਾਤ-ਪਾਤ, ਰੰਗ, ਨਸਲ ਦਾ ਕੋਈ ਵਿਤਕਰਾ ਨਹੀਂ।

ਇਸ ਦਾ ਦੂਸਰਾ ਸਰੋਕਾਰ ਲੰਗਰ ਹੈ। ਸੰਗਤ ਦੇ ਨਾਲ ਹੀ ਪੰਗਤ ਦੀ ਸੰਸਥਾ ਕਾਇਮ ਕੀਤੀ ਗਈ। ਗੁਰੂ ਘਰ ਵਿਚ ਆਤਮਿਕ ਭੁੱਖ ਪ੍ਰਭੂ ਦੇ ਨਾਮ ਸਿਮਰਨ, ਉਸ ਦੇ ਨਾਮ ਦੇ ਕੀਰਤਨ, ਉਸ ਦੀ ਸਿਫ਼ਤ ਸਾਲਾਹ ਅਤੇ ਨਾਮ ਅਭਿਆਸ ਰਾਹੀਂ ਪੂਰਨ ਹੁੰਦੀ ਹੈ ਪਰ ਪੇਟ ਦੀ ਭੁੱਖ ਲੰਗਰ ਵਿਚ ਪਰਸ਼ਾਦਾ ਛੱਕ ਕੇ ਪੂਰੀ ਕੀਤੀ ਜਾਂਦੀ ਹੈ ਕਿਉਂਕਿ ਭੁਖਿਆਂ ਭਗਤੀ ਦਾ ਹੋ ਸਕਣਾ ਸੰਭਵ ਨਹੀਂ ਮੰਨਿਆ ਗਿਆ, 'ਭੂਖੇ ਭਗਤਿ ਨ ਕੀਜੈ।'

ਗੁਰੂ ਨਾਨਕ ਦੇਵ ਉਦਾਸੀਆਂ ਤੋਂ ਬਾਅਦ ਜਦੋਂ ਕਰਤਾਰਪੁਰ ਆ ਕੇ ਵਸਦੇ ਹਨ ਤਾਂ ਨਾਮ ਬਾਣੀ ਦੇ ਪ੍ਰਵਾਹ ਦੇ ਨਾਲ ਨਾਲ ਹੀ ਸੰਗਤ ਦੇ ਭੋਜਨ ਛਕਣ ਦਾ ਪ੍ਰਬੰਧ ਕਾਇਮ ਕੀਤਾ ਜਾਂਦਾ ਹੈ। ਬਲਵੰਡ ਅਤੇ ਸਤੈ ਡੂਮ ਨੇ ਗੁਰੂ ਅੰਗਦ ਦੇਵ ਦੀ ਸਿਫ਼ਤ ਸਾਲਾਹ ਕਰਦਿਆਂ ਦੱਸਿਆ ਹੈ ਕਿ ਜਿਥੇ ਗੁਰੂ ਸਾਹਿਬ ਸੰਗਤਾਂ ਨੂੰ ਸ਼ਬਦ ਦੇ ਲੰਗਰ ਰਾਹੀਂ ਨਿਹਾਲ ਕਰਦੇ ਰਹੇ ਹਨ, ਉਥੇ ਮਾਤਾ ਖੀਵੀ (ਗੁਰੂ ਅੰਗਦ ਦੇਵ ਦੀ ਧਰਮ ਪਤਨੀ) ਬੜੇ ਸੁਚੱਜੇ ਢੰਗ ਨਾਲ ਸੰਗਤਾਂ ਦੇ ਭੋਜਨ ਲਈ ਲੰਗਰ ਦਾ ਪ੍ਰਬੰਧ ਕਰਦੇ ਰਹੇ ਹਨ। ਗੁਰੂ ਅਮਰਦਾਸ ਨੇ ਇਸ ਸੰਸਥਾ ਨੂੰ ਹੋਰ ਮਜ਼ਬੂਤ ਕਰਦਿਆਂ ਗੁਰੂ ਦਰਸ਼ਨਾਂ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਨੂੰ ਜ਼ਰੂਰੀ ਕਰਾਰ ਦੇ ਦਿੱਤਾ, 'ਪਹਲੇ ਪੰਗਤਿ ਪਾਛੈ ਸੰਗਤਿ।' ਲੰਗਰ ਵਿਚ ਹਰ ਇੱਕ ਛੋਟੇ-ਬੜੇ, ਊਚ-ਨੀਚ, ਰਾਜਾ-ਰੰਕ, ਸਭ ਨੂੰ ਬਰਾਬਰ ਬੈਠ ਕੇ ਲੰਗਰ ਛਕਣ ਦਾ ਆਦੇਸ਼ ਹੈ। ਇਥੇ ਧਰਮ, ਨਸਲ, ਜਾਤ-ਪਾਤ, ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ।

ਇਸ ਸ਼ਬਦ ਮਾਡਲ ਦਾ ਤੀਸਰਾ ਸਰੋਕਾਰ ਹੈ, ਧਾਰਮਿਕ ਹੋਣ ਲਈ ਮਨੁੱਖ ਦਾ ਉਸ ਦੇ ਯੋਗ ਹੋਣਾ। ਇਹ ਨਹੀਂ, 'ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾ ਘਰੇ ਮਸੀਤਿ॥ ਮਖਟੂ ਹੋਇ ਕੈ ਕੰਨ ਪੜਾਏ॥ ਫਕਰ ਕਰੇ ਹੋਰ ਜਾਤਿ ਗਵਾਏ॥' ਆਪਣੇ ਆਪ ਨੂੰ ਗੁਰੂ ਦਾ ਸਿੱਖ ਕਹਾਉਣ ਲਈ ਇਸ ਦੇ ਯੋਗ ਹੋਣਾ ਪੈਂਦਾ ਹੈ। ਆਪਣੇ ਆਪ ਨੂੰ ਸਿੱਖ ਬਣਨ ਦੇ ਕਾਬਲ ਬਣਾਉਣ ਲਈ ਗੁਰੂ ਦੀ ਦੱਸੀ ਕਾਰ ਕਮਾਉਣੀ ਪੈਂਦੀ ਹੈ। ਗੁਰੂ ਰਾਮਦਾਸ ਨੇ ਕਿਹਾ ਹੈ ਕਿ ਜਿਹੜਾ ਸਿੱਖ ਗੁਰੂ ਦੀ ਸਪਿਰਿਟ ਵਿਚ ਜਿਉਂਦਾ ਹੈ ਮੈਂ ਉਸ ਦੇ ਗ਼ੁਲਾਮਾਂ ਦਾ ਗ਼ੁਲਾਮ ਹਾਂ। ਇਸ ਦੇ ਨਾਲ ਹੀ ਇਸ ਸ਼ਬਦ ਮਾਡਲ ਦਾ ਚੌਥਾ ਸਰੋਕਾਰ ਇਹ ਹੈ ਕਿ ਇਸ ਸ਼ਬਦ ਮਾਡਲ ਵਿਚ ਦੇਹਧਾਰੀ ਗੁਰੂ ਦੀ ਥਾਂ ਮਹੱਤਵ ਸ਼ਬਦ ਗੁਰੂ ਨੂੰ ਦਿੱਤਾ ਗਿਆ ਹੈ ਕਿਉਂਕਿ ਸਰੀਰ ਸਦੀਵੀ ਨਹੀਂ ਹੈ, ਇਹ ਬਿਨਸਣਹਾਰ ਹੈ ਪਰ ਸ਼ਬਦ ਰੂਪ ਵਿਚ ਗੁਰੂ ਸਦੀਵੀ ਹੈ। ਸ਼ਬਦ ਦੀ ਮਹੱਤਤਾ ਗੁਰੂ ਨਾਨਕ ਦੇਵ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਉਨ੍ਹਾਂ ਨੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਸੌਂਪਣ ਦੇ ਨਾਲ ਹੀ ਆਪਣੀ ਬਾਣੀ ਜੋ ਪੋਥੀ ਦੇ ਰੂਪ ਵਿਚ ਅੰਕਤ ਸੀ ਅਤੇ ਸੰਤਾਂ-ਭਗਤਾਂ ਦੀ ਇਕੱਤਰ ਕੀਤੀ ਬਾਣੀ ਸੌਂਪੀ। ਬਾਣੀ ਨੂੰ ਧੁਰੋਂ ਆਈ ਪ੍ਰਵਾਨ ਕੀਤਾ ਗਿਆ ਹੈ ਅਤੇ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਨੇ ਜਦੋਂ ਆਪਣੇ ਅਤੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਸੂਫ਼ੀ ਸੰਤਾਂ ਤੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਸਾਹਿਬ ਦੇ ਸਰੂਪ ਵਿਚ ਸੰਕਲਿਤ ਕਰਕੇ ਪ੍ਰਕਾਸ਼ ਕੀਤਾ ਤਾਂ ਆਪ ਉਨ੍ਹਾਂ ਨੇ ਕੋਠਾ ਸਾਹਿਬ ਵਿਖੇ ਆਦਿ ਗ੍ਰੰਥ ਤੋਂ ਨੀਵਾਂ ਆਸਣ ਗ੍ਰਹਿਣ ਕੀਤਾ। ਦਸਮ ਪਾਤਿਸ਼ਾਹ ਨੇ ਗ੍ਰੰਥ ਸਾਹਿਬ ਨੂੰ ਬਾਕਾਇਦਾ ਗੁਰਗੱਦੀ ਸੌਂਪ ਕੇ ਆਪਣੇ ਤੋਂ ਪਿੱਛੋਂ ਖ਼ਾਲਸਾ ਪੰਥ ਨੂੰ ਸ਼ਬਦ ਗੁਰੂ 'ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ ਵਿਚ ਚਲਣ ਦਾ ਆਦੇਸ਼ ਕੀਤਾ। ਸ਼ਬਦ ਗੁਰੂ 'ਗੁਰੂ ਗ੍ਰੰਥ ਸਾਹਿਬ' ਇੱਕ ਅਜਿਹਾ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਹਿੰਦੂ ਵੈਸ਼ਨਵ ਭਗਤਾਂ, ਜੋ ਭਾਰਤ ਦੇ ਵੱਖ ਵੱਖ ਖਿਤਿਆਂ ਅਤੇ ਇਤਿਹਾਸ ਦੇ ਵੱਖ ਵੱਖ ਸਮਿਆਂ ਨਾਲ ਸਬੰਧ ਰੱਖਦੇ ਸਨ ਅਤੇ ਮੁਸਲਮਾਨ ਸੂਫ਼ੀ ਫ਼ਕੀਰਾਂ ਦੀ ਬਾਣੀ ਸ਼ਾਮਲ ਕਰਕੇ ਉਸ ਨੂੰ ਸ਼ਬਦ ਗੁਰੂ ਦਾ ਦਰਜਾ ਦਿੱਤਾ। ਇਹ ਧਾਰਮਿਕ ਸਹਿਹੋਂਦ ਦਾ ਅਜਿਹਾ ਸ਼ਬਦ ਮਾਡਲ ਹੈ ਜਿਸ ਦੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ।

ਇਸ ਸ਼ਬਦ ਮਾਡਲ ਦਾ ਧਾਰਨੀ ਹੋਣ ਲਈ ਜੋ ਗੁਰਮਤਿ ਗਾਡੀ ਰਾਹ ਪ੍ਰਸਤੁਤ ਕੀਤਾ ਗਿਆ ਹੈ, ਉਹ, 'ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ' ਹੈ। ਹਰ ਇਨਸਾਨ ਨੂੰ ਆਪਣੇ ਜੀਵਨ ਨਿਰਬਾਹ ਲਈ ਹੱਕ-ਸੱਚ ਦੀ ਕਮਾਈ ਕਰਨ, ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕਣ ਅਤੇ ਨਾਮ ਸਿਮਰਨ ਦਾ ਆਦੇਸ਼ ਕੀਤਾ ਹੈ, 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਜਦੋਂ ਇਸ ਤਰ੍ਹਾਂ ਹੱਕ ਸੱਚ ਦੀ ਕਮਾਈ ਕਰਦਿਆਂ ਮਨੁੱਖ ਪਰਮਾਤਮਾ ਵਾਲੇ ਪਾਸੇ ਲਗਦਾ ਹੈ ਤਾਂ ਉਸ ਨੂੰ ਸਹੀ ਮਾਅਨਿਆਂ ਵਿਚ ਆਤਮਿਕ ਜੀਵਨ ਮਿਲਦਾ ਹੈ। ਇਸ ਨਾਲ ਮਨੁੱਖ ਚਿੰਤਾ ਮੁਕਤ ਹੋ ਕੇ ਸੰਤੁਸ਼ਟ ਜੀਵਨ ਬਤੀਤ ਕਰਦਾ ਹੈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤੁ॥

*(ਚਲਦਾ...)*

**ਜੋ ਬ੍ਰਹਮ ਨੂੰ ਸਮਝਦਾ ਹੈ ਉਹੀ ਅਸਲੀ ਬ੍ਰਾਹਮਣ ਹੁੰਦਾ ਹੈ, 'ਬ੍ਰਹਮੁ ਬਿੰਦੇ ਸੁ ਬ੍ਰਾਹਮਣੁ ਹੋਈ।' ਇਸ ਤਰ੍ਹਾਂ ਦਾ ਅਨੁਭਵੀ ਮਨੁੱਖ ਹੀ ਅਸਲੀ ਧਾਰਮਿਕ ਵਿਅਕਤੀ ਹੁੰਦਾ ਹੈ ਅਤੇ ਫਿਰ ਅਜਿਹੇ ਧਾਰਮਿਕ ਵਿਅਕਤੀ ਨੂੰ ਤਾਂ, "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥" ਦਾ ਅਨੁਭਵ ਹੁੰਦਾ ਹੈ ਕਿਉਂਕਿ ਉਸ ਨੂੰ ਤਾਂ, "ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧੋ ਜੀਆ" ਦੇ ਕਥਨ ਅਨੁਸਾਰ ਹਰ ਪਾਸੇ ਪਰਮਾਤਮਾ ਹੀ ਵਿਆਪਤ ਨਜ਼ਰ ਆਉਂਦਾ ਹੈ।**

## ਸਿਆਣਿਆਂ ਦਾ ਕਿਹਾ

(1) ਗੁਰੂ ਨਾਨਕ ਸਾਹਿਬ ਦਾ ਚਲਾਇਆ ਹੋਇਆ ਪੰਥ ਅੱਜ ਉਥੇ ਹੀ ਖੜਾ ਹੈ ਜਿਥੋਂ ਤੁਰਿਆ ਸੀ। ਮਨਾਂ ਵਿਚ ਜੰਜੂ ਪੈ ਚੁਕੇ ਹਨ ਤਨਾਂ ਨੂੰ ਨਾ ਵੀ ਪੈਣ ਤਾਂ ਕੀ ਫਰਕ ਪੈਂਦਾ ਹੈ।

(2) ਬ੍ਰਾਹਮਣਾਂ ਵਾਂਗ ਹੀ-ਸਿੱਖ ਬਾਣੀ ਨੂੰ ਸਮਝਣ ਦੀ ਨਹੀਂ ਸਿਰਫ ਜਪਣ ਦੀ ਕੋਸ਼ਿਸ਼ ਕਰਦੇ ਹਨ।

(3) 1984 ਦੇ ਸਿੱਖ ਕਤਲੇਆਮ ਵੇਲੇ-ਕੇ ਪੀ ਐਸ ਗਿੱਲ, ਬੇਅੰਤ ਸਿੰਘ, ਅਜੀਤ ਸਿੰਘ ਸੰਧੂ ਉਰਫ ਜੀਤਾ ਖੱਬੂ, ਹਰਕਿਸ਼ਨ ਸਿੰਘ ਸੁਰਜੀਤ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਵਰਗਾ ਕੋਈ ਹੋਰ ਭਾਰਤੀ ਸਿੱਖ ਸਪੂਤ ਵੀ ਭੀੜ ਦੇ ਢਹੇ ਚੜ੍ਹ ਜਾਂਦਾ ਤਾਂ ਮੱਛਰੀ ਹੋਈ ਭੀੜ ਨੇ ਇਨ੍ਹਾਂ ਦਾ ਵੀ ਦੇਸ਼ ਪ੍ਰੇਮ ਸਾੜ ਫੂਕ ਦੇਣਾ ਸੀ।

(4) ਜਿਸ ਕਾਨੂੰਨ ਤਹਿਤ ਅੰਗਰੇਜਾਂ ਨੇ ਸਾਡੇ ਆਜ਼ਾਦੀ ਮੰਗਣ ਵਾਲੇ ਬਜ਼ੁਰਗਾਂ 'ਤੇ ਜ਼ੁਲਮ ਕੀਤਾ ਉਸੇ ਕਾਨੂੰਨ ਤਹਿਤ ਅੱਜ ਭਾਰਤ ਸਰਕਾਰ ਸਾਡੇ 'ਤੇ ਜ਼ੁਲਮ ਕਰ ਰਹੀ ਹੈ। ਕਾਨੂੰਨ ਵੀ ਉਹੀ ਹੈ, ਆਪਾਂ ਵੀ ਉਹੀ ਹਾਂ। ਜਾਲਮ ਵਿਦੇਸੀ ਗਏ-ਦੇਸੀ ਆਏ।

(5) ਅਕਾਲ ਪੁਰਖ ਜਦੋਂ ਮਦਦ 'ਤੇ ਆਵੇ ਤਾਂ ਗੂੰਗਿਆਂ ਨੂੰ ਵੀ ਜ਼ੁਬਾਨ ਬਖਸ਼ ਦਿੰਦਾ ਹੈ।

(6) ਤਕਰੀਬਨ ਸਾਰੀਆਂ ਭਾਰਤੀ ਫਿਲਮਾਂ ਵਿਚ ਮੁਸਲਮਾਨਾਂ ਦੀ ਸਿੱਖਾਂ ਨਾਲ ਲੜਾਈ ਵਿਖਾਈ ਜਾਂਦੀ ਹੈ ਪਰ ਭੰਗਾਣੀ ਦਾ ਯੁੱਧ ਕਦੇ ਨਹੀਂ ਦਿਖਾਉਂਦੇ ਜਿਹਦੇ ਵਿਚ ਨਿਰੋਲ ਹਿੰਦੂ ਪਹਾੜੀ ਰਾਜੇ ਗੁਰੂ ਜੀ ਨਾਲ ਲੜੇ ਅਤੇ ਪੀਰ ਬੁੱਧੂ ਸ਼ਾਹ ਮਦਦ 'ਤੇ ਆਇਆ।

(7) ਭਾਰਤੀ ਸਿਆਸਤਦਾਨ ਸਿੱਖ ਖਾੜਕੂਪੁਣੇ ਦੀਆਂ ਜੜ੍ਹਾਂ ਪਾਕਿਸਤਾਨ 'ਚ ਲੱਭਦੇ ਫਿਰਦੇ ਹਨ ਪਰ ਕਦੇ ਠਾਣੇ ਅਤੇ ਪੁੱਛਗਿੱਛ ਕੇਂਦਰ ਫਰੋਲੇ ਹਨ ਜਿੱਥੇ ਖਾੜਕੂਪੁਣਾ ਜਨਮਦਾ ਹੈ, ਜਿੱਥੇ ਵਹਿਸ਼ੀਪੁਣੇ ਦਾ ਨਰਕ ਹਿੰਸਾ ਦੀ ਭਾਵਨਾ ਭਰਦਾ ਹੈ, ਜਿੱਥੇ ਭਾਰਤ ਨੂੰ ਟੁਕੜੇ ਟੁਕੜੇ ਕਰਨ ਦਾ ਖਿਆਲ ਜਨਮਦਾ ਹੈ

(8) ਮਾੜੇ ਸਿੱਖ ਲੀਡਰਾਂ ਕਾਰਨ ਇਸ ਵਕਤ ਸਿੱਖ ਕੌਮ ਦੀ ਜ਼ਿੰਦਗੀ, ਜੀਵਨ ਅਤੇ ਮੌਤ ਨਾਲ ਹੱਥੋ-ਪਾਈ ਕਰ ਰਹੀ ਹੈ।

(9) ਖਾਲਿਸਤਾਨ ਦੀ ਪ੍ਰਾਪਤੀ ਲਈ ਸ਼ਹੀਦਾਂ ਨੇ ਆਪਣੇ ਦਿਨਾਂ ਦਾ ਚੈਨ ਅਤੇ ਰਾਤਾਂ ਦੀ ਨੀਂਦ ਗਵਾਈ।

(10) ਸਿੱਖ ਲੀਡਰਾਂ ਵੱਲੋਂ ਕੌਮ ਦੇ ਪੱਲੇ ਪੈਣਾ ਚਾਹੀਦਾ ਹੈ ਸੱਚੋ-ਸੱਚ ਪਰ ਕੌਮ ਦੇ ਪੱਲੇ ਪੈ ਰਿਹਾ ਹੈ ਕੱਚੋ-ਕੱਚ।

(11) ਮੇਰੇ ਚਿਹਰੇ 'ਤੇ ਗੁਲਾਮੀ ਦੀ ਥਕਾਨ ਹੈ ਪਰ ਮੇਰੀਆਂ ਪਾਰ ਦਰਸ਼ੀ ਨਜ਼ਰਾਂ ਵਿਚ ਆਜ਼ਾਦੀ ਦੀ ਉਡਾਣ ਹੈ।

(12) ਉਏ ਪ੍ਰਦੇਸੀ ਭਰਾਓ, ਤੁਹਾਨੂੰ ਉਹ ਵਰ੍ਹਿਆਂ ਪੁਰਾਣਾ ਫਾਕਾਕਸ਼ੀ ਦਾ ਜ਼ਮਾਨਾ ਭੁੱਲ ਗਿਆ ਹੈ। ਤੁਹਾਡੇ ਕੁੱਲੇ ਤੇ ਜੁੱਲੇ, ਮਕਾਨਾਂ ਤੇ ਦੁਕਾਨਾਂ, ਘਰ-ਬਾਰ ਤੇ ਕਾਰੋਬਾਰ, ਕੰਮਾਂ ਕਾਰਾਂ ਦੇ ਅੱਡੇ, ਸੱਥਾਂ ਵਿਚ ਖੜੇ ਗੱਡੇ, ਤੇਸੇ ਤੇ ਆਰੀਆਂ, ਹੱਲ ਤੇ ਪੰਜਾਲੀਆਂ, ਬਲਦਾਂ ਦੀਆਂ ਜੋੜੀਆਂ, ਕਿੱਲੇ ਬਝੀਆਂ ਘੋੜੀਆਂ, ਹਿੱਸੇ ਆਉਂਦੇ ਢਾਈ ਸਿਆੜ, ਖੇਤਾਂ ਦੀ ਕੰਡਿਆਲੀ ਵਾੜ, ਆੜਤੀਆਂ ਨੇ ਦਿਨ ਦਿਹਾੜੇ ਨਿਲਾਮ ਕਰਾਏ ਸਨ ਤੇ ਤੁਸੀਂ ਭੁੱਖੇ ਮਰਦਿਆਂ ਨੇ ਜ਼ਹਾਜ ਦਾ ਕਿਰਾਇਆ ਉਧਾਰ ਸੁਧਾਰ ਲੈ ਕੇ, ਪੱਲੇ ਬਾਜਰੇ ਦੀ ਰੋਟੀ ਉਤੇ ਅੰਬ ਦਾ ਅਚਾਰ ਅਤੇ ਦੋਸਤਾਂ ਮਿੱਤਰਾਂ ਦੇ ਤਨ ਦੇ ਅਧੋਰਾਣੇ ਉਤਾਰ ਲੈ ਕੇ ਪ੍ਰਦੇਸਾਂ ਵੱਲ ਨੂੰ ਚਾਲੇ ਪਾਏ ਸਨ, ਅੱਜ ਕਿਉਂ ਤੁਸੀਂ ਪੰਜਾਬ ਦੇ ਦੁੱਖ ਮਨੋ ਭੁਲਾਏ ਹਨ?

(13) ਪ੍ਰਦੇਸਾਂ ਦੀ ਅਮੀਰੀ ਨੇ ਤੁਹਾਡੇ ਦਾਗਦਾਰ ਚਿਹਰਿਆਂ ਤੋਂ ਗੁਰਬਤ ਅਤੇ ਫਕੀਰੀ ਦੇ ਦਾਗ ਮਿਟਾਏ ਹਨ ਪਰ ਤੁਸੀਂ ਸਿੱਖ ਸੰਘਰਸ਼ ਨੂੰ ਦਾਗ ਲਾਏ ਹਨ।

(14) ਸੁੱਖ ਦੀ ਨੀਂਦਰ ਪੰਜਾਬ ਦੀਆਂ ਅੱਖੀਆਂ ਤੋਂ ਦੂਰ ਹੈ, ਪੰਜਾਬ ਦਾ ਬਦਨ ਥਕਾਨ ਅਤੇ ਉਦਰੇਵੇਂ ਨਾਲ ਚਕਨਾਚੂਰ ਹੈ।

(15) ਸਾਨੂੰ ਉਨ੍ਹਾਂ ਤਨ ਮਨ ਧਨ ਨਿਛਾਵਰ ਕਰ ਦੇਣ ਵਾਲੇ ਪਿਆਰਿਆਂ ਸਚਿਆਰਿਆਂ ਨੂੰ ਵੀ ਨਹੀਂ ਭੁੱਲ ਜਾਣਾ ਚਾਹੀਦਾ ਜਿਨ੍ਹਾਂ ਨੇ ਘੋਰ ਸੰਕਟਮਈ ਸਮੇਂ ਸਿੱਖ ਸੰਘਰਸ਼ ਦੀ ਦਿਲੋਂ ਜਾਨ ਨਾਲ ਇਮਦਾਦ ਕੀਤੀ ਹੈ।

(16) ਸਿੱਖ ਕੌਮ ਨੇ ਜਿੰਨੀਆਂ ਮੱਲਾਂ ਮਾਰੀਆਂ ਹਨ ਉਸ ਤੋਂ ਵੱਧ ਧੋਖੇ ਖਾਧੇ ਹਨ।

(17) ਜਿੱਥੇ ਸਿੱਖ ਕੌਮ ਨੇ ਯੋਧੇ ਪੈਦਾ ਕੀਤੇ ਹਨ ਉਥੇ ਗੱਦਾਰ ਵੀ ਬਹੁਤ ਪੈਦਾ ਹੋਏ ਹਨ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਚਲੋ ਇੱਲਾਂ ਤਾਂ ਗਈਆਂ ਪਰ...

**ਬੰਦਾ ਮਰਦਾ ਉਦੋਂ ਹੈ ਜਦੋਂ ਜ਼ਮੀਰ ਮਰ ਜਾਂਦੀ ਹੈ। ਹਾਰ ਉਦੋਂ ਝੱਲਣੀ ਔਖੀ ਹੁੰਦੀ ਹੈ ਜਦੋਂ ਮੁਕੱਦਰ ਸਾਥ ਨਾ ਦੇਣ ਅਤੇ ਤਕਦੀਰ ਹੱਥ ਖੜ੍ਹੇ ਕਰ ਜਾਵੇ। ਜਿਹੜੇ ਬਿਨਾਂ ਕੰਮ ਤੋਂ ਰੁੱਝੇ ਹੋਣ ਦਾ ਪਾਖੰਡ ਕਰਦੇ ਨੇ, ਉਨ੍ਹਾਂ ਨੂੰ ਵਕਤ ਦੇ ਥਪੇੜਿਆਂ ਨੇ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਕਰਨਾ ਹੁੰਦਾ ਹੈ। ਹਾਲੇ ਤਕ ਪਜਾਮੇ ਦੀ ਹੀ ਨਿੱਕਰ ਬਣੀ ਹੈ; ਕਿਸੇ ਤੋਂ ਵੀ ਕਛਹਿਰੇ ਤੋਂ ਪਜਾਮਾ ਬਣਾਉਣ ਦਾ ਯਤਨ ਸਫ਼ਲ ਨਹੀਂ ਹੋਇਆ। ਇਕ ਪ੍ਰੇਮੀ ਨੇ ਇਕ ਵਿਦਵਾਨ ਨੂੰ ਪੁੱਛਿਆ, ਮੈਂ ਆਪਣੀ ਪ੍ਰੇਮਿਕਾ ਨੂੰ ਤੋਹਫ਼ਾ ਕੀ ਦਿਆਂ; ਤਾਂ ਉਹਨੇ ਜਵਾਬ ਦਿੱਤਾ, 'ਜੀਹਦੇ ਨਾਲ ਤੂੰ ਉਹਨੂੰ ਸਾਰੀ ਉਮਰ ਲਈ ਆਪਣੀ ਬਣਾ ਸਕੇਂ।' ਇਸ ਦੁਨੀਆਂ ਵਿਚ ਫ਼ਿਕਰ, ਚਿੰਤਾਵਾਂ ਤੇ ਬੀਮਾਰੀਆਂ ਤੋਂ ਮੁਕਤ ਕੌਣ ਨੇ? ਤਾਂ ਉਤਰ ਹੋਵੇਗਾ, ਇਹ ਸਾਰੀਆਂ ਲੱਗੀਆਂ ਹੀ ਮਨੁੱਖ ਨੂੰ ਹਨ। ਮਨੁੱਖ ਤੋਂ ਸਿਵਾਏ ਦੁਨੀਆਂ ਦਾ ਹਰ ਜੀਵ ਆਨੰਦਮਈ ਅਵਸਥਾ ਵਿਚ ਹੈ ਤੇ ਕਿਤੇ ਪ੍ਰੇਸ਼ਾਨ ਹੋਇਆ ਹੈ ਤਾਂ ਮਨੁੱਖ ਦੇ ਧੱਕੇ ਤੇ ਸ਼ੈਤਾਨੀਆਂ ਕਰਕੇ। ਜਿਹੜੇ ਪਤੀ-ਪਤਨੀ ਸਾਰੀ ਉਮਰ ਮਾਂ-ਪਿਉ ਨਹੀਂ ਬਣ ਸਕੇ, ਉਨ੍ਹਾਂ ਦੀ ਨਬਜ਼ ਤਾਂ ਚੱਲਦੀ ਰਹੀ ਪਰ ਸਾਹ ਨ੍ਹੀਂ ਆਇਆ। ਜੇ ਮਰਦਾਨਾ ਤਾਕਤ ਵੰਡਣ ਵਾਲੇ ਡਾਕਟਰਾਂ ਦੀ ਗਿਣਤੀ ਵਧੀ ਹੈ ਤਾਂ ਯਕੀਨਨ ਮਨੁੱਖ ਦੇ ਮਰਦ ਨਾ ਹੋਣ ਦੀਆਂ ਗੱਲਾਂ ਸੱਚੀਆਂ ਹਨ; ਪਰ ਜਿਹੜੇ ਮਰਦ ਨਹੀਂ ਰਹੇ, ਉਨ੍ਹਾਂ ਨੂੰ ਸਮਾਜ ਠੇਡੇ ਨਹੀਂ, ਧੱਕੇ ਮਾਰ-ਮਾਰ ਜ਼ਖ਼ਮੀ ਕਰਦਾ ਆਇਆ ਹੈ। ਪਤਨੀ ਦੀਆਂ ਨਜ਼ਰਾਂ ਵਿਚ ਪਤੀ ਦਾ ਸਤਿਕਾਰ ਉਹਦੇ ਮਰਦ ਹੋਣ ਦੀ ਨਿਸ਼ਾਨੀ ਹੇਠ ਹੀ ਛੁਪਿਆ ਹੋਇਆ ਹੈ, ਵਰਨਾ ਉਹਨੂੰ ਵਿਧਵਾ ਹੋਣ ਦਾ ਵੀ ਝੋਰਾ ਨਹੀਂ ਹੋਵੇਗਾ। ਕਈ ਬੰਦੇ ਆਪ ਭ੍ਰਿਸ਼ਟ ਨਹੀਂ ਹੁੰਦੇ ਪਰ ਉਹ ਦੂਜਿਆਂ ਨੂੰ ਭ੍ਰਿਸ਼ਟ ਕਰਨ ਦਾ ਸਬੱਬ ਜ਼ਰੂਰ ਬਣਦੇ ਹਨ। ਸੁੱਕ ਕੇ ਭਾਂਬੜ ਵਾਂਗ ਮਚਣ ਦਾ ਯਤਨ ਕਰੋ, ਗਿੱਲੀਆਂ ਲੱਕੜਾਂ ਵਿਚੋਂ ਸਿਰਫ਼ ਧੂੰਆਂ ਹੀ ਨਿਕਲਦਾ ਹੈ। ਕਿਸੇ ਨੇ ਠੱਗੀ ਮਾਰੀ ਹੋਵੇ, ਕੋਈ ਲੁੱਟਿਆ ਗਿਆ ਹੋਵੇ ਤਾਂ ਆਮ ਕਹਿ ਦਿੰਨੇ ਆਂ, 'ਇਹਦੇ ਮੋਟਾ ਟੀਕਾ ਲੱਗੇ' ਪਰ ਜਿਹੜਾ ਟੀਕਾ ਤੁਹਾਡੇ ਲੱਗਾ ਹੋਇਐ, ਲੱਗ ਰਿਹੈ, ਉਹਦੀ ਸੂਈ ਬਾਹਰ ਹੈ ਅਤੇ ਦਵਾਈ ਅੰਦਰ ਚਲੇ ਗਈ ਹੈ। ਵਿਚਾਰ ਕੇ ਵੇਖੋ, ਗੱਲ ਠੀਕ ਨ੍ਹੀਂ ਲੱਗਦੀ...**

ਪੰਛੀ ਆਸਮਾਨ ਵਿਚ ਉਡਦੇ ਹਨ ਪਰ ਰਹਿੰਦੇ ਦਰਖ਼ਤਾਂ 'ਤੇ ਹਨ। ਆਪਣੇ ਆਪ ਨੂੰ ਵਿਕਸਤ ਹੋਣ ਦੇ ਭਰਮ ਵਿਚ ਮਨੁੱਖ ਜਦੋਂ ਦਾ ਅੰਬਰੀ ਉਡਾਰੀਆਂ ਮਾਰਨ ਦੀ ਗੱਲ ਕਰ ਰਿਹਾ ਹੈ, ਧਰਤੀ ਨਾਲੋਂ ਲਗਾਤਾਰ ਟੁੱਟਦਾ ਜਾ ਰਿਹਾ ਹੈ। ਇਸੇ ਲਈ ਮੋਹ ਘਟਦਾ ਜਾ ਰਿਹਾ ਹੈ, ਈਰਖਾ ਵਧ ਰਹੀ ਹੈ ਅਤੇ ਪਿਆਰ ਮੁੱਕ ਰਿਹਾ ਹੈ। ਵਿਰੋਧ ਉਬਾਲੇ ਮਾਰ ਰਿਹਾ ਹੈ, ਨਿਜੀ ਸਵਾਰਥ ਲਈ ਚਾਲਾਕੀਆਂ ਵਧ ਗਈਆਂ ਹਨ। ਜਿਸ ਵਿਗਿਆਨ ਦੀ ਤਰੱਕੀ ਨੂੰ ਵੇਖ ਕੇ ਕੱਛਾਂ ਵਜਾ ਰਹੇ ਹਾਂ, ਉਸ ਵਿਗਿਆਨ ਨੇ ਤਬਾਹ ਵੀ ਬੜਾ ਕੁਝ ਕਰ ਦਿੱਤਾ ਹੈ। ਬੀਮਾਰੀਆਂ ਵਧਦੀਆਂ ਹੀ ਜਾ ਰਹੀਆਂ ਹਨ, ਨਵੀਆਂ ਆ ਰਹੀਆਂ ਹਨ। ਚਿੰਤਾਵਾਂ ਘਟੀਆਂ ਨਹੀਂ ਅਤੇ ਤਣਾਓ ਵਿਚ ਹਰ ਮਨੁੱਖ ਡੁੱਬਿਆ ਪਿਆ ਹੈ। ਪੈਸਾ ਹਰ ਯੁੱਗ ਵਿਚ ਪ੍ਰਧਾਨ ਰਿਹਾ ਹੈ ਪਰ ਜਦੋਂ ਦਾ ਇਹ ਚੇਅਰਮੈਨ ਬਣ ਗਿਆ ਹੈ, ਆਪਣੇ-ਪਰਾਏ ਤੇ ਰਿਸ਼ਤੇ-ਨਾਤਿਆਂ ਦੀਆਂ ਪਸਲੀਆਂ ਭੰਨ ਸੁੱਟੀਆਂ ਹਨ। ਸੁੱਤੀ ਪਈ ਕਿਸਮਤ ਨੂੰ ਜਗਾਉਣ ਲਈ ਆਲ-ਪਤਾਲ ਹੱਥ ਮਾਰੇ ਜਾ ਰਹੇ ਹਨ। ਸੱਚ ਇਹ ਹੈ ਕਿ ਅਸੀਂ ਜ਼ਿੰਦਗੀ ਨੂੰ ਲੰਮਾ ਕਰਨ ਵਿਚ ਰੁੱਝੇ ਪਏ ਹਾਂ ਪਰ ਜਿਉਣ ਦਾ ਸਾਨੂੰ ਇਕ ਦਿਨ ਵੀ ਮੌਕਾ ਨਹੀਂ ਮਿਲਦਾ। ਮਨੁੱਖ ਰੱਬ ਤੋਂ ਮੁੱਢ-ਕਦੀਮ ਤੋਂ ਭੁੱਖਿਆਂ ਵਾਂਗ ਮੰਗਦਾ ਹੀ ਆਇਆ ਹੈ ਪਰ ਉਸ ਨੇ ਆਮ ਕੁਦਰਤ ਜਾਂ ਰੱਬ ਨਾਲ ਜਿਸ ਤਰ੍ਹਾਂ ਦੀ ਧੱਕਾ-ਮੁੱਕੀ ਕੀਤੀ ਹੈ, ਉਹਦਾ ਹਰਜਾਨਾ ਕਿੰਨਾ ਭਰਨਾ ਪਵੇਗਾ, ਇਹ ਗੱਲ ਚੇਤੇ ਵਿਚੋਂ ਵਿਸਾਰ ਦਿੱਤੀ ਹੈ। ਹਾਲਾਤ ਦਾ ਤਕਾਜ਼ਾ ਇਹ ਹੈ ਕਿ ਰਾਂਝਾ ਸੱਸੀ ਨੂੰ ਲੱਭਣ ਨਿਕਲਿਆ ਹੋਇਐ ਤੇ ਮਿਰਜ਼ਾ ਲੈਲਾ ਨੂੰ ਭਾਲ ਰਿਹੈ!

ਇਹ ਫ਼ਾਰਮੂਲਾ ਜਾਂ ਸਿਧਾਂਤ ਹੁਣ ਸ਼ਾਇਦ ਕਿਸੇ 'ਤੇ ਹੀ ਲਾਗੂ ਹੁੰਦਾ ਹੋਵੇ ਕਿ 'ਜਿੰਨੀ ਬੀਤੀ ਚੰਗੀ ਬੀਤੀ' ਕਿਉਂਕਿ ਜਿਸ ਪ੍ਰਦੂਸ਼ਤ ਆਬੋ-ਹਵਾ ਵਿਚ ਅਸੀਂ ਸਾਹ ਲੈ ਰਹੇ ਹਾਂ, ਉਹਦੇ ਵਿਚ ਚੰਗੀ ਬੀਤਣ ਦੇ ਆਸਾਰ ਬਚੇ ਹੀ ਕਿੱਥੇ ਹਨ? ਮਾਨਵ ਜਾਤੀ ਵਰਤਮਾਨ ਯੁੱਗ ਨੂੰ 'ਕਲਯੁੱਗ' ਕਹਿ ਕੇ ਮਨ ਨੂੰ ਸਮਝਾ ਰਹੀ ਹੈ ਕਿ ਹਾਲੇ ਬਹੁਤ ਕੁਝ ਮਾੜਾ ਵਾਪਰਨ ਦੇ ਸੰਸੇ ਹਨ। ਸਾਡੇ ਪਿੰਡ ਦਾ ਇਕ ਬਜ਼ੁਰਗ ਹਾਲ ਹੀ ਵਿਚ ਇਕ ਸੌ ਚਾਰ ਵਰ੍ਹਿਆਂ ਦੀ ਉਮਰ ਭੋਗ ਕੇ ਪੂਰਾ ਹੋਇਆ ਹੈ। ਪਿਛਲੀ ਸਾਰੀ ਸਦੀ ਦਾ ਉਸ ਨੇ ਸਵਾਦ ਵੇਖਿਆ ਹੈ। ਮੈਂ ਉਸ ਬਜ਼ੁਰਗ ਦੀ ਬਹੁਤ ਸੰਗਤ ਕੀਤੀ ਹੈ। ਸੰਨ 1979 ਵਿਚ ਜਦੋਂ ਮੈਂ ਕਾਲਜ ਪੜ੍ਹਨ ਲੱਗਾ, ਉਹ ਬੋਹੜ ਹੇਠ ਬੈਠ ਕੇ 'ਜ਼ਿੰਦਗੀ ਬਿਲਾਸ' ਪੜ੍ਹ ਕੇ ਸੁਣਾਉਂਦਿਆਂ ਕਲਯੁੱਗ ਦੀਆਂ ਗੱਲਾਂ ਵੀ ਕਰਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਪੁੱਛਿਆ ਕਿ ਕਲਯੁੱਗ ਦੀ ਕਿਆ ਸਥਿਤੀ ਹੈ ਤਾਂ ਉਹਦਾ ਜਵਾਬ ਹੁੰਦਾ ਸੀ 'ਹਾਲੇ ਛਿਲੇ ਵਿਚ ਹੈ।' ਯਾਨੀ ਕਿ ਸਵਾ ਮਹੀਨੇ ਤੋਂ ਵੀ ਘੱਟ। ਉਦੋਂ ਸਾਰੇ ਇਲਾਕੇ ਵਿਚ ਇਕ ਪਿੰਡ ਦਾ ਮੁੰਡਾ ਚਾਚੇ ਦੀ ਕੁੜੀ ਉਧਾਲ ਕੇ ਲੈ ਗਿਆ ਸੀ ਅਤੇ ਪਿਉ ਨੇ ਜ਼ਮੀਨੀ ਲਾਲਚ ਵਿਚ ਪੁੱਤਰ ਵੱਢ ਸੁੱਟਿਆ ਸੀ। ਮੇਰਾ ਅਗਲਾ ਸਵਾਲ ਸੀ, 'ਕਲਯੁੱਗ ਦੀ ਸਿਖ਼ਰ ਕੀ ਹੋਵੇਗੀ?' ਫਿਰ ਉਹ ਆਖਦਾ ਹੁੰਦਾ ਸੀ, 'ਜਦੋਂ ਤੇਰਾਂ ਸਾਲਾਂ ਦੀ ਬੱਚੀ ਦੀ ਗੋਦ ਵਿਚ ਬੱਚਾ ਖੇਡਣ ਲੱਗ ਪਵੇਗਾ।' ਨਵੀਂ ਸਦੀ ਦੇ ਚੜ੍ਹਨ ਵਾਲੇ ਮਹੀਨੇ ਵਿਚ ਜਦੋਂ ਉਸ ਬਜ਼ੁਰਗ ਨੂੰ ਇਹ ਖ਼ਬਰ ਅਖ਼ਬਾਰ ਵਿਚੋਂ ਪੜ੍ਹ ਕੇ ਸੁਣਾਈ ਕਿ ਬਾਰਾਂ ਸਾਲਾਂ ਦੀ ਕੁੜੀ ਦੇ ਬੱਚਾ ਹੋ ਗਿਆ ਹੈ ਤੇ ਨਾਲ ਪੁੱਛਿਆ, 'ਹੁਣ ਕਲਯੁੱਗ ਦੀ ਉਮਰ ਕਿੰਨੀ ਹੋ ਗਈ?' ਤੇ ਜਦੋਂ ਉਹਨੇ ਕਿਹਾ, 'ਹਾਲੇ ਤਾਂ ਰੁੜ੍ਹਨ ਵੀ ਨਹੀਂ ਲੱਗਾ।' ਤੇ ਬਜ਼ੁਰਗ ਦੇ ਕਹਿਣ ਵਾਂਗ ਜੇ ਕਲਯੁੱਗ ਹਾਲੇ ਸੱਚੀਂ ਨਿਆਣਾ ਹੀ ਹੈ ਤੇ ਧਰਤੀ 'ਤੇ ਪਾਪ ਦੀ ਹਨ੍ਹੇਰੀ ਵਗਣ ਲੱਗ ਪਈ ਹੈ, ਫਿਰ ਜਦੋਂ ਜਵਾਨ ਤੇ ਬੁੱਢਾ ਹੋਇਆ ਤਾਂ ਕੀ ਬਣੇਗਾ? ਤੇ ਨਾਲ ਹੀ ਇਹ ਵੀ ਖ਼ਿਆਲ ਆਇਆ ਕਿ ਜੇ ਭਾਰਤ ਜਾਂ ਪਾਕਿਸਤਾਨ ਨੇ ਪ੍ਰਮਾਣੂ ਬੰਬ ਚਲਾਏ ਤਾਂ ਫਿਰ ਕਲਯੁੱਗ ਵੀ ਛੇਤੀ ਅਕਾਲ ਚਲਾਣਾ ਕਰ ਜੂ। ਖ਼ੈਰ! ਬੱਚੀਆਂ ਦੇ ਬੱਚੇ ਹੋਣ ਦੀ ਅਨੋਖੀ ਗੱਲ ਅਗਲੀਆਂ ਘਟਨਾਵਾਂ ਤੋਂ ਪਤਾ ਲੱਗ ਜਾਵੇਗੀ ਕਿ ਇਹ ਹਾਲਾਤ ਦੀ ਦੇਣ ਨਹੀਂ, ਵਿਗਿਆਨ ਦੀ ਤਰੱਕੀ ਦਾ ਕਾਰਾ ਹੈ।

ਇਕ ਮਿੱਤਰ ਨੇ ਪਿੱਛੇ ਜਿਹੇ ਸਵਾਲ ਕੀਤਾ ਕਿ 'ਭਲਾ ਪੰਜਾਬ ਵਿਚੋਂ ਇੱਲਾਂ ਕਿੱਥੇ ਗਈਆਂ?' ਮੈਂ ਖਿੱਝ ਕੇ ਕਿਹਾ, 'ਮਰ ਗਈਆਂ, ਮੁੱਕ ਗਈਆਂ ਇੱਲਾਂ ਦਾ ਝੋਰਾ ਛੱਡ ਮਿੱਤਰਾ ਜੋ ਹੋਰ ਬਹੁਤ ਕੁਝ ਜਾਣ ਵਾਲਾ ਹੈ, ਉਹਦੀ ਚਿੰਤਾ ਕਰੋ।' ਤੇ ਉਹਨੇ ਬੜੀ ਉਤਸੁਕਤਾ ਨਾਲ ਕਿਹਾ, 'ਮੈਂ ਤਾਂ ਇੱਲਾਂ ਬਾਰੇ ਸਾਧਾਰਨ ਸਵਾਲ ਕੀਤੈ, ਤੂੰ ਹੋਰ ਬਾਰੇ ਤਾਂ ਦੱਸ?' ਘਟਨਾਵਾਂ ਤੁਹਾਡੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਪਰ ਰਾਜਨੀਤਕ ਤੰਤਰ ਨੇ ਆਮ ਲੋਕਾਂ ਨੂੰ ਅਜਿਹਾ 'ਹਿਪਨੋਟਾਈਜ਼ ਕੀਤਾ ਹੋਇਐ ਕਿ ਬੰਦਾ ਉਲੂ ਨੂੰ ਕਾਂ ਕਹਿਣ ਦੀ ਗੁਸਤਾਖ਼ੀ ਕਰੀ ਜਾ ਰਿਹੈ। ਖ਼ੈਰ! ਉਸ ਮਿੱਤਰ ਦੇ ਪਹਿਲੇ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਾਂ ਤੇ ਹੋਰ ਕੀ ਹੋਣ ਵਾਲੈ, ਇਹਦੇ ਬਾਰੇ ਇਸ ਤੋਂ ਪਿੱਛੋਂ।

ਪਸ਼ੂਆਂ ਦੇ ਸ਼ਮਸ਼ਾਨਘਾਟ ਨੂੰ ਹੱਡਾ-ਰੋੜੀ ਆਖਦੇ ਹਨ ਤੇ ਇੱਲਾਂ ਦੇ ਦਰਸ਼ਨ ਵਧੇਰੇ ਕਰਕੇ ਇਥੇ ਹੀ ਹੋਇਆ ਕਰਦੇ ਸਨ। ਹੱਡਾ-ਰੋੜੀਆਂ ਤਾਂ ਹਾਲੇ ਹੈਗੀਆਂ ਪਰ ਇੱਲਾਂ ਦੀ ਹੋਂਦ ਮੁੱਕ ਗਈ ਹੈ। ਕਿਉਂ? ਸ਼ਾਇਦ ਇਸ ਕਿਉਂ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਹੋਵੇਗਾ। ਪਹਿਲਾਂ-ਪਹਿਲ ਜਦੋਂ ਮੱਝਾਂ-ਗਾਵਾਂ ਦੇ ਕੱਟੂ-ਵੱਛੂ ਮਰ ਜਾਂਦੇ ਸਨ ਜਾਂ ਊਂ ਕਈ ਵਾਰ ਭੁੱਖਣ-ਭਾਣਾ ਜਾਂ ਕੌੜ ਪਸ਼ੂ ਦੁੱਧ ਦੇਣ ਤੋਂ ਭੰਨ-ਤੜੱਕੇ ਕਰਨ ਲੱਗ ਪੈਂਦਾ ਸੀ ਤਾਂ ਆਟੇ ਦੇ ਪੇੜੇ ਨਾਲ ਜਾਂ ਹਰਾ ਚਾਰਾ ਵਧ ਪਾ ਕੇ, ਚਾਰੇ 'ਤੇ ਆਟਾ ਪਾ ਕੇ ਪਸ਼ੂ ਨੂੰ ਵਰਾ ਲਿਆ ਜਾਂਦਾ ਸੀ ਪਰ ਵਿਗਿਆਨ ਨੇ ਜਦੋਂ ਇਸ ਸਮੱਸਿਆ ਦਾ ਹੱਲ ਕੀਤਾ ਤਾਂ ਇਹ ਵਿਚਾਰੀਆਂ ਇੱਲਾਂ ਦੀ ਹੋਂਦ ਹੀ ਖ਼ਤਮ ਕਰ ਗਿਆ ਹੈ। ਇਹ ਹੱਲ ਸੀ ਟੀਕੇ ਦੇ ਰੂਪ ਵਿਚ ਜਿਸ ਨੂੰ ਨਾਂ ਦਿੱਤਾ ਗਿਆ ਔਕਸੀਟੋਸਿਨ। ਪਹਿਲੇ ਝੱਬੇ ਤਾਂ ਬੰਦਾ ਸੋਚਦੈ ਕਿ ਟੀਕੇ ਦਾ ਸਬੰਧ ਇੱਲਾਂ ਨਾਲ ਕੀ? ਇਹ ਦੁੱਧ ਉਤਾਰਨ ਵਾਲਾ ਟੀਕਾ ਹੈ।

ਤੇ ਜਦੋਂ ਦੀ ਪੰਜਾਬ ਦੀ ਚਿੱਟੀ ਕ੍ਰਾਂਤੀ ਗੁੱਜਰਾਂ ਦੇ ਹੱਥਾਂ ਵਿਚ ਚਲੇ ਗਈ ਹੈ, ਇਸ ਟੀਕੇ ਦੀ ਵਰਤੋਂ ਆਮ ਗੱਲ ਹੋ ਗਈ ਹੈ। ਜਦੋਂ ਇਹ ਟੀਕਾ ਮੱਝ ਜਾਂ ਗਾਂ ਦੇ ਲੱਗਦਾ ਹੈ ਤਾਂ ਉਨ੍ਹਾਂ ਦੇ ਹਾਰਮੋਨਜ਼ ਇੰਨੇ ਵਧ ਜਾਂਦੇ ਨੇ ਕਿ ਕੌੜ ਪਸ਼ੂ ਵੀ ਥਣਾਂ 'ਤੇ ਫਿਰਦੇ ਹੱਥਾਂ ਨਾਲ ਆਨੰਦਮਈ ਤੇ ਇਸ਼ਕਈ ਲੁਤਫ਼ ਵਿਚ ਇਕ ਤਰ੍ਹਾਂ ਨਾਲ ਮਸਤ ਹੋ ਜਾਂਦਾ ਹੈ। ਤੇ ਮੱਝਾਂ-ਗਾਵਾਂ ਦੇ ਹਾਰਮੋਨਜ਼ ਇਸ ਟੀਕੇ ਨਾਲ ਇੰਨੇ ਵਧ ਗਏ ਕਿ ਜਦੋਂ ਉਹ ਮਰ ਕੇ ਹੱਡਾ-ਰੋੜੀ ਗਈਆਂ ਤਾਂ ਉਨ੍ਹਾਂ ਦਾ ਮਾਸ ਤਾਂ ਵਿਚਾਰੀਆਂ ਇੱਲਾਂ ਨੇ ਹੀ ਖਾਣਾ ਸੀ! ਤੇ ਨਤੀਜਾ ਇਹ ਨਿਕਲਿਆ ਕਿ ਮਾਦਾ ਇੱਲਾਂ ਤਾਂ ਇਹ ਮਾਸ ਖਾ ਕੇ ਹੋਰ ਤਕੜੀਆਂ ਹੋ ਗਈਆਂ ਤੇ ਨਰ ਇੱਲ ਨੂੰ ਮੇਲ ਦੀ ਥਾਂ ਫ਼ੀਮੇਲ ਹਾਰਮੋਨਜ਼ ਮਿਲਦੇ ਗਏ। ਤੇ ਭਾਣਾ ਇਹ ਵਰਤਿਆ ਕਿ ਨਰ ਇੱਲ ਫਿਰ ਇਨ੍ਹਾਂ ਹਾਰਮੋਨਜ਼ ਕਰਕੇ ਨਿਪੁੰਸਕ ਹੁੰਦੇ ਗਏ। ਫਿਰ ਭੋਲੀਆਂ ਇੱਲਾਂ ਨੇ ਬੱਚੇ ਕਿੱਥੋਂ ਦੇਣੇ ਸਨ। ਹੌਲੀ-ਹੌਲੀ ਜਿੰਨੀਆਂ ਕੁ ਇੱਲਾਂ ਸਨ, ਉਹ ਖ਼ਤਮ ਹੀ ਹੋ ਗਈਆਂ ਨੇ ਜਾਂ ਫਿਰ ਅਫ਼ਗਾਨਿਸਤਾਨ ਜਾਂ ਚੀਨ ਚਲੇ ਗਈਆਂ ਹਨ।

ਇਸ ਗੱਲ ਨੂੰ ਆਪਾਂ ਸਾਧਾਰਨ ਜਿਹੀ ਘਟਨਾ ਮੰਨ ਕੇ ਸੋਚਾਂਗੇ ਕਿ ਚਲੋ ਇੱਲਾਂ ਨਹੀਂ ਵੀ ਰਹੀਆਂ ਤਾਂ ਕਿਹੜਾ ਕਿਲਾ ਢਹਿ ਗਿਆ? ਪਰ ਇਸ ਟੀਕੇ ਨਾਲ ਜਿਹੜਾ ਕਿਲਾ ਅੱਗੇ ਢਹਿਣ ਵਾਲਾ ਹੈ, ਉਹ ਹਰ ਇਕ ਨੂੰ ਹੈਰਾਨ ਕਰ ਦੇਵੇਗਾ। ਸੜਕ 'ਤੇ ਜਿਹੜਾ ਵੀ ਮਰਿਆ ਹੈ, ਆਪ ਨਹੀਂ ਮੋਟਰਾਂ-ਗੱਡੀਆਂ ਨੇ ਮਾਰਿਆ ਹੈ ਜਿਸ ਨੂੰ ਅਸੀਂ ਦੁਰਘਟਨਾ ਆਖਦੇ ਹਾਂ ਪਰ ਇੱਲਾਂ ਦੀ ਘਟਨਾ ਤੋਂ ਬਾਅਦ ਜਿਹੜੀ ਦੁਰਘਟਨਾ ਆਪਣੇ ਨਾਲ ਹੋ ਰਹੀ ਹੈ, ਹਾਲੇ ਹੋਰ ਤੇਜ਼ੀ ਨਾਲ ਹੋਵੇਗੀ। ਧਿਆਨ ਨਾਲ ਦੇਖੋ ਤਾਂ ਯਕੀਨ ਆ ਜਾਵੇਗਾ ਕਿ ਅੱਖਾਂ ਤੋਂ ਵੱਡਾ ਕੋਈ ਕੈਮਰਾ ਨਹੀਂ ਹੁੰਦਾ।

ਪੰਜਾਬ ਜੀਹਨੂੰ ਹੁਣ ਆਪਣਾ ਘੱਟ, ਬਾਦਲ ਜਾਂ ਅਮਰਿੰਦਰ ਦਾ ਵੱਧ ਕਹਿਣ ਨੂੰ ਜੀਅ ਕਰਦੈ; ਉਥੇ ਮਿਲਣ ਵਾਲਾ ਵਧੇਰੇ ਦੁੱਧ ਟੀਕਿਆਂ ਨਾਲ ਚੋਇਆ ਜਾਂਦਾ ਹੈ। ਗੱਲ ਇਥੇ ਮੁੱਕ ਜਾਂਦੀ ਤਾਂ ਸ਼ਾਇਦ ਕੁਝ ਬਚਿਆ ਰਹਿੰਦਾ, ਗੱਲ ਤਾਂ ਬੁਰੇ ਦੇ ਘਰ ਤਕ ਅੱਪੜ ਗਈ ਹੈ। ਜਿਹੜੀਆਂ ਸਬਜ਼ੀਆਂ ਖਾਣ ਨੂੰ ਨਸੀਬ ਹੋ ਰਹੀਆਂ ਨੇ, ਉਨ੍ਹਾਂ ਵਿਚ ਵੀ ਇਸੇ ਐਕਸੀਟੋਸਿਨ ਟੀਕੇ ਦਾ ਜ਼ਹਿਰ ਹੈ। ਬੈਂਗਣਾਂ ਦੇ ਬੂਟੇ ਵਿਚ ਆਥਣੇ ਜਦੋਂ ਜ਼ਿਮੀਂਦਾਰ ਇਹ ਟੀਕਾ ਲਗਾਉਂਦਾ ਹੈ ਤਾਂ ਇਹ ਬੈਂਗਣ ਸਵੇਰ ਨੂੰ ਖ਼ਰਬੂਜ਼ੇ ਵਰਗੇ ਹੁੰਦੇ ਹਨ। ਇਵੇਂ ਹੀ ਹੋਰ ਸਬਜ਼ੀਆਂ/ਉਤਪਾਦਨਾਂ ਵਿਚ ਵੀ ਅਤੇ ਹਰ ਖਾਣੇ ਵਿਚ ਵਰਤਿਆ ਜਾਣ ਵਾਲਾ ਟਮਾਟਰ ਵੀ ਇਸੇ ਦੀ ਮਾਰ ਹੇਠ ਹੈ। ਨਕਲੀ ਜਾਂ ਅਸਲੀ ਸ਼ਰਾਬ ਦੀ ਮਿਕਦਾਰ ਵਧਾਉਣ ਲਈ ਵੀ ਇਸੇ ਟੀਕੇ ਦੀ ਵਰਤੋਂ ਕੀਤੀ ਜਾ ਰਹੀ ਹੈ।

ਜੇ ਸਭਿਆਚਾਰ ਅਤੇ ਵਿਰਾਸਤ ਦੀਆਂ ਦੁਹਾਈਆਂ ਦੇਣ ਵਾਲੇ ਪੰਜਾਬ ਵਿਚੋਂ ਸਮਲਿੰਗੀਆਂ ਦੇ ਵਿਆਹ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ; ਜੇ ਨਿਆਣੀ ਉਮਰੇ ਬਾਲੜੀਆਂ ਦੇ ਕੁਰਾਹੇ ਪੈਣ ਦੀ ਗੱਲ ਹੋ ਰਹੀ ਹੈ; ਜੇ ਖੇਡਣ-ਮੱਲ੍ਹਣ ਦੀ ਉਮਰੇ ਬੱਚੀ, ਬੱਚੇ ਪੈਦਾ ਕਰਨ ਲੱਗ ਪਈ ਹੈ ਜਾਂ ਪੰਜਾਬ ਵਿਚ ਮੁੰਡਿਆਂ ਨਾਲੋਂ ਕੁੜੀਆਂ ਜੰਮਣ ਦੀ ਦਰ ਵੱਧ ਹੈ ਅਤੇ ਜੇ ਗੱਭਰੂਆਂ ਦੇ ਚਿਹਰੇ ਝੁਲਸੇ ਹੋਏ ਹਨ ਜਾਂ ਨਿੱਕੀ ਉਮਰੇ ਕੁੜੀਆਂ ਮੁਟਿਆਰਾਂ ਹੋ ਰਹੀਆਂ ਹਨ ਤਾਂ ਯਕੀਨ ਕਰ ਲਵੋ ਕਿ ਇਹ ਸਾਰੇ ਪੁਆੜੇ ਇਸ ਟੀਕੇ ਦੇ ਹੀ ਹਨ।

ਵਿਗਿਆਨਕ ਨਜ਼ਰੀਏ ਨਾਲ ਵੇਖੋ ਤਾਂ ਜਿਸ ਢਾਈ ਦਰਿਆਵਾਂ ਵਾਲੇ ਰੰਗਲੇ ਪੰਜਾਬ ਨੂੰ ਨਸ਼ਿਆਂ ਨੇ ਗ੍ਰਿਫ਼ਤ ਵਿਚ ਲਿਆ ਹੋਇਐ; ਜਿਥੋਂ ਦੇ ਕੁੱਲ ਰਕਬੇ ਵਿਚੋਂ ਤੇਰਾਂ ਫ਼ੀਸਦ ਜ਼ਮੀਨ ਨੂੰ ਕੈਂਸਰ ਹੋ ਗਿਐ; ਜਿਥੇ ਮੋੜਾਂ 'ਤੇ ਆਪਣੇ ਬਜ਼ੁਰਗਾਂ ਦੀਆਂ ਨਹੀਂ, ਵੈਲੀ ਪੁੱਤਾਂ ਦੀਆਂ ਢਾਣੀਆਂ ਜੁੜਦੀਆਂ; ਜਿਥੇ ਨਾ ਧੀ ਤੇ ਨਾ ਭੈਣ ਸੁਰੱਖਿਅਤ ਰਹੀ ਹੈ; ਜਿਥੇ ਪਿੰਡ ਦੇ ਪਿੰਡ ਵਿਚ ਵਿਆਹ ਹੋਣ ਲੱਗ ਪਏ ਨੇ; ਜਿਥੇ ਸਰਕਾਰ ਨੂੰ ਸਭ ਤੋਂ ਵੱਧ ਆਮਦਨ ਸ਼ਰਾਬ ਦੀ ਆਬਕਾਰੀ ਨੀਤੀ ਨਾਲ ਹੋ ਰਹੀ ਹੈ; ਜਿਥੇ ਕੁੜੀਆਂ ਦੇ ਰੋਜ਼ ਘਰੋਂ ਭੱਜਣ ਦੀਆਂ ਖ਼ਬਰਾਂ ਆ ਰਹੀਆਂ ਨੇ; ਜਿਥੇ ਹੋਟਲਾਂ ਵਿਚ ਸ਼ਬਾਬ ਵਿਕ ਰਿਹੈ, ਉਥੇ ਇਸ ਟੀਕੇ ਦੀ ਕਰਾਮਾਤ ਕਿਆ ਹੈ! ਨਜ਼ਰ ਦਾ ਘੋੜਾ ਦੱਬ ਕੇ ਦੇਖੋ...

ਇਹ ਕਹਿਣ ਨੂੰ ਜੀਅ ਤਾਂ ਨਹੀਂ ਕਰਦਾ ਤੇ ਸੁਣਦਿਆਂ ਵੀ ਸ਼ਰਮ ਆਉਂਦੀ ਹੈ ਕਿ ਦਸ ਵਰ੍ਹਿਆਂ ਦੀ ਕੁੜੀ ਦਾ ਸਰੀਰ ਵਿਕਸਤ ਕਿਉਂ ਹੋ ਗਿਐ? ਉਹਦੀ ਹਿੱਕ ਉਮਰ ਤੋਂ ਪਹਿਲਾਂ ਹੀ, ਜਵਾਨੀ ਨਾਲੋਂ ਵੀ ਭਾਰੀ ਕਿਉਂ ਹੋ ਰਹੀ ਹੈ? ਇਸ ਕਰਕੇ ਕਿ ਕੁੜੀਆਂ ਜਿਨ੍ਹਾਂ ਕੋਲ ਪਹਿਲਾਂ ਹੀ ਫ਼ੀਮੇਲ ਹਾਰਮੋਨਜ਼ ਹਨ, ਉਨ੍ਹਾਂ ਨੂੰ ਹੋਰ ਹਾਰਮੋਨਜ਼ ਇਹ ਟੀਕਾ, ਸਬਜ਼ੀਆਂ ਜਾਂ ਦੁੱਧ ਜ਼ਰੀਏ ਤੋਹਫ਼ੇ ਵਜੋਂ ਪੇਸ਼ ਕਰ ਰਿਹੈ। ਇਹ ਬੇਲੋੜੇ ਹਾਰਮੋਨਜ਼ ਕੱਚੀ ਉਮਰੇ ਮਰਦ ਦਾ ਸੰਗ ਭਾਲਣ ਲਈ ਕਾਹਲੇ ਇਸੇ ਕਰਕੇ ਪੈ ਰਹੇ ਹਨ। ਡਾਕਟਰ ਫਿਲਾਸਫੀ ਚਿੰਤਤ ਹੈ ਕਿ ਗਿਆਰ੍ਹਵੇਂ ਵਰ੍ਹੇ ਦੀ ਉਮਰ ਵਿਚ ਜੇ ਮਹਾਂਵਾਰੀ ਆਉਣ ਲੱਗ ਪਈ ਹੈ ਤਾਂ ਨਿਸਚੇ ਹੀ ਵਿਗਿਆਨ ਨੇ ਸਮਾਜਿਕ ਢਾਂਚੇ ਦੀ ਚੂਲ ਢਿੱਲੀ ਹੀ ਨਹੀਂ ਕੀਤੀ, ਤੋੜ ਹੀ ਸੁੱਟੀ ਹੈ। ਜੇ ਪਿੰਡਾਂ ਦਿਆਂ ਕਮਾਦਾਂ ਤੋਂ ਲੈ ਕੇ ਵੱਡੇ ਸ਼ਹਿਰਾਂ ਦੇ ਪੰਜ-ਤਾਰਾ ਹੋਟਲਾਂ ਤਕ ਜਿਸਮਫ਼ਰੋਸ਼ੀ ਦਾ ਜਾਲ ਫੈਲ ਰਿਹਾ ਹੈ, ਜੇ ਅਫ਼ਸਰਸ਼ਾਹੀ ਜਾਂ ਰਾਜਨੀਤਕ ਲੋਕ ਕੰਮ ਕਰਾਉਣ ਦੇ ਬਹਾਨੇ ਸਰੀਰਕ ਸ਼ੋਸ਼ਣਾਂ ਦੇ ਇਲਜ਼ਾਮ ਵਿਚ ਫਸ ਰਹੇ ਹਨ ਅਤੇ ਜੇ ਸਰੀਰਕ ਸਬੰਧ ਬਣਾਉਣ ਵਿਚ ਅੱਲ੍ਹੜ ਕੁੜੀਆਂ ਨੱਕ ਨਹੀਂ ਵੱਟ ਰਹੀਆਂ ਤਾਂ ਯਕੀਨਨ ਲਾਇਲਾਜ ਬੀਮਾਰੀ ਦਾ ਹੱਲ ਛੇਤੀ ਲੱਭਣ ਦੀ ਜ਼ਰੂਰਤ ਹੈ ਤਾਂ ਇਹ ਲੱਭਿਆ ਵੀ ਛੇਤੀ ਜਾਣਾ ਚਾਹੀਦਾ ਹੈ।

ਤਸਵੀਰ ਦਾ ਦੂਜਾ ਪਾਸਾ ਵੇਖੋ। ਮਰਦ ਨੂੰ ਦੁੱਧ ਤੇ ਸਬਜ਼ੀਆਂ ਜ਼ਰੀਏ ਜਿਹੜੇ ਮਾਦਾ ਹਾਰਮੋਨਜ਼ ਮਿਲ ਰਹੇ ਹਨ, ਉਹ ਉਹਦੀ ਮਰਦਾਨਗੀ ਵਿਚ ਵਿਸ ਘੋਲ ਰਹੇ ਹਨ। ਇਸੇ ਕਰਕੇ ਇਹ ਅੰਕੜੇ ਵੀ ਸਾਹਮਣੇ ਆ ਰਹੇ ਹਨ ਕਿ ਨਸ਼ੇ ਦੀਆਂ ਗੋਲੀਆਂ, ਟੀਕਿਆਂ ਜਾਂ ਪੇਨ-ਕਿਲਰ ਦਵਾਈਆਂ ਤੋਂ ਬਾਅਦ ਸਭ ਤੋਂ ਵੱਧ ਕਾਮ-ਵਧਾਊ ਜਾਂ ਕਾਮ-ਉਕਸਾਊ ਦਵਾਈਆਂ ਵਿਕ ਰਹੀਆਂ ਹਨ ਤਾਂ ਯਕੀਨ ਕਰ ਲੈਣਾ ਚਾਹੀਦਾ ਹੈ ਕਿ ਇਸ ਟੀਕੇ ਦੇ ਹੱਥ ਬੜੇ ਲੰਮੇ ਹੁੰਦੇ ਜਾ ਰਹੇ ਹਨ।

ਪੰਜਾਬ ਦੀ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੇ ਹਾਲ ਹੀ ਵਿਚ ਲੁਧਿਆਣਾ ਦੀ ਇਕ ਵੀਰਾਨ ਅਤੇ ਖੰਡਰ ਇਮਾਰਤ ਵਿਚੋਂ ਤਿੰਨ ਕਰੋੜ ਤੋਂ ਵੱਧ ਮੁੱਲ ਦੀਆਂ ਨਸ਼ੇ ਦੀਆਂ ਪਾਬੰਦੀਸ਼ੁਦਾ ਦਵਾਈਆਂ ਫੜੇ ਜਾਣ ਦਾ ਦਾਅਵਾ ਕੀਤਾ ਹੈ ਤਾਂ ਚੰਗੀ ਗੱਲ ਹੈ ਪਰ ਉਸ ਸਿਹਤ ਵਿਭਾਗ ਨੂੰ ਇਸ ਗੱਲ ਦੀ ਹਰਗਿਜ਼ ਚਿੰਤਾ ਨਹੀਂ ਕਿ ਪੰਜਾਬ ਦੀ ਸੰਸਕ੍ਰਿਤੀ ਨੂੰ ਨਿਗਲ ਜਾਣ ਵਾਲੇ

(ਬਾਕੀ ਅਗਲੇ ਸਫੇ 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

ਸੇਵਾਦਾਰ ਕਈ ਆਪ ਨੂੰ ਫਿਰਨ ਦੱਸਦੇ, ਹੁੰਦੇ ਅਸਲ ਵਿਚ ਠੱਗਾਂ ਦੇ ਯਾਰ ਲੋਕੋ।
ਕੁੱਤੀ ਚੋਰਾਂ ਨਾਲ ਜਸ਼ਨ ਮਨਾਉਣ ਲੱਗ ਪਈ, ਦੇਖੋ ਸਾਧਾਂ ਨੇ ਰੱਖੇ ਹਥਿਆਰ ਲੋਕੋ।
ਇਕ ਅੰਨ੍ਹੇ ਦੇ ਹੱਥ ਗੁਲੇਲ ਆ ਗਈ, ਦੂਜਾ ਰਾਤ ਨੂੰ ਲੱਭੇ ਸ਼ਿਕਾਰ ਲੋਕੋ।
ਬੁੱਢੇਵਾਰੇ ਵੀ ਸ਼ਰਮ ਨਹੀਂ ਇਸ਼ਕ ਕਰਦਾ, ਘਰੇ ਬੈਠੀ ਹੈ ਧੀ ਮੁਟਿਆਰ ਲੋਕੋ।
ਜਿੱਥੇ ਮਲਾਹ ਹੀ ਡੁੱਬਣ ਦੀਆਂ ਕਰੇ ਗੱਲਾਂ, ਬੇੜੀ ਲਗਦਾ ਨਹੀਂ ਹੋਵੇਗੀ ਪਾਰ ਲੋਕੋ।
ਜਿਹੜਾ ਈਰਖਾ ਨਾਲ ਭਰਿਆ ਫਿਰੇ ਬੰਦਾ, ਹੋ ਨੀ ਸਕਦਾ ਕਿਸੇ ਦਾ ਯਾਰ ਲੋਕੋ।
ਆਈ ਸਦਾ ਹੀ ਲੋਕਾਂ ਦਾ ਖ਼ੂਨ ਪੀਂਦੀ, ਭਾਵੇਂ ਕੋਈ ਵੀ ਬਣੇ ਸਰਕਾਰ ਲੋਕੋ।
ਜਿਹੜਾ ਹਰ ਥਾਂ ਲੁਹਾ ਕੇ ਪੱਗ ਆਉਂਦਾ, ਲੱਖ ਲਾਹਣਤ ਕੋਈ ਕਹੇ ਸਰਦਾਰ ਲੋਕੋ।
ਬੰਦੇ ਮੀਸਣੇ ਨੂੰ ਪਰਖਣਾ ਬੜਾ ਔਖਾ, ਇਹਦਾ ਕੋਈ ਨੀ ਹੁੰਦਾ ਇਤਬਾਰ ਲੋਕੋ।
'ਭੌਰੇ' ਓਪਰਿਆਂ ਨੂੰ ਕੀ ਦੋਸ਼ ਦੇਈਏ, ਏਥੇ ਆਪਣੇ ਹੀ ਰਹੇ ਨੇ ਮਾਰ ਲੋਕੋ।

## ਕਰ ਸਬਰ ਬਾਬਲਾ ਤੂੰ, ਘੜੇ ਨੇ ਭੱਜਣਾ ਜੰਮੇ ਨੇ ਮਰਨਾ



ਔਰਤ ਵਿਧਵਾ ਹੋ ਕੇ ਜ਼ਿੰਦਗੀ ਤਾਂ ਮੁਕਾਈ ਚਲੀ ਜਾਂਦੀ ਹੈ ਪਰ ਉਹਦਾ ਦਰਦ ਕਦੇ ਨਹੀਂ ਮੁੱਕਦਾ। ਇਵੇਂ ਹੱਥੀਂ ਤੋਰੇ ਸੱਜਣਾਂ ਨੂੰ ਭੁੱਲਣ ਦਾ ਯਤਨ ਤਾਂ ਕਰਦੇ ਹਾਂ, ਰਾਤਾਂ ਰੋਕ ਰੋਕ ਸਤਾਉਂਦੀਆਂ ਹਨ। ਸਿਆਣੇ ਕਹਿੰਦੇ ਨੇ:

ਅਹੁ ਪਈਆਂ ਦੋ ਢੇਰੀਆਂ
ਕੱਖ ਜਿਨ੍ਹਾਂ 'ਤੇ ਪਏ।
ਉਧਰੋਂ ਕੋਈ ਨ੍ਹੀਂ ਬਹੁੜਿਆ
ਇਧਰੋਂ ਲੱਖ ਗਏ...।

### ਧੁੱਪੇ ਬੈਠੀਆਂ ਯਾਦਾਂ

ਲੁਧਿਆਣੇ 'ਚ ਪਿੰਡ ਭਰੋਵਾਲ ਹੈ ਤਾਂ ਆਮ ਪਿੰਡਾਂ ਵਰਗਾ ਹੀ ਹੈ ਪਰ ਕਿਉਂਕਿ ਇਹ ਗਾਇਕ ਦੀਦਾਰ ਸੰਧੂ ਦਾ ਪਿੰਡ ਹੈ ਇਸ ਲਈ ਮੇਰੇ ਲਈ ਨਹੀਂ, ਸਾਰਿਆਂ ਲਈ ਖਾਸ ਹੈ। ਪਿੰਡ ਵਾਲਿਆਂ ਨੇ ਦੀਦਾਰ ਤੇ ਦੀਦਾਰ ਦੀਆਂ ਯਾਦਾਂ ਨੂੰ ਸੰਭਾਲਣ ਦਾ ਯਤਨ ਕੀਤਾ ਹੈ। ਜਦੋਂ ਲੁਧਿਆਣੇ ਡੀ ਸੀ ਲੱਗਾ ਹੋਇਆ ਸੀ ਐਸ ਐਸ ਚੰਨੀ ਤਾਂ ਉਹਨੇ ਦੀਦਾਰ ਦੇ ਨਾਂ 'ਤੇ ਲਾਇਬਰੇਰੀ ਉਸਾਰਨ ਲਈ ਸਰਕਾਰੀ ਯੋਗਦਾਨ ਦਿੱਤਾ ਪਰ ਜਦੋਂ ਵੀ ਕਦੇ ਲੁਧਿਆਣੇ ਦਾ ਗੇੜਾ ਲਗਦਾ ਹੈ ਤਾਂ ਮੈਂ ਜੱਸੋਵਾਲ ਨਾਲ ਭਰੋਵਾਲ ਜ਼ਰੂਰ ਗੇੜੀ ਮਾਰਦਾ ਹਾਂ। ਦੀਦਾਰ ਦੀ ਪਤਨੀ ਸਾਡੇ ਵੇਖਦਿਆਂ ਵੇਖਦਿਆਂ ਬੁਢਾਪੇ ਵੱਲ ਤੁਰ ਪਈ ਹੈ, ਪੁੱਤਰ ਜਗਮੋਹਨ ਤੇ ਕੈਨੇਡਾ ਵਸਦੀ ਧੀ ਦੀਪਾਂ ਕਬੀਲਦਾਰ ਹੋ ਗਏ ਹਨ।

ਜਿਸ ਦਿਨ ਦੀਦਾਰ ਦਾ ਬੁੱਤ ਲਾਇਬਰੇਰੀ ਲਾਗੇ ਸਥਾਪਤ ਕਰਨ ਦਾ ਸਮਾਰੋਹ ਸੀ ਤਾਂ ਦੀਪਾਂ ਵੀ ਆਈ ਹੋਈ ਸੀ। ਪ੍ਰਗਟ ਗਰੇਵਾਲ ਸੀ, ਮਰਹੂਮ ਗੀਤਕਾਰ ਸਨਮੁਖ ਸਿੰਘ ਆਜ਼ਾਦ, ਗਾਇਕ ਬਲਵੀਰ ਲਹਿਰੇਵਾਲਾ ਸਮੇਤ ਕਈ ਰਾਜਸੀ ਤੇ ਸਮਾਜਿਕ ਹਸਤੀਆਂ ਹਾਜ਼ਰ ਸਨ। ਤਸਵੀਰ ਵਿਚ ਨਜ਼ਰ ਆ ਰਹੀ ਦੀਦਾਰ ਦੀ ਪਤਨੀ ਅਮਰਜੀਤ ਨੇ ਜਦੋਂ ਬੁੱਤ ਵੱਲ ਵੇਖ ਕੇ ਅੱਖਾਂ ਭਰੀਆਂ ਤਾਂ ਜੱਸੋਵਾਲ ਨੇ ਦਿਲਬਰੀ ਦਿੰਦਿਆਂ ਕਿਹਾ, ਤੂੰ ਭਾਗਾਂ ਵਾਲੀ ਏਂ ਕਿ ਤੂੰ ਦੀਦਾਰ ਦੀ ਪਤਨੀ ਏ, ਮੇਰੇ ਵਾਲੀ ਨੇ ਤਾਂ ਬੁੱਤ ਤਾਂ ਕੀ ਮੇਰੀਆਂ ਤਸਵੀਰਾਂ ਵੀ ਕੰਧਾਂ ਤੋਂ ਉਤਾਰ ਦੇ ਕੂੜੇ 'ਚ ਸੁੱਟ ਦੇਣੀਆਂ।

ਦਿਨ ਭਰ ਦਾ ਦੁੱਖਾਂ ਨਾਲ ਭਰਿਆ ਪੀਤਾ ਜੱਸੋਵਾਲ ਜਦੋਂ ਆਥਣੇ ਦੋ ਘੁੱਟ ਕੌੜੇ ਪਾਣੀ ਦੇ ਭਰ ਕੇ ਤੁਰਨ ਲੱਗਾ ਤਾਂ ਦੀਦਾਰ ਦੇ ਬੁੱਤ ਨੂੰ ਕਲਾਵੇ 'ਚ ਲੈ ਕੇ ਧਾਹ ਮਾਰੀ, ਉਹ ਮੇਰਿਆ ਰੰਗਲਿਆ ਯਾਰਾ ਆਪਣੇ ਵਾਲੀ ਬੈਰਕ ਵਿਚ ਦੋ ਗਿੱਠਾਂ ਥਾਂ ਧਰਮ ਰਾਜ ਤੋਂ ਮੰਗ ਕੇ ਰੱਖੀਂ, ਕਿਉਂਕਿ ਇਕ ਵਾਰ ਫਿਰ ਸੁਣਨ ਨੂੰ ਜੀ ਕਰਦੈ...। ਤੇ ਲੁਧਿਆਣੇ ਤੀਕਰ ਫਿਰ ਗੱਡੀ 'ਚ ਬੈਠਾ ਦੀਦਾਰ ਦੀਆਂ ਬਾਤਾਂ ਪਾ ਕੇ ਅੱਥਰੂ ਵਹਾਉਂਦਾ ਰਿਹਾ।

-ਐਸ ਅਸ਼ੋਕ ਭੌਰਾ

# ਕੰਪਲੀਟ ਬਰਾਬਰ ਸੰਪੂਰਨ

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

ਮੇਰਾ ਖਿਆਲ ਹੈ ਕਿ ਸਾਰੇ ਪਾਠਕ ਇਹ ਤਾਂ ਜਾਣਦੇ ਹੀ ਹੋਣਗੇ ਕਿ ਅੰਗਰੇਜ਼ੀ ਸ਼ਬਦ complete ਦੇ ਟਾਕਰੇ ਤੇ ਪੰਜਾਬੀ 'ਸੰਪੂਰਨ' ਢੁਕਵਾਂ ਸ਼ਬਦ ਹੈ। ਪਰ ਸ਼ਾਇਦ ਇਸ ਗੱਲ ਦਾ ਬਹੁਤ ਘਟ ਲੋਕਾਂ ਨੂੰ ਪਤਾ ਹੋਵੇ ਕਿ ਅਸਲ ਵਿਚ ਦੋਵਾਂ ਸ਼ਬਦਾਂ ਦੀ ਅਰਥਵਾਦੀ ਏਕਤਾ ਤੋਂ ਬਿਨਾਂ ਰੂਪਕ ਸਾਂਝ ਵੀ ਹੈ ਅਰਥਾਤ ਦੋਨੋਂ ਸੁਜਾਤੀ ਸ਼ਬਦ ਹਨ, ਦੋਨਾਂ ਦਾ ਅਸਲਾ ਰਲਦਾ ਹੈ। complete ਸ਼ਬਦ ਵਿਚ com ਇਕ ਅਗੇਤਰ ਹੈ ਜਿਸ ਦਾ ਅਰਥ ਹੈ ਨਾਲ, ਸੰਗ, ਸਹਿਤ, ਬਰਾਬਰ ਜਿਵੇਂ combine ਵਿਚ bine ਦਾ ਅਰਥ ਦੋ ਹੁੰਦਾ ਹੈ, ਸੋ combine ਦਾ ਸ਼ਾਬਦਿਕ ਅਰਥ ਬਣਿਆ ਦੋ (ਚੀਜ਼ਾਂ) ਦਾ ਸੰਗ। com ਦੇ ਟਾਕਰੇ ਤੇ ਸੰਸਕ੍ਰਿਤ ਰਾਹੀਂ ਪੰਜਾਬੀ ਦਾ ਅਗੇਤਰ ਹੈ, ਸਮ। ਲਾਤੀਨੀ ਸ਼ਬਦਾਂ ਵਿਚਲੀ 'ਕ' ਧੁਨੀ ਪੰਜਾਬੀ ਵਿਚ 'ਸ' ਵਿਚ ਬਦਲ ਜਾਂਦੀ ਹੈ। ਪੰਜਾਬੀ 'ਸਮ' ਅਗੇਤਰ ਦਾ ਅਰਥ ਵੀ ਨਾਲ, ਸੰਗ, ਸਮੇਤ ਹੀ ਹੈ ਜਿਵੇਂ ਸਮਕਾਲ ਦਾ ਅਰਥ ਹੋਇਆ ਨਾਲ ਜਾਂ ਬਰਾਬਰ ਚਲ ਰਿਹਾ ਸਮਾਂ। complete ਦਾ ਦੂਜਾ ਅੰਸ਼ ਹੈ plete ਜੋ ਅੱਗੋਂ ਲਾਤੀਨੀ ਕਿਰਿਆ plere ਦਾ ਭੂਤਕਾਲੀ ਰੂਪ ਹੈ। ਲਾਤੀਨੀ ਵਿਚ plere ਦਾ ਅਰਥ ਭਰਨਾ, ਪੂਰਾ ਕਰਨਾ ਹੁੰਦਾ ਹੈ। ਪੰਜਾਬੀ ਪੂਰਨ ਵੀ ਪੂਰ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਭਰਨਾ, ਪੂਰ ਕਰਨਾ ਹੀ ਹੈ। ਸਾਰੇ ਵਿਵੇਚਨ ਨੂੰ ਇਸ ਸਮੀਕਰਣ ਰਾਹੀਂ ਦਰਸਾਇਆ ਜਾ ਸਕਦਾ ਹੈ:

complete (com, ਸੰਗ, ਸਮੇਤ + plete, ਭਰਨਾ, ਪੂਰ ਕਰਨਾ) = ਸੰਪੂਰਨ (ਸੰ, ਸੰਗ, ਸਮੇਤ+ਪੂਰਨ, ਭਰਨਾ, ਪੂਰ ਕਰਨਾ)

ਅੰਗਰੇਜ਼ੀ ਪੰਜਾਬੀ ਦੀ ਸਾਂਝ ਉਘਾੜਨ ਲਈ ਇਨ੍ਹਾਂ ਜੁਜ਼ਾਂ ਨੂੰ ਹੋਰ ਵਿਸਥਾਰ ਨਾਲ ਸਮਝਣ ਦੀ ਲੋੜ ਹੈ। ਉਪਰ ਵਰਨਣ ਕੀਤੇ ਲਾਤੀਨੀ ਮੂਲ plere ਤੋਂ ਅਨੇਕਾਂ ਸ਼ਬਦ ਬਣ ਕੇ ਅੰਗਰੇਜ਼ੀ ਵਿਚ ਆਏ ਹਨ ਪਰ ਅਸੀਂ ਆਪਣੇ ਕੰਮ ਦੇ ਇਕ ਦੋ ਸ਼ਬਦਾਂ ਦਾ ਹੀ ਜ਼ਿਕਰ ਕਰਾਂਗੇ। ਅੰਗਰੇਜ਼ੀ ਸ਼ਬਦ supply ਤਾਂ ਪੰਜਾਬੀ ਵਿਚ ਵੀ ਆਮ ਹੀ ਵਰਤਿਆ ਜਾਣ ਲੱਗਾ ਹੈ। ਇਸ ਸ਼ਬਦ ਵਿਚ ਝਾਕ ਰਿਹਾ ply ਅੰਸ਼ ਵੀ plere ਦਾ ਹੀ ਅੰਗਰੇਜ਼ੀ ਰੂਪ ਹੈ। supply ਵਾਸਤੇ ਅਸੀਂ ਪੰਜਾਬੀ ਸ਼ਬਦ 'ਪੂਰਤੀ' ਵਰਤਦੇ ਹਾਂ। ਸਪਸ਼ਟ ਹੈ ਪੂਰਤੀ ਸ਼ਬਦ ਵੀ 'ਪੂਰ' ਧਾਤੂ ਤੋਂ ਹੀ ਬਣਿਆ ਹੈ। ਅੰਗਰੇਜ਼ੀ ਸ਼ਬਦ implement (ਸੰਦ) ਵਿਚ ਵੀ ple ਅੰਸ਼ ਦਿਸ ਰਿਹਾ ਹੈ। ਲਾਤੀਨੀ ਵਿਚ ਇਸ ਦਾ ਮੁਢਲਾ ਅਰਥ ਵੀ (ਜ਼ਰੂਰਤਮੰਦ ਚੀਜ਼ਾਂ) ਦੀ ਪੂਰਤੀ ਕਰਨਾ ਹੁੰਦਾ ਸੀ। ਇਸ ਤੋਂ ਅੱਗੇ ਇਸ ਦਾ ਵਿਕਾਸ (ਕੋਈ ਕਾਰਜ ਆਦਿ) ਪੂਰਾ ਕਰਨਾ, ਸਿਰੇ ਚੜ੍ਹਾਉਣਾ, ਲਾਗੂ ਕਰਨਾ ਬਣਿਆ। ਇਸ ਤੋਂ ਸੰਦ ਦੇ ਅਰਥ ਦਾ ਵਿਕਾਸ ਹੋਇਆ ਕਿਉਂਕਿ ਸੰਦ ਇਕ ਤਰ੍ਹਾਂ ਕੋਈ ਕੰਮ ਕਰਨ ਲਈ 'ਪੂਰ ਕੀਤੀਆਂ ਚੀਜ਼ਾਂ' ਦਾ ਸਮੂਹ ਹੈ।

ਇਨ੍ਹਾਂ ਸ਼ਬਦਾਂ ਦੇ ਪਿਛੇ ਕਾਰਜਸ਼ੀਲ ਭਾਰੋਪੀ ਮੂਲ ple ਹੈ ਜਿਸ ਨਾਲ ਸੰਸਕ੍ਰਿਤ ਪੂਰ, ਪੁਰਾਣੀ ਫਾਰਸੀ ਦਾ ਪੁਰ (ਬਹੁਤ), ਗਰੀਕ ਦਾ ਪਲੈਥੋਜ਼ (ਲੁਕਾਈ, ਜਨ-ਸਮੂਹ) ਆਦਿ ਬਣੇ ਹਨ। ਲਿਥੁਏਨੀਅਨ, ਗੌਥਿਕ, ਪੁਰਾਣੀ ਜਰਮਨ ਆਦਿ ਅਨੇਕਾਂ ਭਾਸ਼ਾਵਾਂ ਦੇ ਇਸ ਧਾਤੂ ਨਾਲ ਰਲਦੇ ਮਿਲਦੇ ਤੇ ਅਗੇ ਵਿਕਸਤ ਹੋਏ ਅਨੇਕਾਂ ਸ਼ਬਦ ਮਿਲਦੇ ਹਨ। ਅੰਗਰੇਜ਼ੀ ਦਾ ਸ਼ਬਦ full ਵੀ ਇਨ੍ਹਾਂ ਸਭਨਾਂ ਦਾ ਸਕਾ ਸੋਹਦਰਾ ਹੈ ਜੋ ਹੋਰ ਵਾਟ ਥਾਣੀ ਇਸੇ ਭਾਰੋਪੀ ਮੂਲ ਨਾਲ ਜਾ ਰਲਦਾ ਹੈ। ਇਹ ਗੌਥਿਕ ਤੋਂ ਪੁਰਾਣੀ ਜਰਮਨ ਹੁੰਦਾ ਹੋਇਆ ਅੰਗਰੇਜ਼ੀ ਵਿਚ ਪਹੁੰਚਾ। ਇਥੇ 'ਪ' ਦੀ ਧੁਨੀ 'ਫ' ਵਿਚ ਬਦਲ ਗਈ ਹੈ। ਟਰੱਕਾਂ ਗੱਡੀਆਂ ਵਾਲਿਆਂ ਦੇ ਸਦਕੇ ਜਾਈਏ, ਭਰੇ ਹੋਏ ਦੇ ਅਰਥਾਂ ਵਾਲਾ ਅੰਗਰੇਜ਼ੀ ਫੁੱਲ ਕੁਝ ਹੱਦ ਤੱਕ ਪੰਜਾਬੀ ਬੋਲ ਚਾਲ ਵਿਚ ਵੀ ਰਚ ਮਿਚ ਗਿਆ ਹੈ। ਟਰੱਕਾਂ ਅੱਗੇ, 'ਬਾਬੇ ਦੀ ਫੁੱਲ ਕਿਰਪਾ' ਆਮ ਹੀ ਲਿਖਿਆ ਮਿਲਦਾ ਹੈ। ਸਪਸ਼ਟ ਹੈ ਟਰੱਕਾਂ ਵਾਲਿਆਂ ਨੂੰ ਏਥੇ ਪੂਰਾ ਜਾਂ ਪੂਰਨ ਸ਼ਬਦ ਅਧੂਰੇ ਪ੍ਰਤੀਤ ਹੋਏ ਹੋਣਗੇ ਵਰਨਾ ਗੁਰੂ ਅਰਜਨ ਦੇਵ ਦੀ ਇਹ ਤੁਕ ਵੀ ਲਿਖੀ ਜਾ ਸਕਦੀ ਸੀ, "ਪੂਰਨ ਕ੍ਰਿਪਾ ਪ੍ਰਭ ਕਰੀ." ਟਰੱਕਾਂ ਵਾਲਿਆਂ ਦੇ ਲੰਮੇ ਸਫਰ ਦੌਰਾਨ ਪੈਟਰੋਲ ਦੀ ਟੈਂਕੀ ਅਤੇ ਢਾਬੇ ਹੀ ਉਨ੍ਹਾਂ ਨਾਲ ਤੋੜ ਨਿਭਦੇ ਹਨ। ਉਨ੍ਹਾਂ ਦਾ ਅੱਧਾ ਬਾਬਾ ਇਹ ਫੁੱਲ ਟੈਂਕੀ ਹੀ ਹੈ। ਢਿਡ ਭਰਿਆ ਹੋਣ ਦੇ ਅਰਥਾਂ 'ਚ 'ਟੈਂਕੀ ਫੁੱਲ ਹੈ' ਵਾਲਾ ਵਾਕੰਸ਼ ਵੀ ਟਰੱਕ ਡਰਾਈਵਰਾਂ ਦੀ ਨਿਤਾਪ੍ਰਤੀ ਜ਼ਿੰਦਗੀ 'ਚੋਂ ਨਿਕਲਿਆ ਹੈ।

ਪੂਰਨ ਨਸ਼ੇ ਵਿਚ ਹੋਣ ਦੀ ਸਥਿਤੀ ਲਈ ਨਸ਼ੇ ਫੁੱਲ ਹੋਣਾ ਆਮ ਹੀ ਕਹਿ ਦਿੱਤਾ ਜਾਂਦਾ ਹੈ। ਅੰਗਰੇਜ਼ੀ ਦਾ ਫੁਲ ਕਿਸੇ ਹੋਰ ਸ਼ਬਦ ਦੇ ਪਿਛੇ ਲਗ ਕੇ ਇਸਨੂੰ ਵਿਸ਼ੇਸ਼ਣ ਬਣਾ ਦੇਂਦਾ ਹੈ ਜਿਵੇਂ ਬਿਊਟੀਫੁੱਲ। ਪੰਜਾਬੀ ਵਿਚ ਅਕਸਰ ਹੀ ਸ਼ਬਦ ਦੇ ਪਿਛੇ ਪੂਰਨ ਲਾ ਕੇ ਇਹ ਕੰਮ ਕੀਤਾ ਜਾਂਦਾ ਹੈ। ਇਸੇ ਮੂਲ ਤੋਂ ਉਪਜਿਆ ਫਾਰਸੀ ਸ਼ਬਦ 'ਪੁਰ' ਹੈ ਜੋ ਫਾਰਸੀ ਵਿਆਕਰਣ ਅਨੁਸਾਰ ਨਾਂਵ ਤੋਂ ਪਹਿਲਾਂ ਲਗ ਕੇ ਇਸ ਨੂੰ ਵਿਸ਼ੇਸ਼ਣ ਬਣਾ ਦਿੰਦਾ ਹੈ ਜਿਵੇਂ ਪੁਰਤੁਕੱਲਫ਼, ਪੁਰਜ਼ੋਰ, ਪੁਰਨੂਰ, ਪੁਰਅਮਨ, ਪੁਰਜੋਸ਼। ਅੰਗਰੇਜ਼ੀ, ਪੰਜਾਬੀ, ਫਾਰਸੀ ਵਿਚ ਇਕੋ ਮੂਲ ਦੇ ਤਿੰਨ ਵਧੇਤਰ ਕਿਵੇਂ ਵਿਸ਼ੇਸ਼ਣ ਦਾ ਨਿਰਮਾਣ ਕਰਦੇ ਹਨ, ਇਸ ਦੀ ਇਕ ਢੁਕਵੀਂ ਮਿਸਾਲ ਹੇਠਾਂ ਦਿੱਤੀ ਜਾਂਦੀ ਹੈ:

ਪੀਸਫੁੱਲ = ਪੁਰਅਮਨ = ਸ਼ਾਂਤੀਪੂਰਨ

ਫਾਰਸੀ ਤੋਂ ਪੁਰ ਕਰਨਾ ਉਕਤੀ ਪੰਜਾਬੀ ਵਿਚ ਆਈ ਹੈ ਜਿਸ ਦਾ ਭਾਵ ਖਾਲੀ ਥਾਂ ਭਰਨਾ ਹੁੰਦਾ ਹੈ।

ਪੂਰ ਧਾਤੂ ਤੋਂ ਬੇਸ਼ੁਮਾਰ ਸ਼ਬਦ ਵਿਕਸਤ ਹੋਏ ਹਨ। ਕਿਰਿਆ ਦੇ ਰੂਪ ਵਾਲਾ ਪੂਰਨਾ ਸ਼ਬਦ ਹੀ ਲੈ ਲਵੋ। ਇਸ ਦਾ ਅਸਲ ਅਰਥ ਟੋਆ ਆਦਿ ਭਰਨਾ ਹੈ। 'ਪੂਰਨ ਪੂਰ ਰਹਿਆ ਸਭ ਆਪੇ ਗੁਰਮਤ ਨਦਰੀ ਆਵਣਿਆ' ਵਿਚ ਗੁਰੂ ਅਮਰ ਦਾਸ ਜੀ ਦ੍ਰਿੜ ਕਰਵਾ ਰਹੇ ਹਨ ਕਿ ਇਸ ਬ੍ਰਹਿਮੰਡ ਰੂਪੀ ਟੋਏ ਨੂੰ ਪੂਰਨ ਪਰਮਾਤਮਾ ਹੀ ਭਰ ਰਿਹਾ ਹੈ ਜੋ ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਨਜ਼ਰ ਆ ਸਕਦਾ ਹੈ। ਤਰ੍ਹਾਂ ਤਰ੍ਹਾਂ ਦੀਆਂ ਕਿਰਿਆਵਾਂ ਲੱਗ ਕੇ ਇਸ ਸ਼ਬਦ ਦੇ ਲਾਖਣਿਕ ਅਰਥਾਂ ਦਾ ਹੋਰ ਵੀ ਪਸਾਰਾ ਹੋ ਗਿਆ ਹੈ। ਪੂਰਾ ਕਰਨਾ ਦੇ ਹੀ ਕਿੰਨੇ ਅਰਥ ਹਨ, ਕੰਮ ਪੂਰਾ ਹੁੰਦਾ ਹੈ ਤਾਂ ਇਸ ਦਾ ਅਰਥ ਕੰਮ ਨਿੱਬੜ ਗਿਆ, ਇੱਛਾ ਪੂਰੀ ਹੋਣ ਦਾ ਭਾਵ ਇੱਛਿਤ ਚੀਜ਼ ਹਾਸਿਲ ਹੋ ਗਈ, ਬੰਦਾ ਪੂਰਾ ਹੋ ਗਿਆ ਤਾਂ ਬੰਦਾ ਮਰ ਗਿਆ, ਮੁੱਕ ਗਿਆ। ਪਰ ਦੂਜੇ ਪਾਸੇ ਪੂਰੀਆਂ ਪਾ ਦੇਣਾ ਦਾ ਅਰਥ ਕੰਮ ਪੂਰਾ ਕਰਨਾ ਤਾਂ ਇਕ ਪਾਸੇ ਬਲਕਿ ਕੰਮ ਦਾ ਘਤੰਮ ਕਰ ਦੇਣਾ ਹੋ ਜਾਂਦਾ ਹੈ। ਫਿਰ ਪੂਰਾ ਉਤਰਨਾ, ਪੂਰਾ ਆਉਣਾ ਵਿਚ ਪੂਰਾ ਸ਼ਬਦ ਮੇਚ ਦੇ ਅਰਥ ਦੇਣ ਲੱਗ ਪਿਆ ਹੈ। ਪੱਖ ਪੂਰਨਾ ਕਿਸੇ ਦੀ ਤਰਫਦਾਰੀ ਕਰਨਾ ਬਣ ਜਾਂਦਾ ਹੈ। ਘਰ ਪੂਰਾ ਕਰਨਾ ਕਿਸੇ ਦਾ ਕੰਮ ਸਾਰਨਾ ਹੈ। ਸੰਖ ਪੂਰਨਾ ਤੋਂ ਭਾਵ ਮੂੰਹ ਵਿਚ ਫੂਕ ਭਰ ਕੇ ਸੰਖ ਵਜਾਉਣਾ ਹੈ। ਢਿਡ ਪੂਰਨਾ, ਖਾਸ ਤੌਰ 'ਤੇ ਉਦਰ ਪੂਰਨਾ ਦਾ ਮਤਲਬ ਭੁਖ ਮਿਟਾਣਾ ਹੁੰਦਾ ਹੈ। ਦਸਮ ਗ੍ਰੰਥ ਵਿਚ ਆਉਂਦਾ ਹੈ:

ਤਬ ਨਾਰਦ ਚਲਿ ਗਯੋ ਨਿਕਟਿ ਭਟ ਕਿਸ਼ਨ ਕੇ॥
ਕਰੀ ਉਦਰ ਪੂਰਨਾ ਮਨੋ ਹਿਤ ਰਿਸਨ ਕੇ॥

ਯੋਗੀਆਂ ਦੀ ਅੰਦਰ ਵੱਲ ਸਾਹ ਖਿਚਣ ਦੀ ਕਿਰਿਆ ਨੂੰ ਸਾਹ ਪੂਰਨਾ ਆਖਦੇ ਹਨ। ਅਧਿਆਤਮਕ ਪ੍ਰਸੰਗ ਵਿਚ ਉਸ ਸਾਧੂ, ਸੰਤ, ਯੋਗੀ, ਗੁਰੂ, ਭਗਤ ਆਦਿ ਨੂੰ ਪੂਰਾ ਕਹਿ ਦਿੱਤਾ ਜਾਂਦਾ ਹੈ ਜੋ ਪੂਰੀ ਤਰ੍ਹਾਂ ਪ੍ਰਲੋਕ-ਪਰਾਇਣ ਵੱਲ ਰੁਚਿਤ ਹੋਵੇ, ਜਿਸ ਵਿਚ ਕੋਈ ਦੁਨਿਆਵੀ ਕੱਜ ਨਾ ਹੋਵੇ। ਸਿੱਖ ਧਰਮ ਵਿਚ ਪੂਰੇ ਕੇਸਾਧਾਰੀ ਤੇ ਕਕਾਰਧਾਰੀ ਨੂੰ ਪੂਰਨ ਗੁਰਸਿੱਖ ਕਿਹਾ ਜਾਂਦਾ ਹੈ। ਮੈਂ ਪਹਿਲਾਂ ਪਹਿਲਾਂ ਅਮਰੀਕਾ ਆਇਆ ਤਾਂ ਇਕ ਵਾਰੀ ਆਪਣੇ ਇਕ ਵਾਕਿਫ਼ ਨੂੰ ਨਾਲ ਲਿਜਾ ਕੇ ਕਿਸੇ ਦੋਸਤ ਨੂੰ ਮਿਲਣ ਜਾਣਾ ਸੀ। ਮੈਂ ਆਪਣੇ ਵਾਕਿਫ਼ ਨੂੰ ਮਿਲਣ ਬਾਰੇ ਦੱਸਣ ਲਈ ਫੋਨ ਖੜਕਾਇਆ। ਪਰ ਦੋਸਤ ਦੀ ਜਗ੍ਹਾ ਉਸ ਦੇ ਪਿਤਾ ਨੇ ਫੋਨ ਚੁਕਿਆ। ਮੇਰੇ ਪਰਿਚੈ ਤੋਂ ਪਿਛੋਂ ਉਨ੍ਹਾਂ ਪੁਛਿਆ, "ਪੂਰਨ ਸਿੱਖ ਹੋਵੇਂਗੇ?" ਮੈਂ ਜਵਾਬ ਦਿੱਤਾ, "ਮੈਂ ਪੂਰਨ ਸਿੱਖ ਤਾਂ ਨਹੀਂ ਪਰ ਮੇਰੇ ਨਾਲ ਪੂਰਨ ਸਿੰਘ ਜ਼ਰੂਰ ਹਨ।" ਸੰਯੋਗਵਸ ਮੇਰੇ ਨਾਲ ਜਾਣ ਵਾਲੇ ਸੱਜਣ ਦਾ ਨਾਂ ਪੂਰਨ ਸਿੰਘ ਸੀ ਪਰ ਉਹ ਮੇਰੇ ਵਰਗਾ ਸਿਰ-ਘਸਿਆ ਤਾਂ ਸੀ ਹੀ, ਅੱਗੋਂ ਸਿਰ-ਗੰਜਾ ਵੀ ਸੀ। ਜਦ ਘਰ ਪਹੁੰਚੇ, ਬਜ਼ੁਰਗ ਕਦੇ ਮੇਰੇ ਵੱਲ ਝਾਕੇ ਕਦੇ ਮੇਰੇ ਨਾਲ ਵਾਲੇ ਵੱਲ, ਉਸ ਨੂੰ ਨਿਰਾਸ਼ਾ ਹੋਈ, ਪੂਰਨ ਸਿੱਖ ਦੇ ਦਰਸ਼ਨ ਨਹੀਂ ਹੋਏ।

ਪੂਰਨ ਭਗਤ ਦਾ ਤਾਂ ਨਾਂ ਹੀ ਇਸ ਕਰਕੇ ਪੂਰਨ ਹੈ ਕਿ ਉਹ ਅਧਿਆਤਮਕ ਦੇ ਨਾਲ ਨਾਲ ਆਚਰਨਕ ਪੱਖ ਤੋਂ ਵੀ ਪੂਰਨ ਸਾਬਿਤ ਹੋਇਆ। ਪੁੰਨਿਆ ਪੂਰਨਿਮਾ ਦਾ ਹੀ ਵਿਗੜਿਆ ਰੂਪ ਹੈ ਤੇ ਇਸੇ ਤਰ੍ਹਾਂ ਖਾਸ ਨਾਂ ਪੁੰਨਾ। ਪੁੰਨੂੰ ਸ਼ਬਦ ਵੀ ਪੂਰਨ ਦਾ ਹੀ ਸੰਕੁਚਿਤ ਰੂਪ ਹੈ। ਚੰਦ ਨੂੰ ਸੋਲਾਂ ਕਲਾ ਸੰਪੂਰਨ ਕਿਹਾ ਜਾਂਦਾ ਹੈ ਸ਼ਾਇਦ ਇਸ ਲਈ ਕਈ ਆਪਣੇ ਪੁੱਤਰ ਦਾ ਨਾਂ ਪੂਰਨ ਚੰਦ ਰੱਖ ਦੇਂਦੇ ਹਨ ਅਗਲਾ ਭਾਵੇਂ ਵੱਡਾ ਹੋ ਕੇ ਚੰਦ ਹੀ ਚਾੜ੍ਹ ਦੇਵੇ। ਸੱਸੀ ਨਾਂ ਸ਼ਸ਼ੀ ਦਾ ਤੋਂ ਵਿਗੜਿਆ ਹੈ ਜਿਸ ਦਾ ਮਤਲਬ ਚੰਦ ਹੁੰਦਾ ਹੈ। ਸੱਸੀ ਪੁੰਨੂੰ ਦੀ ਪਿਆਰ ਕਹਾਣੀ ਦੇ ਡੂੰਘੇ ਅਰਥ ਕਿਸੇ ਨੇ ਇਸ ਤਰ੍ਹਾਂ ਕੀਤੇ ਹਨ ਜਾਣੋਂ ਸੱਸੀ (ਚੰਦ) ਆਪਣੀਆਂ ਵਧਦੀਆਂ ਕਲਾਵਾਂ ਨਾਲ ਪੁੰਨਿਆ (ਪੁੰਨੂੰ) ਦਾ ਰੂਪ ਅਖਤਿਆਰ ਕਰਨਾ ਲੋਚਦੀ ਹੈ।

ਪਿਛਲੇ ਸਮਿਆਂ ਵਿਚ ਬੱਚਿਆਂ ਨੂੰ ਲਿਖਣਾ ਸਿਖਾਉਣ ਲਈ ਫੱਟੀ ਤੇ ਸੁਰਮੇ ਆਦਿ ਨਾਲ ਅੱਖਰ ਉਕਰੇ ਜਾਂਦੇ ਸਨ ਜਿਸ ਨੂੰ ਪੂਰਨਾ ਕਿਹਾ ਜਾਂਦਾ ਹੈ। ਬੱਚੇ ਸਿਆਹੀ ਨਾਲ ਇਸ ਦੇ ਉਪਰ ਉਪਰ ਲਿਖਦੇ ਸਨ। ਇਸੇ ਤੋਂ ਪੂਰਨੇ ਪਾਉਣਾ ਮੁਹਾਵਰਾ ਚੱਲਿਆ। ਕਿਸੇ ਪਾਤਰ ਦੀ ਇਕਵਾਰਗੀ ਭਰੀ ਮਾਤਰਾ ਨੂੰ ਪੂਰ ਕਿਹਾ ਜਾਂਦਾ ਹੈ ਜਿਵੇਂ ਮਿਠਾਈ ਜਾਂ ਬੇੜੀ ਦਾ ਪੂਰ। ਪੂਰਨ ਸ਼ਬਦ ਦੇ ਭਰਨ ਵਾਲੇ ਅਰਥ ਤੋਂ ਹੀ ਖਾਣ ਵਾਲੀ ਪੂਰੀ ਸ਼ਬਦ ਬਣਿਆ ਹੈ। ਇਸ ਦਾ ਸੰਸਕ੍ਰਿਤ ਰੂਪ ਪੂਰਿਕਾ ਹੈ। ਪੂਰੀ ਵਿਚ ਦਾਲ ਭਰੀ ਜਾਂਦੀ ਸੀ ਖਾਸ ਤੌਰ 'ਤੇ ਮਾਂਹ ਦੀ। ਇਹ ਗੱਲ ਵਖਰੀ ਹੈ ਕਿ ਅੱਜ ਕੱਲ੍ਹ ਸਾਦੀਆਂ ਪੂਰੀਆਂ ਦਾ ਵੀ ਰਿਵਾਜ ਹੋ ਗਿਆ ਹੈ। ਕਚੌਰੀ ਸ਼ਬਦ ਵਿਚ ਵੀ ਏਹੀ ਪੂਰੀ ਝਾਕਦੀ ਹੈ। ਇਹ ਸੰਸਕ੍ਰਿਤ ਕਚਪੂਰਿਕਾ ਤੋਂ ਵਿਕਸਿਤ ਹੋਇਆ ਹੈ। ਸੰਸਕ੍ਰਿਤ ਵਿਚ ਕਚ ਦਾ ਅਰਥ ਬੰਨ੍ਹ ਹੁੰਦਾ ਹੈ। ਦਰਅਸਲ ਕਚੌਰੀ ਬਣਾਉਣ ਲਈ ਇਸ ਦੇ ਪੇੜੇ ਵਿਚ ਖੱਡਾ ਕਰਕੇ ਤੇ ਦਾਲ ਵਗੈਰਾ ਨਾਲ ਪੂਰ ਕੇ ਇਸ ਨੂੰ ਧਾਗੇ ਨਾਲ ਬੰਨ੍ਹਿਆ ਜਾਂਦਾ ਹੈ।

# ਨੈਣ-ਨਕਸ਼

*(ਪਿਛਲੇ ਸਫੇ ਤੋਂ ਜਾਰੀ)*

ਟੀਕੇ 'ਤੇ ਪਾਬੰਦੀ ਯੂ.ਐਨ.ਓ. ਨੇ ਲਗਾਉਣੀ ਹੈ? ਲੱਗਦਾ ਨਹੀਂ ਕਿ ਅਸੀਂ ਖੰਡ ਦੇ ਭੁਲੇਖੇ ਜ਼ਹਿਰ ਵੀ ਖੀਰ ਨਾਲ ਖਾਈ ਜਾ ਰਹੇ ਹਾਂ। ਕਿਸੇ ਨੇ ਜਮਦੂਤ ਵੇਖੇ ਜਾਂ ਨਹੀਂ ਪਰ ਔਕਸੀਟੋਸਿਨ ਦੇ ਰੂਪ ਵਿਚ ਇਹ ਹਰ ਘਰ ਦੇ ਦੁਆਲੇ ਚੱਕੋ-ਪਹਿਰ ਕੁੰਡਾ ਖੜਕਾਉਣ ਲੱਗੇ ਹੋਏ ਹਨ। ਜਾਪਦਾ ਨਹੀਂ ਕਿ ਝਾਂਜਰਾਂ ਤੋਂ ਬਿਨਾਂ ਵੀ ਛਣਕਾਟਾ ਪੈ ਰਿਹਾ ਹੈ।

ਜਿਹੜੇ ਹੋਰ ਹੈਰਾਨੀਕੁਨ ਅੰਕੜੇ ਸਾਹਮਣੇ ਆ ਰਹੇ ਨੇ, ਉਹ ਇਹ ਕਿ ਅੱਵਲ ਤਾਂ ਮਰਦ ਅੰਦਰ ਬੱਚਾ ਪੈਦਾ ਕਰਨ ਦੀ ਸ਼ਕਤੀ ਘਟ ਰਹੀ ਹੈ, ਜੇ ਮਾੜੀ-ਮੋਟੀ ਹੈ ਵੀ ਤਾਂ ਪੁੱਤਰ ਲਈ ਨਹੀਂ। ਕਿਉਂ ਪੁੱਤਰ ਪੈਦਾ ਕਰਨ ਦਾ ਗੁਣ ਸਿਰਫ਼ ਮਰਦ ਕੋਲ ਹੈ ਜੀਹਦੇ ਕੋਲ 'ਐਕਸ' ਤੇ 'ਵਾਈ' ਦੋਵੇਂ ਤਰ੍ਹਾਂ ਦੇ ਸ਼ੁਕਰਾਣੂੰ ਹੁੰਦੇ ਹਨ। ਇਸੇ ਲਈ ਔਰਤ ਨੂੰ ਕੁੜੀਆਂ ਜੰਮਣ 'ਤੇ ਪੱਥਰ ਜੰਮਣ ਦੇ ਤਾਅਨੇ ਦੇਣ ਵਾਲਾ ਮਰਦ ਅਸਲ ਵਿਚ ਆਪਣੀ ਕਮਜ਼ੋਰੀ 'ਤੇ ਕੱਪੜਾ ਸੁੱਟ ਰਿਹਾ ਹੈ।

ਬੱਚੀ ਦੇ ਬੱਚਾ ਜੰਮਣ ਦਾ ਵਰਤਾਰਾ ਕਲਯੁੱਗ ਦਾ ਹੈ ਜਾਂ ਵਿਗਿਆਨ ਦਾ, ਇਹ ਫੈਸਲਾ ਆਪਾਂ ਕਰ ਵੀ ਲਈਏ ਤਾਂ ਕੁਝ ਫ਼ਰਕ ਨਹੀਂ ਪੈਣਾ ਕਿਉਂਕਿ ਪੰਜਾਂ ਸਾਲਾਂ ਬਾਅਦ ਹਕੂਮਤ ਹਥਿਆਉਣ ਦੇ ਬਾਕੀ ਫ਼ਾਰਮੂਲਿਆਂ ਤੋਂ ਵਿਹਲ ਮਿਲਦੀ ਹੀ ਕਿੱਥੇ ਹੈ! ਸਬਜ਼ੀਆਂ ਪੈਦਾ ਕਰਨ ਵਾਲਾ ਜਿਹੜਾ ਜ਼ਿਮੀਂਦਾਰ ਇਸ ਟੀਕੇ ਦੇ ਨਤੀਜਿਆਂ ਨੂੰ ਜਾਣਦਾ ਹੈ, ਉਹ ਆਪਣੇ ਲਈ ਤਾਂ ਇਹ ਵਸਤਾਂ ਅਲੱਗ ਰੂੜੀ ਖਾਦ ਨਾਲ ਪੈਦਾ ਕਰ ਰਿਹਾ ਹੈ ਪਰ ਲਾਲਚ ਨੇ ਉਸ ਤੋਂ ਬਾਕੀਆਂ ਦੀ ਪ੍ਰਵਾਹ ਕਰਨ ਦੀ ਸ਼ਕਤੀ ਖੋਹ ਲਈ ਹੈ।

ਪੰਜਾਬ ਦਾ ਇਖ਼ਲਾਕੀ ਵਿਕਾਸ ਰੁਕਣ ਲਈ ਸੰਭਾਵਨਾਵਾਂ ਬਣ ਗਈਆਂ ਹਨ। ਅਦਾਲਤਾਂ ਇਹ ਦੱਸ ਰਹੀਆਂ ਹਨ ਕਿ ਤਲਾਕ ਦੇ ਮੁਕੱਦਮਿਆਂ ਦਾ ਇਕ ਕਾਰਨ ਇਹ ਵੀ ਹੈ ਕਿ ਪਤਨੀਆਂ ਇਲਜ਼ਾਮ ਲਗਾ ਰਹੀਆਂ ਹਨ ਕਿ ਉਨ੍ਹਾਂ ਦੇ ਪਤੀ ਘਟੀਆ ਸ਼ਰਾਬ ਤਾਂ ਪੀ ਲੈਣ, ਉਹ ਜਰ ਲੈਣਗੀਆਂ ਪਰ ਉਹ 'ਮਰਦ' ਨਹੀਂ ਰਹੇ, ਇਸ ਗੱਲ ਨੂੰ ਕਿਵੇਂ ਸਵੀਕਾਰ ਕਰਨ। ਦਰਅਸਲ ਭੇਤ ਇਹੋ ਹੈ ਕਿ ਇਹ ਭੋਲੀਆਂ ਬੀਬੀਆਂ ਨਹੀਂ ਜਾਣਦੀਆਂ ਕਿ ਘਟੀਆ ਸ਼ਰਾਬ ਵਿਚ ਲਗਾਏ ਦੁੱਧ ਉਤਾਰਨ ਵਾਲੇ ਟੀਕੇ ਨੇ ਉਨ੍ਹਾਂ ਦੀ ਮਰਦਾਨਗੀ ਅੰਦਰੋਂ ਖਾ ਲਈ ਹੈ ਅਤੇ ਉਨ੍ਹਾਂ ਨੂੰ ਤਾਕਤ ਵੰਡਣ ਵਾਲਾ ਡਾਕਟਰ ਬਾਦਸ਼ਾਹ ਲੱਭ ਨਹੀਂ ਰਿਹਾ। ਇਸਤਰੀ ਨੂੰ ਕੁਰਬਾਨ ਹੋਣਾ ਆਉਂਦਾ ਹੈ ਅਤੇ ਉਹ ਰਿਸ਼ਤੇ ਨੂੰ ਕਾਇਮ ਰੱਖਣ ਵਿਚ ਤਿਆਗ ਕਰ ਸਕਦੀ ਹੈ ਪਰ ਉਹ ਨਾ-ਮਰਦ ਮਨੁੱਖ ਨਾਲ ਹਰਗਿਜ਼ ਜ਼ਿੰਦਗੀ ਬਸਰ ਕਰਨ ਲਈ ਤਿਆਰ ਨਹੀਂ ਹੁੰਦੀ। ਪਤੀ ਦੇ ਜਿਉਂਦੇ ਜੀਅ ਓਪਰੀਆਂ ਸੇਜਾਂ ਮਾਣਨ ਪਿਛੇ ਇਹ ਟੀਕੇ ਵਾਲਾ ਰਹੱਸ ਵੀ ਹੋ ਸਕਦਾ ਹੈ। ਮਾਂ-ਬਾਪ ਪੁੱਤਰ ਨੂੰ ਜਨਮ ਦੇ ਕੇ ਖੁਸ਼ ਤਾਂ ਹੋਈ ਜਾਂਦੇ ਨੇ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਸ ਦੁੱਧ ਨਾਲ ਬੱਚਾ ਪਲ ਰਿਹਾ ਹੈ, ਉਹਨੂੰ ਜਵਾਨੀ ਦੇ ਨਾਲ ਮਰਦਾਨਗੀ ਵੀ ਨਾ ਦੇਵੇ। ਫਿਰ ਇਸ ਗੱਲ 'ਤੇ ਵੀ ਵਿਸ਼ਵਾਸ ਕਰ ਲਵੋ ਕਿ ਦੋਧੀਆਂ ਦੇ ਡਰੰਮਾਂ ਵਿਚ ਜਾਂ ਗੁੱਜਰਾਂ ਦੀਆਂ ਦੁੱਧ ਵਾਲੀਆਂ ਗਾਗਰਾਂ ਵਿਚ ਪਾਣੀ ਦੀ ਮਿਲਾਵਟ ਹੀ ਨਹੀਂ ਸਗੋਂ ਮਰਦ ਨੂੰ ਮਰਦ ਨਾ ਰਹਿਣ ਦੇਣ ਦੀ ਚਾਲ ਵੀ ਲੁੱਕੀ ਹੋਈ ਹੈ। ਸਰਕਾਰਾਂ ਅਨਜਾਣ ਨੇ ਜਾਂ ਖਾਮੋਸ਼ ਨੇ; ਜਾਂ ਮਨੁੱਖ ਅਗਿਆਨੀ ਹੈ, ਇਹ ਤਾਂ ਤੁਸੀਂ ਸੋਚਿਓ ਪਰ ਇਹ ਦੁੱਖ ਓਨਾ ਹੀ ਵੱਡਾ ਹੈ ਕਿ ਲਾੜਾ ਵਿਆਹੁਣ ਤਾਂ ਘੋੜੀ 'ਤੇ ਗਿਆ ਸੀ ਪਰ ਪਰਤਿਆ ਐਂਬੂਲੈਂਸ ਵਿਚ। ਇਸ ਲਈ ਇੱਲਾਂ ਦਾ ਫ਼ਿਕਰ ਛੱਡੋ, ਫ਼ਿਕਰ ਕਾਰਨ ਵਾਲੀ ਗੱਲ ਦਾ ਫ਼ਿਕਰ ਕਰੋ।

**ਅੰਤਿਕਾ:**

ਤਾਹੀਓਂ ਅਕਲ ਤੋਂ ਰਿਹਾ ਮਹਿਰੂਮ ਖਾਕੀ,
ਖਾਧੀ ਕਿਸੇ ਉਸਤਾਦ ਤੋਂ ਘੂਰ ਹੈ ਨੀ।
ਹਰਣ-ਵਹੇਰਿਆ ਹੱਟੀਆਂ ਵਿਕੇ ਸਸਤਾ,
ਤੇਰੇ ਵਿਚ ਤਾਂ ਮੌਲਾ ਕਪੂਰ ਹੈ ਨੀ।
ਤੈਨੂੰ ਰੱਬ ਨੇ ਰੱਖਿਆ ਯਾਦ ਬੰਦੇ,
ਤੂੰ ਰੱਖਿਆ ਰੱਬ ਜ਼ਰੂਰ ਹੈ ਨੀ।
ਝੂਠਿਆ ਕਾਫ਼ਰਾ ਕੁਫ਼ਰ ਦੀ ਪੰਡ ਤੋਲੇਂ,
ਇਹੋ ਜ਼ਿੰਦਗੀ ਦਾ ਦਸਤੂਰ ਹੈ ਨੀ।
ਬੈਠਾ ਸ਼ਾਹ ਮਨਸੂਰ ਦੀਆਂ ਕਰੇ ਬਾਤਾਂ,
ਤੇ ਅੱਖੀਂ ਵੇਖਿਆ ਕਦੇ ਲੰਗੂਰ ਹੈ ਨੀ।

*('ਜ਼ਿੰਦਗੀ ਦੇ ਸੱਚ' ਵਿਚੋਂ)*

# ਅਮਰ ਸਿੰਘ ਚਮਕੀਲੇ ਬਾਰੇ

## ਸੰਪਾਦਕ ਦੀ ਡਾਕ

ਅਸੀਂ ਤੁਹਾਡਾ ਅਖ਼ਬਾਰ 'ਪੰਜਾਬ ਟਾਈਮਜ਼' ਅਖ਼ਬਾਰ ਲੰਮੇ ਅਰਸੇ ਤੋਂ ਪੜ੍ਹਦੇ ਆ ਰਹੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨੂੰ ਪਿਆਰ ਕਰਨ ਵਾਲੇ ਇਸ ਦੇ ਆਉਣ ਵਾਲੇ ਹਰ ਅੰਕ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ। ਕਰਨੀ ਵੀ ਬਣਦੀ ਹੈ ਕਿਉਂਕਿ ਤੁਸੀਂ 'ਪੰਜਾਬ ਟਾਈਮਜ਼' ਰਾਹੀਂ ਹਰ ਹਫ਼ਤੇ ਹੀ ਇਕ ਅਨਮੋਲ ਖ਼ਜ਼ਾਨਾ ਪਾਠਕਾਂ ਦੇ ਰੂਬਰੂ ਕਰ ਦਿੰਦੇ ਹੋ। 12 ਫਰਵਰੀ ਦੇ ਅੰਕ ਵਿਚ ਅਸ਼ੋਕ ਭੌਰਾ ਦਾ ਲਿਖਿਆ 'ਨੈਣ-ਨਕਸ਼' (ਮਾਣਕ ਬਨਾਮ ਚਮਕੀਲਾ) ਪੜ੍ਹਿਆ। ਇਹੋ ਜਿਹੇ ਲੇਖ ਪੜ੍ਹਨ ਦਾ ਕੋਈ ਬਹੁਤਾ ਸ਼ੌਕ ਨਹੀਂ ਹੈ ਪਰ ਕਦੇ-ਕਦੇ ਗ਼ਲਤ ਚੀਜ਼ਾਂ ਵੀ ਅੱਖਾਂ ਅੱਗੇ ਧੱਕੇ ਨਾਲ ਆ ਜਾਂਦੀਆਂ ਹਨ। ਇਸ ਲੇਖ ਵਿਚ ਕਾਲਮਨਵੀਸ ਲਿਖਦਾ ਹੈ ਕਿ ਸਤਿਸੰਗ, ਕਥਾ, ਪ੍ਰਵਚਨ ਜਾਂ ਕੀਰਤਨ ਕਰ ਕੇ ਆਥਣੇ ਲੋਕ ਕਈ ਵਾਰ ਕਹਿੰਦੇ ਹਨ ਕਿ ਜ਼ਰਾ ਫਰੈਸ਼ ਹੋਣ ਲਈ ਦੋ ਬੋਲ ਚਮਕੀਲੇ ਦੇ ਹੀ ਸੁਣ ਲਈਏ। ਲੇਖਕ ਭੌਰਾ ਦੀ ਨਜ਼ਰ ਵਿਚ ਸਤਿਸੰਗ, ਕਥਾ ਤੇ ਕੀਰਤਨ ਦੀ ਹਾਲਤ ਹੁਣ ਇੰਨੀ ਮਾੜੀ ਹੋ ਗਈ ਹੈ ਕਿ ਕਥਾ-ਕੀਰਤਨ ਸੁਣਨ ਵਾਲੇ ਗੁਰੂ ਦੇ ਪਿਆਰੇ ਹੁਣ ਉਸ ਅਮਰ ਸਿੰਘ ਚਮਕੀਲੇ ਨੂੰ ਸੁਣ ਕੇ ਥਕਾਵਟ ਲਾਹੁੰਦੇ ਹਨ ਜਿਸ ਚਮਕੀਲੇ ਨੇ ਪੰਜਾਬ ਅਤੇ ਪੰਜਾਬੀਅਤ ਦੀ ਸਾਰੀ ਹਵਾ ਨੂੰ ਹੀ ਗੰਧਲਾ ਕਰ ਛੱਡਿਆ ਸੀ। ਸਾਡਾ ਭੌਰੇ ਨੂੰ ਸਵਾਲ ਹੈ ਕਿ ਕਥਾ ਅਤੇ ਕੀਰਤਨ ਦੀ ਤੁਲਨਾ ਉਸ ਚਮਕੀਲੇ ਨਾਲ ਕਰਨ ਦੀ ਕਿਉਂ ਲੋੜ ਪਈ ਹੈ? ਜਾਂ ਫਿਰ ਭੌਰੇ ਦੀਆਂ ਨਜ਼ਰਾਂ ਵਿਚ ਚਮਕੀਲਾ ਸਾਡੇ ਧਰਮ ਅਤੇ ਕਥਾ ਕੀਰਤਨ ਤੋਂ ਬਹੁਤ ਉਚਾ ਹੋ ਗਿਆ? ਜਾਂ ਅਸ਼ੋਕ ਭੌਰਾ ਚਮਕੀਲੇ ਨੂੰ ਹੀ ਆਪਣਾ ਰੱਬ ਮੰਨੀ ਬੈਠਾ ਹੈ? ਸਾਡੀ ਭੌਰੇ ਨੂੰ ਇਸ ਸਲਾਹ ਹੈ ਕਿ ਉਸ ਨੂੰ ਜੇ ਧਰਮ ਬਾਰੇ ਅਤੇ ਕੀਰਤਨ-ਕਥਾ ਜਾਂ ਸਤਿਸੰਗ ਦੀ ਪਰਿਭਾਸ਼ਾ ਦਾ ਹੀ ਨਹੀਂ ਪਤਾ ਤਾਂ ਉਹ, ਉਹ ਕੁਝ ਹੀ ਲਿਖਿਆ ਕਰੇ ਜੋ ਉਸ ਨੂੰ ਲਿਖਣਾ ਆਉਂਦਾ ਹੈ (ਦੋ ਤੇ ਦੋ ਪੰਜ)। ਭੌਰਾ ਜੀ ਆਪਣੀ ਜ਼ਬਾਨ ਤੇ ਕਲਮ ਨੂੰ ਜ਼ਰਾ ਸੰਭਾਲ ਕੇ ਅੱਗੇ ਤੁਰਨ। ਕਈ ਵਾਰੀ ਬੰਦਾ ਗ਼ਲਤ ਗੱਲਾਂ ਕਰ ਕਰ ਕੇ ਡੂੰਘੀ ਖਾਈ ਵਿਚ ਜਾ ਡਿੱਗਦਾ ਹੈ ਅਤੇ ਫਿਰ ਉਸ ਨੂੰ ਬਾਹਰ ਨਿਕਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਹਰ ਐਰੇ-ਗੈਰੇ ਤੇ ਨੱਥੂ ਖ਼ੈਰੇ ਦੀ ਤੁਲਨਾ ਕਥਾ ਕੀਰਤਨ ਜਾਂ ਸਤਿਸੰਗ ਨਾਲ ਕਰਨੀ ਬਹੁਤ ਮਾੜੀ ਗੱਲ ਹੈ।

*–ਹਰਜੀਤ ਸਿੰਘ, ਨਿਊ ਯਾਰਕ।*

# ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ

ੴ ਸਤਿਗੁਰ ਪ੍ਰਸਾਦਿ॥
ਸੋਰਠ ਮਹਲਾ 5
ਭਏ ਕ੍ਰਿਪਾਲ ਗੁਰੂ ਗੋਵਿੰਦਾ
ਸਗਲ ਮਨੋਰਥ ਪਾਏ॥
ਅਸਥਿਰ ਭਏ ਲਾਗਿ ਹਰਿ ਚਰਣੀ
ਗੋਵਿੰਦ ਕੇ ਗੁਣ ਗਾਏ॥
ਭਲੋ ਸ ਮੂਰਤੁ ਪੂਰਾ॥
ਸਾਂਤਿ ਸਹਜ ਆਨੰਦ ਨਾਮੁ ਜਪਿ
ਵਾਜੇ ਅਨਹਦ ਤੂਰਾ॥ ਰਹਾਉ॥
ਮਿਲੇ ਸੁਆਮੀ ਪ੍ਰੀਤਮ ਅਪੁਨੇ
ਘਰ ਮੰਦਰ ਸੁਖਦਾਈ॥
ਹਰਿਨਾਮੁ ਨਿਧਾਨੁ ਨਾਨਕ ਜਨ ਪਾਇਆ
ਸਗਲੀ ਇਛ ਪੁਜਾਈ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਇਸ ਸ਼ਬਦ ਅੰਦਰ ਪ੍ਰਭੂ ਪ੍ਰਾਪਤੀ ਦੀ ਸੋਹਣੀ ਅਵਸਥਾ ਦਾ ਜ਼ਿਕਰ ਕਰਦੇ ਹਨ ਕਿ ਉਸ ਮਾਲਿਕ ਦੇ ਮਿਲਾਪ ਦਾ ਸਮਾਂ ਕਿੰਨਾ ਸੁਖਦਾਈ ਹੁੰਦਾ ਹੈ। ਰਹਾਉ ਦੀ ਇਸ ਪੰਕਤੀ ਵਿਚ ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ, ਉਹ ਹੀ ਮਹੂਰਤ ਭਾਵ ਸਮਾਂ ਸੋਹਣਾ ਅਤੇ ਸੁਹਾਵਣਾ ਹੁੰਦਾ ਹੈ ਜਦੋਂ ਇਹ ਜੀਵ ਪ੍ਰਮੇਸ਼ਵਰ ਦੇ ਨਾਮ ਸਿਮਰਨ ਵਿਚ ਜੁੜ ਕੇ ਆਤਮਿਕ ਆਨੰਦ ਮਾਣਦਾ ਹੈ ਅਤੇ ਪ੍ਰਭੂ ਸਿਮਰਨ ਕਰਕੇ ਹੀ ਜੀਵ ਦੇ ਅੰਦਰ ਆਤਮਿਕ ਅਡੋਲਤਾ ਅਤੇ ਸ਼ਾਂਤੀ ਆਉਂਦੀ ਹੈ। ਨਾਮ ਸਿਮਰਨ ਨਾਲ ਹੀ ਜਦ ਸਹਿਜ ਅਵਸਥਾ ਬਣ ਜਾਂਦੀ ਹੈ ਤਾਂ ਇਕ ਰਸ ਦੇਣ ਵਾਲੇ ਵਾਜੇ ਵੀ ਆਪੇ ਹੀ ਵੱਜਣ ਲੱਗ ਪੈਂਦੇ ਹਨ।

ਭਏ ਕ੍ਰਿਪਾਲ ਗੁਰੂ ਗੋਵਿੰਦਾ
ਸਗਲ ਮਨੋਰਥ ਪਾਏ॥
ਅਸਥਿਰ ਭਏ ਲਾਗਿ ਹਰਿ ਚਰਣੀ
ਗੋਵਿੰਦ ਕੇ ਗੁਣ ਗਾਏ॥

ਹੇ ਭਾਈ! ਜਿਸ ਜੀਵ ਉਤੇ ਪੂਰੇ ਗੁਰੂ ਦੀ ਮਿਹਰ ਹੋ ਜਾਂਦੀ ਹੈ, ਉਹ ਜੀਵ ਹੀ ਉਸ ਵਾਹਿਗੁਰੂ ਦੇ ਗੁਣ-ਗਾਇਨ ਕਰਦਾ ਹੈ ਅਤੇ

## ਗੁਰਬਾਣੀ ਗਿਆਨ

ਉਸ ਜੀਵ ਭਾਵ ਇਨਸਾਨ ਦੇ ਨਾਮ ਸਿਮਰਨ ਕਰਕੇ ਸਾਰੇ ਹੀ ਮਨੋਰਥ ਭਾਵ ਮੁਰਾਦਾਂ ਵੀ ਪੂਰੀਆਂ ਹੋ ਜਾਂਦੀਆਂ ਹਨ ਕਿਉਂਕਿ ਪਰਮਾਤਮਾ ਦੇ ਨਾਮ ਸਿਮਰਨ ਕਰਕੇ ਹੀ ਜੀਵ ਅਡੋਲ ਚਿੱਤ ਹੋ ਜਾਂਦਾ ਹੈ ਅਤੇ ਸੰਸਾਰਕ ਦੁਖਾਂ-ਤਕਲੀਫ਼ਾਂ ਵਿਚ ਡੋਲਦਾ ਵੀ ਨਹੀਂ ਹੈ। ਇਸ ਲਈ ਪ੍ਰਭੂ ਸਿਮਰਨ ਹੀ ਸਭ ਤੋਂ ਉੱਤਮ ਹੈ।

ਮਿਲੇ ਸੁਆਮੀ ਪ੍ਰੀਤਮ ਅਪੁਨੇ
ਘਰ ਮੰਦਰ ਸੁਖਦਾਈ॥
ਹਰਿਨਾਮੁ ਨਿਧਾਨੁ ਨਾਨਕ ਜਨ ਪਾਇਆ
ਸਗਲੀ ਇਛ ਪੁਜਾਈ॥

ਹੁਣ ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ, ਜਿਸ ਜੀਵ ਨੂੰ ਉਸ ਸੋਹਣੇ ਮਾਲਕ ਪ੍ਰੀਤਮ ਦਾ ਮਿਲਾਪ ਹੋ ਜਾਂਦਾ ਹੈ, ਉਸ ਜੀਵ ਨੂੰ ਪ੍ਰਭੂ ਮਿਲਾਪ ਕਰਕੇ ਹੀ ਘਰ-ਬਾਰ ਵੀ ਸੁਖਦਾਈ ਅਤੇ ਸੋਹਣੇ ਲੱਗਣ ਲੱਗ ਪੈਂਦੇ ਹਨ। ਹੇ ਨਾਨਕ! ਜਿਸ ਜੀਵ ਨੇ ਵੀ ਉਸ ਅਕਾਲ ਪੁਰਖ ਦਾ ਨਾਮ ਰੂਪੀ ਖ਼ਜ਼ਾਨਾ ਲੱਭ ਲਿਆ ਹੈ, ਉਸ ਦੇ ਮਨ ਦੀ ਹਰ ਇਕ ਇੱਛਾ ਪੂਰੀ ਹੋ ਜਾਂਦੀ ਹੈ। ਸੋ, ਵੱਡੇ ਭਾਗਾਂ ਵਾਲਾ ਉਹ ਹੀ ਜੀਵ ਹੈ ਜੋ ਪ੍ਰਭੂ ਦਾ ਸਿਮਰਨ ਕਰਦਾ ਹੈ।

ਆਓ, ਗੁਰੂ ਪਿਆਰਿਓ ਸ਼ਬਦ ਗੁਰੂ ਨਾਲ ਜੁੜੀਏ!!

*–ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

ਵਿਚਾਰ-ਚਰਚਾ

# ਸਿੱਖ ਰਾਜਨੀਤੀ:ਦੂਜੀ ਟਿੱਪਣੀ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਚੱਲ ਰਹੀ ਬਹਿਸ ਜਾਰੀ ਹੈ। ਦੋਹਾਂ ਧਿਰਾਂ ਵਲੋਂ ਆਪੋ ਆਪਣੇ ਪੱਖ ਵਿਚ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਇਸ ਬਹਿਸ ਦੇ ਸਿਲਸਿਲੇ ਵਿਚ ਪ੍ਰੋ. ਹਰਪਾਲ ਸਿੰਘ ਪੰਨੂ ਦਾ ਇਹ ਦੂਜਾ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਬਹਿਸ ਵਿਚ ਹਿੱਸਾ ਲੈਣ ਵਾਲੇ ਸੱਜਣਾਂ ਨੂੰ ਬੇਨਤੀ ਹੈ ਕਿ ਬਹਿਸ ਨੂੰ ਵਿਚਾਰਾਂ ਦੇ ਟਕਰਾਓ ਤੱਕ ਸੀਮਤ ਰੱਖਿਆ ਜਾਵੇ ਨਾ ਕਿ ਇਸ ਨੂੰ ਸ਼ਖਸੀਅਤਾਂ ਦਾ ਟਕਰਾਓ ਬਣਾਉਣ ਵੱਲ ਵਧਿਆ ਜਾਵੇ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਬਹਿਸ ਵਿਚ ਆਉਣ ਵਾਲੇ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਏਗੀ। -ਸੰਪਾਦਕ***

**ਡਾ. ਹਰਪਾਲ ਸਿੰਘ ਪੰਨੂ**

ਸ. ਕਰਮਜੀਤ ਸਿੰਘ ਮੇਰੇ ਪੁਰਾਣੇ ਮਿੱਤਰ ਹਨ ਜਿਨ੍ਹਾਂ ਦੀ ਨੇਕ ਨੀਅਤ ਉਪਰ ਮੈਨੂੰ ਕਦੇ ਸ਼ਕ ਨਹੀਂ ਹੋਇਆ, ਨਾ ਹੋਵੇਗਾ। ਅਨੰਦਪੁਰ ਸਾਹਿਬ ਨੌਜੁਆਨਾਂ ਦੇ ਗੁਰਮਤਿ ਟਰੇਨਿੰਗ ਕੈਂਪ ਵਿਚ ਕੁਝ ਸਾਲ ਪਹਿਲਾਂ ਭਾਸ਼ਣ ਕਰਦਿਆਂ ਅੰਗਰੇਜ਼ੀ ਟ੍ਰਿਬਿਊਨ ਦੇ ਰਿਟਾਇਰਡ ਪੱਤਰਕਾਰ ਸ. ਦਲਬੀਰ ਸਿੰਘ ਗੰਨਾ ਪਿੰਡ ਨੇ ਸ. ਕਰਮਜੀਤ ਸਿੰਘ ਬਾਬਤ ਅਪਮਾਨਜਨਕ ਟਿੱਪਣੀਆਂ ਕਰ ਦਿੱਤੀਆਂ ਸਨ, ਉਨ੍ਹਾਂ ਨੂੰ ਸਟੇਟ ਦਾ ਏਜੈਂਟ (agent provocateur) ਕਹਿ ਦਿਤਾ ਸੀ ਤਾਂ ਮੈਂ ਉਨ੍ਹਾਂ ਨੂੰ ਮੌਕੇ ਉਤੇ ਟੋਕਿਆ ਤੇ ਬਾਦ ਵਿਚ ਆਪਣਾ ਰੋਸ ਪ੍ਰਗਟ ਕੀਤਾ ਕਿ ਤੁਹਾਡੇ ਵਰਗੇ ਸਨਮਾਨਯੋਗ ਬੰਦੇ ਤੋਂ ਸਾਨੂੰ ਇਹ ਉਮੀਦ ਨਹੀਂ। ਇਹ ਉਹੀ ਪੱਤਰਕਾਰ ਹੈ ਜਿਸ ਨੇ 'ਅੱਖੀਂ ਡਿੱਠਾ ਸੰਤ ਜਰਨੈਲ ਸਿੰਘ' ਕਿਤਾਬ ਲਿਖੀ ਸੀ। ਇਸ ਵਿਚਾਰ ਲੜੀ ਵਿਚ ਵੀ ਜੇ ਕੋਈ ਉਸਾਰੂ ਮਸਲਾ ਛੇੜਿਆ ਜਾਵੇ ਤਾਂ ਚੰਗਾ ਹੋਵੇ। ਕੁਝ ਕਹਿਣਾ ਤੇ ਕੁਝ ਸੁਣਨਾ, ਗੁਰੂ ਸਾਹਿਬਾਨ ਨੂੰ ਚੰਗਾ ਲੱਗਦਾ ਹੁੰਦਾ ਸੀ।

ਸ. ਅਜਮੇਰ ਸਿੰਘ ਦੀ ਕਿਤਾਬ "ਕਿਸ ਬਿਧ ਰੁਲੀ ਪਾਤਸ਼ਾਹੀ" ਦੁਬਾਰਾ ਪੜ੍ਹੀ। ਇਸ ਕਿਤਾਬ ਨੂੰ ਲਿਖਣ ਦਾ ਮਨੋਰਥ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ 'ਸਹਿਜੇ ਰਚਿਓ ਖਾਲਸਾ' ਦਾ ਟੀਕਾ ਕਰ ਕੇ ਸਮਝਾਉਣਾ ਹੈ। ਸ. ਕਰਮਜੀਤ ਸਿੰਘ ਨੂੰ ਲੱਗਿਆ ਕਿ ਅਜਮੇਰ ਸਿੰਘ ਦੀ ਕਿਤਾਬ ਵੀ ਪਾਠਕਾਂ ਨੂੰ ਸਮਝ ਨਹੀਂ ਆਏਗੀ ਜੇ ਇਸਦਾ ਟੀਕਾ ਨਾ ਕੀਤਾ ਗਿਆ। ਸੋ ਸ. ਕਰਮਜੀਤ ਸਿੰਘ ਟੀਕੇ ਦਾ ਟੀਕਾ ਕਰ ਰਹੇ ਹਨ। ਬਹੁਤ ਸਾਰੇ ਪਾਠਕਾਂ ਦੀ ਤਾਂ 'ਸਹਿਜੇ ਰਚਿਓ ਖਾਲਸਾ' ਦੇ ਚਾਲੀ ਪੰਨੇ ਪੜ੍ਹਨ ਤੋਂ ਬਾਦ ਬੱਸ ਹੋ ਜਾਂਦੀ ਹੈ ਪਰ ਕਿਉਂਕਿ ਮੇਰਾ ਵਿਸ਼ਾ ਸਿੱਖ ਅਧਿਐਨ ਦਾ ਹੈ, ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਇਸ ਵਿਸ਼ੇ ਦਾ ਗਿਆਨ ਅੱਪਡੇਟ ਕਰਦਾ ਰਹਾਂ, ਇਸ ਕਰ ਕੇ ਇਹ ਕਿਤਾਬ ਆਰਾਮ ਨਾਲ ਹੌਲੀ ਹੌਲੀ ਪੜ੍ਹੀ। ਮਹਿਬੂਬ ਸਾਹਿਬ ਕਦੀ ਕਦਾਈਂ ਖੁਦ ਨੂੰ ਦਾਰਸ਼ਨਿਕ ਸਮਝਦੇ ਸਨ, ਕਦੀ ਇਤਿਹਾਸਕਾਰ ਪਰ ਬੁਨਿਆਦੀ ਤੌਰ ਤੇ ਉਹ ਸ਼ਾਇਰ ਸਨ। ਚੰਗਾ ਹੁੰਦਾ ਸ਼ਾਇਰੀ ਦੀ ਇਕ ਕਿਤਾਬ ਹੋਰ ਰਚ ਦਿੰਦੇ ਕਿਉਂਕਿ ਉਨ੍ਹਾਂ ਦੀ ਵਾਰਤਕ ਸਹੀ ਨਹੀਂ ਹੈ। ਤਤਕਾਲੀ ਦੌਰ ਦੇ ਦੋ ਵਿਦਵਾਨ ਸਿੱਖਾਂ ਵਿਚ ਬਹੁਤ ਮਕਬੂਲ ਰਹੇ ਹਨ, ਸ. ਕਪੂਰ ਸਿੰਘ ਫਲਸਫੇ ਦੇ ਵਿਦਿਆਰਥੀ ਸਨ ਤੇ ਡਾ. ਗੰਡਾ ਸਿੰਘ ਇਤਿਹਾਸ ਦੇ। ਦੋਵਾਂ ਦੇ ਨਿਰਣਿਆਂ ਨਾਲ ਕੋਈ ਸਹਿਮਤ ਹੋਵੇ ਜਾਂ ਅਸਹਿਮਤ, ਇਨ੍ਹਾਂ ਦੇ ਨਜ਼ਰੀਏ ਪੂਰੇ ਸਾਫ ਸਨ, ਇਸ ਤੋਂ ਕੋਈ ਮੁਨਕਰ ਨਹੀਂ। ਮਹਿਬੂਬ ਵਾਸਤੇ ਇਹ ਦੋਵੇਂ ਮੂਰਖ ਹਨ। ਅਜਮੇਰ ਸਿੰਘ ਨੇ ਮਹਿਬੂਬ ਦੀ ਤਰਜ਼ ਤੇ ਇਨ੍ਹਾਂ ਨੂੰ ਤਾਂ ਰੱਦ ਕਰਨਾ ਹੀ ਸੀ ਪਰ ਵਿਆਖਿਆਕਾਰ ਦੋ ਕਦਮ ਹੋਰ ਅੱਗੇ ਨਿਕਲਦਿਆਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੂੰ ਵੀ ਰੱਦ ਕਰਦਾ ਹੈ। ਇਹ ਸਾਰੇ ਮਕਬੂਲ ਵਿਦਵਾਨ ਇਸ ਕਰਕੇ ਰੱਦ ਕਰਨਯੋਗ ਹਨ ਕਿਉਂਕਿ ਇਨ੍ਹਾਂ ਦਾ ਨਜ਼ਰੀਆ ਹਿੰਦੂਵਾਦੀ ਹੈ ਤੇ ਹਿੰਦੂ ਹੋਣਾ ਸੰਸਾਰ ਵਿਚ ਸਭ ਤੋਂ ਵਧੀਕ ਅਪਮਾਨਜਨਕ ਤੱਥ ਹੈ।

'ਕਿਸ ਬਿਧ ਰੁਲੀ ਪਾਤਸ਼ਾਹੀ' ਕਿਤਾਬ ਅਨੁਸਾਰ, ਜਾਦੂ ਨਾਥ ਸਰਕਾਰ, ਗੋਕਲ ਚੰਦ ਨਾਰੰਗ, ਹਰੀ ਰਾਮ ਗੁਪਤਾ, ਸਾਰੇ ਬੈਨਰਜੀਆਂ ਨੇ ਸਿੱਖ ਇਤਿਹਾਸ ਨੂੰ ਭ੍ਰਿਸ਼ਟ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਹਿੰਦੂ ਨਜ਼ਰੀਏ ਤੋਂ ਲਿਖਿਆ ਹੈ। ਹਿੰਦੂ ਨੇ ਜੇ ਹਿੰਦੂ ਨਜ਼ਰੀਏ ਤੋਂ ਲਿਖ ਦਿੱਤਾ ਤਾਂ ਉਹ ਦੋਸ਼ੀ ਕਿਵੇਂ ਹੋਇਆ? ਮਹਿਬੂਬ ਅਤੇ ਅਜਮੇਰ ਸਿੰਘ ਆਪਣੇ ਸਿੱਖ ਨਜ਼ਰੀਏ ਤੋਂ ਲਿਖ ਰਹੇ ਹਨ, ਲਿਖਣ। ਹਿੰਦੂਆਂ ਵਿਰੁਧ ਜਿਸ ਕੁੜਿੱਤਣ ਨਾਲ ਇਹ ਦੋਵੇਂ ਲੇਖਕ ਟਿੱਪਣੀਆਂ ਕਰਦੇ ਹਨ, ਸਿੱਖਾਂ ਵਿਰੁਧ ਹਿੰਦੂ ਚਿੰਤਕਾਂ ਨੇ ਅਜਿਹੀਆਂ ਟਿੱਪਣੀਆਂ ਨਹੀਂ ਦਿੱਤੀਆਂ। ਸਿੱਖ ਮਾਨਸਿਕਤਾ ਵਿਚ ਇਹ ਯਾਦ ਉਕਰੀ ਹੋਈ ਹੈ ਕਿ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਸਨ- ਬਾਬਾ ਨਾਨਕ ਸ਼ਾਹ ਫਕੀਰ। ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ। ਇਕ ਹਿੰਦੂ ਨੂੰ ਜੇ ਸਿੱਖ ਚੰਗੇ ਲਗਦੇ ਹਨ ਤਾਂ ਮੈਨੂੰ ਇਸ ਵਿਚ ਕੋਈ ਲਾਹਨਤ ਨਹੀਂ ਦਿਸਦੀ। ਮੈਨੂੰ ਉਦੋਂ ਬੁਰਾ ਲੱਗਣਾ ਸੀ ਜੇ ਉਹ ਮੈਨੂੰ ਮਲੇਛ ਕਹਿਣ ਜਾਂ ਵਿਦੇਸੀ ਕਹਿਣ। ਭਾਈ ਵੀਰ ਸਿੰਘ ਹਿੰਦੂਆਂ ਨਾਲ ਵਿਵਾਦ ਰਚਾਉਂਦੇ ਹੋਏ ਜਦੋਂ ਇਹ ਦਾਅਵਾ ਕਰਦੇ ਹਨ ਕਿ ਭਾਰਤ ਦੇ ਮੂਲ ਵਾਸੀ ਸਿੱਖ ਹਨ ਤਾਂ ਅਜਮੇਰ ਸਿੰਘ ਨੂੰ ਇਹ ਗੱਲ ਵੀ ਬੜੀ ਬੁਰੀ ਲਗਦੀ ਹੈ।

ਰਵਿੰਦਰਨਾਥ ਟੈਗੋਰ ਨੋਬਲ ਇਨਾਮ ਲੈਣ ਵਾਸਤੇ ਸਟਾਕਹੋਮ ਗਏ ਤਾਂ ਸਵੀਡਨ ਦੇ ਆਰਕ ਬਿਸ਼ਪ ਨੇ ਵੋਟ ਆਫ ਥੈਂਕਸ ਦਿੰਦਿਆਂ ਕਿਹਾ ਸੀ-ਮੈਂ ਸਾਹਿਤ ਦਾ ਵਿਦਿਆਰਥੀ ਨਹੀਂ ਹਾਂ। ਅੱਜ ਦੇ ਸਮਾਗਮ ਦਾ ਸ਼ੁਕਰਾਨਾ ਕਰਨ ਵਾਸਤੇ ਪ੍ਰਬੰਧਕਾਂ ਨੇ ਮੈਨੂੰ ਸੱਦਾ ਨਹੀਂ ਦਿੱਤਾ ਸੀ, ਇਹ ਡਿਊਟੀ ਮੈਂ ਮੰਗ ਕੇ ਲਈ ਹੈ। ਜਦੋਂ ਅਖਬਾਰ ਵਿਚ ਖਬਰ ਪੜ੍ਹੀ ਕਿ ਇਸ ਵਾਰ ਕਿਸੇ ਹਿੰਦੁਸਤਾਨੀ ਕਵੀ ਨੂੰ ਨੋਬਲ ਇਨਾਮ ਲਈ ਚੁਣਿਆ ਗਿਆ ਹੈ, ਉਦੋਂ ਮੈਂ ਟੈਗੋਰ ਦੀ ਇਕ ਲਾਈਨ ਵੀ ਨਹੀਂ ਪੜ੍ਹੀ ਸੀ ਪਰ ਖਬਰ ਪੜ੍ਹ ਕੇ ਮੈਂ ਇਸ ਨਤੀਜੇ ਤੇ ਪੁੱਜ ਗਿਆ ਕਿ ਇਸ ਕਵੀ ਦੀ ਰਚਨਾ ਵਿਚ ਧਰਮ ਹੋਵੇਗਾ। ਮੈਂ ਟੈਗੋਰ ਪੜ੍ਹਿਆ। ਸਾਡੇ ਸਨਾਤਨੀ ਧਰਮ ਗ੍ਰੰਥ ਅੱਜ ਦੀ ਬੋਲੀ ਵਿਚ ਸਾਡੇ ਨਾਲ ਗੱਲਾਂ ਕਰਨ ਵਾਸਤੇ ਆ ਉਤਰੇ ਹਨ। ਜਿਨ੍ਹਾਂ ਰਸਤਿਆਂ ਥਾਈਂ ਪ੍ਰਭੂ ਦਾ ਰਥ ਆਉਣਾ ਹੈ, ਉਹ ਰਸਤੇ ਸੰਵਾਰਨ ਵਾਸਤੇ ਟੈਗੋਰ ਸਾਡੇ ਕੋਲ ਆ ਗਿਆ ਹੈ। ਦੁਨੀਆਂ ਦੇ ਈਸਾਈਆਂ ਵਿਚੋਂ ਅੱਜ ਉਹ ਸ਼੍ਰੋਮਣੀ ਈਸਾਈ ਹੈ।

ਟੈਗੋਰ ਨੇ ਜਾਂ ਕਿਸੇ ਹੋਰ ਹਿੰਦੁਸਤਾਨੀ ਨੇ ਇਸ ਗੱਲ ਦਾ ਬੁਰਾ ਤਾਂ ਕੀ ਮਨਾਉਣਾ ਸੀ, ਉਨ੍ਹਾਂ ਨੂੰ ਫਖਰ ਹੋਇਆ ਸੀ। ਹਿੰਦੂ ਜਾਂ ਮੁਸਲਮਾਨ ਇਤਿਹਾਸਕਾਰ ਸਿੱਖ ਦ੍ਰਿਸ਼ਟੀਕੋਣ ਤੋਂ ਸਿੱਖ ਇਤਿਹਾਸ ਲਿਖਣ, ਇਹ ਗੱਲ ਕਿੰਨੀ ਕੁ ਤਰਕਸੰਗਤ ਹੈ, ਇਹ ਉਹੀ ਜਾਣਨ। ਮੈਂ ਸਿੱਖਾਂ ਨੂੰ ਦੇਖਿਆ ਹੈ ਕਿ ਉਹ ਆਮ ਤੌਰ 'ਤੇ ਮਹਾਤਮਾ ਗਾਂਧੀ ਨੂੰ ਨਫਰਤ ਕਰਦੇ ਹਨ ਕਿਉਂਕਿ ਹਿੰਦੂਆਂ ਨੂੰ ਉਹ ਹਿੰਦੁਸਤਾਨ ਲੈ ਕੇ ਦੇ ਗਿਆ ਤੇ ਸਿੱਖਾਂ ਨੂੰ ਖਾਲਿਸਤਾਨ ਦਿਵਾਇਆ ਨਹੀਂ। ਗਾਂਧੀ ਸਿੱਖਾਂ ਨੂੰ ਖਾਲਿਸਤਾਨ ਲੈ ਕੇ ਦੇ ਜਾਂਦਾ ਤਾਂ ਉਸ ਦਾ ਕੀ ਵਿਗੜ ਜਾਣਾ ਸੀ?

ਸਿੱਖਾਂ ਦਾ ਇਤਿਹਾਸ ਲਿਖਣ ਵਿਚ ਪਹਿਲਾਂ ਮੁਸਲਮਾਨ ਬੇਈਮਾਨੀ ਕਰਦੇ ਰਹੇ, ਫਿਰ ਅੰਗਰੇਜ਼ਾਂ ਨੇ ਬਦਨੀਤੀ ਨਾਲ ਇਤਿਹਾਸ ਲਿਖਵਾਇਆ, ਹੁਣ ਹਿੰਦੂ ਖੋਟ ਪਾ ਕੇ ਸਾਬਤ ਕਰ ਰਹੇ ਹਨ ਕਿ ਸਿੱਖ ਹਿੰਦੂ ਹਨ। ਮੁਸਲਮਾਨ, ਅੰਗਰੇਜ਼ ਅਤੇ ਹਿੰਦੂ ਚੰਗਾ ਜਾਂ ਮਾੜਾ, ਕੁਝ ਕਰਦੇ ਤਾਂ ਰਹੇ। ਸਿੱਖ ਕੀ ਕਰਦੇ ਰਹੇ? ਜਿਨ੍ਹਾਂ ਸਿੱਖਾਂ ਨੇ, ਯਾਨਿ ਕਿ ਕੇਸਰ ਸਿੰਘ ਛਿੱਬਰ, ਕੋਇਰ ਸਿੰਘ, ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਤੋਂ ਲੈ ਕੇ ਡਾ. ਗੰਡਾ ਸਿੰਘ ਤੱਕ ਕੁਝ ਕਰ ਕੇ ਦਿਖਾਇਆ, ਉਹ ਮਹਿਬੂਬ ਅਤੇ ਅਜਮੇਰ ਸਿੰਘ ਨੇ ਰੱਦ ਕਰ ਦਿੱਤੇ। ਸੰਸਕ੍ਰਿਤ ਕਾਵਿ ਨੂੰ ਬਹੁਤ ਆਚਾਰੀਆਂ ਨੇ ਪਰਿਭਾਸ਼ਿਤ ਕੀਤਾ। ਆਚਾਰੀਆ ਮੰਮਟ ਨੇ ਲਿਖਿਆ-ਮੇਰੇ ਤੋਂ ਪਹਿਲਾਂ ਹੋਏ ਵਿਦਵਾਨਾਂ ਨੇ ਸਾਹਿਤ ਦੀ ਸਹੀ ਪਰਿਭਾਸ਼ਾ ਨਹੀਂ ਦਿੱਤੀ। ਇਹ ਕੰਮ ਹੁਣ ਮੈਂ ਕਰਦਾ ਹਾਂ। ਮੰਮਟ ਦੀ ਪਰਿਭਾਸ਼ਾ ਪੂਰਵਜਾਂ ਤੋਂ ਘਟੀਆ ਹੈ।

ਬਾਗਬਾਨੀ ਇੰਸਪੈਕਟਰ ਸਾਡੇ ਖੇਤ ਖੂਹ ਉਪਰ ਪਾਣੀ ਪੀਣ ਲਈ ਰੁਕਿਆ, ਨਵੇਂ ਲਾਏ ਬੂਟੇ ਵੱਲ ਉਂਗਲ ਕਰਕੇ ਕਹਿਣ ਲੱਗਾਸ-ਇਹ ਵੀ ਬੂਟਾ ਲਾਉਣ ਦਾ ਤਰੀਕੈ ਕੋਈ? ਮੈਨੂੰ ਹੈਰਾਨੀ ਹੋਊਗੀ ਜੇ ਇਹਦੇ ਇਕ ਵੀ ਅੰਬ ਲੱਗ ਗਿਆ। ਬਾਪੂ ਜੀ ਨੇ ਕਿਹਾ-ਹੈਰਾਨੀ ਤਾਂ ਮੈਨੂੰ ਵੀ ਹੋਊਗੀ ਜੇ ਇਹਦੇ ਅੰਬ ਲੱਗ ਗਿਆ ਕਿਉਂਕਿ ਇਹ ਬੂਟਾ ਜਾਮਣ ਦਾ ਹੈ। ਹਿੰਦੂ ਇਤਿਹਾਸਕਾਰ ਜੇ ਸਿੱਖ ਦ੍ਰਿਸ਼ਟੀਕੋਣ ਤੋਂ ਲਿਖੇ ਤਾਂ ਹੈਰਾਨ ਹੋਵੋ ਮਿੱਤਰੋ, ਹਿੰਦੂ ਵਾਂਗ ਤਾਂ ਉਸ ਨੇ ਲਿਖਣਾ ਹੀ ਲਿਖਣਾ ਹੈ।

ਮਹਿਬੂਬ ਸਾਹਿਬ ਦਾ ਖਤ ਆਇਆ, ਲਿਖਿਆ-ਬੀਬੀ ਟਿਵਾਣਾ ਦਾ ਨਾਵਲ, 'ਕਥਾ ਕਹੋ ਉਰਵਸ਼ੀ' ਮਿਲਿਆ, ਮੈਂ ਸੱਤੀ (ਧੀ) ਨੂੰ ਕਿਹਾ ਤੂੰ ਪੜ੍ਹ ਕੇ ਦੱਸ ਕੀ ਗੱਲ ਹੈ। ਸੱਤੀ ਨੇ ਮੈਨੂੰ ਦੱਸਿਆ-ਇਸ ਵਿਚ ਖਾਸ ਤਾਂ ਕੁਝ ਨਹੀਂ, ਮੌਤਾਂ ਦਾ ਵਧੀਕ ਜ਼ਿਕਰ ਹੈ। ਪੰਨੂ ਪਿਆਰੇ ਮੈਂ ਅੱਜ ਕੱਲ੍ਹ ਦਸਮ ਪਾਤਸ਼ਾਹ 'ਤੇ ਮਹਾਂਕਾਵਿ ਲਿਖ ਰਿਹਾ ਹਾਂ। ਮੈਂ ਮੌਤ ਦਾ ਜ਼ਿਕਰ ਨਾ ਸੁਣ ਸਕਦਾ ਹਾਂ, ਨਾ ਪੜ੍ਹ ਸਕਦਾ ਹਾਂ। ਇਸ ਨਾਲ ਮੇਰੀ ਮਾਨਸਿਕਤਾ ਵਿਚ ਵਿਘਨ ਪੈਂਦਾ ਹੈ।

ਮੈਂ ਲਿਖਿਆ-ਮੌਤ ਦਾ ਜ਼ਿਕਰ ਸੁਣਨਾ ਜਾਂ ਪੜ੍ਹਨਾ ਵਿਘਨਕਾਰੀ ਹੈ ਫਿਰ ਮਹਾਰਾਜ ਦਸਮ ਪਾਤਸ਼ਾਹ 'ਤੇ ਮਹਾਂਕਾਵਿ ਕਿਵੇਂ ਲਿਖੋਗੇ? ਕੋਈ ਉਤਰ ਨਹੀਂ ਆਇਆ।

ਪੰਨਾ ਨੰ. 4 'ਤੇ ਅਜਮੇਰ ਸਿੰਘ ਸਿੱਖਾਂ ਦਾ ਟਾਕਰਾ ਰਾਜਪੂਤਾਂ ਤੇ ਮਰਾਠਿਆਂ ਨਾਲ ਕਰਦਿਆਂ ਲਿਖਦਾ ਹੈ- ਪਰ ਸਿੱਖ ਲਹਿਰ ਉਪਰੋਕਤ ਸਮਕਾਲੀ ਲਹਿਰਾਂ ਨਾਲੋਂ ਬਿਲਕੁਲ ਨਿਆਰੀ ਸੀ... ਸਿੱਖ ਲਹਿਰ ਦੇ ਨਿਆਰੇਪਣ ਨੂੰ ਇਸ ਦ੍ਰਿਸ਼ਟੀ ਤੋਂ ਹੀ ਦੇਖਿਆ ਜਾਣਾ ਚਾਹੀਦਾ ਹੈ।

ਮੈਂ ਸਮਝਦਾ ਹਾਂ, ਸਿੱਖ ਇੱਕ ਵੱਖਰਾ ਸਮੁੰਦਰ ਹਨ ਜਿਸ ਵਿਚ ਅਨੇਕ ਲਹਿਰਾਂ ਹਨ। ਅਜਮੇਰ ਸਿੰਘ ਖਾਲਸਾ ਪੰਥ ਨੂੰ ਭਾਰਤੀ ਸਮੁੰਦਰ ਦੀ ਲਹਿਰ ਕਿਉਂ ਸਮਝ ਰਿਹਾ ਹੈ? (ਪੰਨਾ ਨੰ. 63) ਸਿੱਖਾਂ ਵਿਚ ਜਾਤਪਾਤ ਅਲੋਪ ਹੋਣ ਬਾਰੇ ਲਿਖਿਆ ਹੈ-ਮਨੁੱਖੀ ਬਰਾਬਰੀ ਦੀ ਅਜਿਹੀ ਸਪਿਰਿਟ ਦਾ ਦਿਖਾਵਾ ਦੁਨੀਆਂ ਦੇ ਇਤਿਹਾਸ ਅੰਦਰ ਹੋਰ ਕਿਤੇ ਨਹੀਂ ਹੋਇਆ।

ਯਹੂਦੀਆਂ, ਪਾਰਸੀਆਂ, ਮੁਸਲਮਾਨਾਂ ਅਤੇ ਈਸਾਈਆਂ ਵਿਚ ਜਾਤਪਾਤ ਕਿੱਥੇ ਹੈ? ਉਨ੍ਹਾਂ ਅੰਦਰ ਮਨੁੱਖੀ ਭਾਈਚਾਰੇ ਵਿਚ ਬਰਾਬਰ ਦਾ ਸਨਮਾਨ ਬਦਸਤੂਰ ਸੀ ਅਤੇ ਜਾਰੀ ਹੈ। ਭਾਰਤ ਅੰਦਰ ਇਨ੍ਹਾਂ ਧਰਮਾਂ ਦੇ ਪੈਰੋਕਾਰਾਂ ਵਿਚ ਜਾਤਪਾਤ ਦਾ ਅਸਰ ਗਵਾਂਢ ਕਰਕੇ ਹੋਣਾ ਹੀ ਸੀ, ਸੋ ਹੋਇਆ। ਦੁੱਖ ਤਾਂ ਇਸ ਗੱਲ ਦਾ ਹੈ ਕਿ ਸਿੱਖ ਇਸ ਬਿਮਾਰੀ ਵਿਚ ਬੁਰੀ ਤਰ੍ਹਾਂ ਗ੍ਰਸਤ ਹਨ। ਗੁਰੂ ਕਾਲ ਅਤੇ ਗੁਰਬਾਣੀ ਦਾ ਨਾਮ ਲੈ ਲੈ ਕੇ ਕਿੰਨਾ ਕੁ ਚਿਰ ਆਪਣੇ ਰੋਗ ਨੂੰ ਛੁਪਾਉਂਦੇ, ਸ਼ੇਖੀਆਂ ਮਾਰਦੇ ਰਹਾਂਗੇ?

15 ਜਨਵਰੀ 1934 ਨੂੰ ਉਤਰੀ ਭਾਰਤ ਵਿਚ ਭਿਆਨਕ ਤੂਫਾਨ ਨੇ ਬੇਅੰਤ ਜਾਨੀ ਤੇ ਮਾਲੀ ਨੁਕਸਾਨ ਕੀਤਾ। ਗਾਂਧੀ ਨੇ ਬਿਆਨ ਦਿੱਤਾ-ਜਾਤਪਾਤ ਦੇ ਆਧਾਰ ਤੇ ਮਨੁੱਖ, ਮਨੁੱਖ ਨੂੰ ਨਫਰਤ ਕਰਦਾ ਹੈ। ਇਹ ਭੂਚਾਲ ਰੱਬ ਵੱਲੋਂ ਇਸੇ ਪਾਪ ਦੀ ਦਿੱਤੀ ਗਈ ਸਜ਼ਾ ਹੈ। ਮੈਨੂੰ ਪੱਕਾ ਪਤਾ ਹੈ, ਇਹ ਛੂਤ-ਅਛੂਤ ਨਾਲ ਸਬੰਧਤ ਹੈ। ਟੈਗੋਰ ਅਤੇ ਨਹਿਰੂ ਜਿਹੜੇ ਖੁਦ ਛੂਆ ਛੂਤ ਦੇ ਖਿਲਾਫ ਸਨ, ਨੇ ਇਸ ਬਿਆਨ ਦਾ ਮਜ਼ਾਕ ਉਡਾਇਆ। ਇਥੇ ਗੱਲ ਕਥਨ ਦੀ ਪ੍ਰਮਾਣਿਕਤਾ ਦੀ ਨਹੀਂ ਹੈ, ਗਾਂਧੀ ਨੂੰ ਬਹਾਨਾ ਚਾਹੀਦਾ ਸੀ, ਕੋਈ ਵੀ ਬਹਾਨਾ ਹੋਵੇ, ਛੂਆ ਛੂਤ ਖਤਮ ਹੋਣੀ ਚਾਹੀਦੀ ਹੈ। ਅਜਮੇਰ ਸਿੰਘ ਨੂੰ ਸਾਰੀ ਕਿਤਾਬ ਵਿਚ ਇਹ ਕਿਤੇ ਨਹੀਂ ਦਿਸਦਾ ਕਿ ਹਿੰਦੂ ਇਸ ਬਿਮਾਰੀ ਤੋਂ ਮੁਕਤ ਹੋਣ ਦੇ ਇਛੁੱਕ ਹਨ।

ਕਸ਼ਮੀਰੀ ਬ੍ਰਾਹਮਣਾਂ ਦਾ ਜਿਹੜਾ ਜਥਾ 1675 ਈ. ਵਿਚ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਵਿਚ ਆਇਆ ਸੀ, ਉਨ੍ਹਾਂ ਦਾ ਲੀਡਰ ਪੰਡਤ ਕਿਰਪਾ ਰਾਮ ਸੰਸਕ੍ਰਿਤ, ਫਾਰਸੀ ਤੇ ਅਰਬੀ ਦਾ ਵਿਦਵਾਨ ਸੀ। ਉਹ ਗੁਰੂ ਜੀ ਨਾਲ ਦਿੱਲੀ ਜਾਣ ਵਾਸਤੇ ਤਿਆਰ ਹੋਇਆ ਤਾਂ ਮਹਾਰਾਜ ਨੇ ਕਿਹਾ-ਤੁਹਾਨੂੰ ਜ਼ਿੰਮੇਵਾਰੀ ਸੌਂਪਣੀ ਹੈ ਭਾਈ ਕਿਰਪਾ ਰਾਮ। ਤੁਸੀਂ ਵਾਪਸ ਕਸ਼ਮੀਰ ਨਹੀਂ ਜਾਣਾ। ਸਾਡੇ ਜਾਣ ਤੋਂ ਬਾਦ ਬਾਲਕ ਗੋਬਿੰਦ ਰਾਏ ਦੀ ਵਿੱਦਿਆ ਦੇਣ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਗੁਰੂ ਜੀ ਦੀ ਸ਼ਹਾਦਤ ਹੋਈ। ਦਸਮ ਪਾਤਸ਼ਾਹ ਨੂੰ ਵਿੱਦਿਆ ਦੇਣ ਦੀ ਨਿਗਰਾਨੀ ਪੰਡਤ ਕਿਰਪਾ ਰਾਮ ਨੇ ਨਿਭਾਈ। 1699 ਈ. ਨੂੰ ਖਾਲਸਾ ਪੰਥ ਦਾ ਜਦੋਂ ਪ੍ਰਕਾਸ਼ ਹੋਇਆ, ਵੀਹ ਹਜ਼ਾਰ ਅੰਮ੍ਰਿਤ ਛਕਣ ਵਾਲਿਆਂ ਵਿਚ ਭਾਈ ਕਿਰਪਾ ਰਾਮ ਵੀ ਸਨ ਜੋ ਕਿਰਪਾ ਸਿੰਘ ਹੋਏ। ਇਹ ਕਿਰਪਾ ਸਿੰਘ ਚਮਕੌਰ ਦੀ ਗੜ੍ਹੀ ਵਿਚੋਂ ਵੱਡੇ ਸਾਹਿਬਜ਼ਾਦਿਆਂ ਦੇ ਜਥੇ ਨਾਲ ਬਾਹਰ ਆ ਕੇ ਲੜੇ ਤੇ ਯੁੱਧ ਕਰਦਿਆਂ ਮੁਗਲਾਂ ਹੱਥੋਂ ਸ਼ਹੀਦ ਹੋਏ। ਵਿਹਾਰਕ ਵਿੱਦਿਆ ਦੇਣ ਵਕਤ ਇਹ ਪੰਡਤ ਕਿਰਪਾ ਰਾਮ ਸਨ, ਬਾਲ ਗੁਰੂ ਜੀ ਦੇ ਅਧਿਆਪਕ। ਜਦੋਂ ਰੂਹਾਨੀਅਤ ਦੀ ਵਿੱਦਿਆ ਵਰਤਾਈ ਗਈ ਤਾਂ ਇਹ ਗੁਰੂ ਜੀ ਦੇ ਸਿੱਖ ਹੋ ਗਏ। 'ਆਪੇ ਗੁਰੂ ਚੇਲਾ' ਦਾ ਬਿਰਤਾਂਤ ਦਸਮ ਪਾਤਸ਼ਾਹ ਜੀ ਦਾ ਇਥੇ ਵੀ ਵਾਪਰਿਆ। ਗੰਗੂ ਚੰਦੂ ਨੂੰ ਤਾਂ ਜਹਾਨ ਜਾਣ ਗਿਆ ਹੈ, ਭਾਈ ਕਿਰਪਾ ਸਿੰਘ ਦੀ ਯਾਦ ਦਿਲਾਂ ਵਿਚ ਕਿਉਂ ਨਾ ਵਸੇ?

ਹਿੰਦੂ ਬੁਜ਼ਦਿਲ ਹਨ, ਫਿਰਕਾਪ੍ਰਸਤ ਹਨ, ਦਾਅ-ਪੇਚ ਵਰਤ ਕੇ ਸਿਆਸਤ ਕਰਦੇ ਹਨ ਆਦਿਕ ਇਸ ਕਿਤਾਬ ਦੇ ਪ੍ਰਭਾਵ ਹਨ। ਦੁਨੀਆਂ ਦੀ ਕੋਈ ਕੌਮ ਅੱਜ ਤੱਕ ਨਾ ਪੂਰਨ ਬਹਾਦਰ ਹੋਈ, ਨਾ ਪੂਰੀ ਬੁਜ਼ਦਿਲ, ਸਾਰੇ ਨਾ ਬੇਈਮਾਨ ਹੁੰਦੇ ਹਨ, ਨਾ ਈਮਾਨਦਾਰ। ਸੱਚ ਇਹ ਹੈ ਕਿ ਗੁਰੂ ਕਾਲ ਵਿਚ ਗੁਲਾਮੀ ਦਾ ਨਰਕ ਭੋਗ ਰਹੇ ਵਧੀਕ ਗਿਣਤੀ ਦੇ ਬੁਜ਼ਦਿਲ ਹਿੰਦੂਆਂ ਵਿਚ ਇਕ ਹਿੱਸਾ ਅਜਿਹਾ ਸੀ ਜਿਸ ਅੰਦਰ ਬੀਰਤਾ ਦੀ ਅਗਨੀ ਪ੍ਰਚੰਡ ਹੋ ਸਕਦੀ ਸੀ ਜੇ ਉਸ ਨੂੰ ਕੋਈ ਨਾਇਕ ਮਿਲਦਾ? ਸਿੱਖ ਗੁਰੂ ਉਸ ਨੂੰ ਆਪਣੇ ਹੀਰੋ ਮਿਲ ਗਏ।

***ਤਤਕਾਲੀ ਦੌਰ ਦੇ ਦੋ ਵਿਦਵਾਨ ਸਿੱਖਾਂ ਵਿਚ ਬਹੁਤ ਮਕਬੂਲ ਰਹੇ ਹਨ, ਸ. ਕਪੂਰ ਸਿੰਘ ਫਲਸਫੇ ਦੇ ਵਿਦਿਆਰਥੀ ਸਨ ਤੇ ਡਾ. ਗੰਡਾ ਸਿੰਘ ਇਤਿਹਾਸ ਦੇ। ਦੋਵਾਂ ਦੇ ਨਿਰਣਿਆਂ ਨਾਲ ਕੋਈ ਸਹਿਮਤ ਹੋਵੇ ਜਾਂ ਅਸਹਿਮਤ, ਇਨ੍ਹਾਂ ਦੇ ਨਜ਼ਰੀਏ ਪੂਰੇ ਸਾਫ ਸਨ, ਇਸ ਤੋਂ ਕੋਈ ਮੁਨਕਰ ਨਹੀਂ। ਮਹਿਬੂਬ ਵਾਸਤੇ ਇਹ ਦੋਵੇਂ ਮੂਰਖ ਹਨ। ਅਜਮੇਰ ਸਿੰਘ ਨੇ ਮਹਿਬੂਬ ਦੀ ਤਰਜ਼ ਤੇ ਇਨ੍ਹਾਂ ਨੂੰ ਤਾਂ ਰੱਦ ਕਰਨਾ ਹੀ ਸੀ ਪਰ ਵਿਆਖਿਆਕਾਰ ਦੋ ਕਦਮ ਹੋਰ ਅੱਗੇ ਨਿਕਲਦਿਆਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੂੰ ਵੀ ਰੱਦ ਕਰਦਾ ਹੈ। ਇਹ ਸਾਰੇ ਮਕਬੂਲ ਵਿਦਵਾਨ ਇਸ ਕਰਕੇ ਰੱਦ ਕਰਨਯੋਗ ਹਨ ਕਿਉਂਕਿ ਇਨ੍ਹਾਂ ਦਾ ਨਜ਼ਰੀਆ ਹਿੰਦੂਵਾਦੀ ਹੈ ਤੇ ਹਿੰਦੂ ਹੋਣਾ ਸੰਸਾਰ ਵਿਚ ਸਭ ਤੋਂ ਵਧੀਕ ਅਪਮਾਨਜਨਕ ਤੱਥ ਹੈ।***

1699 ਦੀ ਵਿਸਾਖੀ ਵਾਲੇ ਦਿਨ ਵੀਹ ਹਜ਼ਾਰ ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤ ਛਕਿਆ ਸੀ, ਉਹ ਹਿੰਦੂ ਪਰਿਵਾਰਾਂ ਵਿਚੋਂ ਆਏ ਸਨ। ਮੰਨੂ ਦੀ ਦਾਤੀ ਵੱਢ ਰਹੀ ਸੀ ਤੇ ਸਿੱਖ ਦੂਣ ਸਵਾਏ ਹੋ ਰਹੇ ਸਨ, ਇਹ ਗਿਣਤੀ ਜਨਮ ਦਰ ਵਧਣ ਨਾਲ ਨਹੀਂ ਵਧੀ ਸੀ, ਧੜਾ ਧੜ ਹਿੰਦੂ ਅਣਖੀਲਾ ਯੋਧਾ ਸਿਰ 'ਤੇ ਖੱਫਣ ਬੰਨ੍ਹ ਬੰਨ੍ਹ ਖਾਲਸਾ ਪੰਥ ਦੀ ਸ਼ਰਣ ਵਿਚ ਆ ਕੇ ਅੰਮ੍ਰਿਤ ਛਕ ਰਿਹਾ ਸੀ। ਜਦੋਂ ਲਹਿਣਾ ਸਿੰਘ ਭੰਗੂ ਨੇ ਲਾਹੌਰ ਉਪਰ ਚੜ੍ਹਾਈ ਕੀਤੀ ਤਾਂ ਨਵਾਬ ਨੂੰ ਉਸਦੇ ਸਲਾਹਕਾਰਾਂ ਨੇ ਸਿੱਖਾਂ ਵਿਰੁਧ ਲੜਨ ਦੀ ਥਾਂ ਕਿਲ੍ਹਾ ਖਾਲੀ ਕਰਨ ਦੀ ਸਲਾਹ ਇਹ ਕਹਿ ਕੇ ਦਿੱਤੀ ਸੀ ਕਿ ਮੁਸਲਮਾਨ ਸਿਵਲ ਪਰਜਾ ਸਿੱਖਾਂ ਨੂੰ ਨਫਰਤ ਨਹੀਂ ਕਰਦੀ ਸਗੋਂ ਸਟੇਟ ਨੂੰ ਨਫਰਤ ਕਰਨ ਲੱਗ ਪਈ ਹੈ। ਨਵਾਬ ਨੇ ਕਿਲ੍ਹਾ ਖਾਲੀ ਕਰ ਦਿੱਤਾ ਸੀ। ਜਿਨ੍ਹਾਂ ਫੌਜੀ ਅਫਸਰਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ, ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਪੇਸ਼ ਕੀਤਾ ਗਿਆ। ਲਹਿਣਾ ਸਿੰਘ ਭੰਗੂ ਨੇ ਕਿਹਾ-ਤੁਸੀਂ ਘੋਰ ਪਾਪ ਕੀਤਾ ਹੈ ਪਰ ਪਰਵਰਦਗਾਰ ਬਖਸ਼ਣਹਾਰ ਹੈ, ਜਾਓ ਕਾਰ ਸੇਵਾ ਕਰਕੇ ਆਪਣੇ ਗੁਨਾਹ ਬਖਸ਼ਵਾ ਲਵੋ। ਇਹ ਸੀ ਉਹ ਇਖਲਾਕ ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਿੱਖਾਂ ਨੂੰ ਪ੍ਰਾਪਤ ਹੋਇਆ।

ਪਾਠਕ ਕੱਲ੍ਹ ਦਾ ਲਖਨਊ (ਗੁਜ਼ਸ਼ਤਾ ਲਖਨਊ) ਪੜ੍ਹਨ, ਇਹ ਨੈਸ਼ਨਲ ਬੁੱਕ ਟਰਸਟ ਨੇ ਛਾਪੀ ਹੈ। ਲੇਖਕ ਦਾ ਨਾਨਾ ਲਖਨਵੀ ਨਵਾਬ ਦਾ ਕਾਨੂੰਨੀ ਸਲਾਹਕਾਰ ਰਿਹਾ ਸੀ। ਦੋਹਤੇ ਨੇ ਉਸ ਦੀਆਂ ਯਾਦਾਂ ਉਕਰਦਿਆਂ ਲਿਖਿਆ ਹੈ-ਮੈਂ ਪੁੱਛਿਆ, ਨਾਨਾ ਜਾਨ ਅੰਗਰੇਜ਼ਾਂ ਅੱਗੇ ਇੰਨੀ ਆਸਾਨੀ ਨਾਲ ਮੁਸਲਮਾਨਾਂ ਨੇ ਗੋਡੇ ਟੇਕ ਦਿੱਤੇ ਤੇ ਕਿਲ੍ਹਾ ਖਾਲੀ ਕਰ ਗਏ? ਮੈਂ ਤਾਂ ਸੁਣਿਆਂ ਹੈ ਕਿ ਮੁਸਲਮਾਨ ਬਹੁਤ ਬਹਾਦਰ ਹੁੰਦੇ ਹਨ। ਨਾਨਾ ਜੀ ਨੇ ਕਿਹਾ-ਬੱਚੇ! ਮੁਸਲਮਾਨ, ਮਰਾਠੇ, ਰਾਜਪੂਤ ਤੇ ਸਿੱਖ, ਬਹਾਦਰ ਵੀ ਹਨ, ਸਿਆਣੇ ਵੀ। ਰੱਬ, ਬਹਾਦਰੀ ਅਤੇ ਸਿਆਣਪ ਦੀ ਥਾਂ ਈਮਾਨਦਾਰੀ ਨੂੰ ਪਿਆਰ ਕਰਦਾ ਹੈ। ਉਹ ਧਰਤੀ ਉਪਰ ਵਸਦੀਆਂ ਕੌਮਾਂ ਵੱਲ ਧਿਆਨ ਨਾਲ ਦੇਖਦਾ ਰਹਿੰਦਾ ਹੈ। ਜਿਹੜੀ ਕੌਮ ਪਰਜਾ ਨੂੰ ਨਿਆਂ ਦੇਵੇਗੀ, ਉਹ ਉਸ ਨੂੰ ਤਾਜ ਤਖਤ ਦੇ ਦਿੰਦਾ ਹੈ। ਅਸੀਂ ਨਿਆਂ ਕਰਨੋਂ ਹਟ ਗਏ ਸਾਂ ਤਾਂ ਰਾਜ ਸਿੰਘਾਸਨ ਖੁੱਸ ਗਏ।

ਸੁਤੰਤਰ ਸਿੱਖ ਸਟੇਟ ਦੇ ਮੁਦਈ ਰਵਾਇਤੀ ਲੀਡਰਸ਼ਿਪ ਨੂੰ ਗੱਦਾਰ ਆਖਦੇ ਹਨ, ਖਾੜਕੂ ਦੌਰ ਵਿਚ ਇਨ੍ਹਾਂ ਉਤੇ ਕਾਤਲਾਨਾ ਹਮਲੇ ਵੀ ਹੋਏ। ਮਹਿਬੂਬ ਸਾਹਿਬ ਮੈਨੂੰ ਫੋਨ ਕਰਕੇ ਲਗਾਤਾਰ ਕਹਿੰਦੇ-ਟੌਹੜਾ ਸਾਹਿਬ ਨੂੰ ਮਿਲ ਕੇ ਪੈਸੇ ਦਿਵਾਉ। ਆਪਣੇ ਕੁਝ ਮਿੱਤਰਾਂ ਨੂੰ ਨਾਲ ਲੈ ਕੇ ਮੈਂ ਟੌਹੜਾ ਸਾਹਿਬ ਪਾਸੋਂ ਇੱਕ ਲੱਖ ਰੁਪਏ ਦੀ ਸਹਾਇਤਾ ਦਿਵਾਈ। ਬਾਦਲਕਿਆਂ ਨੇ ਟੌਹੜਾ ਸਾਹਿਬ ਨੂੰ ਪ੍ਰਧਾਨਗੀ ਤੋਂ ਲਾਹ ਕੇ ਬਡੂੰਗਰ ਸਾਹਿਬ ਨੂੰ ਬਿਠਾ ਦਿੱਤਾ। ਮਹਿਬੂਬ ਸਾਹਿਬ ਵੱਲੋਂ ਫੋਨ ਤੇ ਫੋਨ, ਸਹਾਇਤਾ ਦਿਵਾਉ। ਬਡੂੰਗਰ ਸਾਹਿਬ ਨੂੰ ਮਿਲੇ, ਇਕ ਲੱਖ ਦੀ ਸਹਾਇਤਾ ਦਿਵਾ ਦਿੱਤੀ। ਫਿਰ ਬੀਬੀ ਜਗੀਰ ਕੌਰ ਪ੍ਰਧਾਨ ਬਣੇ, ਮਹਿਬੂਬ ਸਾਹਿਬ ਦੇ ਫੋਨ ਆਉਣੇ ਸ਼ੁਰੂ ਹੋ ਗਏ। ਇਸ ਵਾਰ ਮੈਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਖੁਦ ਹਿੰਮਤ ਜੁਟਾ ਕੇ ਪੰਜਾਬੀ ਟ੍ਰਿਬਿਊਨ ਨੂੰ ਲਿਖਤ ਭੇਜੀ, ਛਪੀ, ਬੀਬੀ ਦੀ ਏਨੀ ਸਿਫਤ ਕੀਤੀ ਕਿ ਲਿਖ ਦਿੱਤਾ-ਬੀਬੀ ਜਗੀਰ ਕੌਰ ਆਪਣੀ ਧੀ ਦਾ ਕਤਲ ਨਾ ਕਰਵਾਉਂਦੀ ਹੋਰ ਕੀ ਕਰਦੀ? ਕੁੜੀ ਦੇ ਲੱਛਣ ਹੀ ਅਜਿਹੇ ਸਨ, ਬੀਬੀ ਜੀ ਦੇ ਕੋਈ ਅਣਵਗੇ ਅੱਥਰੂ ਤਾਂ ਦੇਖੇ!

ਪ੍ਰਤੀਕਰਮ ਵਜੋਂ ਮੈਂ ਤੁਰੰਤ ਅਖਬਾਰ ਦੇ ਸੰਪਾਦਕ ਨੂੰ ਖਤ ਲਿਖਿਆ ਤੇ ਇਹ ਛਪਿਆ ਵੀ। ਉਸ ਖਤ ਵਿਚ ਮੈਂ ਮਹਿਬੂਬ ਸਾਹਿਬ ਅਤੇ ਸੰਪਾਦਕ ਨੂੰ ਇਸ ਗੱਲੋਂ ਕੋਸਿਆ ਕਿ ਬੀਬੀ ਕਤਲ ਦਾ ਕੇਸ ਭੁਗਤਦੀ ਹੋਈ ਅਦਾਲਤ ਨੂੰ ਲਗਾਤਾਰ ਕਹਿ ਰਹੀ ਹੈ ਕਿ ਉਸ ਨੇ ਧੀ ਦਾ ਕਤਲ ਨਹੀਂ ਕੀਤਾ। ਤੁਸੀਂ ਅਜਿਹੀਆਂ ਲਿਖਤਾਂ ਲਿਖ/ਛਾਪ ਕੇ ਉਸ ਨੂੰ ਬਚਾ ਰਹੇ ਹੋ ਕਿ ਫਸਾਉਣ ਲੱਗੇ ਹੋ? ਮਹਿਬੂਬ ਸਾਹਿਬ ਮੇਰੇ ਨਾਲ ਨਾਰਾਜ਼ ਹੋ ਗਏ। ਮੈਨੂੰ ਅਜਿਹੇ ਖਤ ਲਿਖੇ ਜੋ ਪੜ੍ਹਨ-ਪੜ੍ਹਾਉਣ ਯੋਗ ਨਹੀਂ। ਮੈਂ ਕੇਵਲ ਇਹ ਲਿਖਿਆ:

ਮੈਂ ਪੱਥਰ ਹੂੰ, ਜ਼ਮੀਂ ਪੇ ਡਾਲ ਦੇ ਮੁਝ ਕੋ।
ਤੂ ਸ਼ੀਸ਼ਾ ਹੈਂ, ਇਸ ਕੀ ਮਿਸਾਲ ਦੇ ਮੁਝ ਕੋ।

ਪਾਠਕੋ ਤੇ ਦੋਸਤੋ, ਇਸ ਵਿਵਾਦ ਵਿਚ ਮੈਂ ਹੋਰ ਕੁਝ ਨਹੀਂ ਲਿਖਾਂਗਾ। ਮੈਂ ਚਾਹੁੰਦਾ ਹਾਂ ਛਿਆਨਵੇਂ ਕਰੋੜੀ ਖਾਲਸਾ ਸਾਰੀ ਦੁਨੀਆਂ ਉਪਰ ਰਾਜ ਕਰੇ। ਸਾਡੀ ਲੋਕ-ਯਾਦ ਵਿਚ ਰਾਜ ਸ਼ਬਦ ਏਨਾ ਪਿਆਰਾ ਵਸ ਚੁੱਕਾ ਹੈ ਕਿ ਮਾਵਾਂ ਆਖਦੀਆਂ ਹਨ, ਜਿਹੜਾ ਘਰ ਲੱਭਿਆ ਹੈ, ਮੇਰੀ ਧੀ ਉਥੇ ਰਾਜ ਕਰੇਗੀ। ਸਿਰੇ ਦਾ ਤਿਆਗੀ ਫਕੀਰ ਜਾਂ ਸਿਰੇ ਦਾ ਪਾਗਲ ਆਖ ਸਕਦਾ ਹੈ ਕਿ ਉਸ ਨੂੰ ਰਾਜ ਭਾਗ ਨਹੀਂ ਚਾਹੀਦਾ। ਮੈਂ ਰਾਜ ਚਾਹੁੰਦਾ ਹਾਂ। ਮੇਰਾ ਇਹ ਕਥਨ ਵੈਸੇ ਇਸ ਤਰ੍ਹਾਂ ਦਾ ਹੈ ਜਿਵੇਂ ਮੈਨੂੰ ਪਤਾ ਨਹੀਂ, ਜਿਵੇਂ ਕੋਈ ਮੈਨੂੰ ਮਨਾਵੇ ਕਿ ਦਲੀਏ ਨਾਲੋਂ ਖੀਰ ਜ਼ਿਆਦਾ ਵਧੀਆ ਹੁੰਦੀ ਹੈ। ਮਹਿਬੂਬ ਅਤੇ ਮਹਿਬੂਬ ਦੀ ਲਿਖਤ ਖਾਲਸਾ ਪੰਥ ਨੂੰ ਪ੍ਰੇਰਨਾ ਦੇਣ ਦੇ ਸਮਰੱਥ ਨਹੀਂ। ਜੋ ਤੁਸੀਂ ਬੋਲਦੇ ਜਾਂ ਲਿਖਦੇ ਹੋ ਜੇ ਉਹ ਤੁਹਾਡੇ ਭੂਤਕਾਲ ਨਾਲ ਮਿਲਦਾ ਜੁਲਦਾ ਨਹੀਂ ਤਾਂ ਭੂਤਕਾਲ ਤੁਹਾਡੇ ਵਿਰੁਧ ਚੀਕਣ ਲਗਦਾ ਹੈ ਤੇ ਤੁਹਾਡੀ ਗੱਲ ਸੁਣਾਈ ਦੇਣੋਂ ਹਟ ਜਾਂਦੀ ਹੈ। ਬੰਦੇ ਦਾ ਕੰਮ ਜਾਂ ਲਿਖਤ, ਉਸ ਦੀ ਸ਼ਖਸੀਅਤ ਤੋਂ ਵੱਡੀ ਨਹੀਂ ਹੋ ਸਕਦੀ।

ਵਾਸ਼ਿੰਗਟਨ ਵਿਚ ਇਕ ਬਜ਼ੁਰਗ ਨੇ ਮੇਰੇ ਸਾਹਮਣੇ ਖਾਲਿਸਤਾਨ ਦਾ ਨਕਸ਼ਾ ਵਿਛਾ ਕੇ ਪੁੱਛਿਆ-ਦੇਖਿਓ, ਇਸ ਵਿਚ ਕਿਤੇ ਨੁਕਸ ਤਾਂ ਨਹੀਂ ਕੋਈ? ਦੇਖ ਕੇ ਮੈਂ ਕਿਹਾ-ਨੁਕਸ ਕਿਉਂ ਨਹੀਂ? ਅਧੂਰਾ ਹੈ, ਇਸ ਵਿਚ ਜਮਨਾ ਤੋਂ ਲੈ ਕੇ ਅਟਾਰੀ ਤੱਕ ਦਾ ਇਲਾਕਾ ਦਿਖਾਇਆ ਹੈ, ਚਾਹੀਦਾ ਤਾਂ ਪੰਜਾ ਸਾਹਿਬ ਤੱਕ ਸੀ ਪਰ ਨਨਕਾਣਾ

ਸਾਹਿਬ ਦੇ ਦਰਸ਼ਨ ਦੀਦਾਰ ਤਾਂ ਅਰਦਾਸ ਦਾ ਅੰਗ ਹਨ, ਇਹ ਬਾਹਰ ਕਿਉਂ ਰੱਖਿਐ? ਉਹ ਹੱਸ ਪਿਆ-ਅਸੀਂ ਤਾਂ ਹਿੰਦੂਆਂ ਤੋਂ ਧਰਤੀ ਖੋਹਣੀ ਹੈ। ਮੈਂ ਕਿਹਾ, ਚਲੋ ਫੇਰ ਮੇਰੇ ਨਾਲ ਇੰਡੀਆ। ਬੋਲਿਆ-ਮੈਂ ਤਾਂ ਹੁਣ ਰਿਟਾਇਰ ਹੋ ਗਿਆ ਹਾਂ। ਬੁੱਢਾ ਹਾਂ, ਮੈਂ ਕੀ ਕਰ ਸਕਦਾ ਹਾਂ? ਮੈਂ ਕਿਹਾ-ਬਾਬਾ ਦੀਪ ਸਿੰਘ ਜੀ ਨਾਲੋਂ ਅਜੇ ਉਮਰ ਬਹੁਤ ਘੱਟ ਹੈ। ਚਲੋ ਚੱਲੀਏ। ਉਹ ਚਲਾ ਗਿਆ।

ਸਿੱਖਾਂ ਨੂੰ ਆਪਣੀ ਹੋਣੀ ਦਾ ਫੈਸਲਾ ਕਰਨ ਦਾ ਅਧਿਕਾਰ ਉਦੋਂ ਮਿਲੇਗਾ ਜਦੋਂ ਉਨ੍ਹਾਂ ਨੂੰ ਈਮਾਨਦਾਰ ਤੇ ਦੂਰ ਅੰਦੇਸ਼ ਨੇਤਾ ਮਿਲਿਆ। ਈਮਾਨਦਾਰ ਹੀਰੋ ਨੂੰ ਦੇਖਦਿਆਂ ਪੂਰੀ ਕੌਮ ਆਪਣੇ ਆਪ ਨੂੰ ਸੰਵਾਰਨ ਸੁਧਾਰਨ ਲੱਗ ਜਾਇਆ ਕਰਦੀ ਹੈ। ਉਦੋਂ ਤੱਕ ਇੰਤਜ਼ਾਰ ਕਰਨਾ ਪਵੇਗਾ। ਐਂਟਨੀ, ਕੈਸ਼ਿਅਸ ਤੇ ਬਰੂਟਸ ਨੇ ਬਾਦਸ਼ਾਹ ਜੂਲੀਅਸ ਸੀਜ਼ਰ ਨੂੰ ਕਤਲ ਕਰਨ ਦੀ ਵਿਉਂਤ ਬਣਾਈ ਕਿਉਂਕਿ ਉਹ ਤਾਨਾਸ਼ਾਹ ਹੋ ਗਿਆ ਸੀ। ਕੈਸ਼ੀਅਸ ਨੇ ਕਿਹਾ-ਠੀਕ ਹੈ। ਕਤਲ ਕਰਨ ਦਾ ਫੈਸਲਾ ਹੋ ਗਿਆ। ਆਓ, ਹੁਣ ਸਹੁੰ ਖਾਈਏ ਕਿ ਆਪਣੇ ਫੈਸਲੇ ਤੋਂ ਮੁਕਰੀਏ ਨਾ, ਦ੍ਰਿੜ੍ਹ ਰਹੀਏ। ਬਰੂਟਸ ਨੇ ਕਿਹਾ-ਵਾਹ ਭਰਾ ਅਜੇ ਤਾਂ ਸਹੁੰਆਂ ਖਾਣੀਆਂ ਪੈ ਰਹੀਆਂ ਹਨ। ਠੀਕ ਹੈ। ਚਲੋ ਆਪੋ ਆਪਣੇ ਘਰਾਂ ਨੂੰ ਚੱਲੀਏ। ਅਜੇ ਸੀਜ਼ਰ ਹੱਥੋਂ ਹੋਰ ਜ਼ਲੀਲ ਹੋਣਾ ਪਵੇਗਾ। ਉਦੋਂ ਦੁਬਾਰਾ ਮਿਲਾਂਗੇ ਜਦੋਂ ਉਸ ਨੂੰ ਕਤਲ ਕਰਨ ਵਾਸਤੇ ਸਹੁੰਆਂ ਖਾਣ ਦੀ ਲੋੜ ਨਹੀਂ ਰਹੇਗੀ। ਹੁਣ ਘਰਾਂ ਨੂੰ ਚੱਲੀਏ।

ਅਵਤਾਰ ਸਿੰਘ ਨੇ ਮੈਨੂੰ ਆਪਣਾ ਲੇਖ ਈਮੇਲ ਕਰ ਦਿੱਤਾ। ਪੜ੍ਹ ਕੇ ਮੇਰੇ ਖਿਆਲ ਵਿਚ ਆਇਆ ਕਿ ਇਸ ਸਾਰੇ ਚਰਚੇ ਵਿਚ ਇਕ ਪੱਖ ਇਹ ਵੀ ਹੈ, ਜੇ ਪੰਜਾਬ ਟਾਈਮਜ਼ ਠੀਕ ਸਮਝੇ ਤਾਂ ਪਾਠਕਾਂ ਅੱਗੇ ਰੱਖ ਦੇਵੇ। ਅਵਤਾਰ ਸਿੰਘ ਪੰਜਾਬ ਟਾਈਮਜ਼ ਨੂੰ ਨਹੀਂ ਜਾਣਦੇ ਸਨ। ਮੈਂ ਵੀ ਸੰਪਾਦਕ ਨੂੰ ਪੁੱਛਿਆ, ਇਹ ਛਾਪਣ ਦਾ ਕੀ ਮਨੋਰਥ ਸੀ ਕਿ ਲੇਖ ਪੰਨੂ ਰਾਹੀਂ ਪ੍ਰਾਪਤ ਹੋਇਆ? ਉਨ੍ਹਾਂ ਦੱਸਿਆ ਕਿ ਉਹ ਅਵਤਾਰ ਸਿੰਘ ਨੂੰ ਨਹੀਂ ਜਾਣਦੇ ਸਨ, ਕਿਤੇ ਅਵਤਾਰ ਸਿੰਘ ਇਹ ਨਾ ਕਹਿ ਦੇਣ ਕਿ ਲੇਖ ਉਨ੍ਹਾਂ ਦਾ ਹੈ ਈ ਨਹੀਂ, ਤਾਂ ਜਿਸ ਨੂੰ ਅਸੀਂ ਜਾਣਦੇ ਸਾਂ, ਉਸ ਰਾਹੀਂ ਪ੍ਰਾਪਤ ਹੋਇਆ ਲਿਖ ਦਿੱਤਾ। ਕਰਮਜੀਤ ਸਿੰਘ ਨੂੰ ਇਸ ਵਿਚ ਕੋਈ ਵੱਡੀ ਸਾਜ਼ਿਸ਼ ਦਿਸੀ ਹੈ ਤਾਂ ਮੈਂ ਬਿਨਾਂ ਝਿਜਕ ਖਿਮਾ ਦਾ ਜਾਚਕ ਹਾਂ।

ਅਵਤਾਰ ਸਿੰਘ ਦੀ ਲਿਖਤ ਦਾ ਪ੍ਰਭਾਵ ਮੇਰੇ ਉਪਰ ਇਹ ਪਿਆ ਸੀ ਜਿਵੇਂ ਉਹ ਕਹਿਣਾ ਚਾਹੁੰਦਾ ਹੈ ਕਿ ਮਾਸੂਮ ਜੁਆਨਾਂ ਨੂੰ ਬਿਨਾਂ ਕਿਸੇ ਵਿਉਂਤਬੰਦੀ ਦੇ, ਬਿਨਾਂ ਯੋਗ ਲੀਡਰਸ਼ਿਪ ਦੇ, ਖਾਹਮਖਾਹ ਅੱਗ ਵਿਚ ਨਹੀਂ ਝੋਕਣਾ ਚਾਹੀਦਾ। ਕਰਮਜੀਤ ਸਿੰਘ ਦੇ ਲੇਖ ਵਿਚ ਐਲਾਨ ਹੈ-ਜੁਆਨਾਂ ਉਤੇ ਤਰਸ ਕਰਨਾ ਛੱਡ, ਤੇਰੇ ਵਰਗੇ ਬੁੱਢਿਆਂ ਨੂੰ ਫਨਾਹ ਕਰਵਾ ਦਿਆਂਗਾ। ਸਟੇਟ ਦਾ ਭਗਤ ਗਰਦਾਨੇ ਜਾਣ ਦੇ ਬਾਵਜੂਦ ਅਫਸੋਸ ਅਵਤਾਰ ਸਿੰਘ ਸੁਰੱਖਿਅਤ ਨਹੀਂ, ਸਟੇਟ ਦਾ ਦੁਸ਼ਮਣ ਕਰਮਜੀਤ ਸਿੰਘ ਸੁਰੱਖਿਅਤ ਹੈ, ਸਾਨੂੰ ਇਸ ਗੱਲ ਦੀ ਖੁਸ਼ੀ ਹੈ।

ਇੱਕ ਸਦੀ ਪਹਿਲਾਂ ਭਗਤ ਬਾਣੀ ਵਿਰੁਧ ਭਸੌੜੀਏ ਸਿੰਘਾਂ ਨੇ ਅਪਮਾਨਜਨਕ ਟਿੱਪਣੀਆਂ ਦਿੱਤੀਆਂ ਸਨ ਤੇ ਮੰਗ ਕੀਤੀ ਸੀ ਕਿ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੱਢ ਦਿੱਤੀ ਜਾਣੀ ਚਾਹੀਦੀ ਹੈ। ਭਗਤ ਬਾਣੀ ਤਾਂ ਨਹੀਂ ਕੱਢੀ ਗਈ ਭਸੌੜੀਆਂ ਨੂੰ ਪੰਥ ਵਿਚੋਂ ਛੇਕ ਦਿੱਤਾ ਸੀ। ਭਸੌੜੀਆਂ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਬਾਬਾ ਫਰੀਦ ਦੀ ਬਾਣੀ ਵਿਚ ਆਇਆ ਹੈ:

ਫਰੀਦਾ ਬੇਨਿਵਾਜਾ ਕੁਤਿਆ
ਇਹ ਨ ਭਲੀ ਰੀਤਿ।
ਕਬਹੀ ਚਲ ਨਾ ਆਇਆ
ਪੰਜੇ ਵਖਤ ਮਸੀਤਿ। (ਪੰਨਾ.1381)

ਇਸ ਸਲੋਕ ਦੇ ਅਰਥ ਉਨ੍ਹਾਂ ਨੇ ਇਹ ਕੀਤੇ ਕਿ ਸਿੱਖ ਨਾ ਮਸਜਿਦ ਜਾਂਦੇ ਹਨ ਨਾ ਪੰਜ ਨਮਾਜ਼ਾਂ ਪੜ੍ਹਦੇ ਹਨ ਜਿਸ ਕਾਰਨ ਇਹ ਸਲੋਕ ਸਿੱਖਾਂ ਵਾਸਤੇ ਗਾਲ੍ਹ ਹੈ। ਸਿੱਖ ਆਪਣੇ ਆਪ ਨੂੰ ਹੀ ਗਾਲ੍ਹਾਂ ਦੇਈ ਜਾਂਦੇ ਹਨ। ਭਸੌੜੀਆਂ ਨੂੰ ਏਨੀ ਸਮਝ ਨਹੀਂ ਸੀ ਕਿ ਮਸਜਿਦ ਦੇ ਅਰਥ ਸਿੱਖ ਵਾਸਤੇ ਗੁਰਦੁਆਰਾ ਹੈ ਤੇ ਉਸਦੀਆਂ ਪੰਜ ਨਮਾਜ਼ਾਂ ਨਿਤਨੇਮ ਦੀਆਂ ਪੰਜ ਬਾਣੀਆਂ ਹਨ। ਇਥੇ ਬੇਨਿਮਾਜ਼ਾ ਲਫਜ਼ ਉਸ ਵਾਸਤੇ ਹੈ ਜਿਹੜਾ ਨਿਤਨੇਮੀ ਨਹੀਂ। ਮੈਨੂੰ ਈਰਾਨ ਵਿਚ ਅਕਸਰ ਪੁੱਛਿਆ ਜਾਂਦਾ ਸੀ-ਜੀ ਤੁਸੀਂ ਨਮਾਜ਼ ਪੜ੍ਹਦੇ ਹੋ? ਮੈਂ ਹਾਂ ਵਿਚ ਉਤਰ ਦਿੰਦਾ। ਫਿਰ ਪੁੱਛਦੇ ਸਨ-ਤੁਹਾਡੀਆਂ ਕਿੰਨੀਆਂ ਨਮਾਜ਼ਾਂ ਹਨ? ਮੈਂ ਆਖਦਾ, ਸਾਡੀਆਂ ਵੀ ਪੰਜ ਨਮਾਜ਼ਾਂ ਹਨ। ਤਹਿਰਾਨ ਵਿਚ ਕਿਸੇ ਨੂੰ ਗੁਰਦੁਆਰੇ ਦਾ ਰਸਤਾ ਪੁੱਛੋ, ਆਖਣਗੇ ਪਤਾ ਨਹੀਂ, ਜੇ ਪੁੱਛੋ ਮਸਜਿਦੇ ਸਿੱਖਾਂ ਨੂੰ ਕਿਹੜਾ ਰਸਤਾ ਜਾਂਦਾ ਹੈ ਤਾਂ ਆਪ ਛੱਡ ਆਉਣਗੇ।

ਭਸੌੜੀਆਂ ਪਿਛੋਂ ਮਹਿਬੂਬ ਸਾਹਿਬ ਨੂੰ ਭਗਤਾਂ ਦੀ ਬਾਣੀ ਵਿਚੋਂ ਕਚਿਆਣ ਆਈ ਹੈ। ਉਨ੍ਹਾਂ ਦੇ ਮੂਲ ਵਾਕ ਪੜ੍ਹੋ, "ਭਗਤ ਬਾਣੀ ਆਪ ਹੀ ਆਪਣੇ ਦ੍ਰਿਸ਼ਟਾਂਤਾਂ, ਅਲੰਕਾਰਾਂ ਅਤੇ ਦਲੀਲਾਂ ਦੀ ਖਰ੍ਹਵੀ ਅਤੇ ਇਕਹਿਰੀ ਸੁਰ (ਜਿਵੇਂ ਕਿ ਕਬੀਰ ਸਾਹਿਬ ਦੀ ਬਾਣੀ ਵਿਚ) ਨੂੰ ਮੁਲਾਇਮ ਕਰਦੀ ਹੈ; ਆਪ ਹੀ ਆਪਣੀ ਪੌਰਾਣਿਕ ਚੇਤਨਾ ਦੇ ਉਲਾਰ (ਜਿਵੇਂ ਨਾਮਦੇਉ ਦੀ ਬਾਣੀ ਵਿਚ) ਵਿਚ ਸੰਤੁਲਨ ਲਿਆਉਂਦੀ ਹੈ; ਅਤੇ ਆਪ ਹੀ ਆਪਣੀ ਸਵੈ-ਹੀਣਤਾ (ਜਿਵੇਂ ਰਵਿਦਾਸ ਦੀ ਬਾਣੀ ਵਿਚ) ਨੂੰ ਵਿਜੈ ਦਾ ਰੂਪ ਦਿੰਦੀ ਹੈ।... (ਗੁਰੂਆਂ ਦੀ ਬਾਣੀ ਦੀ) ਵੱਡੀ ਸੁਰ ਨੇ ਆਪਣੀ ਸ਼ੀਰਨੀ ਸਮਝਾਉਣ ਲਈ ਨਿੱਕੀ ਸੁਰ (ਭਗਤ ਬਾਣੀ) ਨਾਲ ਵਸਲ ਕੀਤਾ। ਇਸੇ ਹੀ ਅੰਦਾਜ਼ ਵਿਚ ਗੁਰੂ ਗ੍ਰੰਥ ਸਾਹਿਬ ਨੇ ਭਗਤ ਬਾਣੀ ਨੂੰ ਆਪਣੇ ਵਿਚ ਸਮਾਇਆ ਤਾਂ ਜੋ ਉਸ ਦੀਆਂ ਕੁਝ ਸਖਤ ਅਤੇ ਅਧੂਰੀਆਂ ਸੁਰਾਂ (ਜਿਵੇਂ ਕਿ ਕਬੀਰ, ਧੰਨਾ ਤੇ ਤ੍ਰਿਲੋਚਨ ਵਿਚ) ਇਕ ਨਵੀਂ ਪੁਖਤ ਬਣਤਰ ਵਿਚ ਆ ਜਾਣ।" ਇਹ ਪ੍ਰਸੰਗ 'ਸਹਿਜੇ ਰਚਿਓ ਖਾਲਸਾ' ਦੀ ਪਹਿਲੀ ਛਾਪ ਦੇ ਪੰਨਾ 326-7 ਉਪਰ ਹੈ ਤੇ ਅਗਲੀਆਂ ਛਾਪਾਂ ਵਿਚ ਦੁਹਰਾਇਆ ਗਿਆ ਹੈ। ਪਾਠਕ ਨੋਟ ਕਰਨ ਕਿ ਮਹਿਬੂਬ ਸਾਹਿਬ ਅਨੁਸਾਰ ਭਗਤ ਬਾਣੀ ਵਿਚ ਦਲੀਲ ਦੀ ਦੀ ਖਰ੍ਹਵੀਂ ਅਤੇ ਇਕਹਿਰੀ ਸੁਰ ਹੈ, ਇਸ ਵਿਚ ਪੌਰਾਣਿਕ ਚੇਤਨਾ ਦਾ ਉਲਾਰ ਹੈ ਤੇ ਸਵੈਹੀਣਤਾ (ਇਨਫੀਰੀਐਰਿਟੀ ਕੰਪਲੈਕਸ) ਨੂੰ ਵਿਜੈ ਦਾ ਰੂਪ ਦਿੰਦੀ ਹੈ। ਯਾਨਿ ਇਸ ਨੂੰ ਵਿਜੈ ਨਸੀਬ ਨਹੀਂ ਹੁੰਦੀ, ਵਿਜੈ ਦਾ ਕੇਵਲ ਰੂਪ ਦੇ ਰਹੀ ਹੈ।

ਖਾਲਸਾ ਪੰਥ ਨੇ ਗੁਰਬਾਣੀ ਅਤੇ ਭਗਤ ਬਾਣੀ ਵਿਚ ਨਾ ਕਦੀ ਅੰਤਰ ਕੀਤਾ ਨਾ ਕੀਤੇ ਅੰਤਰ ਨੂੰ ਬਰਦਾਸ਼ਤ ਕੀਤਾ। ਮੈਂ ਆਪਣੇ ਇਹ ਇਤਰਾਜ਼ ਮਹਿਬੂਬ ਸਾਹਿਬ ਦੇ ਜੀਂਦਿਆਂ ਪੰਜਾਬੀ ਟ੍ਰਿਬਿਊਨ ਵਿਚ ਛਪਵਾਏ ਸਨ ਜਿਨ੍ਹਾਂ ਦਾ ਤਸੱਲੀਬਖਸ਼ ਜਵਾਬ ਉਨ੍ਹਾਂ ਪਾਸ ਨਹੀਂ ਸੀ। ਮੈਂ ਸਮਝਦਾ ਹਾਂ ਜਿਹੜਾ ਵਿਦਵਾਨ/ਪ੍ਰਚਾਰਕ ਭਗਤ ਬਾਣੀ ਨੂੰ ਗੁਰਬਾਣੀ ਨਾਲੋਂ ਵੱਖ ਸਮਝਦਾ ਹੈ ਉਹ ਭਗਤਾਂ ਦਾ ਨਹੀਂ ਗੁਰੂ ਅਰਜਨ ਦੇਵ ਜੀ ਦਾ ਨਿਰਾਦਰ ਕਰਦਾ ਹੈ ਜਿਨ੍ਹਾਂ ਨੇ ਇਨ੍ਹਾਂ ਬਾਣੀਆਂ ਨਾਲੋਂ ਆਪਣੀ ਬਾਣੀ ਦਾ ਵਖਰੇਵਾਂ ਨਹੀਂ ਕੀਤਾ।

ਇਵੇਂ ਹੀ ਜਿਹੜੇ ਵਿਦਵਾਨ ਬਾਬਾ ਬੰਦਾ ਬਹਾਦਰ ਵਿਚੋਂ ਕਮਜ਼ੋਰੀਆਂ ਲੱਭਦੇ ਫਿਰਦੇ ਹਨ, ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਬਾਬਾ ਜੀ ਵਿਚ ਨੁਕਸ ਲੱਭਣ ਦਾ ਅਰਥ ਗੁਰੂ ਗੋਬਿੰਦ ਸਿੰਘ ਵਿਚ ਨੁਕਸ ਲੱਭਣ ਵਾਂਗ ਹੈ ਕਿਉਂਕਿ ਗੁਰੂ ਜੀ ਵੱਲੋਂ ਕੀਤੀ ਚੋਣ ਨੁਕਸਾਨਦਾਇਕ ਸਾਬਤ ਹੋਈ। ਪਾਕਿਸਤਾਨੋਂ ਨਾਟਕ ਖੇਡਣ ਆਈ ਬੀਬੀ ਅਰੂਸਾ ਬੇਗਮ ਦੀ ਡਰਾਮੇਬਾਜ਼ੀ ਬੰਦ ਕਰਵਾਉਣ ਵਿਚ ਮੈਂ ਪਹਿਲ ਕੀਤੀ ਸੀ। ਇਸ ਨਾਟਕ ਵਿਚ ਉਹ ਬੁੱਲ੍ਹੇ ਸ਼ਾਹ ਨਾਲ ਬਾਬਾ ਬੰਦਾ ਸਿੰਘ ਦਾ ਕਲਪਿਤ ਮਿਲਾਪ ਕਰਵਾ ਕੇ ਬੁੱਲ੍ਹੇ ਸ਼ਾਹ ਵਲੋਂ ਮੱਤ ਦਿਵਾ ਰਹੀ ਹੈ ਕਿ ਬੰਦਾ ਸਿੰਘ, ਖੂਨ ਨਾਲ ਖੂਨ ਦੇ ਧੱਬੇ ਨਹੀਂ ਧੋਤੇ ਜਾਂਦੇ। ਯਾਨਿ ਕਿ ਮੁਗਲ ਜੇ (!) ਜ਼ੁਲਮ ਕਰ ਰਹੇ ਸਨ ਤਾਂ ਵੀ ਉਨ੍ਹਾਂ ਨੂੰ ਕਿਰਪਾਨ ਦੇ ਬਲ ਨਾਲ ਰੋਕਣਾ ਠੀਕ ਨਹੀਂ ਸੀ। ਇਸ ਬੀਬੀ ਨੇ ਹਿੰਦੁਸਤਾਨ ਵਿਚ ਆ ਕੇ ਇਹੋ ਦਰਸਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਗੁਰੂ ਗੋਬਿੰਦ ਸਿੰਘ ਵਲੋਂ ਭੇਜੇ ਜਰਨੈਲ ਵਿਚ ਨੁਕਸ ਸਨ।

ਇਰਫਾਨ ਹਬੀਬ ਮੁਸਲਮਾਨ ਜ਼ਰੂਰ ਹੈ ਪਰ ਉਸ ਦਾ ਇਤਿਹਾਸ ਇਸਲਾਮੀ ਰੰਗ ਦਾ ਨਹੀਂ। ਹਰੀ ਰਾਮ ਗੁਪਤਾ ਨੇ ਤਹਿਮਸ ਖਾਨ ਮਿਸਕੀਨ ਦਾ ਰੋਜ਼ਨਾਮਚਾ ਲੱਭ ਕੇ ਸਿੱਖਾਂ ਨੂੰ ਦੁਰਲਭ ਤੋਹਫਾ ਦਿੱਤਾ ਹੈ। ਇਵੇਂ ਹੀ ਸਰਕਾਰ ਅਤੇ ਨਾਰੰਗ ਆਦਿਕ ਇਤਿਹਾਸਕਾਰਾਂ ਪਾਸੋਂ ਸਿੱਖਾਂ ਨੇ ਆਧੁਨਿਕ ਇਤਿਹਾਸਕਾਰੀ ਦੀ ਰੀਤ ਸਿੱਖੀ ਹੈ। ਆਪਾਂ ਇਉਂ ਕਰ ਲੈਂਦੇ ਹਾਂ-ਤੱਥ ਤੇ ਅੰਕੜੇ ਇਕੱਠੇ ਇਨ੍ਹਾਂ ਨੇ ਕਰ ਕੇ ਦੇ ਦਿੱਤੇ, ਹੁਣ ਇਨ੍ਹਾਂ ਦੀ ਕੀਤੀ ਕਮਾਈ ਵਰਤ ਕੇ ਉਸ ਨੂੰ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਲਿਖ ਲੈਂਦੇ ਹਾਂ। ਤੱਥ ਤੇ ਅੰਕੜੇ ਉਹੀ ਰਹਿਣਗੇ, ਵਿਆਖਿਆ ਆਪਣੀ ਆਪਣੀ ਹੁੰਦੀ ਰਹੇ।

ਗੁਰੂ ਗੋਬਿੰਦ ਸਿੰਘ ਮੁਗਲ ਸਟੇਟ ਅਤੇ ਇਸਲਾਮ ਨੂੰ ਵੱਖੋ ਵੱਖਰੀਆਂ ਦੋ ਹੋਂਦਾਂ ਸਮਝਦੇ ਸਨ ਜਿਸ ਕਾਰਨ ਉਨ੍ਹਾਂ ਨੇ ਸਟੇਟ ਵਿਰੁਧ ਯੁੱਧ ਲੜਦਿਆਂ ਇਸਲਾਮ ਨੂੰ ਨਫਰਤ ਨਹੀਂ ਕੀਤੀ। ਸਾਡੇ ਇਹ ਵਿਦਵਾਨ ਭਾਰਤੀ ਸਟੇਟ ਅਤੇ ਹਿੰਦੂ ਧਰਮ ਨੂੰ ਇਕੋ ਚੀਜ਼ ਸਮਝ ਕੇ ਗੰਡਾਸੇ ਤੇ ਗੰਡਾਸਾ ਵਾਹ ਰਹੇ ਹਨ। ਓਟੋਮਨ ਸਲਤਨਤ ਨੂੰ ਇਸਲਾਮ ਦੀ ਸ਼ਾਨਦਾਰ ਹਕੂਮਤ ਮੰਨਿਆਂ ਜਾਂਦਾ ਹੈ ਜਿਸ ਦੇ ਸੋਹਲੇ ਮੁਹੰਮਦ ਇਕਬਾਲ ਨੇ ਵੀ ਗਾਏ। ਕੈਂਬਰਿਜ ਵਲੋਂ ਛਾਪੀ ਗਈ 'ਹਿਸਟਰੀ ਆਫ ਦੀ ਓਟੋਮਨ ਐਂਪਾਇਰ ਆਫ ਦੀ ਗਾਜ਼ੀਜ਼' ਪੜ੍ਹੋ। ਲਿਖਿਆ ਹੈ, "ਸਲੀਮ ਦੀ ਮੌਤ ਹੋਣ ਪਿੱਛੋਂ ਉਸ ਦਾ ਵੱਡਾ ਪੁੱਤਰ ਮੁਰਾਤ (1574-1595) ਗੱਦੀ ਤੇ ਬੈਠਾ। ਉਸ ਨੇ ਆਪਣੀ ਖਾਨਦਾਨੀ ਰਸਮ ਦੁਹਰਾਈ, ਗੱਦੀ ਨਸ਼ੀਨੀ ਮਗਰੋਂ ਆਪਣੇ ਪੰਜੇ ਭਰਾ ਕਤਲ ਕਰ ਕੀਤੇ।"

ਮੁਰਾਤ ਤੋਂ ਬਾਦ ਉਸ ਦਾ ਪੁੱਤਰ ਮਹਿਮਤ ਤੀਜਾ (1595-1603) ਗੱਦੀ ਤੇ ਬੈਠਾ ਜਿਸ ਦਾ ਦਿਲ ਜਿਗਰ ਆਪਣੇ ਪਿਤਾ ਤੋਂ ਕਿਤੇ ਵੱਡਾ ਸੀ। ਉਸ ਨੇ ਗੱਦੀਨਸ਼ੀਨੀ ਉਪਰੰਤ ਆਪਣੇ 19 ਭਰਾ, 20 ਭੈਣਾਂ ਅਤੇ ਸਾਰੇ ਰਿਸ਼ਤੇਦਾਰ ਕਤਲ ਕਰਵਾਏ। ਹਰਮ ਵਿਚ ਗੁੰਗੇ ਬੋਲੇ ਅਤੇ ਖੁਸਰੇ ਪਹਿਰੇਦਾਰਾਂ ਵਜੋਂ ਤੈਨਾਤ ਕੀਤੇ ਜਾਂਦੇ ਸਨ। ਇਨ੍ਹਾਂ ਗੁੰਗਿਆਂ ਨੇ ਗਲਾਂ ਵਿਚ ਰੱਸੀਆਂ ਕਸ ਕੇ ਇਹ ਕਤਲ ਕੀਤੇ ਸਨ, ਓਟੋਮਾਨ ਤੁਰਕਾਂ ਦੀ ਇਸਲਾਮੀ ਹਕੂਮਤ ਦਾ ਇਹੋ ਦਸਤੂਰ ਸੀ।

ਭਾਰਤੀ ਮੁਗਲ ਹਕੂਮਤ ਦੇ ਬਾਦਸ਼ਾਹਾਂ ਨੇ ਆਪਣੇ ਪਰਿਵਾਰ ਦੇ ਕਿਹੜੇ ਕਿਹੜੇ ਜੀਅ ਕਿਵੇਂ ਕਿਵੇਂ ਕਤਲ ਕੀਤੇ, ਮੈਨੂੰ ਇਹ ਦੱਸਣ ਦੀ ਲੋੜ ਨਹੀਂ ਕਿਉਂਕਿ ਪਾਠਕ ਜਹਾਂਗੀਰ, ਔਰੰਗਜ਼ੇਬ ਫਰੁਖਸੀਅਰ ਆਦਿਕ ਬਾਦਸ਼ਾਹਾਂ ਤੋਂ ਵਾਕਫ ਹਨ। ਮੈਂ ਇਹ ਗੱਲਾਂ ਇਸ ਕਰਕੇ ਲਿਖੀਆਂ ਹਨ ਤਾਂ ਕਿ ਪਾਠਕਾਂ ਨੂੰ ਦੱਸ ਸਕਾਂ ਕਿ ਇਨ੍ਹਾਂ ਕਤਲਾਂ ਵਿਚ ਇਸਲਾਮ ਕਸੂਰਵਾਰ ਨਹੀਂ, ਜਿਵੇਂ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਮਹਿਲਾਂ ਦੀ ਕਤਲੋਗਾਰਤ ਵਾਸਤੇ ਸਿੱਖੀ ਕਸੂਰਵਾਰ ਨਹੀਂ। ਸਗੋਂ ਉਲਟ ਹੈ, ਇਹ ਕਾਤਲ ਨਾ ਮੁਸਲਮਾਨ ਸਨ ਨਾ ਸਿੱਖ, ਇਹ ਸ਼ੁੱਧ ਕਾਤਲ ਸਨ। ਇਸੇ ਲੋਅ ਵਿਚ ਮੈਂ ਹਿੰਦੂ ਸਟੇਟ ਅਤੇ ਵੈਦਿਕ ਮੱਤ ਦਾ ਮੁਲਾਂਕਣ ਕਰਦਾ ਹਾਂ। ਇੰਦਰਾ ਗਾਂਧੀ ਹਿੰਦੂ ਹੁੰਦੀ ਤਾਂ ਹਿੰਦੂ ਧਰਮ ਹਿਤ ਕੁਰਬਾਨੀਆਂ ਦੇਣ ਵਾਲੇ ਗੁਰੂਆਂ ਦੇ ਸਥਾਨ ਦਰਬਾਰ ਸਾਹਿਬ 'ਤੇ ਹਮਲਾ ਬਿਲਕੁਲ ਨਾ ਕਰਦੀ। ਇਸ ਔਰਤ ਦਾ ਕੋਈ ਧਰਮ ਨਹੀਂ ਸੀ। ਯਾਦ ਰੱਖੋ ਹਾਕਮਾਂ ਦਾ ਕਦੀ ਵੀ ਕੋਈ ਧਰਮ ਨਹੀਂ ਹੁੰਦਾ!

ਸਾਰੇ ਕੇਸਾਂ ਵਿਚੋਂ ਜ਼ਮਾਨਤ ਹੋ ਜਾਣ ਉਪਰੰਤ ਨੈਸ਼ਨਲ ਸੀਕਿਉਰਟੀ ਐਕਟ ਤਹਿਤ ਦੋ ਸਾਲ ਦੀ ਨਜ਼ਰਬੰਦੀ ਦੇ ਹੁਕਮ ਆ ਗਏ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਉਦੋਂ ਮੈਂ ਸੈਂਟਰਲ ਜੇਲ੍ਹ ਪਟਿਆਲਾ ਵਿਚ ਨਜ਼ਰਬੰਦ ਸਾਂ। ਕਤਲ ਦੀ ਖਬਰ ਸੁਣਨ ਸਾਰ ਜੇਲ੍ਹ ਦਾ ਹਿੰਦੂ ਸੁਪਰਡੰਟ ਐਨ.ਐਸ. ਠਾਕੁਰ ਆਪਣੇ ਡਿਪਟੀ, ਇਕੱਤਰ ਸਿੰਘ ਸਿੱਧੂ ਨੂੰ ਚਾਰਜ ਦੇ ਕੇ ਅਣਦੱਸੀ ਥਾਂ ਤੇ ਜਾ ਛੁਪਿਆ। ਫਰੀਦਕੋਟ ਦੇ ਨਾਮਵਰ ਬਜ਼ੁਰਗ ਵਕੀਲ ਤੇ ਬਾਬਾ ਫਰੀਦ ਟਰਸਟ ਦੇ ਚੇਅਰਮੈਨ ਇੰਦਰਜੀਤ ਸਿੰਘ ਸੇਖੋਂ ਤੇ ਮੈਂ ਇਕੱਠੇ ਬੰਦੀ ਸਾਂ। ਇਕੱਤਰ ਸਿੰਘ ਸਾਡੇ ਕੋਲ ਆਇਆ ਤੇ ਕਹਿਣ ਲੱਗਾ-ਖਤਰਨਾਕ ਸਥਿਤੀ ਹੈ। ਖਾੜਕੂ ਸਿੰਘ ਜੋਸ਼ ਵਿਚ ਨਾਅਰੇ ਮਾਰ ਰਹੇ ਹਨ। ਜੇ ਮੇਰੇ ਨਾਲ ਆਓ ਤਾਂ ਮੈਂ ਤੁਹਾਨੂੰ ਮੀਨਾਰ ਉਪਰ ਚੜ੍ਹਾ ਕੇ ਦਿਖਾਣਾ ਚਾਹੁੰਦਾ ਹਾਂ-ਜੇਲ੍ਹ ਦੀਆਂ ਚਾਰੇ ਕੰਧਾਂ ਵੱਲ ਮੂੰਹ ਕਰਕੇ ਬਾਰਾਂ ਬਾਰਾਂ ਟੈਂਕ ਬੀੜ ਦਿੱਤੇ ਗਏ ਹਨ। ਜੇ ਮੁੰਡਿਆਂ ਨੇ ਜੇਲ੍ਹ ਤੋੜਨ ਦਾ ਯਤਨ ਕੀਤਾ, ਬਹੁਤ ਖੂਨ ਖਰਾਬਾ ਹੋਏਗਾ। ਮੈਂ ਕਿਹਾ-ਸਿੱਧੂ ਸਾਹਿਬ, ਜੇਲ੍ਹ ਨਹੀਂ ਟੁੱਟੇਗੀ, ਸਾਡੀ ਜ਼ਿੰਮੇਵਾਰੀ। ਪਰ ਅੱਜ ਜੋ ਇਹ ਖਾਣਾ ਚਾਹੁੰਣ ਜੋ ਪੀਣਾ ਚਾਹੁੰਣ ਉਸ ਵਿਚ ਰੁਕਾਵਟ ਨਹੀਂ ਪਾਈ ਜਾਏਗੀ। ਪਟਿਆਲਾ ਵਾਸੀ ਸਾਰੀ ਜੇਲ੍ਹ ਨੂੰ ਦਾਅਵਤ ਦੇਣੀ ਚਾਹੁੰਦੇ ਹਨ, ਉਸ ਵਿਚ ਰੁਕਾਵਟ ਨਾ ਪਾਈ ਜਾਵੇ। ਦੂਜਾ ਇਹ ਯੋਧੇ ਸ਼ੁਕਰਾਨੇ ਦਾ ਅਖੰਡ ਪਾਠ ਕਰਨਾ ਚਾਹੁੰਦੇ ਹਨ। ਕਰਨ ਦਿਉ। ਉਹ ਮੰਨ ਗਿਆ। ਬੰਦੀਆਂ ਦੀਆਂ ਬੈਰਕਾਂ ਦੇ ਜੰਦਰੇ ਖੋਲ੍ਹ ਦਿੱਤੇ ਗਏ। ਦੋ ਭਰਾ ਅਜਿਹੇ ਸਨ ਜੋ ਬਾਹਰੋਂ ਪਲ ਪਲ ਦੀ ਖਬਰ ਲਿਆਉਣ ਦੇ ਸਮਰਥ ਸਨ, ਅਜੇ ਤਾਂ ਬੀ ਬੀ ਸੀ ਨੇ ਇੰਦਰਾ ਗਾਂਧੀ ਦੀ ਮੌਤ ਦੀ ਖਬਰ ਨਸ਼ਰ ਨਹੀਂ ਕੀਤੀ ਸੀ ਜਦੋਂ ਇਨ੍ਹਾਂ ਨੇ ਦੱਸ ਦਿੱਤਾ ਸੀ ਕਿ ਉਹ ਦਮ ਤੋੜ ਚੁੱਕੀ ਹੈ। ਇਨ੍ਹਾਂ ਨੂੰ ਅਸੀਂ ਸਤੀਸ਼ ਜੈਕਬ ਅਤੇ ਮਾਰਕ ਟੁੱਲੀ ਦਾ ਖਿਤਾਬ ਦਿੱਤਾ ਹੋਇਆ ਸੀ। ਇਨ੍ਹਾਂ ਨੇ ਕਿਹਾ-ਪ੍ਰੋਫੈਸਰ ਸਾਹਿਬ ਅਸੀਂ ਅੱਜ ਦੀ ਰਾਤ ਦੀਪਮਾਲਾ ਕਰਾਂਗੇ। ਮੈਂ ਕਿਹਾ-ਸਾਮਾਨ ਕਿੱਥੋਂ ਆਏਗਾ? ਉਨ੍ਹਾਂ ਨੇ ਕਿਹਾ-ਇੰਤਜ਼ਾਮ ਹੋ ਜਾਏਗਾ। ਕੈਦੀ ਆਟਾ ਗੁੰਨ੍ਹ ਰਹੇ ਨੇ, ਆਟੇ ਦੇ ਦੀਵੇ ਬਣਾਵਾਂਗੇ। ਇੱਕ ਰਜਾਈ ਪਾੜ ਲਈ ਹੈ, ਬੱਤੀਆਂ ਵੱਟੀਆਂ ਜਾ ਰਹੀਆਂ ਹਨ। ਅਹੁ ਦੇਖੋ। ਸਟੋਰ ਵਿਚੋਂ ਤੇਲ ਅਤੇ ਘਿਓ ਦੇ ਪੀਪੇ ਲੈ ਆਏ ਹਾਂ। ਉਸ ਰਾਤ ਦਸ ਹਜ਼ਾਰ ਦੀਵੇ ਬਾਲੇ ਗਏ ਸਨ। ਫੌਜ ਬਾਹਰੋਂ ਦੇਖਦੀ ਨਿਗਰਾਨੀ ਕਰਦੀ ਰਹੀ, ਨਾ ਫੌਜ ਨੇ ਅੰਦਰ ਦਖਲ ਦਿੱਤਾ ਨਾ ਕਿਸੇ ਕੈਦੀ ਨੇ ਜੇਲ੍ਹ ਵਿਚੋਂ ਨੱਸਣ ਦਾ ਯਤਨ ਕੀਤਾ। ਦਸ ਸਾਲ ਪਹਿਲਾਂ ਇਹ ਸੁਪਰਡੰਟ ਰਿਟਾਇਰ ਹੋ ਗਿਆ ਸੀ, ਚਾਰ ਸਾਲ ਪਹਿਲਾਂ ਮੇਰੀ ਸਲਾਹ ਲੈ ਕੇ ਇੰਦਰਜੀਤ ਸਿੰਘ ਸੇਖੋਂ ਨੇ ਬਾਬਾ ਫਰੀਦ ਟਰਸਟ ਵਲੋਂ ਇਕਵੰਜਾ ਹਜ਼ਾਰ ਰੁਪਏ ਨਾਲ ਇਸ ਨੂੰ ਸਨਮਾਨਿਤ ਕੀਤਾ। ਕੇਵਲ ਅੱਛਾ ਪ੍ਰਬੰਧਕ ਨਹੀਂ, ਸਾਨੂੰ ਇਸ ਵਿਚ ਅੱਛੇ ਸਿੱਖ ਦੇ ਗੁਣ ਦਿਸੇ ਸਨ।

ਅਖੰਡ ਪਾਠ ਬਾਦ ਸ਼ੁਕਰਾਨੇ ਦੀ ਅਰਦਾਸ ਹੋਈ। ਲੰਗਰ ਛਕ ਕੇ ਇਖਲਾਕੀ ਕੈਦੀ ਅੰਦਰ ਬੰਦ ਹੋ ਗਏ ਤੇ ਅਸੀਂ ਸਿਆਸੀ ਕੈਦੀ ਅਹਾਤੇ ਵਿਚ ਵਿਚਾਰ ਵਟਾਂਦਰਾ ਕਰਨ ਵਾਸਤੇ ਬੈਠ ਗਏ। ਸਭ ਨੇ ਆਪੋ ਆਪਣੇ ਪ੍ਰਤੀਕਰਮ ਦੱਸੇ, ਅਗਲੀ ਰਣਨੀਤੀ ਘੜਨ ਹਿਤ ਵਿਚਾਰ ਵਟਾਂਦਰੇ ਹੋਏ। ਮੈਂ ਆਪਣੀ ਗੱਲ ਏਨੀ ਕੁ ਕੀਤੀ, "ਪੰਜ ਸੌ ਸਾਲ ਦੇ ਸਮੇਂ ਅੰਦਰ ਸਿੱਖਾਂ ਨੇ ਬਹੁਤ ਕਸ਼ਟ ਉਠਾਏ। ਹੁਣ ਦਰਬਾਰ ਸਾਹਿਬ 'ਤੇ ਹਮਲਾ ਕੋਈ ਛੋਟਾ ਮੋਟਾ ਪਾਪ ਨਹੀਂ, ਘੋਰ ਅਨਰਥ ਸੀ। ਪਰ ਆਪਣੇ ਉਪਰ ਹੋਏ ਜ਼ੁਲਮ ਦੇ ਬਦਲੇ ਵਿਚ ਭਾਰਤ ਦਾ ਕੋਈ ਸੁਲਤਾਨ ਸਿੱਖਾਂ ਹੱਥੋਂ ਨਹੀਂ ਮਰਿਆ ਸੀ, ਨਾ ਜਹਾਂਗੀਰ, ਨਾ ਔਰੰਗਜ਼ੇਬ, ਨਾ ਫਰੁਖਸੀਅਰ, ਨਾ ਅਬਦਾਲੀ। ਪਰ ਇਸ ਸਮੇਂ ਸਿੱਖਾਂ ਨੇ ਆਪਣੇ ਦੁਸ਼ਮਣ ਹੁਕਮਰਾਨ ਨੂੰ ਡੇਗ ਲਿਆ। ਮੇਰਾ ਖਿਆਲ ਇਹ ਹੈ ਕਿ ਵਾਸਤਵ ਵਿਚ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਰਾਹੀਂ ਇਹ ਗੁਰੂ ਗੋਬਿੰਦ ਸਿੰਘ ਦਾ ਤੀਰ ਚੱਲਿਆ ਸੀ। ਹੁਣ ਹਥਿਆਰਬੰਦ ਜੰਗ ਸਸਪੈਂਡ ਕਰਨੀ ਚਾਹੀਦੀ ਹੈ। ਸਾਰੇ ਸੰਸਾਰ ਦੀਆਂ ਸਰਕਾਰਾਂ ਅੱਗੇ ਆਪਾਂ ਅਰਜ਼ੋਈਆਂ ਕਰੀਏ ਕਿ ਭਾਰਤੀ ਸਟੇਟ ਸਾਡਾ

(ਬਾਕੀ ਸਫਾ 32 'ਤੇ)

# ਸੰਤ ਭਿੰਡਰਾਂਵਾਲਿਆਂ ਬਾਰੇ ਸਿੱਖ ਨੌਜਵਾਨਾਂ ਦੀ ਦੁਬਿਧਾ

**ਪ੍ਰਤੀਕਰਮ**

**ਅਮਨਦੀਪ ਸਿੰਘ**

ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਬਹਿਸ ਦੌਰਾਨ ਪ੍ਰੋ. ਅਵਤਾਰ ਸਿੰਘ ਫਗਵਾੜਾ ਦੀ ਪੰਜਾਬ ਟਾਈਮਜ਼ ਵਿਚ ਛਪੀ ਲਿਖਤ ਨੇ ਉਸ ਸਵਾਲ ਦਾ ਸਾਹਮਣਾ ਇਕ ਵਾਰ ਫਿਰ ਕਰਵਾਇਆ ਹੈ, ਜੋ ਸਾਡੀ ਮੌਜੂਦਾ ਪੀੜ੍ਹੀ ਅਕਸਰ ਕਰਦੀ ਹੈ ਕਿ "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰ ਹਥਿਆਰ ਲੈ ਕੇ ਕਿਉਂ ਗਏ?" ਅਤੇ "ਉਹ ਧਰਮ ਯੁੱਧ ਮੋਰਚਾ ਮਹਿਤਾ ਚੌਂਕ ਜਾਂ ਕਿਸੇ ਹੋਰ ਥਾਂ ਤੋਂ ਚਲਾਉਣ ਦੀ ਬਜਾਏ ਅਕਾਲ ਤਖਤ ਸਾਹਿਬ ਤੋਂ ਕਿਉਂ ਚਲਾ ਰਹੇ ਸਨ?" ਕਾਰਨ ਪੁੱਛਣ ਉਤੇ ਅਕਸਰ ਜਵਾਬ ਵਿਚ ਸਵਾਲ ਸੁਣਨ ਨੂੰ ਮਿਲਦਾ ਹੈ, "ਕੀ ਤੁਹਾਨੂੰ ਨਹੀਂ ਲੱਗਦਾ ਕਿ ਸੰਤਾਂ ਨੇ ਅਜਿਹਾ ਕਰਕੇ ਸਰਕਾਰ ਨੂੰ ਦਰਬਾਰ ਸਾਹਿਬ ਉਤੇ ਹਮਲਾ ਕਰਨ ਦਾ ਮੌਕਾ ਦੇ ਦਿੱਤਾ ਸੀ?" ਇਹ ਸਵਾਲ ਕਰਨ ਲੱਗਿਆਂ ਸਾਡੇ ਨੌਜਵਾਨ ਦੁਬਿਧਾ ਵਿਚ ਘਿਰੇ ਹੁੰਦੇ ਹਨ।

ਇਹ ਸਵਾਲ ਪ੍ਰੋ. ਅਵਤਾਰ ਸਿੰਘ ਨੇ ਕਿਸ ਮਨੋਦਸ਼ਾ ਤਹਿਤ ਕੀਤਾ? ਜਿਸ ਅੰਦਾਜ ਵਿਚ ਉਨ੍ਹਾਂ ਇਹ ਸਵਾਲ ਉਠਾਇਆ ਹੈ, ਉਸ ਤੋਂ ਕੋਈ ਸਵਾਲ ਉਠਾਉਣ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ। ਇਸ ਲਈ ਇਥੇ ਉਪਰ ਬਿਆਨੀ ਨੌਜਵਾਨ ਮਨ ਦੀ ਦੁਬਿਧਾ ਬਾਰੇ ਹੀ ਗੱਲ ਕੀਤੀ ਜਾ ਰਹੀ ਹੈ।

ਸਿੱਖ ਵਿਰਾਸਤ ਅਤੇ ਸਿੱਖ ਸੰਸਕਾਰ ਨੌਜਵਾਨਾਂ ਦੇ ਮਨਾਂ ਵਿਚ ਅਜਿਹੇ ਵਿਚਾਰ ਭਰਦੇ ਹਨ ਜਿਸ ਰਾਹੀਂ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ, ਸ਼ਹਾਦਤ ਅਤੇ ਉਸ ਕਾਜ ਪ੍ਰਤੀ ਉਨ੍ਹਾਂ ਵਿਚ ਸਤਿਕਾਰ ਅਤੇ ਮੋਹ ਬਰਕਰਾਰ ਹੈ ਜਿਸ ਕਾਜ ਲਈ ਉਨ੍ਹਾਂ ਸ਼ਹਾਦਤ ਦਿੱਤੀ। ਭਾਵਨਾ ਅਤੇ ਚੇਤਨਾ ਵਿਚ ਫਰਕ ਹੁੰਦਾ ਹੈ, ਇਸ ਲਈ ਸ਼ਹੀਦਾਂ ਤੇ ਉਨ੍ਹਾਂ ਦੇ ਕਾਜ ਪ੍ਰਤੀ ਮੋਹ ਹੋਣ ਦੇ ਬਾਵਜੂਦ ਜੇ ਨੌਜਵਾਨਾਂ ਦੇ ਮਨਾਂ ਵਿਚ ਉਕਤ ਦੁਬਿਧਾ ਆਪਣੀ ਕੋਈ ਥਾਂ ਬਣਾ ਸਕੀ ਹੈ ਤਾਂ ਕਾਰਨ ਇਹ ਹੈ ਕਿ ਉਨ੍ਹਾਂ ਦੀ ਚੇਤਨਾ ਦੇ ਸਿਧਾਂਤਕ ਆਧਾਰ ਵਿਚ ਅਜੇ ਕੁਝ ਕੱਚ ਹੈ। ਇਸੇ ਕਾਰਨ ਉਹ ਸਰਕਾਰ ਵੱਲੋਂ ਪ੍ਰਚਾਰੇ ਗਏ ਤਰਕ ਕਿ "ਦਰਬਾਰ ਸਾਹਿਬ ਦੀ ਹਦੂਦ ਵਿਚ ਹਥਿਆਰ ਲਿਜਾਣ ਨਾਲ ਪਵਿੱਤਰਤਾ ਭੰਗ ਹੋ ਗਈ ਸੀ" ਅਤੇ "ਅਪਰੇਸ਼ਨ ਬਲੂ ਸਟਾਰ ਫੌਜੀ ਕਾਰਵਾਈ ਦਰਬਾਰ ਸਾਹਿਬ ਦੀ ਹਦੂਦ ਵਿਚ ਲੁਕੇ 'ਸਿੱਖ ਅਤਿਵਾਦੀਆਂ' ਨੂੰ ਬਾਹਰ ਕੱਢਣ ਲਈ ਕੀਤੀ ਗਈ ਸੀ" ਆਦਿ ਦੇ ਅਸਰ ਹੇਠ ਆ ਕੇ ਦੁਬਿਧਾ ਦਾ ਸ਼ਿਕਾਰ ਹੋ ਜਾਂਦੇ ਹਨ।

ਸਰਕਾਰ ਦੀਆਂ ਇਨ੍ਹਾਂ ਦਲੀਲਾਂ ਦਾ ਜਵਾਬ ਸ. ਅਜਮੇਰ ਸਿੰਘ ਨੇ ਬੜੇ ਢੁਕਵੇਂ ਰੂਪ ਵਿਚ ਦਿੱਤਾ ਹੈ, ਇਸ ਲਈ ਉਸ ਨੂੰ ਇਥੇ ਦੁਹਰਾਉਣ ਦੀ ਲੋੜ ਨਹੀਂ ਪਰ ਇਹ ਗੱਲ ਵਿਚਾਰਨੀ ਬਣਦੀ ਹੈ ਕਿ ਨੌਜਵਾਨਾਂ ਦੀ ਚੇਤਨਾ ਇੰਨੀ ਖੁੰਡੀ ਕਿਉਂ ਹੈ ਕਿ ਉਹ ਇਨ੍ਹਾਂ ਬਿਨਾ ਸਿਰ-ਪੈਰ ਦੀਆਂ ਦਲੀਲਾਂ ਦੀ ਕਾਟ ਕਰਨ ਦੀ ਬਜਾਏ ਇਨ੍ਹਾਂ ਦੇ ਅਸਰ ਹੇਠ ਆ ਜਾਂਦੇ ਹਨ। ਇਸ ਦਾ ਇੱਕ ਕਾਰਨ ਤਾਂ ਇਹ ਹੈ (ਜਿਸ ਦਾ ਜ਼ਿਕਰ ਪਹਿਲਾਂ ਵੀ ਪ੍ਰੋ. ਬਲਕਾਰ ਸਿੰਘ ਦੀਆਂ ਦਰਬਾਰ ਸਾਹਿਬ ਦੇ ਹਮਲੇ ਬਾਰੇ ਟਿੱਪਣੀਆਂ ਉਤੇ ਗੱਲ ਕਰਦੇ ਸਮੇਂ, ਇਕ ਲਿਖਤ ਰਾਹੀਂ ਕੀਤਾ ਜਾ ਚੁੱਕਾ ਹੈ) ਕਿ ਇਸ ਨੂੰ ਸਿੱਖਾਂ ਦੀ ਤ੍ਰਾਸਦੀ ਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਬੁੱਧੀਜੀਵੀ ਅਜਿਹੀ ਬੌਧਿਕ ਮਰਜ਼ ਦਾ ਸ਼ਿਕਾਰ ਸਨ, ਜਿਸ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਉਤੇ ਹੋਏ ਹਮਲੇ ਦਾ ਸਿੱਖ ਦ੍ਰਿਸ਼ਟੀਕੋਣ ਜਾਨਣ ਤੇ ਪੇਸ਼ ਕਰਨ ਤੋਂ ਅਸਮਰਥ ਕਰ ਦਿੱਤਾ ਸੀ; ਕਿਉਂਕਿ ਉਹ ਤਾਂ ਅੱਜ ਵੀ ਇਹੀ ਮੰਨੀ ਬੈਠੇ ਹਨ ਕਿ ਇਹ ਤਾਂ ਇਕ ਅਜਿਹੀ ਘਟਨਾ ਸੀ ਜੋ ਵਾਪਰ ਹੀ ਨਹੀਂ ਸੀ ਸਕਦੀ। ਇਸ ਬੌਧਿਕ ਮਰਜ਼ ਦੀ ਇੱਕ ਪਰਤ ਪ੍ਰੋ. ਬਲਕਾਰ ਸਿੰਘ ਹੋਰਾਂ ਨੇ ਖੋਲ੍ਹੀ ਸੀ ਜਦੋਂ ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਦਾ ਇਹ ਮੰਨਣਾ ਹੈ ਕਿ (ਪਿੱਛੇ ਜੋ ਵੀ ਹੋ ਗਿਆ, ਉਹ ਹੋ ਗਿਆ) ਅਜਿਹਾ (ਭਾਵ ਦਰਬਾਰ ਸਾਹਿਬ ਜਾਂ ਸਿੱਖ ਗੁਰਧਾਮਾਂ ਉਤੇ ਹਮਲਾ ਜਾਂ ਸਿੱਖ ਕਤਲੇਆਮ ਜਿਹੀਆਂ ਘਟਨਾਵਾਂ) ਮੁੜ ਕਦੇ ਨਹੀਂ ਵਾਪਰ ਸਕਦਾ। ਪ੍ਰੋ. ਅਵਤਾਰ ਸਿੰਘ ਦੀ ਧਾਰਨਾ ਕਿ ਦਰਬਾਰ ਸਾਹਿਬ ਉਤੇ ਹਮਲੇ ਲਈ ਸੰਤ ਜਰਨੈਲ ਸਿੰਘ ਜ਼ਿੰਮੇਵਾਰ ਹਨ, ਵੀ ਇਸੇ ਮਰਜ਼ ਦਾ ਹੀ ਨਤੀਜਾ ਹੈ। (ਭਾਵੇਂ ਪ੍ਰੋ. ਅਵਤਾਰ ਸਿੰਘ ਨੇ ਆਪਣੀ ਲਿਖਤ ਵਿਚ ਅਜਿਹਾ ਅੱਖਰੀ ਰੂਪ ਵਿਚ ਨਹੀਂ ਕਿਹਾ ਕਿ ਦਰਬਾਰ ਸਾਹਿਬ ਉਤੇ ਹਮਲਾ ਹੋਣ ਲਈ ਸੰਤ ਜਰਨੈਲ ਸਿੰਘ ਜ਼ਿੰਮੇਵਾਰ ਹਨ ਪਰ ਉਨ੍ਹਾਂ ਨੇ ਜੋ ਕਿਹਾ ਹੈ ਉਸ ਦਾ ਅਰਥ ਇਹੀ ਬਣਦਾ ਹੈ; ਦੂਸਰਾ ਪ੍ਰੋ. ਹਰਪਾਲ ਸਿੰਘ ਪੰਨੂੰ ਜਿਨ੍ਹਾਂ ਨੇ ਇਹ ਪੁਰਾਣੀ ਲਿਖਤ ਇਸ ਮੌਕੇ ਖਾਸ ਤੌਰ ਉਤੇ ਛਪਣ ਲਈ ਭੇਜੀ, ਉਹ ਵੀ ਇੰਨਾ ਕੁ ਸਪਸ਼ਟ ਕਰਨ ਕਿ ਕੀ ਉਨ੍ਹਾਂ ਦੀ ਵੀ ਸੰਤ ਜਰਨੈਲ ਸਿੰਘ ਬਾਰੇ ਉਹੀ ਰਾਏ ਹੈ ਜੋ ਪ੍ਰੋ. ਅਵਤਾਰ ਸਿੰਘ ਦੀ ਹੈ?) ਸਿੱਖਾਂ ਦੇ ਬੁੱਧੀਜੀਵੀਆਂ ਦੀ ਇਹ ਦਸ਼ਾ ਹੀ ਉਹ ਪਹਿਲਾ ਕਾਰਨ ਹੈ, ਜਿਸ ਕਾਰਨ ਸਿੱਖ ਨੌਜਵਾਨ ਚੇਤਨਾ ਦੇ ਉਸ ਤਿੱਖੇਪਣ ਤੋਂ ਵਿਰਵਾ ਹੈ ਜਿਸ ਨੇ ਉਸ ਨੂੰ ਦੁਬਿਧਾ ਤੋਂ ਬਚਾਉਣਾ ਸੀ।

ਦੂਜਾ ਕਾਰਨ ਇਹ ਹੈ ਕਿ ਸਿੱਖ ਨੌਜਵਾਨ "ਮਨੋਵਿਗਿਆਨਕ ਜੰਗ" ਦੇ ਵੱਡੇ ਹਮਲੇ ਦੀ ਮਾਰ ਹੇਠ ਹੈ, ਜਿਸ ਦਾ ਜ਼ਿਕਰ ਇਥੇ ਸਿਰਫ ਇਕੋ ਨੁਕਤੇ ਨੂੰ ਕੇਂਦਰ ਵਿਚ ਰੱਖ ਕੇ ਹੀ ਕੀਤਾ ਜਾ ਰਿਹਾ ਹੈ। ਸਰਕਾਰ ਨੇ ਖਾੜਕੂ ਸਿੱਖ ਸੰਘਰਸ਼ ਨੂੰ ਜ਼ਬਰ ਨਾਲ ਦਬਾ ਕੇ ਆਪਣੇ ਆਪ ਨੂੰ ਜੇਤੂ ਤੇ ਸਿੱਖਾਂ ਨੂੰ ਹਾਰ ਗਏ ਮੰਨ ਲਿਆ ਹੈ। ਇੰਜ ਜ਼ਬਰ ਨਾਲ "ਜੇਤੂ ਹੋਇਆਂ" ਲਈ ਜ਼ਰੂਰੀ ਹੈ ਕਿ "ਹਾਰ ਗਿਆਂ" ਨੂੰ ਇਹ ਜਚਾਇਆ ਵੀ ਜਾਵੇ ਕਿ ਇਕ ਤਾਂ ਉਹ ਹਾਰ ਗਏ ਹਨ ਤੇ ਦੂਜਾ ਉਨ੍ਹਾਂ ਨਾਲ ਜੋ ਕੁਝ ਵਾਪਰਿਆ ਹੈ ਉਹ ਅਸਲ ਵਿਚ ਉਨ੍ਹਾਂ ਦੀ ਆਪਣੀ ਹੀ ਗਲਤੀ ਦਾ ਨਤੀਜਾ ਹੈ। ਇਸ ਮਕਸਦ ਲਈ ਅਜਿਹੀ ਕੋਈ ਵੀ ਵਿਆਖਿਆ ਬਹੁਤ ਢੁਕਵੀਂ ਬੈਠਦੀ ਹੈ ਜਿਸ ਰਾਹੀਂ ਦਰਬਾਰ ਸਾਹਿਬ ਉਤੇ ਹਮਲੇ ਦਾ ਦੋਸ਼ ਸਿੱਖਾਂ ਸਿਰ ਮੜ੍ਹਿਆ ਜਾ ਸਕੇ (ਵਿਚਾਰ ਹੇਠਲੇ ਨੁਕਤੇ ਦੇ ਪ੍ਰਸੰਗ ਵਿਚ ਇਹ ਦੋਸ਼ ਸੰਤ ਜਰਨੈਲ ਸਿੰਘ ਰਾਹੀਂ ਸਿੱਖਾਂ ਸਿਰ ਮੜ੍ਹਿਆ ਜਾ ਰਿਹਾ ਹੈ ਕਿ ਦਰਬਾਰ ਸਾਹਿਬ ਉਤੇ ਹਮਲਾ ਸਿੱਖਾਂ ਦੀਆਂ ਆਪਣੀਆਂ ਗਲਤੀਆਂ ਦਾ ਨਤੀਜਾ ਸੀ)। ਹੁਣ ਸਰਕਾਰਾਂ ਆਪਣੇ ਤਰਕ ਨੂੰ ਕਿਸ ਪੱਧਰ ਤੱਕ ਤੇ ਕਿਵੇਂ ਫੈਲਾ ਤੇ ਜਚਾ ਸਕਦੀਆਂ ਹਨ, ਇਸ ਬਾਰੇ ਮੌਜੂਦਾ ਬਹਿਸ ਦੇ ਪਾਠਕਾਂ ਨੂੰ ਦੱਸਣ ਦੀ ਲੋੜ ਨਹੀਂ ਹੈ। ਇਹ ਮਨੋਵਿਗਿਆਨਕ ਹਮਲਾ ਵੀ ਚੇਤਨਾ ਦੇ ਤਿੱਖੇਪਣ ਦੀ ਅਣਹੋਂਦ ਵਿਚ ਵਿਚਰ ਰਹੇ ਸਿੱਖ ਨੌਜਵਾਨਾਂ ਵਿਚ ਦੁਬਿਧਾ ਪੈਦਾ ਕਰਦਾ ਹੈ ਤੇ ਇਹ ਦੁਬਿਧਾ ਉਨ੍ਹਾਂ ਨੂੰ ਸਹੀ ਸਵਾਲਾਂ ਦੇ ਸਨਮੁਖ ਨਹੀਂ ਹੋਣ ਦਿੰਦੀ। ਅਜਮੇਰ ਸਿੰਘ ਦੀਆਂ ਲਿਖਤਾਂ ਦੀ ਇਸ ਸੰਬੰਧੀ ਇਹ ਪ੍ਰਸੰਗਿਕਤਾ ਹੈ ਕਿ ਉਸ ਦੀਆਂ ਕਿਤਾਬਾਂ ਨੌਜਵਾਨਾਂ ਦੀ ਸਿਧਾਂਤਕ ਚੇਤਨਾ ਨੂੰ ਤਿੱਖਾਪਣ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਮਨੋਵਿਗਿਆਨਕ ਹਮਲੇ ਤੇ ਇਸ ਦੇ ਅਸਰਾਂ ਬਾਰੇ ਵੀ ਸੁਚੇਤ ਕਰਦੀਆਂ ਹਨ।

# ਖਾਲਸਾ ਬਿਖੜੇ ਸਮੇਂ ਵਿਚ ਵੀ ਚੜ੍ਹਦੀ ਕਲਾ 'ਚ ਰਿਹੈ

ਸਿੱਖ ਸੰਘਰਸ਼-2

ਇਹ ਗੱਲ ਸਾਰੇ ਸੰਸਾਰ ਦੇ ਇਤਿਹਾਸਕਾਰਾਂ ਲਈ ਹੈਰਾਨੀ ਭਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਬਾਅਦ, ਜਿਸ ਸਮੇਂ ਸਿੱਖਾਂ ਉਪਰ ਕਹਿਰਾਂ ਦੇ ਜ਼ੁਲਮ ਢਾਹੇ ਜਾ ਰਹੇ ਸਨ, ਉਨ੍ਹਾਂ ਦਾ ਖੁਰਾ-ਖੋਜ ਮਿਟਾ ਦੇਣ ਲਈ ਸ਼ਿਕਾਰ ਮੁਹਿੰਮਾਂ ਛੇੜ ਦਿਤੀਆਂ ਗਈਆਂ ਸਨ ਅਤੇ ਉਨ੍ਹਾਂ ਦੇ ਸਿਰਾਂ ਦੇ ਮੁਲ ਨਿਸ਼ਚਿਤ ਕਰ ਦਿਤੇ ਗਏ ਸਨ, ਉਨ੍ਹਾਂ ਹਾਲਾਤ ਵਿਚ ਵੀ ਸਿੱਖ ਜੰਗਲਾਂ-ਬੇਲਿਆਂ ਵਿਚ ਸਿਰ

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਛੁਪਾਈ ਫਿਰਦੇ ਚੜ੍ਹਦੀ ਕਲਾ ਵਿਚ ਹੀ ਰਹੇ। ਨਾ ਤਾਂ ਉਨ੍ਹਾਂ ਵਿਚ ਨਿਰਾਸ਼ਾ ਨਜ਼ਰ ਆਉਂਦੀ ਸੀ ਤੇ ਨਾ ਹੀ ਚੇਹਰਿਆਂ ਪੁਰ ਉਦਾਸੀਨਤਾ ਜਾਂ ਥਕਾਵਟ ਦੇ ਚਿੰਨ੍ਹ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿਚ:

'ਨਾਹਿ ਜ਼ਖੀਰੋ ਸਿੰਘਨ ਪਾਸ।
ਸਸਤ੍ਰ ਬਸਤਰ ਹੀਨ ਸੁ ਖਾਸ।
ਨਾਂਗੇ ਖਰੇ, ਔ ਭੁਖੇ ਪਯਾਸੇ।
ਦਾਰੂ ਸਿੱਕਾ ਨਹਿ ਕਛੁ ਪਾਸੇ।
ਹਾਟ ਪਟਨ ਬਾਜਾਰ ਸੁ ਨਾਹੀਂ।
ਰੋਗੀ ਔਖਧ ਬਿਨ ਮਰ ਜਾਹੀਂ।

ਵਰਗੇ ਹਾਲਾਤ ਵੀ ਉਨ੍ਹਾਂ ਦੇ ਦਿਲਾਂ ਵਿਚ ਵਹਿੰਦੀ ਕਲਾ ਜਾਂ ਕਦਮਾਂ ਵਿਚ ਡਗਮਗਾਹਟ ਨਾ ਲਿਆ ਸਕੇ। ਇਸਦਾ ਕਾਰਨ ਸੀ:

ਗੁਰਬਚਨਨ ਕੀ ਉਨਕੋ ਆਸ।
ਯਹੀ ਖਜ਼ਾਨੋ ਸਿੰਘਨ ਪਾਸ।

ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ 'ਦੁੱਖ ਵਿਚ ਸੁਖ ਮਨਾਈ' ਅਤੇ ਗੁਰੂ ਅਰਜਨ ਦੇਵ ਜੀ ਦੇ ਸਾਂਈ ਮੀਆਂ ਮੀਰ ਨੂੰ ਕਹੇ ਬਚਨ ਕਿ 'ਤਸੀਹੇ ਇਸ ਕਾਰਨ ਝਲ ਰਹੇ ਹਾਂ ਕਿ ਕਸ਼ਟ ਸਹਾਰਦਿਆਂ ਵੀ ਸਬਰ ਦਾ ਪੱਲਾ ਨਾ ਛਡਿਆ ਜਾਏ ਅਤੇ ਵਾਹਿਗੁਰੂ ਨੂੰ ਕੋਸਣ ਦੀ ਬਜਾਏ, ਉਸਦੇ ਭਾਣੇ ਨੂੰ ਮਿੱਠਾ ਕਰ ਮੰਨਿਆ ਜਾਏ' ਉਨ੍ਹਾਂ ਦਾ ਮਾਰਗ ਦਰਸ਼ਨ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਜੁ ਗੁਰ ਕਰਹੈ ਸੋਈ ਹੋਹੈ'। 'ਦੁਖ ਸੁਖ ਵਾਰ ਨਫੋ ਨੁਕਸਾਨੈ, ਭਾਣਾ ਗੁਰ ਕਾ ਖੁਸ਼ ਹੋ ਮਾਨੈ' ਦੇ ਵਿਸ਼ਵਾਸ ਕਾਰਨ ਹੀ ਮੌਤ ਨੂੰ ਮਖੌਲਾਂ ਕਰਨਾ ਸਿੱਖਾਂ ਦਾ ਸੁਭਾਉ ਬਣ ਗਿਆ ਸੀ। ਉਨ੍ਹਾਂ ਆਪਣੇ ਵਿਸ਼ਵਾਸ ਨੂੰ ਦ੍ਰਿੜ੍ਹ ਕਰੀ ਰੱਖਣ ਲਈ ਆਪਣੇ ਬੋਲੇ ਵੀ ਚੜ੍ਹਦੀ ਕਲਾ ਵਾਲੇ ਬਣਾ ਲਏ ਸਨ। 'ਛੋਲਿਆਂ' ਨੂੰ 'ਬਦਾਮ', 'ਭੁਖੇ ਰਹਿਣ' ਨੂੰ 'ਕੜਾਕੇ ਕਢਣਾ', 'ਘਾਹ' ਨੂੰ 'ਹਰਾ ਪਲਾਓ', ਲੰਗਰ ਵਿਚ ਅੰਨ ਪਾਣੀ ਨਾ ਹੋਣ ਤੇ 'ਲੰਗਰ ਮਸਤਾਨਾ' ਕਹਿਣਾ ਆਦਿ ਅਜਿਹੇ ਬੋਲ ਸਨ, ਜੋ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਵਿਚ ਸਹਾਇਕ ਹੁੰਦੇ ਸਨ।

ਚੜ੍ਹਦੀ ਕਲਾ ਵਿਚ ਵਿਚਰਨ ਦਾ ਇਕ ਕਾਰਨ ਇਹ ਵੀ ਸੀ ਕਿ ਮੁਸੀਬਤਾਂ ਨੇ ਸਾਰਿਆਂ ਨੂੰ ਇਕੱਠਿਆਂ ਕਰ ਦਿਤਾ ਹੋਇਆ ਸੀ। ਉਹ ਇਕ ਦੂਜੇ ਪੁਰ ਜਾਨ ਛਿੜਕਣ ਲਈ ਸਦਾ ਤਤਪਰ ਰਹਿੰਦੇ: ਸਿੱਖ ਸਿੱਖ ਪੈ ਵਾਰਤ ਪਰਾਨ'। ਹਾਲਤ ਇਹ ਬਣ ਗਈ: 'ਕੋਈ ਨਾ ਕਰੈ ਸ਼ਰੀਕਾ। ਕੋਈ ਨਾ ਸੁਣਾਵੈ ਦੁੱਖ ਆਪਣੇ ਜੀਅ ਕਾ'। ਕਾਜ਼ੀ ਨੂਰ ਮੁਹੰਮਦ, ਜੋ ਨਫ਼ਰਤ ਵਿਚ ਗੁਸਿਆ ਸਿੱਖਾਂ ਨੂੰ 'ਸੱਗ' (ਕੁੱਤੇ) ਤਕ ਦੇ ਨਾਂ ਨਾਲ ਸੰਬੋਧਨ ਕਰਨੋਂ ਸੰਕੋਚ ਨਹੀਂ ਸੀ ਕਰਦਾ, ਦੇ ਕਥਨ ਅਨੁਸਾਰ ਸਿੱਖ ਆਗੂਆਂ ਵਿਚ ਭਰਾਵਾਂ ਵਾਲਾ ਪਿਆਰ ਸੀ। ਤਸੀਹੇ ਸਹਿੰਦਿਆਂ ਅਤੇ ਦੁਖਾਂ ਵਿਚ ਰਹਿੰਦਿਆਂ ਉਹ ਇਨ੍ਹਾਂ ਦੇ ਇਤਨੇ ਅਭਿਆਸੀ ਹੋ ਗਏ ਸਨ। ਘੋੜਿਆਂ ਦੀਆਂ ਕਾਠੀਆਂ ਉਨ੍ਹਾਂ ਦੇ ਘਰ ਬਣ ਗਏ ਸਨ।

ਪੰਜਾਬ ਦੇ ਚੱਪੇ-ਚੱਪੇ ਤੋਂ ਵਾਕਿਫ ਹੋਣ ਕਾਰਨ, ਉਹ ਆਪਣੇ ਨੁਕਸਾਨ ਦੇ ਮੁਕਾਬਲੇ ਦੁਸ਼ਮਣ ਦਾ ਬਹੁਤਾ ਨੁਕਸਾਨ ਕਰ ਜਾਂਦੇ। ਉਨ੍ਹਾਂ ਦੀ ਜੰਗੀ-ਰਣਨੀਤੀ ਬਾਰੇ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ ਜਦੋਂ ਉਹ ਮੈਦਾਨ ਵਿਚੋਂ ਭਜਦੇ ਜਾ ਰਹੇ ਹੋਣ ਤਾਂ ਇਹ ਨਾ ਸਮਝ ਲੈਣਾ ਕਿ ਉਹ ਹਾਰ ਮੰਨ, ਮੈਦਾਨ ਛੱਡ ਭਜ ਗਏ ਹਨ, ਸਗੋਂ ਇਹ ਤਾਂ ਉਨ੍ਹਾਂ ਦਾ ਜੰਗੀ ਪੈਂਤੜਾ ਹੁੰਦਾ ਹੈ। ਉਨ੍ਹਾਂ ਦੇ ਪਿਛਾਂਹ ਵਲ ਨੂੰ ਸਰਪੱਟ ਦੌੜਦੇ ਜਾਂਦੇ ਘੋੜ ਸਵਾਰ ਇਕ-ਦਮ ਰੁਕ ਕੇ, ਅਜਿਹਾ ਭਰਵਾਂ ਵਾਰ ਕਰ ਬੈਠਦੇ ਹਨ ਕਿ ਦੁਸ਼ਮਣ ਉਨ੍ਹਾਂ ਦੇ ਅਚਾਨਕ ਹੋਏ, ਇਸ ਹਮਲੇ ਕਾਰਨ ਇਤਨਾ ਹਕਬਕਾ ਜਾਂਦਾ ਹੈ ਕਿ ਉਸਨੂੰ ਸਮਝ ਹੀ ਨਹੀਂ ਆਉਂਦੀ ਕਿ ਉਹ ਕੀ ਕਰੇ? ਜਦੋਂ ਤਕ ਉਹ ਆਪਣੇ-ਆਪਨੂੰ ਸੰਭਾਲਦਾ ਹੈ, ਸਿੱਖ ਆਪਣਾ ਵਾਰ ਕਰਕੇ ਹਰਨ ਹੋ ਗਏ ਹੁੰਦੇ ਹਨ।

ਕਾਜ਼ੀ ਨੂਰ ਮੁਹੰਮਦ ਉਨ੍ਹਾਂ ਦੇ ਲੜਾਈ ਦੇ ਹੁਨਰ ਦੀ ਪ੍ਰਸ਼ੰਸਾ ਕਰਦਿਆਂ, ਉਨ੍ਹਾਂ ਤੋਂ ਸਿੱਖਣ ਦੀ ਸਲਾਹ ਦਿੰਦਿਆਂ ਆਪਣੇ ਦੇਸ਼ ਦੇ ਫੌਜੀਆਂ ਨੂੰ ਕਹਿੰਦਾ ਹੈ ਕਿ ਜੇ ਤੁਹਾਨੂੰ ਲੜਾਈ ਦੇ ਕਸਬ ਸਿੱਖਣ ਦਾ ਚਾਅ ਹੈ ਤਾਂ ਤੁਸੀਂ ਰਣਭੂਮੀ ਵਿਚ ਇਨ੍ਹਾਂ (ਸਿੱਖਾਂ) ਦੇ ਸਾਹਮਣੇ ਹੋਵੋ। ਉਹ ਤੁਹਾਨੂੰ ਜੰਗ ਦੇ ਅਜਿਹੇ ਢੰਗ ਸਿਖਾਉਣਗੇ ਕਿ ਸਾਰੇ ਹੀ ਅਸ਼-ਅਸ਼ ਕਰ ਉਠਣਗੇ। ਉਹ ਆਪਣੇ ਤਲਵਾਰਬਾਜ਼ਾਂ ਨੂੰ ਆਖਦਾ ਹੈ ਕਿ ਜੇ ਤੁਹਾਨੂੰ ਜੰਗੀ ਹੁਨਰ ਸਿੱਖਣ ਦਾ ਚਾਅ ਹੈ ਤਾਂ ਤੁਸੀਂ ਇਨ੍ਹਾਂ ਪਾਸੋਂ ਸਿੱਖੋ ਕਿ ਕਿਵੇਂ ਲੜਾਈ ਦੇ ਮੈਦਾਨ ਵਿਚੋਂ ਆਪਣੇ-ਆਪ ਨੂੰ ਸਾਫ਼ ਬਚਾ ਕੇ ਨਿਕਲਿਆ ਜਾ ਸਕਦਾ ਹੈ। ਇਸੇ ਤਰ੍ਹਾਂ ਇਕ ਹੋਰ ਇਤਿਹਾਸਕਾਰ ਡਾ. ਸਿਨਹਾ ਲਿਖਦਾ ਹੈ ਕਿ ਸਿੱਖਾਂ ਦੀ ਲੜਾਈ ਦਾ ਢੰਗ-ਤਰੀਕਾ ਬਹੁਤ ਹੀ ਨਿਰਾਲਾ ਅਤੇ ਅੱਡਰੀ ਕਿਸਮ ਦਾ ਸੀ। ਉਹ ਦੁਸ਼ਮਣ ਦਾ ਵਧੇਰੇ ਅਤੇ ਆਪਣਾ ਘਟ ਨੁਕਸਾਨ ਕਰਵਾਉਣ ਦੇ ਢੰਗ ਨੂੰ ਜਾਣਦੇ ਸਨ।

ਜਿਨ੍ਹਾਂ ਦਾ ਰਣਭੂਮੀ ਵਿਚ ਸਿੱਖਾਂ ਨਾਲ ਆਮ੍ਹੋ-ਸਾਹਮਣਾ ਹੋਇਆ ਹੈ, ਉਨ੍ਹਾਂ ਫੌਜੀ ਕਮਾਂਡਰਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਸਿੱਖਾਂ ਨੂੰ ਹਰਾਉਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ, ਉਹ ਅਛੋਪਲੇ ਆਉਂਦੇ ਹਨ ਅਤੇ ਸ਼ੇਰਾਂ ਵਾਂਗ ਟੁੱਟ ਪੈਂਦੇ ਹਨ, ਜਦੋਂ ਤਕ ਅਸੀਂ ਸੰਭਲਦੇ ਹਾਂ, ਉਹ ਆਪਣਾ ਕੰਮ ਕਰ ਕੇ ਹਰਨ ਹੋ ਗਏ ਹੁੰਦੇ ਹਨ।

ਸ਼ਹੀਦਾਂ ਦੀ ਪ੍ਰੇਰਨਾ: ਜਿਵੇਂ ਕਿ ਜ਼ਿਕਰ ਕੀਤਾ ਗਿਆ ਹੈ ਕਿ ਕੋਈ ਵੀ ਅਜਿਹਾ ਜ਼ੁਲਮ ਬਾਕੀ ਨਹੀਂ ਸੀ ਰਿਹਾ ਜੋ ਸਿੱਖਾਂ ਉਪਰ ਨਾ ਢਾਹਿਆ ਗਿਆ ਹੋਵੇ। ਸ੍ਰੀ ਗੁਰੂ ਅਰਜਨ ਦੇਵ ਨੂੰ ਅੰਤਾਂ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਣਾ, ਸ੍ਰੀ ਗੁਰੂ ਤੇਗ ਬਹਾਦਰ ਦਾ ਸੀਸ ਧੜ ਤੋਂ ਵੱਖ ਕੀਤਾ ਜਾਣਾ, ਉਨ੍ਹਾਂ ਤੋਂ ਪਹਿਲਾਂ ਭਾਈ ਮਤੀ ਦਾਸ, ਭਾਈ ਦਇਆਲਾ ਅਤੇ ਭਾਈ ਸਤੀ ਦਾਸ ਨੂੰ ਆਰੇ ਨਾਲ ਚੀਰਿਆ ਜਾਣਾ, ਉਬਲਦੀ ਦੇਗ ਵਿਚ ਉਬਾਲਿਆ ਜਾਣਾ ਅਤੇ ਰੂੰ ਵਿਚ ਲਪੇਟ ਕੇ ਸੜਿਆ ਜਾਣਾ, ਸਾਹਿਬਜ਼ਾਦਿਆਂ ਦਾ ਨੀਂਹਾਂ ਵਿਚ ਚਿਣੇ ਜਾਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਬੂਰਾਂ ਨਾਲ ਨੋਚ-ਨੋਚ ਕੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਆਦਿ ਅਨੇਕਾਂ ਮਿਸਾਲਾਂ ਸਨ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਸਿੱਖ ਸ਼ਹੀਦਾਂ ਦੀ ਝੜੀ ਲੱਗ ਗਈ। ਇਨ੍ਹਾਂ ਸ਼ਹੀਦੀਆਂ ਪਿਛੇ ਨਾ ਤਾਂ ਕੋਈ ਸੁਆਰਥ ਸੀ ਤੇ ਨਾ ਹੀ ਕਿਸੇ ਤਰ੍ਹਾਂ ਦੇ ਨਿਜੀ ਹਿਤ। ਜੇ ਕੁਝ ਸੀ ਤਾਂ ਗੁਰੂ ਸਾਹਿਬ ਵਲੋਂ ਬਖਸ਼ਿਆ ਜਬਰ ਤੇ ਜ਼ੁਲਮ ਦਾ ਨਾਸ ਕਰਨ ਦਾ ਦ੍ਰਿੜ੍ਹ ਇਰਾਦਾ।

ਇਸ ਸਮੇਂ ਦੌਰਾਨ ਸਿੱਖਾਂ ਦਾ ਆਚਰਣ ਵੀ ਸਿਖਰਾਂ 'ਤੇ ਸੀ ਜਿਸ ਦੀ ਮਿਸਾਲ ਉਸ ਸਮੇਂ ਪ੍ਰਚਲਤ ਰਹੇ ਇਸ ਕਥਨ ਤੋਂ ਮਿਲਦੀ ਹੈ: 'ਆਏ ਨੀਂ ਨਿਹੰਗ ਬੂਹੇ ਖੋਲ੍ਹ ਦੇ ਨਿਸੰਗ'। ਕਾਜ਼ੀ ਨੂਰ ਮੁਹੰਮਦ ਵਲੋਂ ਬਿਆਨੀ ਇਕ ਘਟਨਾ ਇਸ ਗੱਲ ਦੀ ਸਾਖੀ ਇੰਜ ਭਰਦੀ ਹੈ ਕਿ ਇਕ ਵਾਰ ਸਿੱਖਾਂ ਨੂੰ ਸੂਹ ਲੱਗੀ ਕਿ ਨੇੜੇ ਹੀ ਮੁਗ਼ਲਾਂ ਦਾ ਇਕ ਕੈਂਪ ਲੱਗਾ ਹੋਇਆ ਹੈ। ਉਹ ਝਟ ਹੀ ਤਲਵਾਰਾਂ ਸੂਤ ਤੇ ਘੋੜਿਆਂ 'ਤੇ ਸਵਾਰ ਹੋ ਵਾਹੋਦਾਹੀ ਭਜ ਪਏ। ਜਦੋਂ ਉਹ ਕੈਂਪ ਦੇ ਨੇੜੇ ਪੁਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਕੈਂਪ ਮੁਗ਼ਲ ਸਿਪਾਹੀਆਂ ਦਾ ਨਹੀਂ ਸਗੋਂ ਉਨ੍ਹਾਂ ਦੀਆਂ ਬੇਗ਼ਮਾਂ ਦਾ ਹੈ ਤਾਂ ਉਨ੍ਹਾਂ ਝਟ ਹੀ ਤਲਵਾਰਾਂ ਮਿਆਨ ਵਿਚ ਪਾ ਘੋੜਿਆਂ ਦੇ ਮੂੰਹ ਮੋੜ ਲਏ। ਕਾਜ਼ੀ ਲਿਖਦਾ ਹੈ ਕਿ ਸ਼ਾਬਾਸ਼ ਸੱਗਾਂ ਦੀ ਕੌਮ, ਜੋ ਦੁਸ਼ਮਣ ਦੀ ਮਾਂ-ਬੇਟੀ ਨੂੰ ਆਪਣੀ ਮਾਂ-ਬੇਟੀ ਸਵੀਕਾਰਦੀ ਅਤੇ ਉਸ ਦਾ ਸਨਮਾਨ ਕਰਦੀ ਹੈ। ਇਹੋ ਕਾਜ਼ੀ ਹੋਰ ਲਿਖਦਾ ਹੈ ਕਿ ਜੇ ਲੜਾਈ ਲੜਦਿਆਂ ਕਿਸੇ ਦੁਸ਼ਮਣ ਦੀ ਪਗੜੀ ਉਤਰ ਜਾਏ ਤਾਂ ਇਹ ਝਟ ਆਪਣਾ ਹੱਥ ਰੋਕ ਉਸ ਨੂੰ ਆਪਣੀ ਪੱਗ ਸੰਭਾਲਣ ਦੀ ਤਾਕੀਦ ਕਰਦਿਆਂ ਆਖਦੇ ਹਨ ਕਿ ਆਪਣੀ ਪੱਗ ਸੰਭਾਲ, ਮੈਂ ਤੇਰੀ ਇਜ਼ਤ ਉਛਾਲਨ ਨਹੀਂ ਆਇਆ। ਕੇਸਰ ਸਿੰਘ ਛਿੱਬਰ ਸਿੱਖਾਂ ਦੇ ਆਚਰਣ ਦੀ ਤਸਵੀਰ ਖਿਚਦਿਆਂ ਲਿਖਦਾ ਹੈ:

ਸਿੱਖ ਆਹੇ ਕਿਰਤੀ ਧਰਮ ਦੀਆਂ ਮੂਰਤਾਂ।
ਅੰਦਰ ਗਊ ਦਾ,
ਬਾਹਰ ਸ਼ੇਰ ਦੀਆਂ ਸੂਰਤਾਂ।

ਉਸ ਸਮੇਂ ਦੇ ਸਿੱਖਾਂ ਦੇ ਆਚਰਣ ਦੇ ਸਬੰਧ ਵਿਚ ਪੰਥ ਪ੍ਰਕਾਸ਼ ਦੇ ਕਰਤਾ ਨੇ ਇਕ ਥਾਂ ਲਿਖਿਆ ਹੈ:

ਆਪ ਸਹੈਂ ਵੈ ਨੰਗ ਭੁੱਖ।
ਦੇਖ ਸਕੈਂ ਨਹਿ ਸਿੰਘਨ ਦੁੱਖ।

ਇਸ ਪਿਛੇ ਗੁਰੂ ਗੋਬਿੰਦ ਸਿੰਘ ਦਾ ਉਹ ਆਦਰਸ਼ ਵੀ ਕੰਮ ਕਰ ਰਿਹਾ ਸੀ, ਜੋ ਉਨ੍ਹਾਂ ਨੇ 'ਹਮ ਲੈ ਜਾਨਹੁ ਪੰਥ ਉਚੇਰੇ' ਦੇ ਨਿਸ਼ਾਨੇ ਨੂੰ ਮਿਥ ਕੇ ਕਾਇਮ ਕੀਤਾ ਸੀ। ਇਤਿਹਾਸ ਵਿਚ ਆਉਂਦਾ ਹੈ ਕਿ ਇਕ ਜੰਗ ਦੌਰਾਨ ਸਿੱਖ ਮਾਲ ਅਸਬਾਬ ਦੇ ਨਾਲ ਦੁਸ਼ਮਣ ਦੀ ਇਕ ਲੜਕੀ ਵੀ ਪਕੜ ਲਿਆਏ। ਗੁਰੂ ਸਾਹਿਬ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਹੀ ਉਨ੍ਹਾਂ ਸਿੱਖਾਂ ਨੂੰ ਆਦੇਸ਼ ਦਿਤਾ ਕਿ ਉਹ ਲੁਟੇ ਮਾਲ ਦੇ ਨਾਲ ਇਸ ਨੂੰ ਵੀ ਸਤਿਕਾਰ ਸਹਿਤ ਉਸ ਦੇ ਘਰ ਤਕ ਪਹੁੰਚਾ ਦੇਣ। ਇਹ ਆਦੇਸ਼ ਸੁਣ ਕੁਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਬਦਲਾ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ? ਇਹ ਸੁਣ ਗੁਰੂ ਸਾਹਿਬ ਨੇ ਕਿਹਾ ਕਿ 'ਹਮ ਲੈ ਜਾਨਹੁ ਪੰਥ ਉਚੇਰੇ। ਨਾਹਿ ਅਧੋਗਤੀ ਬਿਖ ਪਹੁਚਾਵੇ ਤਾਂ ਤੇ ਰਲ ਮਲ ਕਰਨ ਹਟਾਵੈ' ਅਰਥਾਤ ਸਿੱਖਾਂ ਨੂੰ ਅਜਿਹੇ ਕੁਕਰਮਾਂ ਤੋਂ ਬਚਣਾ ਚਾਹੀਦਾ ਹੈ, ਜੋ ਅਧੋਗਤੀ ਵਲ ਲਿਜਾਂਦੇ ਹਨ। ਗੁਰੂ ਸਾਹਿਬ ਵਲੋਂ ਨਿਸ਼ਚਿਤ ਇਸ ਆਦਰਸ਼ ਪੁਰ ਪਹਿਰਾ ਦਿੰਦਿਆਂ ਸਿੱਖਾਂ ਨੇ ਆਪਣੇ ਉਚ ਆਚਰਣ ਨੂੰ ਜਿਸ ਤਰ੍ਹਾਂ ਕਾਇਮ ਰਖਿਆ, ਉਸ ਦੇ ਫਲਸਰੂਪ ਅਨੇਕਾਂ ਨਵੇਂ ਸਿੱਖ ਬਣੇ ਅਤੇ ਸਿੱਖਾਂ ਪ੍ਰਤੀ ਅਜਿਹੀ ਵਿਸ਼ਵਾਸ ਦੀ ਭਾਵਨਾ ਪੈਦਾ ਹੋਈ ਕਿ ਅੰਗਰੇਜ਼ੀ ਰਾਜ ਦੇ ਅਰੰਭਕ ਸਮੇਂ ਦੌਰਾਨ ਜੱਜ ਇਕ ਸਿੱਖ ਦੀ ਗੁਆਹੀ 'ਤੇ ਹੀ ਅੰਤਿਮ ਫੈਸਲੇ ਦੇ ਦਿਆ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਸੀ ਕਿ ਸਿੱਖ ਝੂਠ ਨਹੀਂ ਬੋਲ ਸਕਦਾ।

ਸਿੱਖੀ ਦਾ ਪ੍ਰਚਾਰ: ਸੰਘਰਸ਼ ਦੇ ਇਸ ਸਮੇਂ ਦੌਰਾਨ ਜਿਥੇ ਸਿੱਖ ਆਪਣੀ ਹੋਂਦ ਕਾਇਮ ਰੱਖਣ ਅਤੇ ਗ਼ਰੀਬ-ਮਜ਼ਲੂਮ ਦੀ ਰਖਿਆ ਦੇ ਉਦੇਸ਼ ਨਾਲ ਜਬਰ ਤੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਜੂਝ ਰਹੇ ਸਨ, ਉਸ ਸਮੇਂ ਨਿਰਮਲਿਆਂ ਅਤੇ ਸੇਵਾ-ਪੰਥੀਆਂ ਨੇ ਸਿੱਖੀ ਦੇ ਪ੍ਰਚਾਰ ਦੀ ਘਾਟ ਨੂੰ ਪੂਰਾ ਕਰਨਾ ਜਾਰੀ ਰਖਿਆ। ਭਾਵੇਂ ਇਨ੍ਹਾਂ ਦਾ ਪ੍ਰਚਾਰ ਦਬਿਆ-ਘੁਟਿਆ ਸੀ, ਫਿਰ ਵੀ ਇਸ ਨੇ ਸਿੱਖੀ ਦੀ ਜੋਤ ਜਗਾਈ ਰੱਖੀ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਨਿਰਮਲੇ ਸਾਧੂਆਂ ਦੇ ਪ੍ਰਚਾਰ ਨੇ ਵੀ ਵੱਡਾ ਹਿੱਸਾ ਪਾਇਆ। ਜਦ ਦਰਬਾਰ ਸਾਹਿਬ ਵਿਚ ਦੀਵਾ ਤਕ ਜਗਾਉਣ ਦੀ ਮਨਾਹੀ ਸੀ ਤਾਂ ਸੇਵਾ ਪੰਥੀ ਭਾਈ ਪਰਮਾ ਨੰਦ ਪੁਠੀ ਤਾਰੀ ਤਰ ਕੇ ਹਰ ਰੋਜ਼ ਦੀਵਾ ਜਗਾ ਜਾਂਦੇ।

---

# ਸਿੱਖ ਰਾਜਨੀਤੀ:ਦੂਜੀ ਟਿੱਪਣੀ

(ਸਫਾ 31 ਦੀ ਬਾਕੀ)

ਬੀਜ ਨਾਸ਼ ਕਰਨ ਤੇ ਤੁਲੀ ਹੋਈ ਹੈ। ਅਸੀਂ ਨਿਹੱਥੇ ਹਾਂ, ਸਾਡਾ ਰੱਬ ਤੋਂ ਬਗੈਰ ਕੋਈ ਸਹਾਰਾ ਨਹੀਂ। ਸਾਡੀ ਹੋਂਦ ਮਿਟਣ ਤੋਂ ਬਚਾਓ। ਵਿਸ਼ਵ ਹਮਦਰਦੀ ਦੀ ਲਹਿਰ ਸਾਨੂੰ ਬਚਾ ਲਏਗੀ। ਦੁਨੀਆਂ ਭਰ ਦੇ ਸਿੱਖਾਂ ਵਿਚ ਗੁੱਸਾ ਵਿਆਪਕ ਹੈ। ਸੇਖੋਂ ਸਾਹਿਬ ਮੇਰੇ ਨਾਲ ਸਹਿਮਤ ਹੋਏ। ਕਹਿਣ ਲੱਗੇ ਸਿਮਰਨਜੀਤ ਸਿੰਘ ਮਾਨ ਤਾਂ ਪਤਾ ਨਹੀਂ ਕਦੋਂ ਰਿਹਾ ਹੋਏ। ਮੈਂ ਜੇਲ੍ਹ ਦੇ ਅੰਦਰ ਬੈਠਾ ਹੀ ਬਾਬਾ ਜੋਗਿੰਦਰ ਸਿੰਘ (ਸੰਤ ਜਰਨੈਲ ਸਿੰਘ ਦੇ ਪਿਤਾ) ਨਾਲ ਤਾਲਮੇਲ ਕਰ ਕੇ ਅਕਾਲੀ ਦਲ ਲਾਂਚ ਕਰਦਾ ਹਾਂ। ਇਹ ਸ਼ਾਂਤਮਈ ਅੰਦੋਲਨ ਚਲਾਏਗਾ ਤੇ ਬਾਦਲ-ਟੌਹੜਾ-ਲੌਂਗੋਵਾਲ ਅਕਾਲੀ ਦਲ ਦਾ ਭੋਗ ਪੈ ਜਾਏਗਾ। ਬੱਸਾਂ ਵਿਚੋਂ ਉਤਾਰ ਕੇ ਹਿੰਦੂ ਮਾਰਨੇ ਜਾਂ ਬੇਕਸੂਰ ਭਈਏ ਮਾਰਨੇ ਠੀਕ ਨਹੀਂ। ਬੇਕਸੂਰ ਹਿੰਦੂ ਅਤੇ ਸਿੱਖ ਸਲਾਮਤ ਰਹਿਣੇ ਚਾਹੀਦੇ ਹਨ।"

ਜੋਸ਼ੀਲੇ ਜਵਾਨਾਂ ਨੂੰ ਸਾਡੀ ਸਲਾਹ ਜਚੀ ਨਹੀਂ। ਕਈਆਂ ਨੇ ਤਾਂ ਆਪਣੇ ਡੌਲਿਆਂ ਵੱਲ ਝਾਤ ਮਾਰੀ ਤੇ ਕਿਹਾ-ਤੁਹਾਨੂੰ ਯੁੱਧ ਤੋਂ ਡਰ ਲੱਗਣ ਲੱਗ ਪਿਆ ਹੈ ਤਾਂ ਕੋਈ ਗੱਲ ਨਹੀਂ। ਨਾ ਲੜੋ। ਅਸੀਂ ਯੁੱਧ ਜਾਰੀ ਰੱਖਾਂਗੇ।

ਮੈਂ ਜਾਂ ਸੇਖੋਂ ਸਾਹਿਬ ਹਥਿਆਰਬੰਦ ਯੋਧੇ ਹੈ ਈ ਨਹੀਂ ਸਾਂ। ਉਹ ਵਕਾਲਤ ਕਰਦੇ ਆਏ ਸਨ ਮੈਂ ਨੌਕਰੀ ਕਰਦਾ ਕਰਦਾ। ਨਾ ਅਸੀਂ ਕਦੀ ਸਟੇਟ ਖਿਲਾਫ ਹਥਿਆਰ ਚੁੱਕੇ, ਨਾ ਸੁੱਟੇ। ਰਿਹਾਈ ਤੋਂ ਬਾਦ ਸੇਖੋਂ ਸਾਹਿਬ ਉਨ੍ਹਾਂ ਦੇ ਮੁਕੱਦਮੇ ਲੜਦੇ ਰਹੇ, ਜੇਲ੍ਹਾਂ ਵਿਚ ਬੰਦੀਆਂ ਦੀ ਤੇ ਜੇਲ੍ਹੋਂ ਬਾਹਰ ਖਾੜਕੂ ਯੋਧਿਆਂ ਦੀ ਜੋ ਲੋੜ ਹੁੰਦੀ, ਅਸੀਂ ਪੂਰੀ ਕਰਦੇ। ਇਸ ਸਮੇਂ ਮਹਾਰਾਜਾ ਅਮਰਿੰਦਰ ਸਿੰਘ ਨੇ ਦੰਗਾ ਪੀੜਤਾਂ ਦੀ ਮੱਦਦ ਕੀਤੀ, ਪੰਜਾਬ ਤੇ ਪੰਜਾਬੋਂ ਬਾਹਰ ਜੈਪੁਰ, ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਮਾਇਕ ਤੇ ਕਾਨੂੰਨੀ ਸਹਾਇਤਾ ਕੀਤੀ।

ਮੈਂ ਹੁਣ ਤੱਕ ਇਸ ਗੱਲ ਨਾਲ ਸਹਿਮਤ ਨਹੀਂ ਹੋਇਆ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਦ ਯੁੱਧ ਜਾਰੀ ਰਹਿਣਾ ਚਾਹੀਦਾ ਸੀ। ਪ੍ਰੋ. ਅਵਤਾਰ ਸਿੰਘ ਵਿਰੁਧ ਕਰਮਜੀਤ ਸਿੰਘ ਲੰਮਾ ਪ੍ਰਵਚਨ ਐਵੇਂ ਖਿੱਚ ਗਏ ਹਨ। ਅਵਤਾਰ ਸਿੰਘ ਨੇ ਇਕ ਟਿੱਪਣੀ ਕਰਮਜੀਤ ਸਿੰਘ ਵਿਰੁਧ ਕਰ ਦਿੱਤੀ, ਮੁੱਦਿਆਂ ਦੇ ਜਵਾਬ ਦੇਣ ਦੀ ਥਾਂ ਇਹ ਸਾਬਤ ਕਰਨ ਤੇ ਜ਼ੋਰ ਲਾ ਦਿੱਤਾ ਕਿ ਅਵਤਾਰ ਸਿੰਘ ਸੰਤ ਜਰਨੈਲ ਸਿੰਘ ਦਾ ਦੁਸ਼ਮਣ ਹੈ। ਪਾਠਕਾਂ ਨੂੰ ਇਹ ਦੱਸਣਾ ਵਾਜਬ ਹੋਵੇਗਾ ਕਿ ਨਾਦ ਪ੍ਰਗਾਸ ਸੰਸਥਾ ਰਾਹੀਂ ਪ੍ਰੋ. ਜਗਦੀਸ਼ ਸਿੰਘ ਸਿੱਖ ਜੁਆਨੀ ਦੀ ਅਗਵਾਈ ਕਰਨ ਹਿਤ ਨਿਰੰਤਰ ਗੁਰਮਤਿ ਟ੍ਰੇਨਿੰਗ ਕੈਂਪ ਲਾ ਰਹੇ ਹਨ। ਉਨ੍ਹਾਂ ਦੇ ਲੈਫਟੀਨੈਂਟਾਂ ਵਿਚ ਪ੍ਰੋ. ਅਵਤਾਰ ਸਿੰਘ, ਪ੍ਰੋ. ਮਨਜਿੰਦਰ ਸਿੰਘ ਅਤੇ ਪ੍ਰੋ. ਪਰਮਵੀਰ ਸਿੰਘ ਹਨ। ਇਹ ਆਪਣੇ ਕੈਂਪਾਂ ਵਿਚ ਕਰਮਜੀਤ ਸਿੰਘ ਨੂੰ ਅਤੇ ਮੈਨੂੰ ਸੱਦਦੇ ਹਨ। ਅਵਤਾਰ ਸਿੰਘ ਵਾਂਗ ਸਿੱਖਾਂ ਦਾ ਇਕ ਵਰਗ ਅਜਿਹਾ ਹੈ ਜਿਹੜਾ ਸਮਝਦਾ ਹੈ ਕਿ ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਨਾ ਹੁੰਦੀ ਤਾਂ ਚੰਗਾ ਸੀ। ਇਹ ਗੱਲ ਕਰਨੀ ਅਪਰਾਧ ਨਹੀਂ ਹੈ। ਮੈਂ ਵੀ ਸੰਤ ਜਰਨੈਲ ਸਿੰਘ ਨਾਲ ਕੁਝ ਸਮਾਂ ਬਿਤਾਇਆ ਸੀ। ਉਸ ਸਮੇਂ ਨੇ ਮੇਰੇ ਦਿਲ ਉਪਰ ਸਥਾਈ ਪ੍ਰਭਾਵ ਛੱਡਿਆ ਹੋਇਆ ਹੈ। ਉਹ ਕਿਹੜੀਆਂ ਹਾਲਤਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਗਏ ਅਤੇ ਮੋਰਚੇਬੰਦੀਆਂ ਉਥੇ ਕਿਉਂ ਹੋਈਆਂ? ਮੇਰੀ ਵੱਖਰੀ ਰਾਏ ਹੈ ਪਰ ਅਵਤਾਰ ਸਿੰਘ ਜਾਂ ਕੋਈ ਹੋਰ ਜੇਕਰ ਵੱਖਰੀ ਰਾਏ ਰੱਖੇ ਤਾਂ ਮੈਂ ਤਿਲਮਿਲਾਵਾਂਗਾ ਨਹੀਂ, ਨਾ ਹੀ ਧਮਕੀਆਂ ਤੇ ਉਤਰਾਂਗਾ।

ਅਨਾਤੋਲੇ ਮਜ਼ੂਰ ਦੀ ਕਿਤਾਬ, ਦੀ ਫਸਟ ਰੱਸ਼ੀਅਨ ਰੈਵੋਲਿਊਸ਼ਨ, 1825 ਅੰਦਰਲੇ ਬਿਰਤਾਂਤ ਪੜ੍ਹੋਗੇ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਮੁਜਾਰਿਆਂ ਦੀ ਦਸ਼ਾ ਭਿਆਨਕ ਸੀ। ਜ਼ਮੀਨ ਵਿਕ ਜਾਂਦੀ ਤਾਂ ਮੁਜਾਰੇ ਬੈਠੇ ਬਠਾਏ ਵਿਚੇ ਵਿਕ ਜਾਂਦੇ ਸਨ ਜਿਵੇਂ ਅੱਜ ਜ਼ਮੀਨ ਦਾ ਮੁੱਲ ਪਾਉਣ ਵੇਲੇ ਕੋਈ ਖੇਤੀ ਦੇ ਸੰਦਾਂ ਦਾ ਮੁੱਲ ਵਿਚੇ ਪਾ ਲਵੇ। ਜਾਤ ਪਾਤੀ ਪ੍ਰਣਾਲੀ ਵਿਚ ਤਾਂ ਫਿਰ ਕਿਤੇ ਬੰਦੇ ਦੀ ਮਾੜੀ ਚੰਗੀ ਕਦਰ ਹੈ ਸੀ, ਪੁਰਾਣੇ ਯੂਰਪ, ਚੀਨ, ਜਪਾਨ ਅਤੇ ਇਸਲਾਮੀ ਸਮਾਜਾਂ ਵਿਚ ਤਾਂ ਆਮ ਆਦਮੀ ਦੀ ਹਾਲਾਤ ਤਾਂ ਡੰਗਰਾਂ ਤੋਂ ਵੀ ਬੁਰੀ ਸੀ। ਡੰਗਰਾਂ ਵਾਂਗ ਹੀ ਔਰਤਾਂ-ਬੰਦੇ ਮੰਡੀਆਂ ਵਿਚ ਨਿਲਾਮ ਹੁੰਦੇ ਸਨ।

ਦੂਜੀ ਕਿਤਾਬ ਆਬਰੀ ਹੋਦਸ ਦੀ ਐਨਕਾਊਂਟਰ ਵਿਦ ਮਾਰਟਿਨ ਬੂਬਰ ਹੈ। ਯਹੂਦੀ ਚਿੰਤਕ ਬੂਬਰ ਜਾਣਦਾ ਸੀ ਕਿ ਜਰਮਨੀ ਵਿਚ ਹਿਟਲਰ ਦੀ ਅਗਵਾਈ ਵਿਚ ਯਹੂਦੀਆਂ ਦੇ ਬੀਜ ਨਾਸ਼ ਦਾ ਜ਼ਿੰਮਾ ਆਈਖਮਨ ਨੂੰ ਸੌਂਪਿਆ ਗਿਆ ਸੀ। ਕੁਲ ਸੱਠ ਲੱਖ ਯਹੂਦੀ ਕਤਲ ਕੀਤੇ ਗਏ ਸਨ। ਬੂਬਰ ਬੁੱਢੇ ਆਈਖਮਨ ਨੂੰ ਫਾਹੇ ਲਾਉਣ ਦੇ ਵਿਰੁਧ ਸੀ। ਜਰਮਨ ਸਟੇਟ ਦਾ ਸਭ ਤੋਂ ਵੱਡਾ ਸਾਹਿਤ ਸਨਮਾਨ ਬੂਬਰ ਨੂੰ ਦੇਣ ਦਾ ਫੈਸਲਾ ਹੋਇਆ ਤਾਂ ਬਹੁਤ ਸਾਰੇ ਯਹੂਦੀ ਇਹ ਇਨਾਮ ਲੈਣ ਦੇ ਵਿਰੁਧ ਸਨ। ਬੂਬਰ ਨੇ ਸਨਮਾਨ ਪ੍ਰਾਪਤ ਕੀਤਾ ਤੇ ਕਿਹਾ-ਮੈਂ ਹਰ ਕਿਸਮ ਦੀ ਨਫਰਤ ਦਾ ਵਿਰੋਧੀ ਹਾਂ। ਸੰਸਾਰ ਨੇ ਯਹੂਦੀਆਂ ਨੂੰ ਨਫਰਤ ਕੀਤੀ ਤਾਂ ਮੈਨੂੰ ਪਤਾ ਲੱਗਾ ਇਹ ਮਾੜੀ ਹੁੰਦੀ ਹੈ। ਮੈਂ ਕਿਸੇ ਨੂੰ ਨਫਰਤ ਨਹੀਂ ਕਰਾਂਗਾ। ਉਸਨੂੰ ਪੁੱਛਿਆ ਗਿਆ-ਆਈਖਮਨ ਨਾਲ ਕੀ ਕੀਤਾ ਜਾਵੇ? ਬੂਬਰ ਨੇ ਕਿਹਾ-ਇਜ਼ਰਾਈਲ ਵਿਚ ਯਹੂਦੀ ਵਸ ਗਏ ਹਨ। ਉਸ ਨੂੰ ਇਕ ਖੇਤ ਮਜ਼ਦੂਰ ਵਜੋਂ ਕੰਮ ਕਰਨ ਲਈ ਰੱਖ ਲਿਆ ਜਾਵੇ ਜਿੱਥੇ ਉਹ ਲਗਾਤਾਰ ਦੇਖਦਾ ਰਹੇ ਕਿ ਯਹੂਦੀਆਂ ਦਾ ਬੀਜ ਨਾਸ਼ ਨਹੀਂ ਹੋਇਆ ਜੋ ਉਹ ਕਰਨਾ ਚਾਹੁੰਦਾ ਸੀ। ਪਰ ਇਹ ਖਤਰਨਾਕ ਕੰਮ ਹੈ। ਕਿਸੇ ਗੁਸੈਲੇ ਮੁੰਡੇ ਨੇ ਜੇ ਉਸ ਉਪਰ ਹਮਲਾ ਕਰ ਦਿੱਤਾ ਤਾਂ ਮਾੜਾ ਹੋਵੇਗਾ। ਉਸ ਲਈ ਉਮਰ ਕੈਦ ਠੀਕ ਹੈ। ਜਾਂ ਫਿਰ ਅਜੇ ਮੈਨੂੰ ਹੋਰ ਸੋਚਣ ਦਿਉ। ਫਿਰ ਵੀ, ਉਸ ਉਪਰ ਮੁਕੱਦਮਾ ਚੱਲਿਆ ਤਾਂ ਮੈਂ ਇਸ ਗੱਲ ਦੇ ਖਿਲਾਫ ਹਾਂ ਕਿ ਜੱਜਾਂ ਵਿਚ ਕੋਈ ਯਹੂਦੀ ਹੋਵੇ। ਯਹੂਦੀ, ਜਿਨ੍ਹਾਂ ਨੇ ਉਸ ਦੇ ਜ਼ੁਲਮ ਝੱਲੇ ਸਨ ਉਸ ਦੇ ਜੱਜ ਕਿਉਂ ਹੋਣ? ਜੋ ਹੋਇਆ, ਸਾਰੀ ਦੁਨੀਆਂ ਨੇ ਦੇਖਿਆ, ਦੁਨੀਆਂ ਫੈਸਲਾ ਕਰੇ। ਯਹੂਦੀ ਫੈਸਲਾ ਕਿਉਂ ਕਰਨ? ਬਾਕੀਆਂ ਨੂੰ ਦਿਸਿਆ ਨਹੀਂ ਸੀ? ਅਜਮੇਰ ਨੂੰ ਆਪਣੀ ਰਾਏ ਰੱਖਣ ਦਾ ਹੱਕ ਹੈ। ਉਹ ਜੀ ਸਦਕੇ ਰੱਖੇ। ਪਰ ਅੱਜ ਸਿੱਖੀ ਸਮਾਜ ਨੂੰ ਕਿਸੇ ਮਾਰਟਿਨ ਬੂਬਰ ਵਰਗੇ ਆਪਣੇ ਚਿੰਤਕ ਦੀ ਵਧੇਰੇ ਲੋੜ ਹੈ।

ਚੀਨ ਦੇ ਖਾਨਦਾਨੀ ਲੋਕ ਨਿੱਕੀਆਂ ਕੁੜੀਆਂ ਦੇ ਪੈਰਾਂ ਵਿਚ ਲੋਹੇ ਦੇ ਬੂਟ ਪਵਾ ਦਿੰਦੇ ਸਨ ਤਾਂ ਕਿ ਉਨ੍ਹਾਂ ਦੇ ਪੈਰ ਵਧਣ ਨਾ। ਜਿਹੜੀ ਜੁਆਨ ਕੁੜੀ ਦੇ ਸਭ ਤੋਂ ਛੋਟੇ ਪੈਰ ਹੁੰਦੇ ਉਸ ਨੂੰ ਸਭ ਤੋਂ ਵਧੀਕ ਪਵਿੱਤਰ ਸਮਝ ਕੇ ਸਤਿਕਾਰਿਆ ਜਾਂਦਾ ਤੇ ਇਹ ਵੀ ਯਕੀਨ ਹੋ ਜਾਂਦਾ ਕਿ ਇਹ ਭੱਜੇਗੀ ਨਹੀਂ। ਔਰਤ ਦੀ ਗੁਲਾਮੀ ਦੇ ਅਜਿਹੇ ਭਿਆਨਕ ਰੂਪ ਤੋਂ ਚੀਨ ਦੇ ਵਸਨੀਕ ਹੁਣ ਸ਼ਰਮਿੰਦੇ ਹਨ। ਇਵੇਂ ਹੀ ਕਾਲਿਆਂ ਗੁਲਾਮਾਂ ਦੀ ਪਸ਼ੂਆਂ ਵਾਂਗ ਖਰੀਦ-ਵੇਚ ਸਾਹਮਣੇ ਹਿੰਦੂਆਂ ਦਾ ਵਰਣ ਆਸ਼ਰਮ ਏਨੀ ਵੱਡੀ ਲਾਹਨਤ ਬਿਲਕੁਲ ਨਹੀਂ ਸੀ। ਇਹ ਉਦਾਹਰਨਾ ਦੇਣ ਤੋਂ ਮੇਰਾ ਮੰਤਵ ਹਿੰਦੂ ਸਮਾਜ ਦੇ ਕੋਹੜ ਜਾਤ ਪਾਤੀ ਪ੍ਰਣਾਲੀ ਨੂੰ ਜਾਇਜ਼ ਠਹਿਰਾਉਣਾ ਨਹੀਂ ਹੈ। ਸਗੋਂ ਇਹ ਦੱਸਣਾ ਹੈ ਕਿ ਉਨ੍ਹਾਂ ਮਾੜੇ ਸਮਿਆਂ ਦੇ ਆਧਾਰ 'ਤੇ ਕਿਸੇ ਵੀ ਧਾਰਮਿਕ, ਸਮਾਜਿਕ ਸਮੂਹ ਨੂੰ ਚੰਗਾ ਜਾਂ ਮਾੜਾ ਨਾ ਮਿਥਿਆ ਜਾਵੇ। ਉਦੋਂ ਸਾਰੀ ਦੁਨੀਆਂ ਦੇ ਮਨੁੱਖੀ ਸਮਾਜਾਂ ਵਿਚ ਹੀ ਅਨੇਕਾਂ ਭੈੜ ਸਨ।


1984 ਵਿਚ ਜੇਲ੍ਹ ਅੰਦਰਲੇ ਬੰਦੀਆਂ ਨੂੰ ਮੈਂ ਵਿੱਟੋਰੀਓ ਅਲਫਾਇਰੀ ਦੀ ਕਿਤਾਬ 'ਆਫ ਟਿਰੀਨੀ' ਦੇ ਹਿੱਸੇ ਅਨੁਵਾਦ ਕਰ ਕਰ ਕੇ ਸੁਣਾਇਆ ਕਰਦਾ ਸਾਂ। ਸਟੇਟ ਕਿਵੇਂ ਆਤੰਕਿਤ ਕਰਿਆ ਕਰਦੀ ਹੈ, ਇਸ ਕਿਤਾਬ ਵਿਚਲੇ ਵਿਸਥਾਰ ਤੁਹਾਡੇ ਦਿਲ ਦੀਆਂ ਧੜਕਣਾਂ ਤੱਕ ਪੁੱਜ ਕੇ ਕਹਾਣੀ ਦੱਸਣਗੇ। ਅਲਫਾਇਰੀ ਇਟਾਲੀਅਨ ਸੀ ਤੇ ਵੱਡੇ ਜ਼ਿੰਮੀਦਾਰ ਦਾ ਪੁੱਤਰ। ਇਟਲੀ ਉਪਰ ਉਦੋਂ ਫਰਾਂਸ ਦਾ ਕਬਜ਼ਾ ਸੀ। ਜਗੀਰਦਾਰ ਪਿਤਾ ਦੀ ਮੌਤ ਤੋਂ ਬਾਦ ਇਸ ਨੇ ਆਪਣੇ ਹਿੱਸੇ ਦੀ ਸਾਰੀ ਜਾਇਦਾਦ ਆਪਣੀ ਭੈਣ ਦੇ ਨਾਂ ਕਰਵਾ ਦਿੱਤੀ ਤੇ ਆਪ ਇੰਗਲੈਂਡ ਵਿਚ ਸ਼ਰਨ ਲੈ ਲਈ ਕਿਉਂਕਿ ਇੰਗਲੈਂਡ ਇਕੱਲਾ ਯੋਰਪੀ ਦੇਸ਼ ਸੀ ਜਿੱਥੇ ਲਿਖਣ ਬੋਲਣ ਦੀ ਅਜ਼ਾਦੀ ਸੀ। ਇਥੇ ਰਹਿੰਦਿਆਂ ਇਸ ਨੇ ਆਪਣੇ ਗ੍ਰੰਥ ਦੇ ਹਿੱਸੇ ਛਪਵਾਉਣੇ ਸ਼ੁਰੂ ਕੀਤੇ ਜਿਹੜੇ ਯੂਰਪ ਵਿਚ ਬੇਹੱਦ ਮਕਬੂਲ ਹੋਏ। ਇਸ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ, ਕਿ ਇਹ ਵੀ ਸਟੇਟ ਦੀ ਕੋਈ ਚਾਲ ਸੀ, ਫਰਾਂਸ ਦੀ ਸ਼ਾਹਜ਼ਾਦੀ ਇਸ ਨੂੰ ਪ੍ਰੇਮ ਪੱਤਰ ਲਿਖਣ ਲੱਗ ਪਈ, ਫਿਰ ਵਿਆਹ ਦੀ ਪੇਸ਼ਕਸ਼ ਕੀਤੀ। ਅਲਫਾਇਰੀ ਨੇ ਕਿਹਾ, "ਮਾਨਯੋਗ ਸ਼ਾਹਜ਼ਾਦੀ, ਮੈਂ ਗੁਲਾਮ ਹਾਂ, ਗੁਲਾਮ ਬੱਚੇ ਪੈਦਾ ਕਰਨ ਲਈ ਵਿਆਹ ਨਹੀਂ ਕਰਵਾਵਾਂਗਾ। ਬਾਦਸ਼ਾਹ ਪਿਤਾ ਨੂੰ ਆਖ ਮੇਰੇ ਇਟਲੀ ਵਿਚੋਂ ਚਲਾ ਜਾਏ, ਫਿਰ ਤੇਰੇ ਨਾਲ ਵਿਆਹ ਕਰਵਾ ਕੇ ਉਮਰ ਭਰ ਲਈ ਤੇਰੀ ਗੁਲਾਮੀ ਕਰਾਂਗਾ, ਮੇਰਾ ਇਟਲੀ ਗੁਲਾਮ ਹੋਵੇ, ਮੈਂ ਵਿਆਹ ਦੇ ਜਸ਼ਨ ਮਨਾਵਾਂ, ਇਹ ਤਾਂ ਤੈਨੂੰ ਵੀ ਚੰਗਾ ਨਹੀਂ ਲੱਗਣਾ।"

ਇਸੇ ਕਿਤਾਬ ਵਿਚ ਇਹ ਲਿਖਦਾ ਹੈ-ਮੈਕਾਵਲੀ ਮੇਰੇ ਤੋਂ ਵਧੀਕ ਤੇਜ਼ ਤਰਾਰ ਦਿਮਾਗ ਦਾ ਦਾਰਸ਼ਨਿਕ ਸੀ। ਉਹਦੇ ਤੇ ਮੇਰੇ ਵਿਚ ਇਹ ਫਰਕ ਹੈ ਕਿ ਉਹ ਸਟੇਟ ਦੇ ਅਧੀਨ ਹੋ ਕੇ 'ਦੀ ਪ੍ਰਿੰਸ' ਲਿਖ ਰਿਹਾ ਸੀ, ਮੈਂ ਅਜ਼ਾਦ ਲਿਖ ਰਿਹਾ ਹਾਂ, ਮੈਨੂੰ ਸਾਫ ਦਿਸ ਜਾਂਦੇ ਜਿੱਥੇ ਜਿੱਥੇ ਸਟੇਟ ਦੇ ਡਰ ਕਾਰਨ ਮੈਕਾਵਲੀ ਦੀ ਕਲਮ ਕੰਬੀ ਹੈ।

ਡਾ. ਗੰਡਾ ਸਿੰਘ, ਸਾਧੂ ਸਿੰਘ ਹਮਦਰਦ, ਖੁਸ਼ਵੰਤ ਸਿੰਘ, ਮਹਾਰਾਜਾ ਅਮਰਿੰਦਰ ਸਿੰਘ (ਅਜਮੇਰ ਸਿੰਘ ਤੇ ਮਹਿਬੂਬ ਅਨੁਸਾਰ ਸਭ ਭਾਰਤੀ ਸਟੇਟ ਦੇ ਭਗਤ) ਨੇ ਸਟੇਟ ਤੋਂ ਜੋ ਹਾਸਲ ਕੀਤਾ ਬਿਨਾਂ ਕਿਸੇ ਤਿਕੜਮ ਦੇ ਹਾਸਲ ਕੀਤਾ ਤੇ ਆਪ੍ਰੇਸ਼ਨ ਬਲੂ ਸਟਾਰ ਪਿਛੋਂ ਆਪਣੇ ਸਨਮਾਨ ਸਟੇਟ ਦੇ ਮੂੰਹ ਤੇ ਵਗਾਹ ਕੇ ਮਾਰੇ। ਮਹਿਬੂਬ ਸਾਹਿਬ ਨੇ ਤਿਕੜਮ ਰਾਹੀਂ ਬਲੂ ਸਟਾਰ ਤੋਂ ਬਾਦ ਸਟੇਟ ਤੋਂ ਇਨਾਮ ਲਿਆ ਪਰ ਲਿਖਤਾਂ ਵਿਚ ਉਨ੍ਹਾਂ ਦੀ ਕਲਮ ਨੂੰ ਕਾਂਬਾ ਨਹੀਂ ਛਿੜਦਾ। ਇਹੋ ਜਿਹਾ ਇਕ ਵੀ ਯੁੱਗ ਪੁਰਖ ਸੰਸਾਰ ਵਿਚੋਂ ਹੋਰ ਲੱਭ ਕੇ ਦਿਖਾਉ।

ਜਿਹੜੇ ਬੰਦੇ ਇਹ ਆਖਦੇ ਹਨ ਕਿ ਸਤਵੰਤ ਸਿੰਘ-ਬੇਅੰਤ ਸਿੰਘ, ਇੰਦਰਾਂ ਗਾਂਧੀ ਦੇ ਪਹਿਰੇਦਾਰ ਸਨ, ਪਹਿਰੇਦਾਰ ਨੇ ਬਚਾਉਣਾ ਹੁੰਦਾ ਹੈ ਨਾ ਕਿ ਮਾਰਨਾ, ਇਉਂ ਇਨ੍ਹਾਂ ਨੇ ਅਮਾਨਤ ਵਿਚ ਖਿਆਨਤ ਕੀਤੀ, ਸਹੀ ਨਹੀਂ। 1947 ਵਿਚ ਹਿੰਦੁਸਤਾਨ ਵਿਚ ਰਹਿਣ ਦਾ ਫੈਸਲਾ ਮੈਂ ਇਸ ਕਰਕੇ ਕੀਤਾ ਸੀ ਕਿ ਕਿਉਂਕਿ ਮੈਨੂੰ ਯਕੀਨ ਸੀ ਭਾਰਤ, ਦਰਬਾਰ ਸਾਹਿਬ ਦਾ ਪਹਿਰੇਦਾਰ ਹੈ। ਪਹਿਰੇਦਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕਿਉਂ ਕੀਤਾ? ਜਿਸਨੇ ਦਰਬਾਰ ਸਾਹਿਬ ਦੀ ਰਾਖੀ ਕਰਨੀ ਸੀ ਉਹ ਹਮਲਾ ਕਰੇਗਾ ਤਾਂ ਪਹਿਰੇਦਾਰਾਂ ਹੱਥੋਂ ਕਿਵੇਂ ਨਾ ਮਰੇਗਾ? ਇੰਦਰਾ ਗਾਂਧੀ ਨੇ ਕਰਨੀ ਦਾ ਫਲ ਭੁਗਤਿਆ।



## ਹਮ ਦੇਖੇਂਗੇ

ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ

ਵੋ ਦਿਨ ਕਿ ਜਿਸਕਾ ਵਾਅਦਾ ਹੈ
ਜੋ ਲੌਹ-ਇ-ਅਜ਼ਲ ਮੇਂ ਲਿਖਾ ਹੈ

ਜਬ ਜ਼ੁਲਮ-ਓ-ਸਿਤਮ ਕੇ ਕੋਹ-ਇ-ਗਰਾਂ
ਰੂੰਈ ਕੀ ਤਰਹ ਉੜ ਜਾਏਂਗੇ
ਹਮ ਮਹਿਕੂਮੋਂ ਕੇ ਪਾਂਵੋਂ ਤਲੇ
ਜਬ ਧਰਤੀ ਧੜ ਧੜ ਧੜਕੇਗੀ
ਔਰ ਅਹਿਲ-ਇ-ਹਿਰਮ ਕੇ ਸਰ ਉਪਰ
ਜਬ ਬਿਜਲੀ ਕੜ ਕੜ ਕੜਕੇਗੀ

ਜਬ ਅਰਜ਼-ਇ-ਖ਼ੁਦਾ ਕੇ ਕਾਅਬੇ ਸੇ
ਸਬ ਬੁੱਤ ਉਠਵਾਏ ਜਾਏਂਗੇ
ਹਮ ਅਹਿਲ-ਇ-ਸਫ਼ਾ, ਮਰਦੂਦ-ਇ-ਹਰਮ
ਮਸਨਦ ਪੇ ਬਿਠਾਏ ਜਾਏਂਗੇ
ਸਬ ਤਾਜ ਉਛਾਲੇ ਜਾਏਂਗੇ
ਸਬ ਤਖ਼ਤ ਗਿਰਾਏ ਜਾਏਂਗੇ

ਬਸ ਨਾਮ ਰਹੇਗਾ ਅੱਲਾ ਕਾ
ਜੋ ਗ਼ਾਇਬ ਭੀ ਹੈ, ਨਾਜ਼ਿਰ ਭੀ
ਉਠੇਗਾ 'ਅਨ-ਉਲ-ਹੱਕ' ਕਾ ਨਾਅਰਾ
ਜੋ ਮੈ ਭੀ ਹੂੰ ਔਰ ਤੁਮ ਭੀ ਹੋ
ਔਰ ਰਾਜ ਕਰੇਗੀ ਖ਼ਲਕ-ਇ-ਖ਼ੁਦਾ
ਜੋ ਮੈ ਭੀ ਔਰ ਤੁਮ ਭੀ ਹੋ

*(ਲੌਹ-ਇ-ਅਜ਼ਲ: ਪੂਰਵ-ਲਿਖਤ/ਕਿਸਮਤ, ਕੋਹੇ-ਗਰਾਂ: ਭਾਰੀ ਪਹਾੜ, ਮਹਕੂਮੋਂ: ਦੱਬੇ-ਕੁਚਲੇ, ਅਹਿਲ-ਇ-ਹਿਕਮ: ਸੱਤਾਧਾਰੀ/ਹਾਕਮ, ਅਰਜ਼-ਇ-ਖ਼ੁਦਾ: ਖ਼ੁਦਾ ਦੀ ਜ਼ਮੀਨ, ਅਹਿਲ-ਇ-ਸਫ਼ਾ: ਸੱਚੇ ਲੋਕ, ਮਰਦੂਦ-ਇ-ਹਰਮ: ਕੱਟੜਪੰਥੀਆਂ ਦੁਆਰਾ ਲਿਤਾੜੇ ਹੋਏ, ਹਾਜ਼ਿਰ: ਦ੍ਰਿਸ਼, ਨਾਜ਼ਿਰ: ਦਰਸ਼ਨ, ਅਨ-ਉੱਲ-ਹੱਕ: "ਮੈਂ ਸੱਚ ਹਾਂ" ਸੂਫ਼ੀ ਸੰਤ ਮਨਸੂਰ ਦਾ ਨਾਅਰਾ ਜਿਸ ਨੂੰ ਇਸ ਘੋਸ਼ਣਾ ਕਾਰਨ ਸੂਲੀ 'ਤੇ ਚੜ੍ਹਾਇਆ ਗਿਆ ਸੀ, ਖ਼ਲਕ-ਇ-ਖ਼ੁਦਾ: ਜਨ ਸਮੂਹ)*

## ਸੁਬ੍ਹਾ-ਇ-ਆਜ਼ਾਦੀ

ਯੇ ਦਾਗ਼-ਦਾਗ਼ ਉਜਾਲਾ, ਯੇ ਸ਼ਬਗਜ਼ੀਦਾ ਸਹਰ
ਵੋ ਇੰਤਜ਼ਾਰ ਥਾ ਜਿਸਕਾ, ਯੇ ਵੋ ਸਹਰ ਤੋ ਨਹੀਂ

ਯੇ ਵੋ ਸਹਰ ਤੋ ਨਹੀਂ ਜਿਸਕੀ ਆਰਜ਼ੂ ਲੇਕਰ
ਚਲੇ ਥੇ ਯਾਰ ਕਿ ਮਿਲ ਜਾਏਗੀ ਕਹੀਂ ਨਾ ਕਹੀਂ
ਫ਼ਲਕ ਕੇ ਦਸ਼ਤ ਮੇਂ ਤਾਰੋਂ ਕੀ ਆਖ਼ਰੀ ਮੰਜ਼ਿਲ
ਕਹੀਂ ਤੋ ਹੋਗਾ ਸ਼ਬ-ਇ-ਸੁਸਤ ਮੌਜ ਕਾ ਸਾਹਿਲ
ਕਹੀਂ ਤੋ ਜਾ ਕੇ ਰੁਕੇਗਾ ਸਫ਼ੀਨ-ਇ-ਗ਼ਮ-ਇ-ਦਿਲ
ਜਵਾਂ ਲਹੂ ਕੀ ਪੁਰ-ਅਸਰਾਰ ਸ਼ਾਹਰਾਹੋਂ ਸੇ
ਚਲੇ ਜੋ ਯਾਰ ਤੋ ਦਾਮਨ ਪੇ ਕਿਤਨੇ ਹਾਥ ਪੜੇ
ਸਯਾਰੇ-ਇ-ਹੁਸਨ ਕੀ ਬੇ-ਸਬ੍ਰ ਖ਼ਵਾਬਗਾਹੋਂ ਸੇ

ਪੁਕਾਰਤੀ ਰਹੀਂ ਬਾਹੇਂ, ਬਦਨ ਬੁਲਾਤੇ ਰਹੇ
ਬਹੁਤ ਅਜ਼ੀਜ਼ ਥੀ ਲੇਕਿਨ ਰੁਖ਼-ਇ-ਸਹਰ ਕੀ ਲਗਨ
ਬਹੁਤ ਕਰੀਂ ਥਾ ਹਸੀਨਾਨ-ਇ-ਨੂਰ ਕਾ ਦਾਮਨ
ਸੁਬੁਕ-ਸੁਬੁਕ ਥੀ ਤਮੰਨਾ, ਦਬੀ-ਦਬੀ ਸੀ ਥਕਨ

ਸੁਨਾ ਹੈ ਹੋ ਭੀ ਚੁਕਾ ਹੈ ਫ਼ਿਰਾਕ-ਇ-ਜ਼ੁਲਮ-ਇ-ਨੂਰ
ਸੁਨਾ ਹੈ ਹੋ ਭੀ ਚੁਕਾ ਹੈ ਵਿਸਾਲ-ਇ-ਮੰਜ਼ਿਲ-ਇ-ਗਾਮ
ਬਦਲ ਚੁਕਾ ਹੈ ਬਹੁਤ ਅਹਲ-ਇ-ਦਰਦ ਕਾ ਦਸਤੂਰ
ਨਿਸ਼ਾਤ-ਇ-ਵਸ਼ ਹਲਾਲ-ਇ-ਅਜ਼ਾਬ-ਇ-ਹਿਜ੍ਰ-ਇ-ਹਰਾਮ

ਜਿਗਰ ਕੀ ਆਗ, ਨਜ਼ਰ ਕੀ ਉਮੰਗ, ਦਿਲ ਕੀ ਜਲਨ
ਕਿਸੀ ਪੇ ਚਾਰਾ-ਇ-ਹਿਜ੍ਰਾਂ ਕਾ ਕੁਛ ਅਸਰ ਹੀ ਨਹੀਂ
ਕਹਾਂ ਸੇ ਆਈ ਨਿਗਾਰ-ਇ-ਸਬਾ ਕਿਧਰ ਕੋ ਗਈ
ਅਭੀ ਚਿਰਾਗ਼-ਇ-ਸਰ-ਇ-ਰਹ ਕੋ ਕੁਛ ਖ਼ਬਰ ਹੀ ਨਹੀਂ

ਅਭੀ ਗਰਾਨੀ-ਇ-ਸ਼ਬ ਮੇਂ ਕਮੀ ਨਹੀਂ ਆਈ
ਨਜਾਤ-ਇ-ਦੀਦਾ-ਓ-ਦਿਲ ਕੀ ਘੜੀ ਨਹੀਂ ਆਈ
ਚਲੇ ਚਲੋ ਕਿ ਵੋ ਮੰਜ਼ਿਲ ਅਭੀ ਨਹੀਂ ਆਈ

## ਚੰਦ ਰੋਜ਼ ਔਰ ਮੇਰੀ ਜਾਨ

ਚੰਦ ਰੋਜ਼ ਔਰ ਮੇਰੀ ਜਾਨ ਫ਼ਕਤ ਚੰਦ ਹੀ ਰੋਜ਼
ਜ਼ੁਲਮ ਕੀ ਛਾਂਵ ਮੇਂ ਦਮ ਲੇਨੇ ਪੇ ਮਜਬੂਰ ਹੈਂ ਹਮ
ਔਰ ਕੁਛ ਦੇਰ ਸਿਤਮ ਸਹ ਲੇਂ, ਤੜਪ ਲੇਂ, ਰੋ ਲੇਂ
ਅਪਨੇ ਅਜਦਾਦ ਕੀ ਮੀਰਾਸ ਹੈਂ ਮਾਜ਼ੂਰ ਹੈਂ ਹਮ

ਜਿਸਮ ਪਰ ਕੈਦ ਹੈ, ਜਜ਼ਬਾਤ ਪੇ ਜ਼ੰਜੀਰੇਂ ਹੈਂ
ਫ਼ਿਕ੍ਰ ਮਹਬੂਸ ਹੈ, ਗੁਫ਼ਤਾਰ ਪੇ ਤਾਜ਼ੀਰੇਂ ਹੈਂ
ਅਪਨੀ ਹਿੰਮਤ ਹੈ ਕਿ ਮਹ ਫਿਰ ਭੀ ਜੀਯੇ ਜਾਤੇ ਹੈਂ
ਜ਼ਿੰਦਗੀ ਕਿਆ ਕਿਸੀ ਮੁਫ਼ਲਿਸ ਖ਼ਬਾ ਹੈ ਜਿਸ ਮੇਂ
ਹਰ ਘੜੀ ਦਰਦ ਕੇ ਪੈਬੰਦ ਲਗੇ ਜਾਤੇ ਹੈਂ

ਲੇਕਿਨ ਅਬ ਜ਼ੁਲਮ ਕੀ ਮੀਯਾਦ ਕੇ ਦਿਨ ਥੋੜੇ ਹੈਂ
ਇਕ ਜ਼ਰਾ ਸਬ੍ਰ, ਕਿ ਫਲਰਿਯਾਦ ਕੇ ਦਿਨ ਥੋੜੇ ਹੈਂ
ਅਰਸਾ-ਇ-ਦਹਰ ਕੀ ਝੁਲਸੀ ਹੁਈ ਵੀਰਾਨੀ ਮੇਂ
ਹਮਕੋ ਰਹਨਾ ਹੈ ਪੇ ਯੂੰ ਹੀ ਤੋ ਨਹੀਂ ਰਹਨਾ ਹੈ
ਅਜਨਬੀ ਹਾਥੋਂ ਕਾ ਬੇ-ਨਾਮ ਗਰਾਂਬਾਰ ਸਿਤਮ
ਆਜ ਸਹਨਾ ਹੈ ਹਮੇਸ਼ਾ ਤੋ ਨਹੀਂ ਸਹਨਾ ਹੈ

ਯੇ ਤੇਰੇ ਹੁਸਨ ਮੇਂ ਲਿਪਟੀ ਹੁਈ ਆਲਾਮ ਕੀ ਗਰਦ
ਅਪਨੀ ਦੋ ਰੋਜ਼ਾ ਜਵਾਨੀ ਕੀ ਸ਼ਿਕਸ਼ਤੋਂ ਕਾ ਸ਼ੁਮਾਰ
ਚਾਂਦਨੀ ਰਾਤੋਂ ਕਾ ਬੇਕਾਰ ਦਹਕਤਾ ਹੂਆ ਦਰਦ
ਦਿਲ ਕੀ ਬੇ-ਸੂਦ ਤੜਪ, ਜਿਸਮ ਕੀ ਮਾਯੂਸ ਪੁਕਾਰ

ਚੰਦ ਰੋਜ਼ ਔਰ ਮੇਰੀ ਜਾਨ ਫ਼ਕਤ ਚੰਦ ਹੀ ਰੋਜ਼

*(ਅਜਦਾਦ: ਪੁਰਖੇ, ਮੀਰਾਸ: ਦੇਣ/ਵਿਰਸਾ, ਮਾਜ਼ੂਰ: ਲਾਚਾਰ, ਮਹਬੂਸ: ਬੰਦੀ, ਤਾਜ਼ੀਰੇਂ: ਪਾਬੰਦੀ, ਅਰਸਾ-ਇ-ਦਹਰ: ਸੰਸਾਰ ਦਾ ਮੈਦਾਨ, ਗਰਾਂਬਾਰ: ਭਾਰਾ/ਬੋਝਲ, ਆਲਾਮ: ਦੁੱਖ)*

## ਫ਼ੈਜ਼ ਦਾ ਪੰਜਾਬੀ ਰੰਗ

### ਕਿਸਾਨ ਲਈ

ਉਠ ਉਤਾਂਹ ਨੂੰ ਜੱਟਾ
ਮਰਦਾ ਕਿਉਂ ਜਾਨੈਂ

ਭੁੱਲਿਆ, ਤੂੰ ਜੱਗ ਦਾ ਅੰਨਦਾਤਾ
ਤੇਰੀ ਬਾਂਦੀ ਧਰਤੀ ਮਾਤਾ
ਤੂੰ ਜੱਗ ਦਾ ਪਾਲਣਹਾਰਾ
ਤੇ ਮਰਦਾ ਕਿਉਂ ਜਾਨੈਂ
ਉਠ ਉਤਾਂਹ ਨੂੰ ਜੱਟਾ

ਮਰਦਾ ਕਿਉਂ ਜਾਨੈਂ
ਜਨਰਲ, ਕਰਨਲ, ਸੂਬੇਦਾਰ
ਡਿਪਟੀ, ਡੀ.ਸੀ., ਥਾਣੇਦਾਰ
ਸਾਰੇ ਤੇਰਾ ਦਿੱਤਾ ਖਾਵਣ
ਤੂੰ ਜੇ ਨਾ ਬੀਜੇਂ, ਤੂੰ ਜੇ ਨਾ ਗਾਹਵੇਂ
ਭੁੱਖੇ, ਭਾਣੇ ਸਭ ਮਰ ਜਾਵਣ
ਇਹ ਚਾਕਰ, ਤੂੰ ਸਰਕਾਰ
ਮਰਦਾ ਕਿਉਂ ਜਾਨੈਂ
ਉਠ ਉਤਾਂਹ ਨੂੰ ਜੱਟਾ

ਮਰਦਾ ਕਿਉਂ ਜਾਨੈਂ
ਵਿਚ ਕਚਿਹਰੀ, ਚੰਗੀ, ਥਾਣੇ
ਕੀ ਅਣਭੋਲ ਤੇ ਕੀ ਸਿਆਣੇ
ਕੀ ਅਸ਼ਰਾਫ਼ ਤੇ ਕੀ ਨਿਮਾਣੇ
ਸਾਰੇ ਖੱਜ-ਖੁਆਰ
ਮਰਦਾ ਕਿਉਂ ਜਾਨੈਂ
ਉਠ ਉਤਾਂਹ ਨੂੰ ਜੱਟਾ

ਏਕਾ ਕਰ ਲਓ ਹੋ ਜਾਓ 'ਕੱਠੇ
ਭੁੱਲ ਜਾਓ ਰੰਗੜ, ਚੀਮੇ ਚੱਠੇ
ਸਭ ਦਾ ਇਕ ਪਰਿਵਾਰ
ਮਰਦਾ ਕਿਉਂ ਜਾਨੈਂ

ਜੇ ਚੜ੍ਹ ਆਵਣ ਫ਼ੌਜਾਂ ਵਾਲੇ
ਤੂੰ ਵੀ ਛਵੀਆਂ ਲੰਬ ਕਰਾ ਲੈ
ਤੇਰਾ ਹੱਕ ਤੇਰੀ ਤਲਵਾਰ
ਤੂੰ ਮਰਦਾ ਕਿਉਂ ਜਾਨੈਂ
ਦੇ 'ਅੱਲਾ ਹੂ' ਦੀ ਮਾਰ
ਮਰਦਾ ਕਿਉਂ ਜਾਨੈਂ
ਉਠ ਉਤਾਂਹ ਨੂੰ ਜੱਟਾ

## ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ

ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ

ਮੈਨੇ ਸਮਝਾ ਥਾ ਕੇ ਤੂ ਹੈ ਤੋ ਦਰਖ਼ਸ਼ਾਂ ਹੈ ਹਯਾਤ
ਤੇਰਾ ਗ਼ਮ ਹੈ ਤੋ ਗ਼ਮ-ਇ-ਦਹਰ ਕਾ ਝਗੜਾ ਕਯਾ ਹੈ?
ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ
ਤੇਰੀ ਆਂਖੋਂ ਕੇ ਸਿਵਾ ਦੁਨੀਆ ਮੇਂ ਰੱਖਾ ਕਯਾ ਹੈ?

ਤੂ ਜੋ ਮਿਲ ਜਾਏ ਤੋ ਤਕਦੀਰ ਨਿਗੂੰ ਹੋ ਜਾਏ
ਯੂੰ ਨਾ ਥਾ ਮੈਨੇ ਫ਼ਕਤ ਚਾਹਾ ਥਾ ਯੂੰ ਹੋ ਜਾਏ
ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ
ਅਨਗਿਨਤ ਸਦੀਓਂ ਕੇ ਤਾਰੀਕ ਬਹੀਮਾਨਾ ਤਿਲਿਸਮ
ਰੇਸ਼ਮ-ਓ-ਅਤਲਸ-ਓ-ਕਮਖ਼ੁਆਬ ਮੇਂ ਬੁਨਵਾਏ ਹੂਏ
ਜਾ-ਬ-ਜਾ ਬਿਕਤੇ ਹੁਏ ਕੂਚਾ-ਓ-ਬਾਜ਼ਾਰ ਮੇਂ ਜਿਸਮ
ਖ਼ਾਕ ਮੇਂ ਲਿਥੜੇ ਹੁਏ, ਖ਼ੂਨ ਮੇਂ ਨਹਿਲਾਏ ਹੁਏ
ਜਿਸਮ ਨਿਕਲੇ ਹੁਏ ਅਮਰਾਜ ਕੇ ਤੰਨੂਰੋਂ ਸੇ
ਪੀਪ ਬਹਤੀ ਹੁਈ ਗਲਤੇ ਹੁਏ ਨਾਸੂਰੋਂ ਸੇ

ਲੌਟ ਜਾਤੀ ਹੈ ਇਧਰ ਕੋ ਭੀ ਨਜ਼ਰ ਕਯਾ ਕੀਜੇ
ਅਬ ਭੀ ਦਿਲਕਸ਼ ਹੈ ਤੇਰਾ ਹੁਸਨ ਮਗਰ ਕਯਾ ਕੀਜੇ?
ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ
ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ
ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ

*(ਦਰਖ਼ਸ਼ਾਂ: ਖਿੜੀ ਹੋਈ, ਹਯਾਤ: ਜ਼ਿੰਦਗੀ, ਗ਼ਮ-ਇ-ਦਹਰ: ਦੁਨੀਆਂਦਾਰੀ ਦੇ, ਸਬਾਤ: ਹੋਂਦ/ਠਹਿਰਾਓ, ਨਿਗੂੰ: ਝੁਕ ਜਾਏ, ਫ਼ਕਤ: ਕੇਵਲ, ਤਾਰੀਕ: ਹਨ੍ਹੇਰੇ, ਬਹੀਮਾਨਾ: ਕਰੂਰਤਾ ਭਰੇ, ਤਿਲਿਸਮ: ਜਾਲ, ਰੇਸ਼ਮ-ਓ-ਅਤਲਾਸ-ਓ-ਕਮਖ਼ੁਆਬ: ਕੀਮਤੀ ਵਸਤਰ, ਜਾ-ਬ-ਜਾ: ਥਾਂ-ਥਾਂ, ਤੱਨੂਰੋਂ: ਬੀਮਾਰੀਆਂ ਦੀ ਭੱਠੀ)*

## ਬੋਲ

ਬੋਲ ਕਿ ਲਬ ਆਜ਼ਾਦ ਹੈਂ ਤੇਰੇ
ਬੋਲ ਜ਼ਬਾਂ ਅਬ ਤਕ ਤੇਰੀ ਹੈ

ਤੇਰਾ ਸੁਤਵਾਂ ਜਿਸਮ ਹੈ ਤੇਰਾ
ਬੋਲ ਕਿ ਜਾਂ ਅਬ ਤਕ ਤੇਰੀ ਹੈ
ਦੇਖ ਕੇ ਆਹਨਗਰ ਕੀ ਦੁਕਾਂ ਮੇਂ
ਤੁੰਦ ਹੈਂ ਸ਼ੋਲੇ, ਸੁਰਖ਼ ਹੈ ਆਹਨ
ਖੁਲਨੇ ਲਗੇ ਕੁਫ਼ਲੋਂ ਮੇਂ ਦਹਾਨੇ
ਫੈਲਾ ਹਰ ਏਕ ਜ਼ੰਜੀਰ ਕਾ ਦਾਮਨ

ਬੋਲ, ਯੇ ਥੋੜਾ ਵਕਤ ਬਹੁਤ ਹੈ
ਜਿਸਮ-ਓ-ਜ਼ਬਾਂ ਕੀ ਮੌਤ ਸੇ ਪਹਲੇ
ਬੋਲ, ਕਿ ਸਚ ਜ਼ਿੰਦਾ ਹੈ ਅਬ ਤਕ
ਬੋਲ, ਜੋ ਕੁਛ ਕਹਨਾ ਹੈ ਕਹ ਲੇ

*(ਸੁਤਵਾਂ: ਸੁਡੌਲ, ਆਹਨਗਰ: ਲੁਹਾਰ, ਤੁੰਦ: ਤੇਜ਼, ਆਹਨ: ਲੋਹਾ, ਦਹਾਨੇ: ਤਾਲਿਆਂ ਦੇ ਮੂੰਹ)*

# ਚਾਨਣ ਹੀ ਚਾਨਣ ਸੁਤਿੰਦਰ ਸਿੰਘ ਨੂਰ

**ਸ਼ਰਧਾਂਜਲੀ**

*ਅਦਬੀ ਹਲਕਿਆਂ ਵਿਚ ਡਾ. ਸੁਤਿੰਦਰ ਸਿੰਘ ਨੂਰ ਦੀ ਬੜੀ ਪੈਂਠ ਰਹੀ ਹੈ। ਪਿਛਲੇ ਦਿਨੀਂ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦਾ ਇਹ ਸ਼ਬਦ ਚਿੱਤਰ ਸ਼ਾਇਰਾ ਅੰਮ੍ਰਿਤਾ ਪ੍ਰੀਤਮ, ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਅਤੇ ਚਿੱਤਰਕਾਰ-ਸ਼ਾਇਰ ਦੇਵ ਦੇ ਜੀਵਨ ਵੇਰਵਿਆਂ ਨੂੰ ਆਧਾਰ ਬਣਾ ਕੇ ਕਾਮਯਾਬ ਨਾਵਲ ਲਿਖਣ ਵਾਲੇ ਲੇਖਕ ਦਰਸ਼ਨ ਸਿੰਘ (ਦਿੱਲੀ) ਨੇ ਕੁਝ ਹਫ਼ਤੇ ਪਹਿਲਾਂ ਲਿਖਿਆ ਸੀ। ਇਸ ਵਿਚ ਡਾ. ਨੂਰ ਦੇ ਸਬੂਤੇ ਦਰਸ਼ਨ ਹੁੰਦੇ ਹਨ। ਇਸ ਸ਼ਬਦ ਚਿੱਤਰ ਨੂੰ ਰਤਾ ਕੁ ਸੰਖੇਪ ਕੀਤਾ ਗਿਆ ਹੈ।-ਸੰਪਾਦਕ*

**ਦਰਸ਼ਨ ਸਿੰਘ**

ਸੁਤਿੰਦਰ ਸਿੰਘ ਨੂਰ ਭਾਵੇਂ 1972 ਤੋਂ ਦਿੱਲੀ ਵਿਚ ਸੀ, ਮੈਂ ਉਹਦਾ ਜਾਣੂ ਨਹੀਂ ਸਾਂ। ਨਵਯੁੱਗ ਵਾਲੇ ਭਾਪਾ ਪ੍ਰੀਤਮ ਸਿੰਘ ਕਦੀ-ਕਦੀ ਉਹਦੀ ਗੱਲ ਕਰਦੇ ਸਨ। ਉਹ ਉਨ੍ਹਾਂ ਦੀ 'ਆਰਸੀ' ਵਿਚ ਲਿਖਦਾ ਸੀ। ਆਲੋਚਕ ਸੀ ਤੇ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਸੀ। ਡਾ. ਹਰਿਭਜਨ ਸਿੰਘ ਨਾਲ ਉਹਦਾ ਬਹਿਣ-ਖਲੋਣ ਸੀ। ਮੈਂ ਆਲੋਚਨਾ ਨੂੰ ਸਾਹਿਤ ਦੀ ਮਾਲ ਗੱਡੀ ਸਮਝਦਾ ਸਾਂ ਤੇ ਆਲੋਚਕ ਨੂੰ ਸਾਹਿਤ-ਸੜਕ ਦਾ ਸਵੈ-ਥਾਪਿਆ ਟਰੈਫਿਕ ਕਾਂਸਟੇਬਲ ਜੋ ਆਪ ਤਾਂ ਗੱਡੀ ਨਾ ਚਲਾਉਂਦਾ ਅਤੇ ਨਾ ਚਲਾ ਸਕਦਾ ਸੀ ਪਰ ਦੂਜਿਆਂ ਦੇ ਨੁਕਸ ਕੱਢਦਾ ਸੀ ਅਤੇ ਉਨ੍ਹਾਂ ਦੇ ਝੂਠੇ ਸੱਚੇ ਚਲਾਨ ਕਰਦਾ ਸੀ। ਮੈਂ ਨੂਰ ਦਾ ਹਰਿਭਜਨ ਸਿੰਘ ਤੇ ਹਰਨਾਮ ਨਾਲ ਰਲ ਕੇ ਕੱਢਿਆ 16 ਵਰਕੀਆ ਪਰਚਾ 'ਇਕੱਤੀ ਫਰਵਰੀ' ਵੀ ਕਦੀ ਨਹੀਂ ਸੀ ਪੜ੍ਹਿਆ। ਕਦੀ ਲੋੜ ਹੀ ਮਹਿਸੂਸ ਨਹੀਂ ਸੀ ਹੋਈ ਪਰ ਇੰਨਾ ਜ਼ਰੂਰ ਸੁਣਿਆ ਹੋਇਆ ਸੀ ਕਿ ਇਹ ਪਰਚਾ ਕਹਾਣੀ ਛੱਡ, ਆਲੋਚਨਾ ਦੇ ਪਿੱਛੇ ਪਏ, ਮੇਰੇ ਪੁਰਾਣੇ ਜਾਣੂ ਅਤੇ ਸਹਿਤਕਾਰ ਗੁਰਵੇਲ ਪੰਨੂ ਦੇ ਪਰਚੇ 'ਸੇਧ' ਨਾਲ ਪੇਚੇ ਪਾਈ ਰੱਖਦਾ ਸੀ ਤੇ ਕਿਸ਼ਨ ਸਿੰਘ ਨਾਂ ਦੀ ਨੀਵੀਂ ਉਡਦੀ ਗੁੱਡੀ ਦਾ ਬੋ-ਕਾਟਾ ਕਰਨਾ ਚਾਹੁੰਦਾ ਸੀ। ਪੜ੍ਹਿਆ ਮੈਂ ਕਦੀ 'ਸੇਧ' ਵੀ ਨਹੀਂ ਸੀ।

ਮੇਰੀ ਇਹ ਅਵੇਸਲੀ ਮਨੋ-ਅਵਸਥਾ ਉਦੋਂ ਬਦਲੀ ਜਦੋਂ ਮੈਂ ਆਪ ਪੰਜਾਬੀ ਵਿਚ ਮੂਲ ਲਿਖਣ ਲੱਗ ਪਿਆ। ਮੇਰੇ ਦੋ ਨਾਵਲ ਛਪ ਚੁੱਕੇ ਸਨ ਤੇ ਮੈਂ ਤੀਜਾ ਨਾਵਲ 'ਮਿੱਟੀ' ਛੋਹਿਆ ਹੋਇਆ ਸੀ। ਇਹਦਾ ਵਿਸ਼ਾ ਪਰਵਾਸੀ ਮਨ ਦੀ ਖਿਚ-ਧੂਹ ਸੀ। ਇਕ ਦੁਨੀਆਂ ਛੱਡ ਦਿੱਤੀ ਹੋਈ ਸੀ ਪਰ ਉਹਦੀਆਂ ਲਗਤਾਂ ਅਜੇ ਖਹਿੜਾ ਨਹੀਂ ਸਨ ਛੱਡਦੀਆਂ। ਨਾ ਦਿਲ ਨਵੀਂ ਦੁਨੀਆਂ ਵਿਚ ਲਗਦਾ ਸੀ, ਨਾ ਪੁਰਾਣੀ ਵਿਚ। ਮੈਂ ਇਸ ਨਾਵਲ ਦੇ ਮੁੱਖ ਪਾਤਰ ਨੂੰ ਸਿਰਜਣ ਲਈ ਸਵਿਟਜ਼ਰਲੈਂਡ ਜਾ ਵੱਸੇ ਚਿੱਤਰਕਾਰ ਕਵੀ ਦੇਵ ਦੀ ਜ਼ਿੰਦਗੀ ਤੋਂ ਪ੍ਰੇਰਨਾ ਲਈ। ਇਸ ਪਾਤਰ ਦੇ ਦੁਆਲੇ ਮੈਂ ਕਈ ਹੋਰ ਛੋਟੇ ਤੇ ਸਹਾਇਕ ਪਾਤਰ ਉਸਾਰਨੇ ਸਨ। ਉਨ੍ਹਾਂ ਵਿਚੋਂ ਇਕ ਦੀ ਪ੍ਰੇਰਨਾ ਲਈ ਮੈਂ ਨੂਰ ਨੂੰ ਚੁਣਿਆ। ਉਦੋਂ ਮੈਨੂੰ ਨੂਰ ਨੂੰ ਨੇੜਿਓਂ ਵੇਖਣ ਦੀ ਲੋੜ ਮਹਿਸੂਸ ਹੋਈ।

ਮੈਂ ਨੂਰ ਦੇ ਵਾਕਫਾਂ ਤੋਂ ਪੁੱਛਣਾ-ਪਛਾਉਣਾ ਸ਼ੁਰੂ ਕੀਤਾ। ਕਿਸੇ ਮੈਨੂੰ ਗੁਰਬਚਨ ਦਾ ਲਿਖਿਆ ਨੂਰ ਦਾ ਰੇਖਾ-ਚਿੱਤਰ ਪੜ੍ਹਨ ਨੂੰ ਦਿੱਤਾ। ਬੜੀ ਚੁਸਤ ਤੇ ਬੇਕਿਰਕ ਲਿਖਤ ਸੀ ਪਰ ਸੀ ਨਿਰਾ ਵਿਸ਼ਲੇਸ਼ਣ। ਵਿਚੋਂ ਬੰਦਾ ਆਪ ਗਾਇਬ ਸੀ। ਉਸ ਤੋਂ ਇੰਨਾ ਜ਼ਰੂਰ ਪਤਾ ਲੱਗਾ ਕਿ ਨੂਰ ਦੇ ਪੈਰਾਂ ਵਿਚ ਚੱਕਰ ਏ। ਇਕ ਥਾਂ ਟਿਕ ਕੇ ਨਹੀਂ ਬਹਿ ਸਕਦਾ। ਮਹਿਫਲਾਂ ਦਾ ਸ਼ੁਕੀਨ ਏ ਤੇ ਜ਼ਿੰਦਗੀ ਵਿਚ ਉਹਦਾ ਇਕੋ-ਇਕ ਆਸ਼ਾ ਪੰਜਾਬੀ ਸਾਹਿਤ ਦੀ ਛੋਟੀ ਜਿਹੀ ਸਲਤਨਤ ਦੇ ਤਖ਼ਤ 'ਤੇ ਕਬਜ਼ਾ ਕਰਨਾ ਏ। ਕਿਸੇ ਵੀ ਤਰ੍ਹਾਂ। ਭਾਵੇਂ ਰਾਤੀਂ ਸੁੱਤੇ ਪਿਆਂ ਛਾਪਾ ਕਿਉਂ ਨਾ ਮਾਰਨਾ ਪਵੇ। ਮੈਂ ਨੂਰ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਮੈਨੂੰ ਪਹਿਲੀ ਵਾਰ ਮਿਲਿਆ, ਅਜੀਬ ਜਿਹਾ ਲੱਗਾ। ਉਹਦੇ ਵਿਚ ਕੁਝ ਵੀ ਤਨਾਸਬ ਨਾਲ ਨਹੀਂ ਸੀ। ਕੱਦ ਛੋਟਾ ਸੀ, ਪੱਗ ਵੱਡੀ ਸੀ, ਗੂੜ੍ਹੇ ਰੰਗ ਦੀ ਜੋ ਚਿੱਟੀ ਦਾੜ੍ਹੀ ਦੀ ਚਿੱਟਿਆਈ ਨੂੰ ਹੋਰ ਵੀ ਉਘਾੜਦੀ ਸੀ। ਅੱਖਾਂ ਤੇ ਲੱਤਾਂ ਵੀ ਛੋਟੀਆਂ ਸਨ। ਚਾਲ ਲਟਕਵੀਂ ਸੀ।

ਕੁਝ ਚਿਰ ਕੋਲ ਬਹਿ ਲੈਣ ਪਿੱਛੋਂ ਮੈਨੂੰ ਉਹਦੀਆਂ ਅੱਖਾਂ ਵਿਚ ਟਿਮਕ ਦਿਸੀ। ਮੂੰਹ 'ਤੇ ਲੋਅ ਲੱਗੀ। ਸੰਬੋਧਨ ਵਿਚ ਵਿਸ਼ਵਾਸ ਜਾਪਿਆ। ਲਹਿਜੇ ਵਿਚ ਚੰਗੀ ਰਸੀ-ਰਚੀ ਬੇਤਕੱਲਫੀ ਮਹਿਸੂਸ ਹੋਈ। ਉਹ ਵਾਦ-ਵਿਵਾਦਾਂ ਦੀਆਂ ਗੱਲਾਂ ਕਰਦਾ ਸੀ। ਹਰ ਕਿਸੇ ਨੂੰ ਜਾਣਦਾ ਸੀ। ਸਭ ਕੁਝ ਉਹਨੇ ਪੜ੍ਹਿਆ ਹੋਇਆ ਸੀ। ਜਿੰਨਾ ਚਿਰ ਮੈਂ ਉਹਦੇ ਕੋਲ ਰਿਹਾ, ਉਹਦੇ ਬੁੱਲ੍ਹਾਂ 'ਤੇ ਮਹੀਨ ਜਿਹੀ ਮੁਸਕਰਾਹਟ ਰਹੀ। ਕਦੀ-ਕਦੀ ਉਹ ਹੱਸਿਆ ਵੀ ਪਰ ਮੂੰਹ-ਮੀਟਵਾਂ ਜਿਹਾ। ਲੱਗਦਾ ਸੀ ਉਹ ਤ੍ਰਿਪਤ ਬੰਦਾ ਏ। ਜਿੰਨੀ ਵੀ ਉਹਦੀ ਕਿਰਤ-ਕਮਾਈ ਸੀ, ਜਿੱਥੇ ਵੀ ਉਹ ਪਹੁੰਚਿਆ ਹੋਇਆ ਸੀ, ਖ਼ੁਸ਼ ਸੀ। ਤ੍ਰਿਪਤ ਬੰਦੇ ਮੈਨੂੰ ਚੰਗੇ ਲਗਦੇ ਨੇ। ਨੂਰ ਵੀ ਮੈਨੂੰ ਚੰਗਾ ਲੱਗਾ। ਮੈਂ ਆਪਣੇ ਨਾਵਲ ਵਿਚ ਆਪਣੇ ਪਾਤਰ ਦੀ ਸ਼ਕਲ ਬਣਾਉਣੀ ਸੀ। ਬਾਕੀ ਸਭ ਠੀਕ ਸੀ। ਸਿਰਫ ਦਾੜ੍ਹੀ ਦੀ ਚਿੱਟਿਆਈ ਅੱਖਰਦੀ ਸੀ। ਮੈਂ ਉਹਦੇ ਨਾਲ ਗੱਲ ਛੇੜੀ, "ਮੈਂ ਤੁਹਾਡੀ ਇਕ ਤਸਵੀਰ ਵੇਖੀ ਏ। ਉਹਦੇ ਵਿਚ ਤੁਹਾਡੀ ਦਾੜ੍ਹੀ ਕਾਲੀ ਏ...।"

ਨੂਰ ਨੇ ਮੇਰੀ ਟਿੱਪਣੀ ਨੂੰ ਕਿਸੇ ਸਵਾਲ ਦੀ ਸ਼ਕਲ ਨਾ ਲੈਣ ਦਿੱਤੀ ਅਤੇ ਵਿਚੋਂ ਹੀ ਬੋਲ ਪਿਆ, "ਕਦੀ ਕਾਲੀ ਕਰਦਾ ਹੁੰਦਾ ਸਾਂ। ਚੁਹੱਤਰ ਵਿਚ ਛੱਡ ਦਿੱਤੀ। ਫਿਰ ਸ਼ੁਰੂ ਕਰ ਲਈ। 1990 ਵਿਚ ਮੇਰਾ ਐਕਸੀਡੈਂਟ ਹੋਇਆ। ਡੇਢ ਮਹੀਨਾ ਹਸਪਤਾਲ ਵਿਚ ਪਿਆ ਰਿਹਾ। ਉਦੋਂ ਤੋਂ ਫੇਰ ਕਾਲੀ ਨਹੀਂ ਕੀਤੀ।"

ਮੈਂ ਨੂਰ ਨੂੰ ਨਜ਼ਰ ਭਰ ਕੇ ਵੇਖਿਆ। ਉਹਦਾ ਕੁਝ ਵੀ ਦਾੜ੍ਹੀ ਦੀ ਚਿੱਟਿਆਈ ਨਾਲ ਮੇਲ ਨਹੀਂ ਸੀ ਖਾਂਦਾ। ਮੂੰਹ ਭਖਦਾ ਸੀ। ਊਰਜਾ ਝਰਦੀ ਸੀ। ਕਾਇਆ ਵਿਚ ਸਿਲ੍ਹ ਜਾਂ ਸਥਿਲਤਾ ਕੋਈ ਨਹੀਂ ਸੀ। ਪਗੜੀ ਗੂੜ੍ਹੇ ਰੰਗ ਦੀ ਸੀ। ਹਰ ਚੀਜ਼ ਵਿਚ ਜਾਨ ਸੀ। ਮੈਂ ਨੂਰ ਨੂੰ ਕਹਿੰਦੇ ਕਹਿੰਦੇ ਰਹਿ ਗਿਆ, "ਨੂਰ ਸਾਹਿਬ, ਕੁਝ ਵੀ ਕਹਿ ਲਓ। ਇਹ ਦਾੜ੍ਹੀ ਤੁਹਾਡੀ ਝੂਠੀ ਲਗਦੀ ਏ।"

ਮੇਰੇ ਨਾਵਲ ਦਾ ਪਾਤਰ ਤਾਂ ਭੁਗਤ ਗਿਆ ਪਰ ਨੂਰ ਵਿਚ ਮੇਰੀ ਦਿਲਚਸਪੀ ਨਾ ਘਟੀ। ਮੈਂ ਮੌਕਾ ਬਾ-ਮੌਕਾ ਉਹਨੂੰ ਮਿਲਦਾ ਰਿਹਾ। ਕਦੀ-ਕਦਾਈਂ ਉਹਦੀਆਂ ਛੋਟੀਆਂ-ਮੋਟੀਆਂ ਮਹਿਫਲਾਂ ਵਿਚ ਵੀ ਗਿਆ। ਇਕ ਅੱਧ ਵਾਰੀ ਉਹਨੂੰ ਮੈਂ ਘਰ ਵੀ ਸੱਦਿਆ। ਮੈਨੂੰ ਉਹ ਬੜੀ ਰੋਚਕ ਹਸਤੀ ਲੱਗਾ। ਮੈਂ ਵੇਖਿਆ ਉਹ ਬੜਾ ਕੁਝ ਸੀ। ਵਿਚਾਰਵਾਨ, ਵਿਦਵਾਨ, ਸਿਰਜਕ, ਸਾਹਿਤ-ਸਲਾਹਕਾਰ, ਸਾਹਿਤ ਪ੍ਰਬੰਧਕ, ਗੋਸ਼ਟੀਆਂ ਕਰਾਉਂਦਾ, ਭੂਮਿਕਾਵਾਂ ਲਿਖਦਾ, ਜੁਗਤੀ, ਤਰਕੀਬੀ, ਸੁਗਲੀ, ਨਿੱਤ ਨਵੇਂ ਰਾਹਾਂ ਦੀ ਧੂੜ ਉਡਾਉਂਦਾ ਕੋਈ ਅਣਥੱਕ ਮੁਸਾਫਰ ਸੀ। ਹੋਰ ਵੀ ਕਿੰਨਾ ਕੁਝ ਸੀ ਉਹ।

ਨੂਰ ਦਾ ਜਨਮ ਭਾਵੇਂ ਕੋਟਕਪੂਰੇ ਹੋਇਆ, ਪੜ੍ਹਿਆ ਉਹ ਨਾਨਕੇ ਪਿੰਡ ਵੱਡਾ ਘਰ (ਮੋਗਾ), ਅੰਬਾਲੇ, ਪਟਿਆਲੇ ਤੇ ਪੰਜਾਬ ਦੇ ਕਈ ਹੋਰ ਸ਼ਹਿਰੀਂ ਪਰ ਜੋ ਮਹੱਤਤਾ ਦਿੱਲੀ ਸ਼ਹਿਰ ਦੀ ਉਹਦੀ ਜ਼ਿੰਦਗੀ ਵਿਚ ਏ, ਉਹ ਹੋਰ ਕਿਸੇ ਵੀ ਸ਼ਹਿਰ ਦੀ ਨਹੀਂ ਰਹੀ। ਏਸ ਸ਼ਹਿਰ ਵਿਚ ਵਿਚਰਦਿਆਂ ਉਹਨੂੰ ਚਾਰ ਦਹਾਕੇ ਹੋ ਚੱਲੇ ਨੇ। ਇਹ ਸ਼ਹਿਰ ਉਹਨੂੰ ਬੜਾ ਫਲਿਆ ਏ। ਏਸ ਸ਼ਹਿਰ ਵਿਚ ਉਹਦਾ ਪ੍ਰਵੇਸ਼ ਬੜੇ ਨਾਟਕੀ ਅੰਦਾਜ਼ ਵਿਚ ਹੋਇਆ। ਪਿਛਲੀ ਸਦੀ ਦੇ ਸ਼ੁਰੂ ਸੱਤਰਵਿਆਂ ਦਾ ਸਮਾਂ ਸੀ। ਇਹ ਉਹ ਦਿਨ ਸਨ ਜਦੋਂ ਇੱਥੋਂ ਦੇ ਪੰਜਾਬੀ ਅਧਿਆਪਨ ਵਿਚ ਡਾ. ਹਰਿਭਜਨ ਸਿੰਘ ਦੀ ਤੂਤੀ ਬੋਲਦੀ ਸੀ। ਰੱਬ-ਸਬੱਬੀਂ, ਨੂਰ ਇੱਥੇ ਕਿਸੇ ਦੀ ਜੰਞੇ ਆਇਆ ਤੇ ਸ਼ਾਮੀਂ ਡਾਕਟਰ ਸਾਹਿਬ ਨੂੰ ਮਿਲਣ ਚਲਾ ਗਿਆ। ਡਾਕਟਰ ਸਾਹਿਬ ਉਹਦੇ 'ਤੇ ਨਜ਼ਰ ਪੈਂਦਿਆਂ ਹੀ ਕਹਿਣ ਲੱਗੇ, "ਨੂਰ ਕੱਲ੍ਹ ਸਵੇਰੇ ਜੁਆਇਨ ਕਰ ਲੈ। ਤੇਰੀ ਏਥੇ ਨਿਯੁਕਤੀ ਹੋ ਗਈ ਏ। ਅਤਰ ਸਿੰਘ ਵਾਲੀ ਥਾਂ 'ਤੇ। ਤਾਰ ਵੀ ਘੱਲੀ ਸੀ ਤੈਨੂੰ।"

"ਡਾ. ਸਾਹਿਬ ਮੈਂ ਤਾਂ ਇਨ੍ਹਾਂ ਤਿੰਨਾਂ ਕੱਪੜਿਆਂ ਵਿਚ ਆਇਆਂ।"

"ਮੈਨੂੰ ਨਹੀਂ ਪਤਾ। ਬਸ ਸਵੇਰੇ ਜੁਆਇਨ ਕਰ", ਡਾ. ਹਰਿਭਜਨ ਸਿੰਘ ਨੇ ਉਹਦੇ ਕੱਪੜਿਆਂ ਦੀ ਗਿਣਤੀ ਨਾ ਗੌਲੀ। ਨੂਰ ਨੇ ਅਗਲੇ ਦਿਨ ਦਿੱਲੀ ਯੂਨੀਵਰਸਿਟੀ ਜੁਆਇਨ ਕਰ ਲਈ। ਇੰਨੇ ਵਿਚ ਨੂਰ ਨੂੰ ਖੇਤੀ ਯੂਨੀਵਰਸਿਟੀ ਲੁਧਿਆਣਿਓਂ ਵੀ ਸੱਦਾ ਆ ਗਿਆ। ਉਹ ਉਥੇ ਨਾ ਜਾ ਸਕਿਆ। ਉਹਦੀ ਥਾਂ ਉਥੇ ਉਹਦਾ ਬੇਲੀ ਕਵੀ ਸੁਰਜੀਤ ਪਾਤਰ ਜਾ ਪਹੁੰਚਿਆ।

ਇਹ ਦਿੱਲੀ ਹੀ ਸੀ ਜਿੱਥੇ ਉਹਦੇ ਘਰ ਹਰਚਰਨ, ਉਹਦੀ ਰਾਣੀ ਨੇ ਚਰਨ ਪਾਏ ਤੇ ਫਿਰ ਉਹਨੂੰ ਸਾਰੇ ਪਰਿਵਾਰਕ ਫ਼ਿਕਰਾਂ ਤੋਂ ਆਜ਼ਾਦ ਕਰ ਦਿੱਤਾ। ਉਦੋਂ ਉਹ ਯੂਨੀਵਰਸਿਟੀ ਨੇੜੇ ਵਿਜੈ ਨਗਰ ਨਾਂ ਦੀ ਆਬਾਦੀ ਵਿਚ ਕਿਰਾਏ ਦੇ ਕਮਰੇ ਵਿਚ ਰਹਿੰਦਾ ਸੀ, ਉਹਦੇ ਵਿਚ ਉਹਦਾ ਇਕੋ ਮੰਜਾ ਹੀ ਸਮਾ ਸਕਦਾ ਸੀ। ਸਭ ਪਾਸੇ ਕਿਤਾਬਾਂ ਦੇ ਢੇਰ ਸਨ। ਬਹਿਣ ਨੂੰ ਕੁਰਸੀ ਵੀ ਨਹੀਂ ਸੀ। ਵਿਆਹ ਕਰਵਾ, ਚੰਗੇ ਘਰੋਂ ਆਈ ਰਾਣੀ ਜਦੋਂ ਇਸ ਕਮਰੇ ਵਿਚ ਵੜੀ, ਉਹਦਾ ਸਾਹ ਅੰਦਰ ਦਾ ਅੰਦਰ ਰਹਿ ਗਿਆ ਪਰ ਉਹਨੇ ਦਿਲ ਨਾ ਛੱਡਿਆ ਤੇ ਉਸੇ ਦਮ, ਅੰਦਰ ਹੀ ਅੰਦਰ ਬੜਾ ਕੁਝ ਧਾਰ ਲਿਆ। ਅੱਠ-ਦਸ ਸਾਲ ਵਿਚ ਹੀ ਉਹਨੇ ਪਤੀ ਨੂੰ ਇਸ ਜੋਗਾ ਕਰ ਲਿਆ ਕਿ ਉਹ ਇਸੇ ਹੀ ਆਬਾਦੀ ਵਿਚ ਡੀ.ਡੀ.ਏ. ਦਾ ਬਣਿਆ, ਦੋ ਕਮਰਿਆਂ ਦਾ ਢਾਂਚਾ ਪੁਰਾਣਾ ਘਰ ਖਰੀਦ ਸਕੇ। ਕੋਈ ਤੀਹ ਹਜ਼ਾਰ ਰੁਪਏ ਲੱਗੇ। ਇੰਨੇ ਕੁ ਹੋਰ ਖਰਚੇ ਅਤੇ ਸਰਕਾਰੀ ਠੇਕੇਦਾਰਾਂ ਦੇ ਉਸਾਰੇ ਏਸ ਘਰ ਨੂੰ ਰਹਿਣ ਯੋਗ ਬਣਾ ਲਿਆ।

1982-83 ਵਿਚ ਨੂਰ ਨੂੰ ਦੂਰਦਰਸ਼ਨ ਬਹੁੜਿਆ। ਉਹਦੇ ਲਈ ਉਹਨੇ ਕੁਝ ਦੋਸਤਾਂ ਨਾਲ ਰਲ, ਕਾਲੀਦਾਸ ਦੇ 'ਮੇਘਦੂਤਮ' ਨੂੰ ਪੰਦਰਾਂ ਐਪੀਸੋਡਾਂ ਵਾਲੇ ਸੀਰੀਅਲ ਦਾ ਰੂਪ ਦਿੱਤਾ ਸੀ। ਉਹਦਾ ਜੋ ਇਵਜ਼ਾਨਾ ਮਿਲਿਆ, ਉਹਦੇ ਨਾਲ ਉਹਨੇ ਆਪਣੇ ਘਰ ਉਤੇ ਇਕ ਮੰਜ਼ਿਲ ਹੋਰ ਪਾ ਲਈ। ਉਸੇ ਸਮੇਂ ਉਹਦੇ ਬੇਲੀ ਕਵੀ ਤਾਰਾ ਸਿੰਘ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਉਹਦਾ ਜਸ਼ਨ ਉਸੇ ਮੰਜ਼ਿਲ 'ਤੇ ਹੀ ਮਨਾਇਆ ਗਿਆ। ਨੂਰ ਨੂੰ ਉਹ ਸ਼ਾਮ ਦਾ ਅੱਜ ਵੀ ਸਭ ਕੁਝ ਯਾਦ ਏ, "ਵੀਹ ਬਾਈ ਬੰਦੇ ਸਨ," ਉਹਨੇ ਦੱਸਿਆ, "ਬੜਾ ਮਜ਼ਾ ਆਇਆ। ਜਾਣ ਵੇਲੇ ਹਰ ਮਹਿਮਾਨ ਨੂੰ ਇਕ-ਇਕ ਲੋਈ ਦਿੱਤੀ ਗਈ। ਇਹ ਲੋਈਆਂ ਮੈਨੂੰ ਛੋਟੇ-ਮੋਟੇ ਪੁਰਸਕਾਰਾਂ ਨਾਲ ਮਿਲੀਆਂ ਸਨ। ਇਸ ਤਰ੍ਹਾਂ ਉਨ੍ਹਾਂ ਤੋਂ ਮੈਂ ਛੁੱਟੀ ਪਾ ਲਈ। ਲੋਈਆਂ ਤਾਂ ਹੁਣ ਵੀ ਮੇਰੇ ਕੋਲ ਸੌ ਕੁ 'ਕੱਠੀਆਂ ਹੋਈਆਂ ਪਈਆਂ ਨੇ।"

ਮੈਂ ਨੂਰ ਦੇ ਜੀਵਨ-ਵੇਰਵੇ ਵਿਚੋਂ ਐਵਾਰਡਾਂ ਦੀ ਸੂਚੀ ਵੇਖੀ। ਅਠਾਰਾਂ ਐਵਾਰਡ ਤਾਂ ਵੱਡੇ ਸਨ। ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਉਹਨੂੰ 2004 ਵਿਚ ਮਿਲਿਆ। ਉਹਦੇ ਨਾਲ ਤਾਂ ਕੋਈ ਜ਼ਿਆਦਾ ਨਿੱਘੀ ਲੋਈ ਮਿਲੀ ਹੋਵੇਗੀ। ਲੋਈ ਦੇਣੀ ਜ਼ਰੂਰੀ ਹੁੰਦੀ ਏ, ਭਾਵੇਂ ਐਵਾਰਡ ਜੇਠ ਹਾੜ੍ਹ ਵਿਚ ਦਿੱਤਾ ਜਾ ਰਿਹਾ ਹੋਵੇ।


ਨੂਰ ਦਾ ਘਰ ਆਇਆ ਤਾਂ ਕਾਰ ਵੀ ਆ ਗਈ। ਪਹਿਲੀ ਕਾਰ ਸੁਨਹਿਰੀ ਰੰਗ ਦੀ ਸੈਂਟਰੋ ਸੀ। ਅਗਲੀ ਚੈਰੀ ਵਾਂਗ ਸੁਰਖ ਇੰਡੀਕਾ ਤੇ ਉਸ ਪਿੱਛੋਂ ਰੁਪਹਿਲੀ ਰਿਟਜ਼ ਮਾਰੂਤੀ ਜਿਹੜੀ ਨੂਰ ਨੂੰ ਉਡਾਈ ਫਿਰਦੀ ਸੀ।

ਏਸੇ ਸ਼ਹਿਰ ਵਿਚ ਨੂਰ ਨੇ ਸਾਹਿਤ ਸਿਰਜਿਆ। ਜਦੋਂ ਉਹ ਦਿੱਲੀ ਆਇਆ, ਕਵਿਤਾ ਉਸ ਤੋਂ ਵਿਛੜੀ ਹੋਈ ਸੀ। 'ਪੰਜ ਦਰਿਆ' ਵਿਚ ਛਪੀ ਉਹਦੀ ਪਹਿਲੀ ਕਵਿਤਾ, 'ਕੋਹੀ ਵਗੀ ਵਾ ਵੇ ਮਾਹੀਆ', ਉਹਨੇ ਬਾਰਾਂ ਵਰ੍ਹਿਆਂ ਦੀ ਉਮਰ ਵਿਚ ਲਿਖੀ ਸੀ। ਪਹਿਲਾ ਕਾਵਿ ਸੰਗ੍ਰਹਿ 'ਬਿਰਖ ਨਿਪੱਤਰੇ' ਛਪ ਗਿਆ ਹੋਇਆ ਸੀ ਪਰ ਫਿਰ ਕਿਸੇ ਵੇਲੇ ਜ਼ਿੰਦਗੀ ਦੇ ਕਿਸੇ ਮੋੜ 'ਤੇ ਕਵਿਤਾ ਪੱਲਾ ਛੁੜਾ ਗਈ ਸੀ। ਵੀਹ ਸਾਲ ਹੋ ਚੱਲੇ ਸਨ। ਨੂਰ ਨੂੰ ਉਹ ਇੱਥੇ ਆ ਮਿਲੀ। ਫੇਰ ਉਹ ਸਮਾਂ ਆਇਆ ਜਦੋਂ ਨਵੀਂ ਛੱਤ ਵਾਲਾ ਘਰ ਛੋਟਾ ਪੈਣ ਲੱਗਾ। 2003 ਵਿਚ ਉਹਨੇ ਪ੍ਰਾਵੀਡੈਂਟ ਫੰਡ ਦੇ ਪੈਸੇ ਅਤੇ ਰਾਣੀ ਨੂੰ ਪੇਕਿਓਂ ਮਿਲੇ ਮਕਾਨ ਦੀ ਵੱਟਕ ਨਾਲ ਮਾਨਸਰੋਵਰ ਗਾਰਡਨ ਨਾਂ ਦੀ ਉਸ ਆਬਾਦੀ ਵਿਚ ਨਵੀਨ ਸ਼ੈਲੀ ਦਾ ਘਰ ਬਣਵਾਇਆ ਜਿੱਥੇ ਹਰਿਭਜਨ ਸਿੰਘ ਵੀ ਰਹਿੰਦਾ ਸੀ। ਇੱਥੇ ਹੀ ਉਹਦਾ ਅਗਲਾ ਕਾਵਿ ਸੰਗ੍ਰਹਿ 'ਸਰਦਲ ਦੇ ਆਰ-ਪਾਰ' ਛਪਿਆ।

ਜਦੋਂ ਨੂਰ ਦਿੱਲੀ ਲੱਗਾ, ਉਹਨੇ ਮਹਿਸੂਸ ਕੀਤਾ ਕਿ ਹਰਿਭਜਨ ਸਿੰਘ ਹਿੰਦੀ ਵੱਲੋਂ ਆਉਣ ਕਰਕੇ ਅਜੇ ਤਕ ਭਾਰਤੀ-ਕਾਵਿ-ਸ਼ਾਸਤਰ ਨਾਲ ਬੱਝਾ ਪਿਆ ਸੀ। ਉਹਨੇ ਹਰਿਭਜਨ ਨੂੰ ਦੱਸਿਆ, ਡਾ. ਸਾਹਿਬ, ਦੁਨੀਆਂ ਬੜੀ ਅੱਗੇ ਨਿਕਲ ਗਈ ਹੋਈ ਏ। ਉਹਨੇ ਉਹਨੂੰ ਉਹ ਸਾਹਿਤ-ਸ਼ਾਸਤਰ ਪੜ੍ਹਾਇਆ, ਜਿਹੜਾ ਉਹ ਪਟਿਆਲਿਉਂ ਪੜ੍ਹਦਾ ਆਇਆ ਸੀ। ਹਰਿਭਜਨ ਨੇ ਪੜ੍ਹਿਆ। ਉਹਦੇ ਬਾਰੇ ਲਿਖਿਆ ਤੇ ਆਪਣੇ ਵਿਦਿਆਰਥੀਆਂ ਨੂੰ ਸੌਖਾ ਕਰਕੇ ਸਮਝਾਇਆ। ਸੌਖਾ ਕਰਨ ਤੇ ਸਮਝਾਉਣ ਵਿਚ ਉਹਦਾ ਸਾਨੀ ਕੋਈ ਨਹੀਂ ਸੀ।

ਵੈਸੇ ਨੂਰ, ਹਰਿਭਜਨ ਨੂੰ ਦਿੱਲੀ ਆਉਣ ਤੋਂ ਪਹਿਲੋਂ ਵੀ ਜਾਣਦਾ ਸੀ। ਹਰਿਭਜਨ ਉਹਦੇ ਵੱਡੇ ਭਰਾ ਗੁਰਭਗਤ ਦਾ ਜਾਣੂ ਸੀ। ਉਹਨੇ ਹੀ ਦੋਵਾਂ ਨੂੰ ਮਿਲਾਇਆ। ਜਦੋਂ ਨੂਰ ਅੰਬਾਲੇ ਹੁੰਦਾ ਸੀ, ਹਰਿਭਜਨ ਓਥੇ ਆਉਂਦਾ ਰਹਿੰਦਾ ਸੀ। ਉਹਦਾ ਪਹਿਲਾ ਕਾਵਿ-ਸੰਗ੍ਰਹਿ 'ਲਾਸਾਂ' ਨੂਰ ਨੇ ਅੰਬਾਲੇ ਆਪਣੇ ਕਾਲਜ ਵਿਚ ਰਿਲੀਜ਼ ਕਰਾਇਆ। ਆਪਣੇ ਵਿਦਿਆਰਥੀਆਂ ਨੂੰ ਹਰਿਭਜਨ ਤੋਂ ਉਹਦੀਆਂ ਕਵਿਤਾਵਾਂ ਵੀ ਸੁਣਵਾਈਆਂ। ਹਰਿਭਜਨ ਨੇ ਤਰੰਨੁਮ ਨਾਲ ਪੜ੍ਹੀਆਂ ਤੇ ਵਿਦਿਆਰਥੀਆਂ ਨੂੰ ਬੜੀਆਂ ਪਸੰਦ ਆਈਆਂ। ਉਹਨੇ ਹਰਿਭਜਨ ਨੂੰ ਸ਼ਾਮਾਂ ਵੇਲੇ ਜੋਗੀਆਂ ਵਾਂਗ ਵਾਲ ਖਿਲਾਰ, ਪਗੜੀ ਕੱਛੇ ਮਾਰ, ਮਸਤ ਹੋ, ਸਭ ਕੁਝ ਭੁੱਲ, ਆਪਣੀਆਂ ਸੜਕਾਂ 'ਤੇ ਕਵਿਤਾ ਗਾਉਂਦਿਆਂ ਵੀ ਸੁਣਿਆ ਸੀ। ਨੂਰ ਆਪਣੀਆਂ ਕਲਾਸਾਂ ਨੂੰ ਸ਼ਿਵ ਕੁਮਾਰ ਵੀ ਸੁਣਵਾ ਚੁੱਕਿਆ ਸੀ। ਉਹਦਾ 'ਪੀੜਾਂ ਦਾ ਪਰਾਗਾ' ਉਹਨੇ ਕਾਲਜ ਦੇ ਫਾਟਕ 'ਤੇ ਖਲੋ ਕੇ ਵੇਚਿਆ ਸੀ। ਚਾਰ-ਚਾਰ ਰੁਪਏ ਦੀ ਕਾਪੀ। ਇਨ੍ਹਾਂ ਦੋਵਾਂ ਦੀਆਂ ਕਵਿਤਾਵਾਂ ਸੁਣ ਕੇ ਹੀ ਨੂਰ ਨੂੰ ਕਵਿਤਾ ਦੀ ਧੂਹ ਪਈ ਸੀ। ਉਹ ਬਾਕੀ ਸਭ ਕੁਝ ਛੱਡ ਕਵਿਤਾ ਲਿਖਣ ਲੱਗ ਪਿਆ ਸੀ।

ਹਰਿਭਜਨ ਆਪਣੇ ਆਪ ਨੂੰ ਸਰੋਦੀ ਜਾਂ ਪ੍ਰਗੀਤਕ ਕਵਿਤਾ ਦਾ ਅਜਿਹਾ ਉਸਤਾਦ ਸਮਝਦਾ ਸੀ ਜਿਹਦੀ ਨਜ਼ੀਰ ਕੋਈ ਨਹੀਂ ਸੀ। ਉਹਨੂੰ ਸ਼ਿਵ ਕੁਮਾਰ ਪਸੰਦ ਨਹੀਂ ਸੀ। ਮੋਹਨ ਸਿੰਘ ਨੂੰ ਵੀ ਉਹ ਹੇਚ ਸਮਝਦਾ ਸੀ। ਉਹਦਾ ਜਤਨ ਹੁੰਦਾ, ਪ੍ਰਗੀਤਕਤਾ ਦੀ ਮਾਊਂਟ ਐਵਰੈਸਟ ਉਤੇ ਸਿਰਫ ਉਹਦਾ ਝੰਡਾ ਝੁੱਲੇ।



ਸੁਤਿੰਦਰ ਸਿੰਘ ਨੂਰ

ਨੂਰ ਨੇ ਪੀ.ਐਚ.ਡੀ. ਹਰਿਭਜਨ ਹੇਠ ਹੀ ਕੀਤੀ। ਉਹਦਾ ਵਿਸ਼ਾ ਮੋਹਨ ਸਿੰਘ ਦੀ ਕਵਿਤਾ ਸੀ ਪਰ ਉਹ ਹਰਿਭਜਨ ਦੀ ਲੀਹ 'ਤੇ ਨਾ ਟੁਰਿਆ। ਉਹਨੇ ਉਹਨੂੰ ਸ਼ੁਰੂ ਵਿਚ ਹੀ ਕਹਿ ਦਿੱਤਾ, "ਡਾ. ਸਾਹਿਬ, ਆਪਣਾ ਥੀਸਸ ਮੈਂ ਤੁਹਾਨੂੰ ਪੂਰਾ ਕਰਨ ਤੋਂ ਪਹਿਲਾਂ ਨਹੀਂ ਜੇ ਵਿਖਾਣਾ। ਪੂਰਾ ਕਰਕੇ ਹੀ ਤੁਹਾਡੇ ਕੋਲ ਆਵਾਂਗਾ।" ਹਰਿਭਜਨ ਚੁੱਪ ਰਿਹਾ। ਜਦੋਂ ਥੀਸਸ ਤਿਆਰ ਹੋ ਗਿਆ, ਨੂਰ ਹਰਿਭਜਨ ਕੋਲ ਪਹੁੰਚਿਆ ਤੇ ਕਹਿਣ ਲੱਗਾ, "ਡਾ. ਸਾਹਿਬ, ਆਪਣੇ ਕਰ ਕਮਲਾਂ ਨਾਲ ਇਹਦੇ 'ਤੇ ਦਸਤਖ਼ਤ ਕਰ ਦਿਓ।" ਹਰਿਭਜਨ ਨੇ ਕਰ ਦਿੱਤੇ।

ਉਨ੍ਹੀਂ ਦਿਨੀਂ ਨੂਰ ਨੇ ਹਰਿਭਜਨ ਦੀ ਪ੍ਰੇਰਨਾ ਨਾਲ 'ਇਕੱਤੀ ਫਰਵਰੀ' ਨਾਂ ਦਾ ਮਾਸਿਕ ਪੱਤਰ ਕੱਢਿਆ। ਨਾਂ ਨੂਰ ਦੇ ਦੋਸਤ ਹਰਨਾਮ ਦੀ ਇਕ ਕਵਿਤਾ ਤੋਂ ਲਿਆ ਗਿਆ ਸੀ। ਸੰਪਾਦਕ ਨੂਰ ਹੁੰਦਾ। ਕੁਝ ਸਾਲਾਂ ਬਾਅਦ ਸਹਿ-ਸੰਪਾਦਕ ਦੇ ਤੌਰ 'ਤੇ ਹਰਨਾਮ ਦਾ ਨਾਂ ਵੀ ਜਾਂਦਾ ਰਿਹਾ। ਏਸ ਪਰਚੇ ਦੇ ਹਰ ਅੰਕ ਵਿਚ ਇਕ ਲੇਖ ਹਰਿਭਜਨ ਦਾ ਹੁੰਦਾ। ਹੋਰ ਇਕ ਲੇਖ ਅਜਿਹਾ ਹੁੰਦਾ ਜਿਸ ਵਿਚ ਪੰਜਾਬੀ ਸਾਹਿਤ ਦੀ ਕਿਸੇ ਸਥਾਪਤ ਹਸਤੀ ਦੀ ਚੰਡਾਈ ਕੀਤੀ ਹੁੰਦੀ। ਇਕ ਵਾਰੀ ਪੂਰੇ ਦਾ ਪੂਰਾ ਪਰਚਾ ਗੁਰਬਚਨ ਦੀ ਕਲਮ ਤੋਂ, ਅੰਮ੍ਰਿਤਾ ਦੀ ਵਿਅੰਗਮਈ ਪੜਚੋਲ ਨੂੰ ਸਮਰਪਿਤ ਸੀ। ਨਾਲੋ-ਨਾਲ, ਇਕੱਤੀ ਫ਼ਰਵਰੀ ਉਸ ਵੇਲੇ ਨਿਕਲ ਰਹੇ ਤੇ ਮਾਰਕਸਵਾਦੀ ਸੋਚਣੀ ਦੇ ਪ੍ਰਤੀਨਿਧ ਸਮਝੇ ਜਾਂਦੇ ਗੁਰਵੇਲ ਪੰਨੂ ਦੇ ਪਰਚੇ 'ਸੇਧ' ਨਾਲ ਸਿੰਙ ਫਸਾਈ ਰੱਖਦਾ।

'ਇਕੱਤੀ ਫਰਵਰੀ' ਨਿਰੋਲ ਨੂਰ ਦਾ ਉਦਮ ਸੀ। ਉਹ ਹਰ ਮਹੀਨੇ ਦਿੱਲੀਓਂ ਦੋ ਦਿਨ ਦੀ ਛੁੱਟੀ ਲੈਂਦਾ। ਅੰਬਾਲੇ ਜਾਂਦਾ ਤੇ ਆਪਣੇ ਪਿਤਾ ਦੇ ਵਿਦਵਾਨ ਪ੍ਰੈਸ ਵਿਚ ਬਹਿ, ਮੈਟਰ ਹੱਥੀਂ ਕੰਪੋਜ਼ ਕਰਦਾ। ਫ਼ਰਮੇ ਬੰਨ੍ਹਦਾ ਤੇ ਪੰਜ ਸੌ ਕਾਪੀਆਂ ਛਾਪ ਲੈਂਦਾ। ਨੂਰ ਨੂੰ ਛੋਟੇ ਹੁੰਦਿਆਂ ਤੋਂ ਘਰ ਦੇ ਪ੍ਰੈਸ ਵਿਚ ਕੰਮ ਕਰਦੇ ਰਹਿਣ ਕਰਕੇ ਕੰਪੋਜ਼ਿੰਗ ਤੇ ਛਪਾਈ ਦੀ ਮੁਹਾਰਤ ਸੀ। ਉਹਦੇ ਵਾਂਗ ਤੇਜ਼ ਤੇ ਸ਼ੁੱਧ ਕੰਪੋਜ਼ਿੰਗ ਉਸ ਸਮੇਂ ਸ਼ਾਇਦ ਹੀ ਕੋਈ ਹੋਰ ਕਰ ਸਕਦਾ ਹੋਵੇ। ਉਹਦੀ ਕੰਪੋਜ਼ਿੰਗ ਦੇ ਪਰੂਫ਼ ਪੜ੍ਹੇ-ਪੜ੍ਹਾਏ ਹੁੰਦੇ ਸਨ। ਇਸ ਪਰਚੇ ਨੇ ਨੂਰ ਦਾ ਨਾਂ ਵੀ ਰੌਸ਼ਨ ਕੀਤਾ ਤੇ ਹਰਿਭਜਨ ਦਾ ਵੀ। ਨੂਰ ਨੂੰ ਆਪਣੀ ਵੱਖਰੀ ਆਵਾਜ਼ ਉਚੀ ਕਰਨ ਦਾ ਮੌਕਾ ਮਿਲਿਆ। ਪਰਚੇ ਦੇ ਦੁਆਲੇ ਜਿਹੜੀ ਵਿਸ਼ੇਸ਼ ਆਲੋਚਨਾ ਉਭਰੀ, ਉਹਨੂੰ ਦਿੱਲੀ ਸਕੂਲ ਦੀ ਆਲੋਚਨਾ ਦਾ ਨਾਂ ਦਿੱਤਾ ਗਿਆ ਤੇ ਉਹਦਾ ਸੰਚਾਲਕ ਹਰਿਭਜਨ ਨੂੰ ਮੰਨਿਆ ਗਿਆ।

ਛੇ ਸਾਲ ਬਾਅਦ ਇਹ ਪਰਚਾ ਬੰਦ ਹੋ ਗਿਆ। ਸਾਰਾ ਖਰਚ ਨੂਰ ਦੇ ਪੱਲਿਉਂ ਹੁੰਦਾ ਰਿਹਾ ਸੀ। ਨੂਰ ਸਿਰ ਤੀਹ ਹਜ਼ਾਰ ਰੁਪਏ ਦਾ ਕਰਜ਼ਾ ਚੜ੍ਹ ਗਿਆ। ਨੂਰ ਨੇ ਉਹ ਹੌਲੀ-ਹੌਲੀ ਲਾਹਿਆ। ਹਰਿਭਜਨ ਵੀ ਕਿਹਾ ਕਰਦਾ ਸੀ ਕਿ ਪਰਚੇ ਦਾ ਕੁਝ ਭਾਰ ਮੈਂ ਵੀ ਝੱਲਾਂਗਾ। ਪਰ ਅਖ਼ੀਰ ਤਕ ਉਹਨੇ ਆਪਣੇ ਮੋਢੇ ਹੌਲੇ ਰੱਖੇ। ਇਸ ਗੱਲੋਂ ਨੂਰ ਨੂੰ ਹਮੇਸ਼ਾ ਹੀ ਹਰਿਭਜਨ ਦਾ ਝੋਰਾ ਰਿਹੈ। ਹਰਿਭਜਨ ਨੂੰ ਮੈਂ ਉਸ ਸਮੇਂ ਤੋਂ ਜਾਣਦਾ ਸਾਂ ਜਦੋਂ ਉਹ ਆਪਣੇ ਘਰ ਦੇ ਸਾਹਮਣੇ ਗੁਰਦੁਆਰੇ ਵਿਚ ਚਲਦੇ ਸਕੂਲ ਵਿਚ ਮਾਸਟਰ ਹੁੰਦਾ ਸੀ। ਕਵਿਤਾ ਲਿਖਦਾ ਸੀ ਪਰ ਉਹਨੂੰ ਹਵਾ ਨਹੀਂ ਸੀ ਲਵਾਉਂਦਾ। ਆਪਣੀ ਵਿਦਵਤਾ ਦੇ ਚਾਨਣ ਉਤੇ ਵੀ ਰਜਾਈਆਂ ਸੁੱਟੀਆਂ ਹੁੰਦੀਆਂ ਸਨ। ਮੰਦੇ ਜਾਂ ਚੰਗੇ ਭਾਗੀਂ, ਅਸੀਂ ਇਕ ਦੂਜੇ ਨਾਲ ਕਦੀ ਵੀ ਨਾ ਭਿੱਜੇ ਪਰ ਉਹਦੇ ਵਿਚ ਮੇਰੀ ਦਿਲਚਸਪੀ ਅੱਜ ਤਕ ਕਾਇਮ ਸੀ।

ਇਕ ਵਾਰੀ ਉਹਦੀਆਂ ਗੱਲਾਂ ਕਰਦਾ ਨੂਰ ਬੋਲ ਉਠਿਆ, "ਹਰਿਭਜਨ ਮੱਠਵਾਦੀ ਸੀ। ਆਪਣੀ ਗੁਰੂਡਮ ਕਾਇਮ ਕਰਨੀ ਚਾਹੁੰਦਾ ਸੀ। ਆਲੇ-ਦੁਆਲੇ ਉਹੀਓ ਬੰਦੇ ਚਾਹੁੰਦਾ ਸੀ ਜਿਹੜੇ ਉਹਦੀ ਮਹਿਮਾ ਕਰਦੇ ਰਹਿਣ। ਜਿਹੜੀ ਵੀ ਗੋਲੀ ਉਹ ਦਾਗ਼ਦਾ ਸੀ, ਉਹ ਤਾਂ ਉਹਦੀ ਆਪਣੀ ਹੁੰਦੀ ਸੀ ਪਰ ਬੰਦੂਕ ਉਹ ਕਿਸੇ ਹੋਰ ਦੀ ਫੜਦਾ ਸੀ ਤੇ ਰੱਖਦਾ ਵੀ ਉਹਨੂੰ ਕਿਸੇ ਹੋਰ ਦੇ ਮੋਢੇ 'ਤੇ ਸੀ।" ਫੇਰ ਉਹਨੇ ਡਾਢੇ ਹਿਰਖ ਨਾਲ ਭੋਗ ਪਾਇਆ, "ਜੇ ਹਰਿਭਜਨ ਅੰਦਰੋਂ ਛੋਟਾ ਨਾ ਹੁੰਦਾ ਤਾਂ ਮਹਾਨ ਹੁੰਦਾ।"

ਅੰਬਾਲੇ ਦੀ ਵੀ ਨੂਰ ਦੀ ਜ਼ਿੰਦਗੀ ਵਿਚ ਚੰਗੀ ਚੋਖੀ ਮਹੱਤਤਾ ਰਹੀ। ਉਹਦੇ ਪਿਤਾ ਗਿਆਨੀ ਹਰੀ ਸਿੰਘ ਜਾਚਕ ਓਥੋਂ ਆਪਣਾ ਪਰਚਾ ਕੱਢਦੇ ਸਨ। ਪ੍ਰੈਸ ਚਲਾਉਂਦੇ ਸਨ। ਮੈਨੇਜਰ ਉਹਦਾ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ' ਵਾਲਾ ਨੰਦ

ਲਾਲ ਨੂਰਪੁਰੀ ਹੁੰਦਾ ਸੀ ਤੇ ਗਿਆਨੀ ਕਾਲਜ ਵੀ। ਓਸੇ ਹੀ ਕਾਲਜ ਵਿਚ ਨੂਰ ਨੇ ਗਿਆਨੀ ਪੜ੍ਹੀ ਤੇ ਛੋਟੀ ਉਮਰੇ ਹੋਰਨਾਂ ਨੂੰ ਵੀ ਪੜ੍ਹਾਈ। ਨੂਰ ਦੀ ਉਚੇਰੀ ਪੜ੍ਹਾਈ ਵਾਇਆ ਬਠਿੰਡਾ ਹੋਈ। ਉਹਨੇ ਪਹਿਲੋਂ ਬੁੱਧੀਮਾਨੀ ਕੀਤੀ, ਫੇਰ ਗਿਆਨੀ। ਫੇਰ ਮੈਟ੍ਰਿਕ, ਐਫ.ਏ., ਬੀ.ਏ. ਤੇ ਐਮ.ਏ.। ਐਮ.ਏ. ਦੋ ਵਾਰੀ ਕੀਤੀ। ਪਹਿਲੀ ਵਾਰੀ ਥਰਡ ਡਵੀਜ਼ਨ ਆਈ। ਇਕ ਵਾਰੀ ਉਹ ਬੀ.ਏ. ਵਿਚੋਂ ਫੇਲ੍ਹ ਵੀ ਹੋਇਆ। ਓਦੋਂ ਉਹ ਪੜ੍ਹਿਆ ਘੱਟ ਸੀ ਤੇ ਹਾਕੀ ਜ਼ਿਆਦਾ ਖੇਡੀ ਸੀ। ਟੀਮ ਦਾ ਗੋਲਚੀ ਹੁੰਦਾ ਸੀ। ਉਹਨੂੰ ਸ਼ਹਿਰ ਦੇ ਐਸ.ਡੀ. ਕਾਲਜ ਵਿਚ ਨੌਕਰੀ ਮਿਲ ਗਈ। ਕਾਲਜ ਦੇ ਪ੍ਰਿੰਸੀਪਲ ਗੋਪਾਲ ਦਾਸ ਕਪੂਰ ਉਹਦੇ 'ਤੇ ਮਿਹਰਬਾਨ ਸਨ।

ਇਹ ਕਪੂਰ ਸਾਹਿਬ ਛੁਪੇ ਰੁਸਤਮ ਸਨ। ਉਨ੍ਹਾਂ ਮਾਨੋ ਅੰਡਰਗਰਾਊਂਡ ਰਹਿ ਕੇ ਪੰਜਾਬੀ ਵਿਚ ਅੱਠ ਫੁਲ ਐਕਟ ਨਾਟਕ ਲਿਖੇ ਤੇ ਬੋਧੀ ਸਮਿਆਂ ਦੇ ਪਿਛੋਕਤ ਵਾਲਾ ਇਕ ਨਾਵਲ। ਉਨ੍ਹਾਂ ਦੀ ਹਦਾਇਤ ਸੀ ਕਿ ਉਨ੍ਹਾਂ ਦੀ ਰਚਨਾ ਉਨ੍ਹਾਂ ਦੇ ਏਸ ਦੁਨੀਆਂ ਵਿਚੋਂ ਚਲੇ ਜਾਣ ਤੋਂ ਬਾਅਦ ਹੀ ਛਪੇ। ਉਹ ਆਪਣੇ ਸਮੇਂ ਨਾਲ ਚਲੇ ਗਏ। ਉਨ੍ਹਾਂ ਦੇ ਪੁੱਤਰ ਬੇਪ੍ਰਵਾਹ ਨਿਕਲੇ ਤੇ ਉਨ੍ਹਾਂ ਆਪਣੇ ਪਿਤਾ ਦੇ ਮਸੌਦੇ ਗੁਆ ਦਿੱਤੇ। ਇਸ ਤਰ੍ਹਾਂ ਪੰਜਾਬੀ ਸਾਹਿਤ ਕਪੂਰ ਸਾਹਿਬ ਦੀ ਵਡਮੁੱਲੀ ਰਚਨਾ ਤੋਂ ਵਾਂਝਾ ਰਹਿ ਗਿਆ।

ਫੇਰ ਵੀ ਅਸੀਂ ਕਪੂਰ ਸਾਹਿਬ ਨੂੰ ਕੋਈ ਉਲਾਂਭਾ ਨਹੀਂ ਦੇ ਸਕਦੇ। ਇੱਥੋਂ ਜਾਣ ਤੋਂ ਕਾਫੀ ਪਹਿਲਾਂ ਉਹ ਆਪਣੀ ਕਸਰ ਕੱਢ ਗਏ। ਉਨ੍ਹਾਂ ਪੰਜਾਬੀ ਸਾਹਿਤ ਨੂੰ ਇਕ ਹੋਰ ਦਾਤ ਦੇ ਕੇ ਉਹਨੂੰ ਅੱਗੋਂ ਜਾ ਕੇ ਪੈ ਸਕਦਾ ਘਾਟਾ ਪੂਰਾ ਕਰ ਦਿੱਤਾ। ਉਹ ਪੰਜਾਬੀ ਸਾਹਿਤ ਨੂੰ ਸੁਤਿੰਦਰ ਸਿੰਘ ਨੂਰ ਦੇ ਗਏ। ਉਨ੍ਹਾਂ ਆਪਣੀ ਨੇਕ ਸਲਾਹ ਨਾਲ ਨੂਰ ਤੋਂ ਅੰਗਰੇਜ਼ੀ ਅਧਿਆਪਨ ਛੁਡਾ ਦਿੱਤਾ ਤੇ ਪੰਜਾਬੀ ਅਧਿਆਪਨ ਦੇ ਰਾਹੇ ਪਾ ਦਿੱਤਾ। ਨੂਰ ਲਈ ਵੀ ਚੰਗਾ ਹੋਇਆ। ਜੇ ਉਹ ਕਿਸੇ ਛੋਟੇ-ਮੋਟੇ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਰਹਿੰਦਾ ਤਾਂ ਉਹ ਇਸ ਜ਼ੁਬਾਨ ਦੀ ਅਤਿ ਵਿਸ਼ਾਲ ਦੁਨੀਆਂ ਵਿਚ ਗੁਆਚ ਜਾਂਦਾ। ਕਿਸੇ ਹੋਰ ਜ਼ੁਬਾਨ ਨੂੰ ਉਹਦੀ ਪੈੜ ਵੀ ਨਹੀਂ ਸੀ ਲੱਭਣੀ।

ਹੋਇਆ ਇੰਜ ਕਿ ਕਪੂਰ ਸਾਹਿਬ ਦੇ ਕਾਲਜ ਵਿਚ ਪੰਜਾਬੀ ਦੇ ਇਕ ਲੈਕਚਰਾਰ ਦੀ ਥਾਂ ਖਾਲੀ ਹੋਣ ਨੂੰ ਆ ਗਈ। ਉਨ੍ਹਾਂ ਨੂਰ ਨੂੰ ਸੱਦਿਆ ਤੇ ਕਿਹਾ, "ਵੇਖ, ਤੇਰੀ ਡਿਵੀਜ਼ਨ ਤੈਨੂੰ ਹਮੇਸ਼ਾ ਹੀ ਤੰਗ ਕਰਦੀ ਰਹੇਗੀ। ਪੰਦਰਾਂ ਦਿਨਾਂ ਨੂੰ ਐਮ.ਏ.ਪੰਜਾਬੀ ਦੇ ਇਮਤਿਹਾਨ ਹੋਣ ਵਾਲੇ ਨੇ। ਦਾਖਲਾ ਭੇਜ ਦੇ। ਸ਼ਾਇਦ ਤੇਰੀ ਡਿਵੀਜ਼ਨ ਠੀਕ ਹੋ ਜਾਏ। ਨੌਕਰੀ ਸਾਡੇ ਕੋਲ ਹੈ।" ਨੂਰ ਨੇ ਹੰਭਲਾ ਮਾਰਿਆ। ਦਾਖਲਾ ਭੇਜ ਦਿੱਤਾ। ਕਿਸਮਤ ਨੇ ਸਾਥ ਦਿੱਤਾ। ਪਹਿਲੇ ਸਾਲ ਐਮ.ਏ. ਪੰਜਾਬੀ ਦੇ ਇਮਤਿਹਾਨ ਵਿਚ ਉਹ ਯੂਨੀਵਰਸਿਟੀ ਵਿਚ ਦੂਜੇ ਨੰਬਰ 'ਤੇ ਆਇਆ। ਦੂਜੇ ਸਾਲ ਲਈ ਉਹਨੇ ਪੂਰੀ ਮਿਹਨਤ ਕੀਤੀ। 1967 ਵਿਚ ਇਮਤਿਹਾਨ ਹੋਇਆ ਤੇ ਉਹ ਫੇਰ ਯੂਨੀਵਰਸਿਟੀ ਵਿਚ ਦੂਜੇ ਨੰਬਰ 'ਤੇ ਰਿਹਾ। ਫੇਰ ਉਹ ਦਿਨ ਤੇ ਇਹ ਦਿਨ। ਨੂਰ ਪੂਰੇ ਦਾ ਪੂਰਾ ਪੰਜਾਬੀ ਨਾਲ ਪਰਨਾਇਆ ਗਿਆ।

ਇਹ ਅੰਬਾਲਾ ਹੀ ਸੀ ਜਿੱਥੇ ਨੂਰ ਦੀ ਖੱਬੀ ਲਹਿਰ ਨਾਲ ਨੇੜਤਾ ਹੋਈ। ਉਹ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਗੁਰਬਖਸ਼ ਦੀਵਾਨ ਦੇ ਸੰਪਰਕ ਵਿਚ ਰਿਹਾ। ਬਾਅਦ ਵਿਚ ਉਹ ਪਟਿਆਲੇ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਿਆ। ਉਸ ਵੇਲੇ ਉਹਦੇ ਨਾਲ ਫੈਡਰੇਸ਼ਨ ਦਾ ਸਕੱਤਰ ਜੁਗਿੰਦਰ ਦਿਆਲ ਹੁੰਦਾ ਸੀ ਜਿਹੜਾ ਬਾਅਦ ਵਿਚ ਪੰਜਾਬ ਕਮਿਊਨਿਸਟ ਪਾਰਟੀ ਦਾ ਸਕੱਤਰ ਬਣਿਆ। ਅੰਬਾਲੇ ਹੀ ਨੂਰ ਦਾ ਕੁਲਵੰਤ ਸਿੰਘ ਵਿਰਕ ਨਾਲ ਮੇਲ ਹੁੰਦਾ ਰਿਹਾ। ਉਹ ਉਥੇ ਲੋਕ ਸੰਪਰਕ ਵਿਭਾਗ ਵਿਚ ਸੀ। ਨੂਰ ਨੂੰ ਉਹਦੀਆਂ ਕਹਾਣੀਆਂ ਬੜੀਆਂ ਚੰਗੀਆਂ ਲੱਗਦੀਆਂ ਸਨ। ਉਹ ਕਿਹਾ ਕਰਦਾ ਸੀ ਕਿ ਜੇ ਕਹਾਣੀ ਲਿਖੋ ਤਾਂ ਵਿਰਕ ਵਰਗੀ ਲਿਖੋ। ਉਹਨੂੰ ਲੱਗਾ, ਉਹ ਵਿਰਕ ਵਰਗੀ ਕਹਾਣੀ ਨਹੀਂ ਸੀ ਲਿਖ ਸਕਦਾ ਤੇ ਉਹ ਕਹਾਣੀ ਤੋਂ ਲਾਂਭੇ ਹੋ ਗਿਆ।

ਅੰਬਾਲੇ ਨੂਰ ਨੇ ਨਾਟਕ ਵੀ ਖੇਡੇ ਤੇ ਜੋਗਿੰਦਰ ਬਾਹਰਲੇ ਨਾਲ ਰਲ ਕੇ ਖੇਡੇ। ਬਲਵੰਤ ਗਾਰਗੀ ਨੂੰ ਮਿਲਣ ਤੋਂ ਬਾਅਦ ਉਹਨੂੰ ਨਾਟਕ ਤੋਂ ਵੀ ਝਾਕਾ ਆਉਣ ਲੱਗ ਪਿਆ। ਸ਼ਿਵ ਕੁਮਾਰ ਨੂੰ ਮਿਲਣ ਤੋਂ ਬਾਅਦ ਉਹਦੀ ਕਵਿਤਾ ਦਾ ਵੀ ਇਹੋ ਹਾਲ ਹੋਇਆ। ਪਰ ਇਹ ਸਾਰਾ ਕੁਝ ਵਕਤੀ ਸੀ। ਅੰਤ ਨੂਰ ਕਹਾਣੀਆਂ ਵੀ ਲਿਖਣ ਲੱਗ ਪਿਆ ਤੇ ਕਵਿਤਾ ਵੀ। ਸ਼ਾਇਦ ਅੰਦਰਖਾਤੇ ਉਹਨੇ ਨਾਟਕ ਵੀ ਲਿਖ ਰੱਖੇ ਹੋਣ, ਪ੍ਰਿੰਸੀਪਲ ਗੋਪਾਲ ਦਾਸ ਕਪੂਰ ਵਾਂਗ। ਇਹ ਸਭ ਦਿੱਲੀ ਦਾ ਅਸਰ ਸੀ। ਅਖੀਰ ਦਿੱਲੀ ਅੰਬਾਲੇ 'ਤੇ ਭਾਰੂ ਹੋਈ।

ਨੂਰ ਦੇ ਸਾਹਿਤਕ ਤੇ ਅਸਾਹਿਤਕ ਰੂਪ ਬਹੁਤ ਨੇ। ਉਹਨੇ ਸਾਹਿਤ ਵਿਚ ਸਭ ਕੁਝ ਹੀ ਕੀਤਾ ਏ। ਬਸ ਅਜੇ ਕੋਈ ਨਾਵਲ ਹੀ ਨਹੀਂ ਲਿਖਿਆ। ਨਾਵਲ ਅੱਜ-ਕੱਲ੍ਹ ਉਹ ਲਿਖਣ-ਲਿਖਣ ਨੂੰ ਕਰ ਰਿਹਾ ਹੈ। ਉਹਦੀ ਇਕ ਪੋਲਿਸ਼ ਵਿਦਿਆਰਥਣ ਸੀ ਅੰਨਾ ਸੈਕਲੁਤਸਕਾ। ਉਹ ਦਿੱਲੀ ਉਹਦੇ ਕੋਲ ਪੰਜ ਸਾਲ ਪੰਜਾਬੀ ਪੜ੍ਹਦੀ ਰਹੀ। ਉਹ ਉਹਨੂੰ ਮਿਲਣ ਵਾਰਸਾ ਵੀ ਗਿਆ ਅਤੇ ਉਹਦੇ ਕੋਲ ਪੰਦਰਾਂ ਦਿਨ ਰਿਹਾ। ਇਹ ਨਾਵਲ ਉਹਦੇ ਦੁਆਲੇ ਘੁੰਮੇਗਾ। ਇਕ ਨਾਵਲ ਉਹ ਆਪਣੇ ਪਿਤਾ 'ਤੇ ਵੀ ਲਿਖਣਾ ਚਾਹੁੰਦਾ ਹੈ। ਉਹ ਬੜੀ ਵਿਲੱਖਣ ਹਸਤੀ ਸਨ। ਕਾਲੀ ਪੱਗ ਬੰਨ੍ਹਦੇ ਸਨ। ਪੱਕੇ ਅਕਾਲੀ ਸਨ। ਇਕ ਵੇਲੇ ਮਹਾਰਾਜਾ ਫਰੀਦਕੋਟ ਨੂੰ ਪੜ੍ਹਾਉਂਦੇ ਸਨ। ਉਨ੍ਹਾਂ ਇਹ ਨੌਕਰੀ ਛੱਡ ਦਿੱਤੀ ਕਿਉਂਜੋ ਉਨ੍ਹਾਂ ਨੂੰ ਪਗੜੀ ਦਾ ਰੰਗ ਬਦਲਣ ਨੂੰ ਕਿਹਾ ਗਿਆ ਸੀ। ਕਾਲਾ ਰੰਗ ਮਹਾਰਾਜੇ ਦੇ ਮਾਈ ਬਾਪ ਅੰਗਰੇਜ਼ਾਂ ਨੂੰ ਨਹੀਂ ਸੀ



ਚੰਗੇ ਵਕਤੀਂ ਅੰਮ੍ਰਿਤਾ ਪ੍ਰੀਤਮ ਨਾਲ ਡਾ. ਨੂਰ, ਦੁਪਾਸੀਂ ਖੜ੍ਹੇ ਹਨ ਕਵੀ-ਚਿੱਤਰਕਾਰ ਸਵਰਨਜੀਤ ਸਵੀ ਅਤੇ ਅਮਰਜੀਤ ਗਰੇਵਾਲ।

ਭਾਉਂਦਾ। ਉਸ ਨੂੰ ਉਹ ਬਗਾਵਤ ਦਾ ਰੰਗ ਸਮਝਦੇ ਸਨ। ਪਿਤਾ ਪੱਤਰਕਾਰ ਸਨ ਪਰ ਨਾਲੋ-ਨਾਲ ਕਵਿਤਾ/ਕਹਾਣੀ ਵੀ ਲਿਖਦੇ ਸਨ।

ਨੂਰ ਨੂੰ ਜਦੋਂ ਪੁੱਛੋ, ਉਹ ਕਿਤੇ ਨਿਕਲਣ ਵਾਲਾ ਹੁੰਦਾ ਹੈ। ਕਦੀ ਉਹ ਕਿਸੇ ਗੋਸ਼ਟੀ 'ਤੇ ਜਾ ਰਿਹਾ ਹੁੰਦਾ ਹੈ, ਕਦੀ ਕਿਸੇ ਰੂਬਰੂ 'ਤੇ। ਕਦੀ ਕਿਤੇ ਉਹਨੇ ਕਿਸੇ ਨਵੇਂ ਜਾਂ ਪੁਰਾਣੇ ਕਵੀ ਦੀ ਨਵੀਂ ਰਚਨਾ ਰਿਲੀਜ਼ ਕਰਨੀ ਹੁੰਦੀ ਏ। ਸਾਹਿਤਕ ਸਰਗਰਮੀਆਂ ਦੀਆਂ ਜਿਹੜੀਆਂ ਤਸਵੀਰਾਂ ਅਖਬਾਰਾਂ ਵਿਚ ਛਪਦੀਆਂ ਨੇ, ਉਨ੍ਹਾਂ ਵਿਚ ਖਲੋਤਾ ਜਾਂ ਬੈਠਾ ਉਹ ਵੀ ਦਿੱਸ ਪਵੇਗਾ। ਛੋਟੀ ਜਿਹੀ ਤਸਵੀਰ ਵਿਚ ਹੋਰ ਵੀ ਛੋਟਾ ਲੱਗੇਗਾ। ਇਕ ਵੇਲੇ ਉਹਦੀ ਦੌੜ-ਭੱਜ ਸਥਾਨਕ ਹੁੰਦੀ ਸੀ, ਭਾਵ ਦਿੱਲੀ ਤੋਂ ਪੰਜਾਬ ਤਕ ਦੀ। ਜਾਂਦਾ ਉਹ ਆਪਣੀ ਜਾਂ ਭਾੜੇ 'ਤੇ ਕੀਤੀ ਕਾਰ 'ਤੇ ਏ। ਇੱਥੋਂ ਪਟਿਆਲੇ ਗਿਆ, ਉਥੋਂ ਜਲੰਧਰ, ਅੱਗੇ ਚੰਡੀਗੜ੍ਹ ਤੇ ਫੇਰ ਵਾਪਸ ਜਲੰਧਰ ਤੇ ਅੰਮ੍ਰਿਤਸਰ। ਵਾਪਸ ਆਉਂਦਿਆਂ ਤਰਨਤਾਰਨ ਨੂੰ ਵੀ ਹੱਥ ਲਾ ਆਇਆ। ਥੋੜ੍ਹੀ ਦੇਰ ਅੰਬਾਲੇ ਅਟਕ ਗਿਆ। ਅਹਿਮ ਚੀਜ਼ ਇਹ ਨਹੀਂ ਹੁੰਦੀ ਕਿ ਕਿਹੜੀ ਥਾਂ ਰਾਹ ਵਿਚ ਪੈਂਦੀ ਏ। ਅਹਿਮ ਚੀਜ਼ ਇਹ ਹੁੰਦੀ ਏ ਕਿ ਕਿੱਥੇ ਕਿਹੜੀ ਥਾਂ, ਪਹੁੰਚਣਾ ਜ਼ਰੂਰੀ ਏ। ਰੂਟ ਆਪੇ ਬਣ ਜਾਂਦਾ ਏ।

ਫੇਰ ਇਕ ਵਕਤ ਆਇਆ ਜਦੋਂ ਨੂਰ ਭਾਰਤ ਦੇ ਦੂਜੇ ਰਾਜ ਵੀ ਗਾਹੁਣ ਲੱਗ ਪਿਆ। ਕਦੀ ਉਹ ਹੈਦਰਾਬਾਦ, ਮੁੰਬਈ ਤੇ ਚੇਨੱਈ ਪਹੁੰਚਿਆ ਹੁੰਦਾ ਤੇ ਕਦੀ ਲਖਨਊ, ਭੁਵਨੇਸ਼ਵਰ ਤੇ ਕਲਕੱਤੇ। ਜਦੋਂ ਦਾ ਉਹ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਬਣਿਆ ਏ, ਬਾਹਰਲੇ ਦੇਸ਼ ਵੀ ਉਹਦੀ ਲਪੇਟ ਵਿਚ ਆ ਗਏ ਨੇ। ਅਜੇ ਪਿੱਛੇ ਜਿਹੇ ਹੀ ਉਹ ਇਟਲੀ ਤੇ ਰੂਸ ਹੋ ਕੇ ਆਇਐ। ਜਦੋਂ ਮੈਂ ਉਹਨੂੰ ਸਾਹਿਤ ਅਕੈਡਮੀ ਵਿਚ ਮਿਲਣ ਗਿਆ ਸਾਂ, ਉਹ ਚੀਨ ਦੀ ਰਾਜਧਾਨੀ ਪੇਈਚਿੰਗ ਜਾਣ ਲਈ ਕਮਰ ਕੱਸ ਰਿਹਾ ਸੀ। ਭਾਰਤੀ ਸਾਹਿਤ ਅਕਾਦਮੀ ਅੱਜ-ਕੱਲ੍ਹ ਇਕ ਤਰ੍ਹਾਂ ਦੀ ਕਲਚਰਲ ਡਿਪਲੋਮੇਸੀ ਵੀ ਚਲਾ ਰਹੀ ਏ।

ਨੂਰ ਦੇ ਦੋਸਤ ਉਹਦੇ ਇਸ ਤਰ੍ਹਾਂ ਭੰਬੀਰੀ ਵਾਂਗ ਭੌਂਦੇ ਰਹਿਣ 'ਤੇ ਹੱਸਦੇ ਨੇ ਪਰ ਇਹਦਾ ਕੋਈ ਲੰਮਾ ਚੌੜਾ ਮਤਲਬ ਨਹੀਂ ਕੱਢਦੇ। ਨੂਰ ਦੇ ਨਿੰਦਕਾਂ ਨੂੰ ਇਹਦੇ ਵਿਚ ਕੋਈ ਡੂੰਘੀ ਚਾਲ ਦਿਸਦੀ ਏ। ਉਹ ਸਮਝਦੇ ਨੇ ਕਿ ਨੂਰ ਦੀ ਗਿਰਦੌਰੀ ਦਾ ਮੰਤਵ ਹਰ ਥਾਂ ਸਾਹਿਤ ਤੇ ਸੱਭਿਆਚਾਰ ਦੀਆਂ ਸਾਰੀਆਂ ਉਚੀਆਂ ਥਾਂਵਾਂ ਮੱਲ ਲੈਣਾ ਏ। ਹਰ ਸਫਰ ਪਿੱਛੇ ਕੋਈ ਸੋਚੀ-ਸਮਝੀ ਵਿਉਂਤ ਹੁੰਦੀ ਏ।

ਆਪਣੇ ਨਾਵਲ 'ਮਿੱਟੀ' ਦਾ ਜਿਹੜਾ ਪਾਤਰ ਮੈਂ ਨੂਰ ਨੂੰ ਮੁੱਖ ਰੱਖ ਕੇ ਘੜਿਆ ਸੀ, ਉਹ ਵੀ ਬੜਾ ਫਿਰੰਤੂ ਸੀ ਪਰ ਉਹ ਜਾ ਕੇ ਕੋਈ ਮਾਰ-ਧਾੜ ਨਹੀਂ ਸੀ ਕਰਦਾ ਤੇ ਨਾ ਹੀ ਜਾ ਕੇ ਦੂਜਿਆਂ ਦੀਆਂ ਕੁਰਸੀਆਂ ਖਿੱਚਦਾ ਸੀ। ਨੂਰ ਦੀ ਗਰਦਿਸ਼ ਦੀ ਮੇਰੀ ਸਮਝ ਹੀ ਇਸ ਤਰ੍ਹਾਂ ਦੀ ਏ। ਮੇਰੇ ਲਈ ਇਹ ਮੰਨਣਾ ਔਖਾ ਏ ਕਿ ਨੂਰ ਸਿਰਫ ਥਾਂਵਾਂ ਹਥਿਆਉਣ ਲਈ ਨਿਕਲਦਾ ਹੈ। ਥਾਂਵਾਂ ਦਾ ਕੀ ਭਰੋਸਾ ਏ? ਬੰਦਾ ਭੱਜਾ ਜਾਏ ਵੀ ਤੇ ਅੱਗੋਂ ਉਹ ਫੜਾਈ ਹੀ ਨਾ ਦੇਣ। ਨੂਰ ਨੇ ਲੁਧਿਆਣੇ ਪੰਜਾਬੀ ਅਕੈਡਮੀ ਦੀ ਚੋਣ ਹਾਰੀ ਹੀ ਸੀ ਨਾ।

ਕੁਝ ਲੋਕ ਨੂਰ ਦੀ ਗਰਦਿਸ਼ ਨੂੰ ਉਹਦੇ ਰਚਨਾ-ਕਰਮ ਨਾਲ ਜੋੜਦੇ ਨੇ। ਕਹਿੰਦੇ ਨੇ, ਏਡਾ ਘੁਮੱਕੜ ਬੰਦਾ ਕੋਈ ਖਾਸ ਮਹੱਤਤਾ ਵਾਲੀ ਚੀਜ਼ ਨਹੀਂ ਲਿਖ ਸਕਦਾ। ਕੋਈ ਵੱਡੀ ਚੀਜ਼ ਲਿਖਣ ਲਈ ਖਾਸ ਕਰਕੇ ਜੇ ਉਹ ਵਾਰਤਕ ਹੋਵੇ, ਸਭ ਕੁਝ ਛੱਡ-ਛਡਾ ਕੇ ਇਕ ਥਾਂ ਬਹਿਣਾ ਪੈਂਦਾ ਹੈ। ਤਾਲਸਤਾਏ 'ਜੰਗ ਤੇ ਅਮਨ' ਲਿਖਣ ਸਮੇਂ ਮਾਸਕੋ ਤੋਂ ਕੋਈ ਸਵਾ ਸੌ ਕਿਲੋਮੀਟਰ ਦੂਰ ਆਪਣੀ ਜਾਗੀਰ ਨਾਲ ਜੁੜਿਆ ਰਿਹਾ। ਉਹਨੇ ਇਸ ਨਾਵਲ ਦੇ ਸਭ ਕਾਂਡ ਦਸ-ਪੰਦਰਾਂ ਵਾਰ ਲਿਖੇ ਤਾਂ ਜਾ ਕੇ ਉਹਦੀ ਤਸੱਲੀ ਹੋਈ।

ਤਾਲਸਤਾਏ ਨੇ ਤਾਂ ਜੁੜਿਆ ਹੀ ਰਹਿਣਾ ਸੀ। ਉਹਦਾ ਬਾਗ-ਪਰਿਵਾਰ ਵੱਡਾ ਸੀ। ਉਹਦੇ 13 ਬੱਚੇ ਸਨ। ਇਕ ਬੱਚਾ ਆਪਣੀ ਭੌਂ-ਗੁਲਾਮ ਬਾਂਦੀ ਤੋਂ ਵੀ ਸੀ। ਉਹਦੇ ਸਮੇਂ ਜਾਣ ਵਾਲੀਆਂ ਬਹੁਤੀਆਂ ਥਾਂਵਾਂ ਨਹੀਂ ਸਨ ਹੁੰਦੀਆਂ। ਬੜਾ ਕਾਹਲਾ ਪੈਂਦਾ ਤਾਂ ਜਾ ਕੇ ਸੇਂਟ ਪੀਟਰਜ਼ਬਰਗ ਦਾ ਚੱਕਰ ਲਾ ਆਉਂਦਾ। ਤੁਰਗਨੇਵ ਵਾਂਗ ਜੇ ਉਹਦੀ ਕੋਈ ਮਹਿਬੂਬਾ ਪੈਰਿਸ ਵਿਚ ਹੁੰਦੀ ਤਾਂ ਸ਼ਾਇਦ ਓਥੇ ਜਾ ਸਕਦਾ। ਨੂਰ ਦਾ ਅਜਿਹਾ ਕੋਈ ਰੁਝੇਵਾਂ ਨਹੀਂ। ਜਿਨ੍ਹਾਂ ਕਿਤਾਬਾਂ 'ਤੇ ਉਹ ਅੱਜ-ਕੱਲ੍ਹ ਕੰਮ ਕਰ ਰਿਹਾ ਹੈ, ਉਨ੍ਹਾਂ ਦੀ ਉਹਨੇ ਮੇਰੇ ਨਾਲ ਗੱਲ ਕੀਤੀ ਸੀ। ਉਨ੍ਹਾਂ ਵਿਚ 'ਜੰਗ ਤੇ ਅਮਨ' ਜਿਹੀ ਕੋਈ ਵੀ ਰਚਨਾ ਨਹੀਂ ਸੀ। ਜਦੋਂ ਉਹ ਵੀ ਕਦੀ ਕੋਈ ਵੱਡਾ ਨਾਵਲ ਛੋਹੇਗਾ, ਨਿੱਠ ਕੇ ਬਹਿ ਜਾਵੇਗਾ। ਹੁਣੇ ਕਿਉਂ ਬੈਠ ਜਾਏ? ਜਿਸ ਤਰ੍ਹਾਂ ਦਾ ਵੀ ਹੈ, ਨੂਰ ਨੇ ਆਪਣੀ ਗਰਦਿਸ਼ ਤੇ ਆਪਣੀ ਰਚਨਾ ਵਿਚ ਇਕ ਖਾਸ ਤਰ੍ਹਾਂ ਦਾ ਸੰਤੁਲਨ ਕਾਇਮ ਕੀਤਾ ਹੋਇਆ ਹੈ।

1990 ਵਿਚ ਨੂਰ ਦਾ ਬਹੁਤ ਵੱਡਾ ਐਕਸੀਡੈਂਟ ਹੋਇਆ। ਬਾਈ ਥਾਂਵਾਂ ਤੋਂ ਉਹਦੀਆਂ ਹੱਡੀਆਂ ਟੁੱਟੀਆਂ। ਡੇਢ ਮਹੀਨਾ ਉਹ ਦਿੱਲੀ ਦੇ ਮੈਡੀਕਲ ਇੰਸਟੀਚਿਊਟ ਵਿਚ ਪਿਆ ਰਿਹਾ। ਓਥੇ ਰਹਿੰਦਿਆਂ ਦਾੜ੍ਹੀ ਰੰਗਣੀ ਛੁੱਟ ਗਈ। ਪੀਣੀ ਬੰਦ ਹੋ ਗਈ। ਚਾਲ ਲਟਕ ਗਈ। ਰਫਤਾਰ ਘਟ ਗਈ ਪਰ ਉਹਦੀ ਗਰਦਿਸ਼ ਨਾ ਗਈ। ਨੂਰ ਹੁਰੀਂ ਰਾਤ ਵੇਲੇ ਦੱਖਣੀ ਦਿੱਲੀ ਦੇ ਸਫਦਰਜੰਗ ਫਲਾਈ ਓਵਰ ਤੋਂ ਲੰਘ ਰਹੇ ਸਨ। ਉਨ੍ਹਾਂ ਦੇ ਡਰਾਈਵਰ ਨੇ ਜ਼ਿੰਦਗੀ ਵਿਚ ਪਹਿਲੀ ਵਾਰੀ ਦੋ ਪੈਗ ਲਾਏ ਹੋਏ ਸਨ। ਸਾਹਮਣਿਓਂ ਮੇਨਕਾ ਗਾਂਧੀ ਦੀ ਕਾਰ ਆ ਰਹੀ ਸੀ। ਰੱਬੋਂ ਉਹ ਕਾਰ ਵਿਚ ਆਪ ਨਹੀਂ ਸੀ ਬੈਠੀ ਹੋਈ। ਪੈਗ ਲਾਏ ਡਰਾਈਵਰ ਨੇ ਉਡਦੀ ਜਾਂਦੀ ਆਪਣੀ ਗੱਡੀ ਉਹਦੀ ਗੱਡੀ ਵਿਚ ਜਾ ਠੋਕੀ।

ਮੈਡੀਕਲ ਇੰਸਟੀਚਿਊਟ ਵਿਚ ਨੂਰ ਕਿੰਨਾ ਚਿਰ ਅਣਗੌਲਿਆ ਪਿਆ ਰਿਹਾ। ਅਖੀਰ ਉਹਦੀ ਸ਼ਨਾਖਤ ਲਈ ਉਹਦੀਆਂ ਜੇਬਾਂ ਟੋਲੀਆਂ ਗਈਆਂ। ਉਹਦੇ ਵਿਚੋਂ ਪ੍ਰਕਾਸ਼ਕ ਤੇ ਕਹਾਣੀਕਾਰ ਐਸ. ਬਲਵੰਤ ਦਾ ਟੈਲੀਫੋਨ ਨੰਬਰ ਨਿਕਲਿਆ। ਉਨ੍ਹੀਂ ਦਿਨੀਂ ਨੂਰ ਦੇ ਦੋਸਤਾਂ ਵਿਚੋਂ ਫੋਨ ਸਿਰਫ ਉਹਦੇ ਕੋਲ ਹੀ ਹੁੰਦਾ ਸੀ। ਉਹਨੇ ਰਾਤੀਂ ਤਿੰਨ ਕੁ ਵਜੇ ਜਾ ਕੇ ਨੂਰ ਦੇ ਘਰ ਵਾਲਿਆਂ ਨੂੰ ਖਬਰ ਦਿੱਤੀ। ਨੂਰ ਦੀਆਂ ਜੇਬਾਂ ਵਿਚੋਂ ਇਕ ਛੋਟੀ ਜਿਹੀ ਫੋਟੋ ਵੀ ਨਿਕਲੀ। ਉਹਨੂੰ ਵੇਖ ਡਿਊਟੀ ਵਾਲੀ ਡਾਕਟਰ ਕੁੜੀ ਫੁਰਤੀ ਵਿਚ ਆ ਗਈ ਤੇ ਨੂਰ ਵੱਲ ਉਚੇਚਾ ਧਿਆਨ ਦੇਣ ਲੱਗ ਪਈ।

ਜਦੋਂ ਐਕਸੀਡੈਂਟ ਦੀ ਖਬਰ ਅਖਬਾਰ ਵਿਚ ਛਪੀ। ਗਿਆਨੀ ਜ਼ੈਲ ਸਿੰਘ ਨੇ ਵੀ ਪੜ੍ਹ ਲਈ। ਉਹ ਅਜੇ ਉਨ੍ਹੀਂ ਦਿਨੀਂ ਹੀ ਰਾਸ਼ਟਰਪਤੀ ਪਦ ਤੋਂ ਵਿਹਲਾ ਹੋਇਆ ਸੀ। ਉਹ ਨੂਰ ਦੀ ਖਬਰ ਲੈਣ ਉਹਦੇ ਵਾਰਡ ਵਿਚ ਪਹੁੰਚ ਗਿਆ। ਉਥੇ ਹਲਚਲ ਮੱਚ ਗਈ। ਨੂਰ ਨੂੰ ਉਹਦਾ ਆਪਣਾ ਬੰਦਾ ਸਮਝ ਜਨਰਲ ਵਾਰਡ ਤੋਂ ਪ੍ਰਾਈਵੇਟ ਕਮਰੇ ਵਿਚ ਪਾ ਦਿੱਤਾ ਗਿਆ ਤੇ ਉਹਦੇ ਇਲਾਜ ਲਈ ਵਿਸ਼ੇਸ਼ ਡਾਕਟਰ ਨਿਯੁਕਤ ਕਰ ਦਿੱਤੇ ਗਏ।

ਗਿਆਨੀ ਜੀ ਨੇ ਰਾਤੋਂ ਰਾਤ ਜਰਮਨੀ ਤੋਂ ਉਹ ਪਲੇਟ ਮੰਗਵਾ ਕੇ ਦਿੱਤੀ ਜਿਹੜੀ ਨੂਰ ਦੀ ਲੱਤ ਵਿਚ ਪੈਣੀ ਸੀ। ਇਹ ਰਵੇਲ ਨੇ ਰਾਤੀ ਤਿੰਨ ਵਜੇ ਜਾ ਕੇ ਏਅਰਪੋਰਟ ਤੋਂ ਲਿਆਂਦੀ। ਨੂਰ ਦੀ ਬਾਂਹ ਵਿਚ ਸਪਰਿੰਗ ਵੀ ਪਏ।

ਮੈਂ ਨੂਰ ਨੂੰ ਪੁੱਛਿਆ, "ਉਹ ਫੋਟੋ ਕੀਹਦੀ ਸੀ? ਉਹ, ਜਿਹੜੀ ਜੇਬ ਵਿਚੋਂ ਨਿਕਲੀ ਸੀ।" "ਇਹ ਕੁੜੀ ਮੇਰੇ ਨਾਲ ਬੀ.ਏ. ਵਿਚ ਪੜ੍ਹਦੀ ਹੁੰਦੀ ਸੀ। ਉਹ ਡਿਊਟੀ ਵਾਲੀ ਡਾਕਟਰ ਕੁੜੀ ਦੀ ਮਾਂ ਸੀ।"

ਨੂਰ ਦੀ ਜ਼ਿੰਦਗੀ ਵਿਚ ਦੋਸਤੀਆਂ ਤੇ ਯਾਰੀਆਂ ਦੀ ਲੋਅ ਸਦਾ ਹੀ ਰਹੀ ਏ। ਉਹਦੇ ਬਿਨਾਂ ਉਹਨੂੰ ਕੁਝ ਨਹੀਂ ਦਿੱਸਦਾ। ਉਹ ਯਾਰ ਬਸ਼ਾ ਬੰਦਾ ਏ। ਜੇ ਸ਼ਾਮੀਂ ਜਾਂ ਹੋਰ ਵਿਹਲੇ ਵੇਲੇ ਆਪਣੇ ਦੁਆਲੇ ਦੋ-ਚਾਰ ਦੋਸਤ ਇਕੱਠੇ ਨਾ ਕਰ ਲਏ, ਉਹਦੇ ਪਿੰਡੇ ਤੇ ਦਿਲ ਦਿਮਾਗ ਦੇ ਬਟਨ ਨਹੀਂ ਖੁੱਲ੍ਹਦੇ। ਉਹਦੇ ਦੋਸਤ ਤਾਂ ਵਾਹਵਾ ਪੀ ਲੈਂਦੇ ਨੇ ਪਰ ਹੁਣ ਉਹ ਆਪ ਬਹੁਤੀ ਪੀ ਨਹੀਂ ਸਕਦਾ। ਉਹਨੇ ਇਕ ਅੱਧ ਪੈਗ ਵਿਚੋਂ ਹੀ ਅੱਧੀ ਬੋਤਲ ਜਿੰਨਾ ਲੁਤਫ ਲੈ ਲੈਣ ਦੀ ਜਾਚ ਸਿੱਖ ਲਈ ਏ। ਮਿਲ ਬਹਿੰਦੇ ਨੇ ਤਾਂ ਗੱਪਾਂ ਵੱਜਦੀਆਂ ਨੇ। ਯੱਕੜ, ਠਹਾਕੇ ਵੱਜਦੇ ਨੇ। ਸਾਹਿਤ ਤੇ ਸੱਭਿਆਚਾਰ ਦੀਆਂ ਘਟਨਾਵਾਂ ਦੀ ਚਰਚਾ ਹੁੰਦੀ ਏ। ਮਹਿਫਲ ਚੋਖੀ ਰਾਤ ਤਕ ਚਲਦੀ ਏ। ਉਸ ਪਿੱਛੋਂ ਹੀ ਨੂਰ ਘਰ ਪਹੁੰਚਦਾ ਤੇ ਸਵੇਰੇ ਪੰਜ ਵਜੇ ਉਠ ਆਪਣਾ ਨਵਾਂ ਦਿਨ ਸ਼ੁਰੂ ਕਰਦਾ ਹੈ।

ਜਦੋਂ ਨੂਰ ਦਿੱਲੀ ਆਇਆ, ਹਰਿਭਜਨ ਤੋਂ ਛੁੱਟ ਉਹਦਾ ਬਹਿਣ-ਖਲੋਣ ਸਿਰਫ ਦੋ ਦੋਸਤਾਂ ਨਾਲ ਸੀ। ਪ੍ਰਕਾਸ਼ਕ ਤੇ ਕਹਾਣੀਕਾਰ ਐਸ. ਬਲਵੰਤ ਨਾਲ ਜੋ ਉਹਦੇ ਨੇੜੇ ਰਹਿੰਦਾ ਸੀ ਅਤੇ ਹਰਿਭਜਨ ਦੀ ਸਾਹਮਣੀ ਗਲੀ ਵਿਚ ਰਹਿੰਦੇ ਹਰਨਾਮ ਨਾਲ। ਹਰਨਾਮ ਮਨੁੱਖੀ ਸ਼ਕਲ ਵਿਚ ਕੋਈ ਅਲੋਕਾਰ ਵਰਤਾਰਾ ਸੀ। ਵੇਚਦਾ ਸ਼ੀਸ਼ਾ ਸੀ ਤੇ ਸਾੜ੍ਹੀਆਂ ਤੇ ਫੇਰ ਪ੍ਰਾਪਰਟੀ ਪਰ ਨਵੀਂ ਕਵਿਤਾ ਲਿਖਦਾ ਸੀ। ਸਿਰਫ ਹਿੰਦੀ ਉਰਦੂ ਹੀ ਪੜ੍ਹਿਆ ਹੋਇਆ ਸੀ ਪਰ ਉਹਦੀ ਜ਼ੁਬਾਨ 'ਤੇ ਹਮੇਸ਼ਾ ਸਾਰਤਰ, ਕਾਫਕਾ, ਕਾਮੂ ਤੇ ਬੈਕਟ ਰਹਿੰਦੇ ਸਨ। ਬੋਤਲ ਦਾ ਬੜਾ ਦਿਲਦਾਦਾ ਸੀ। ਅਖੀਰ ਉਹ ਐਕਸੀਡੈਂਟ ਵਿਚ ਜਵਾਨ ਪੁੱਤਰ ਦੀ ਮੌਤ ਦੇ ਗਮੋਂ ਤੇ ਇਸ ਬੋਤਲ ਦੀ ਲਿਲ੍ਹੋਂ ਵਕਤੋਂ ਬਹੁਤ ਪਹਿਲੋਂ ਚਲਾ ਗਿਆ। ਨੂਰ ਨੂੰ ਉਹਦੀ ਕਵਿਤਾ ਬੜੀ ਚੰਗੀ ਲੱਗਦੀ। ਆਪਣੀ ਇਕ-ਅੱਧ ਕਿਤਾਬ ਨਾਲ ਉਹ ਸਥਾਪਤ ਨਾ ਹੋ ਸਕਿਆ। ਜਿਸ ਤਰ੍ਹਾਂ ਅਰੁੰਧਤੀ ਰਾਏ ਆਪਣੇ ਇਕੋ ਨਾਵਲ 'ਦ ਗੌਡ ਔਫ ਸਮਾਲ ਥਿੰਗਜ਼' ਨਾਲ ਅੰਗਰੇਜ਼ੀ ਵਿਚ ਸਥਾਪਤ ਹੋ ਗਈ ਏ, ਪੰਜਾਬੀ ਸਾਹਿਤ ਵਿਚ ਇੰਜ ਨਹੀਂ ਹੋ ਸਕਦਾ। ਪੰਜਾਬੀ ਵਿਚ ਇਕੋ ਕਿਤਾਬ ਨਾਲ ਜਾਂ ਬਿਨਾਂ ਕਿਤਾਬੋਂ ਸਥਾਪਤ ਹੋ ਜਾਣ ਦੀ ਮਿਸਾਲ ਸਿਰਫ ਸ਼ਿਵ ਕੁਮਾਰ ਦੀ ਏ।

ਨੂਰ ਦਾ ਨੇੜ-ਅਨੇੜ ਅੰਮ੍ਰਿਤਾ ਨਾਲ ਵੀ ਰਿਹਾ। ਅੰਮ੍ਰਿਤਾ ਛੇਤੀ ਨਾਰਾਜ਼ ਹੋ ਜਾਂਦੀ ਸੀ। ਇਸ ਲਈ ਉਹਦਾ ਬੂਹਾ ਕਦੀ ਖੁੱਲ੍ਹਾ ਹੁੰਦਾ ਸੀ, ਕਦੀ ਭੀੜਿਆ ਹੋਇਆ ਤੇ ਕਦੀ ਬਿਲਕੁਲ ਬੰਦ। 'ਇਕੱਤੀ ਫਰਵਰੀ' ਵਿਚ ਜਦੋਂ ਗੁਰਬਚਨ ਦਾ ਵਿਅੰਗ ਛਪਿਆ, ਅੰਮ੍ਰਿਤਾ ਨੇ ਸਮਝ ਲਿਆ ਕਿ ਵਿਅੰਗ ਨੂਰ ਨੇ ਹੀ ਲਿਖਵਾਇਆ ਏ। ਉਹਨੇ ਆਪਣਾ ਬੂਹਾ ਬੰਦ ਕਰ ਦਿੱਤਾ। ਬਾਅਦ ਵਿਚ ਬੂਹਾ ਖੁੱਲ੍ਹਿਆ ਵੀ ਤੇ ਚੁਪੱਟ ਹੀ ਖੁੱਲ੍ਹਾ ਰਿਹਾ। ਨੂਰ ਉਹਨੂੰ ਮਿਲਦਾ ਤੇ ਕਦੀ-ਕਦਾਈਂ ਅੰਮ੍ਰਿਤਾ ਦੇ ਘਰ ਉਹਦੇ ਪ੍ਰਸ਼ੰਸਕਾਂ ਤੇ ਚਾਹੁਣ ਵਾਲਿਆਂ ਦੇ ਇਕੱਠ ਵਿਚ ਢੋਲੇ ਤੇ ਮਿਰਜ਼ਾ ਵੀ ਸੁਣਾ ਦਿੰਦਾ। ਖੱਬੇ ਕੰਨ 'ਤੇ ਹੱਥ ਰੱਖ ਕੇ ਲੰਮੀ ਹੇਕ ਨਾਲ ਤੇ ਰਤਾ ਨੀਵੀਂ ਆਵਾਜ਼ ਕਰ।

ਏਡਾ ਦੋਸਤ ਪਸੰਦ ਤੇ ਦੋਸਤ ਨਿਵਾਜ਼ ਹੁੰਦਿਆਂ ਹੋਇਆਂ ਵੀ ਨੂਰ ਦੇ ਬਹੁਤੇ ਦੋਸਤ ਨਹੀਂ ਸਨ ਹੁੰਦੇ। ਮਜ਼ੇਦਾਰ ਗੱਲ ਇਹ ਹੈ ਕਿ ਦੋਸਤ ਜਿੰਨੇ ਵੀ ਸਨ, ਅਧਿਆਪਕ ਜਾਂ ਆਲੋਚਕ ਨਹੀਂ ਸਨ। ਕਵੀ ਸਨ। ਬਹੁਤੇ ਕਲਮੋਂ। ਬਾਕੀ ਦੇ ਦਿਲੋਂ। ਸੁਹਬਤ ਮਰਦਾਵੀਂ ਹੁੰਦੀ ਸੀ। ਗੱਲਾਂ ਵੀ ਮਰਦਾਵੀਆਂ ਹੁੰਦੀਆਂ ਸਨ। ਉਹ ਔਰਤਾਂ ਤੋਂ ਝਿਜਕਦੇ ਸਨ ਤੇ ਔਰਤਾਂ ਉਨ੍ਹਾਂ ਤੋਂ।

ਇਹ ਗੱਲ ਉਹਦੀ ਸੁਹਬਤ 'ਤੇ ਘਟਦੀ ਏ ਨੂਰ 'ਤੇ ਨਹੀਂ। ਨੂਰ ਦੀ ਆਪਣੀ ਇਕ ਸ਼ਾਗਿਰਦ ਨਾਲ ਸੰਗਤ ਰਹੀ। ਇਸ ਸ਼ਾਗਿਰਦ ਦਾ ਨਾਂ ਵਿਨੀਤਾ ਏ। ਉਹ ਦਿੱਲੀ ਖਾਲਸਾ ਕਾਲਜ ਵਿਚ ਪੰਜਾਬੀ ਪੜ੍ਹਾਉਂਦੀ ਏ, ਕਵਿਤਾ ਲਿਖਦੀ ਏ ਤੇ ਆਲੋਚਨਾ ਵੀ। ਉਹਦੀ ਸੁਰ ਨੂਰ ਤੋਂ ਵੱਖਰੀ ਏ।

ਉਹ ਪੰਜਾਬੋਂ ਸੰਗੀਤ ਦੀ ਐਮ.ਏ. ਕਰਕੇ ਦਿੱਲੀ ਆਈ। ਨੂਰ ਕੋਲ ਉਹਨੇ ਪੰਜਾਬੀ ਦੀ ਐਮ.ਏ. ਕੀਤੀ। ਫੇਰ ਐਮ.ਫਿਲ. ਤੇ ਫੇਰ ਪੀ.ਐਚ.ਡੀ.। ਏਸੇ ਦੌਰਾਨ ਦੋਵਾਂ ਦੀ ਦੋਸਤੀ ਹੋ ਗਈ। ਨੂਰ ਵਾਂਗ ਉਹਦਾ ਵੀ ਆਪਣਾ ਪਰਿਵਾਰ ਏ।

ਨੂਰ ਵਿਨੀਤਾ ਨੂੰ ਸਹਿਜ ਹੀ ਮਿਲਦਾ ਹੈ। ਉਹਦੀ ਗੱਲ ਵੀ ਸਹਿਜ ਹੀ ਕਰਦਾ ਹੈ। ਉਹਦੇ ਨਾਲ ਗੋਸ਼ਟੀਆਂ ਤੇ ਸਾਹਿਤਕ ਇਕੱਠਾਂ 'ਤੇ ਵੀ ਜਾਂਦਾ ਹੈ। ਨਾ ਉਨ੍ਹਾਂ ਨੂੰ ਓਪਰਾ ਲੱਗਦਾ ਹੈ ਨਾ ਕਿਸੇ ਹੋਰ ਨੂੰ। ਦੋਵਾਂ ਨੂੰ ਇਕ ਦੂਜੇ ਵੱਲੋਂ ਠੰਢੀ ਹਵਾ ਆਉਂਦੀ ਏ।

ਨੂਰ ਦੇ ਦਫਤਰ ਵਿਚ ਬੈਠਿਆਂ ਮੈਂ ਨੂਰ ਨੂੰ ਸਵਾਲ ਕੀਤਾ, "ਹੁਣ ਅੱਗੋਂ ਕੀ ਕਰਨਾ ਜੇ?"


ਨੂਰ ਨੇ ਪਹਿਲਾਂ ਵਾਲੀ ਸੁਰ ਵਿਚ ਹੀ ਜਵਾਬ ਦਿੱਤਾ, "ਕਰਨ ਨੂੰ ਬੜਾ ਕੁਝ ਪਿਐ। ਬਿਆਤ੍ਰਿਸ ਵਾਲੀ ਲੰਮੀ ਨਜ਼ਮ ਪੂਰੀ ਕਰਨੀ ਏ। ਵੀਹਵੀਂ ਸਦੀ ਦੇ ਸਭ ਤੋਂ ਵੱਡੇ ਰੂਸੀ ਸਾਹਿਤ-ਸਿਧਾਂਤਕਾਰ ਬਾਖਤਿਨ 'ਤੇ ਕਿਤਾਬ ਛੋਹੀ ਹੋਈ ਏ। ੧ਓ ਕੀ ਏ, ਇਕ ਕਿਤਾਬ ਏਸ 'ਤੇ ਵੀ ਲਿਖ ਰਿਹਾਂ। ਇਕ ਕਿਤਾਬ ਗੁਰਬਾਣੀ ਦੇ ਕਾਵਿ ਸ਼ਾਸਤਰ 'ਤੇ ਲਿਖ ਰਿਹਾਂ। ਸਮਕਾਲੀ ਸਾਹਿਤ ਦਾ ਕੋਸ਼ ਵੀ ਬਣਾ ਰਿਹਾਂ।"

ਮੈਂ ਇਕ ਸਵਾਲ ਹੋਰ ਪੁੱਛ ਲਿਆ, "ਹੁਣ ਤੁਸੀਂ ਸਾਹਿਤ ਅਕੈਡਮੀ ਦੇ ਮੀਤ ਪ੍ਰਧਾਨ ਹੋ, ਅੱਗੋਂ ਪ੍ਰਧਾਨ ਨਹੀਂ ਬਣਨਾ?" ਮੇਰੇ ਏਸ ਸਵਾਲ ਵਿਚ ਨੂਰ ਨੇ ਕੋਈ ਦਿਲਚਸਪੀ ਨਾ ਦਰਸਾਈ। ਐਵੇਂ ਬੇਮਾਲੂਮਾ ਜਿਹਾ ਮੁਸਕਰਾ ਛੱਡਿਆ। ਵੈਸੇ ਅਕੈਡਮੀ ਦੀ ਰਿਵਾਇਤ ਏ ਕਿ ਮੀਤ ਪ੍ਰਧਾਨ ਹੀ ਪ੍ਰਧਾਨ ਬਣਦਾ ਹੈ।

ਮੈਨੂੰ ਮਹਿਸੂਸ ਹੋਇਆ ਜਿਸ ਸਾਹਿਤਕ ਤੇ ਸੰਸਥਾਈ ਮਚਾਣ 'ਤੇ ਨੂਰ ਬੈਠਾ ਸੀ, ਉਹ ਤ੍ਰਿਪਤ ਸੀ। ਕਈਆਂ ਨੂੰ ਉਹਦੇ 'ਤੇ ਰੀਸ ਆਉਂਦੀ ਸੀ ਤੇ ਕਈਆਂ ਨੂੰ ਸਾੜਾ ਲੱਗਦਾ ਸੀ। ਕਈ ਉਹਨੂੰ ਏਡੀ ਉਚਾਈ ਦੇ ਯੋਗ ਨਹੀਂ ਸਨ ਸਮਝਦੇ। ਉਹ ਨੂਰ ਨੂੰ ਨਾ ਵੱਡਾ ਕਵੀ ਮੰਨਦੇ ਸਨ, ਨਾ ਵੱਡਾ ਆਲੋਚਕ ਤੇ ਨਾ ਵੱਡਾ ਅਧਿਆਪਕ। ਨੂਰ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਉਹਨੂੰ ਕਿਸੇ ਤੋਂ ਕੋਈ ਸਰਟੀਫਿਕੇਟ ਨਹੀਂ ਸੀ ਚਾਹੀਦਾ। ਨਾ ਉਹਨੇ ਲਿਖਣਾ ਛੱਡਣਾ ਨਾ ਹੀ ਸਦਾ ਗਰਦਿਸ਼ ਵਿਚ ਰਹਿਣ ਦਾ ਆਪਣਾ ਨੇਮ। ਕਿਸੇ ਨਾਲ ਗੁੱਸਾ ਨਹੀਂ ਕਰਨਾ। ਕਿਸੇ ਨਾਲ ਕਿੜ ਨਹੀਂ ਰੱਖਣੀ। ਜੋ ਉਸ ਧਾਰਿਆ ਹੈ, ਉਹਨੇ ਉਹ ਕਰਦਾ ਰਹਿਣਾ ਹੈ।

ਬਾਹਰ ਨਿਕਲਦਾ ਮੈਂ ਉਹਨੂੰ ਹੀ ਚਿਤਵੀ ਜਾ ਰਿਹਾ ਸਾਂ। ਕੱਲ੍ਹ ਸਵੇਰੇ ਉਹਨੇ ਪੰਜਾਬ ਦੇ ਤਿੰਨ ਦਿਨਾਂ ਦੇ ਦੌਰੇ 'ਤੇ ਨਿਕਲ ਪੈਣਾ ਸੀ। ਪਹਿਲੋਂ ਪਟਿਆਲੇ ਪਹੁੰਚਣਾ ਸੀ, ਫੇਰ ਲੁਧਿਆਣੇ ਤੇ ਐਤਵਾਰ ਚੰਡੀਗੜ੍ਹ। ਓਥੇ ਕਿਸੇ ਨਵੀਂ ਸ਼ਾਇਰਾ ਦੇ ਨਵੇਂ ਸੰਗ੍ਰਹਿ ਦਾ ਉਹਨੇ ਘੁੰਡ ਚੁੱਕਣਾ ਸੀ। ਜਦੋਂ ਮੇਰੀ ਗੱਡੀ ਮੇਰੇ ਘਰ ਨੂੰ ਜਾ ਰਹੀ ਸੀ, ਮੇਰੀ ਕਲਪਨਾ ਵਿਚ ਨੂਰ ਦੀ ਰੁਪਹਿਲੀ ਰਿਟਜ਼ ਮਾਰੂਤੀ ਪੰਜਾਬ ਨੂੰ ਨਿਕਲੀ ਹੋਈ ਸੀ। ਮੈਂ ਉਹਨੂੰ ਚਿਤਵਦਾ ਜਾ ਰਿਹਾ ਸਾਂ। ਚਿੱਟਾ ਦਿਨ ਚੜ੍ਹਿਆ ਹੋਇਆ ਸੀ, ਨੂਰ ਪਿੱਛੇ ਬੈਠਾ ਸੀ। ਆਪਣੇ ਆਪ ਵਿਚ ਮਗਨ। ਪੈਰੋਂ ਚੱਪਲਾਂ ਉਹਨੇ ਲਾਹੀਆਂ ਹੋਈਆਂ ਸਨ। ਸਿਰ 'ਤੇ ਕਾਲੀ ਪੱਗ ਸੀ। ਇਕ ਗੁੱਟ 'ਤੇ ਚੌੜੀ, ਚੌਰਸ ਘੜੀ ਤੇ ਦੂਜੇ 'ਤੇ ਸਟੀਲ ਦਾ ਕੜਾ। ਹੱਥ ਵਿਚ ਕਿਤੇ ਵਿਚਾਲਿਉਂ ਖੁੱਲ੍ਹੀ ਕਿਤਾਬ। ਸ਼ਾਇਦ ਉਹੀ ਜਿਸ 'ਤੇ ਉਹਨੇ ਪਟਿਆਲੇ ਬੋਲਣਾ ਸੀ। ਪਾਸੇ 'ਤੇ ਇਕ ਹੋਰ ਕਿਤਾਬ ਪਈ ਸੀ। ਸ਼ਾਇਦ ਉਹ ਜਿਹੜੀ ਉਹਨੇ ਚੰਡੀਗੜ੍ਹ ਰਿਲੀਜ਼ ਕਰਨੀ ਸੀ। ਇਹ ਅਜੇ ਪਈ ਰਹਿਣੀ ਸੀ। ਇਹ ਉਹਨੇ ਲੁਧਿਆਣਿਓਂ ਚੰਡੀਗੜ੍ਹ ਜਾਂਦਿਆਂ ਰਾਹ ਵਿਚ ਪੜ੍ਹਨੀ ਸੀ, ਐਤਵਾਰ। ਹੱਥਲੀ ਕਿਤਾਬ ਉਹ ਪੜ੍ਹੀ ਜਾ ਰਿਹਾ ਸੀ। ਕਿਤਾਬ ਮੋਟੀ ਸੀ। ਫੇਰ ਵੀ ਮੁੱਕ ਜਾਣੀ ਸੀ। ਪਟਿਆਲੇ ਪਹੁੰਚਦਿਆਂ ਤਿੰਨ-ਚਾਰ ਘੰਟੇ ਲੱਗ ਹੀ ਜਾਣੇ ਸਨ। ਉਹਨੇ ਜੇਬ ਵਿਚ ਟੁੰਗਿਆ ਬਾਲ-ਪੁਆਇੰਟ ਕੱਢਿਆ ਤੇ ਇਕ ਥਾਂ ਨਿਸ਼ਾਨ ਲਾਇਆ ਤੇ ਖੱਬੇ ਹੱਥ ਕੁਝ ਲਿਖਿਆ। ਮੁੱਖ ਗੱਲ ਇਹ ਸੀ। ਇਸ 'ਤੇ ਬੋਲਿਆ ਜਾ ਸਕਦਾ ਸੀ। ਉਹਨੇ ਕਿਤਾਬ ਇਕ ਪਾਸੇ ਰੱਖ ਦਿੱਤੀ ਤੇ ਸਾਹਮਣੇ ਵੇਖਿਆ। ਰਾਹ ਸਾਫ ਸੀ। ਕੋਈ ਗੱਡੀ ਨਹੀਂ ਸੀ ਅੱਗੇ। ਨਜ਼ਰ ਦੂਰ ਤਕ ਜਾਂਦੀ ਸੀ। ਦੁਮੇਲ ਦਿੱਸਦਾ ਸੀ। ਬਿਰਖ ਉਸ ਤੋਂ ਦੂਰ ਸਨ। ਅਸਮਾਨ ਖਰਾ ਸੀ। ਕੋਈ ਬੱਦਲ ਨਹੀਂ ਸਨ। ਚਾਨਣ ਹੀ ਚਾਨਣ ਸੀ। ਨੂਰ ਨੇ ਦ੍ਰਿਸ਼ ਨੂੰ ਅੱਖਾਂ ਵਿਚ ਭਰ ਲਿਆ।

# ਗੀਤਾਂ ਦਾ ਵਣਜਾਰਾ ਪਾਲ ਮਜਾਰੇਵਾਲਾ ਬੜਾ ਉਦਾਸ ਹੈ...



ਗੀਤ ਸੰਗੀਤ

ਇਕਬਾਲ ਜੱਬੋਵਾਲੀਆ
ਫੋਨ:917-375-6395

*ਤਿੰਨ ਦਹਾਕਿਆਂ ਤੋਂ ਮੰਜੇ 'ਤੇ ਅਪੰਗ ਪਿਆ ਗੀਤਕਾਰੀ ਦਾ ਛਾਂਦਾਰ ਦਰਖ਼ਤ ਸੁੱਕਦਾ ਜਾ ਰਿਹਾ ਹੈ। ਸਮੇਂ ਦੇ ਥਪੇੜੇ ਝੱਲਦਾ ਤੀਲ੍ਹਾ-ਤੀਲ੍ਹਾ ਹੋ ਕੇ ਤੇਜ਼ ਹਵਾਵਾਂ ਵਿਚ ਉਡਦਾ ਇਕ ਦਿਨ ਝੱਖੜਾਂ 'ਚ ਗੁਆਚ ਜਾਵੇਗਾ। ਗੁੰਮਨਾਮ ਗੀਤਕਾਰ ਪਾਲ ਮਜਾਰੇਵਾਲਾ ਬਾਰੇ ਲਿਖਣ ਦੀ ਬੜੇ ਚਿਰਾਂ ਤੋਂ ਤਮੰਨਾ ਸੀ। ਰੁਝੇਵਿਆਂ ਕਰਕੇ ਇਹ ਕਾਰਜ ਗੀਤਕਾਰਾਂ ਅਤੇ ਕਲਾਕਾਰਾਂ ਬਾਰੇ ਲਿਖਣ ਵਾਲੇ ਇਕ ਲੇਖਕ ਵੀਰ ਨੂੰ ਸੌਂਪਿਆ। ਬੇਨਤੀ ਕੀਤੀ ਕਿ ਮਜਾਰੇ ਜਾ ਕੇ ਉਹ ਇਸ ਸਿਰਮੌਰ ਗੀਤਕਾਰ ਦੀ ਜ਼ਿੰਦਗੀ ਦੀਆਂ ਬਾਤਾਂ ਸੁਣੇ, ਉਹਦਾ ਦੁੱਖ-ਦਰਦ ਵੰਡਾਵੇ। ਉਹਨੂੰ ਤਿਲ-ਫੁੱਲ ਵੀ ਭੇਟਾ ਕੀਤਾ। ਉਹ ਖ਼ਾਮੋਸ਼ ਰਿਹਾ। ਪਤਾ ਨਹੀਂ ਕਿਉਂ? ਸ਼ਾਇਦ ਤੁੱਛ ਜਿਹੀ ਭੇਟਾ ਨਾਲ ਉਹ ਖ਼ੁਸ਼ ਨਹੀਂ ਸੀ! ਵੱਡੇ ਗੀਤਕਾਰ ਬਾਰੇ ਲਿਖਣਾ ਸ਼ਾਇਦ ਉਹਦੀ ਖ਼ਾਹਿਸ਼ ਵੀ ਵੱਡੀ ਹੋਵੇ! ਕਲਮ ਦੇ ਉਸ ਧਨੀ ਦੀ ਕਲਮ ਗੀਤਕਾਰਾਂ/ਕਲਾਕਾਰਾਂ ਬਾਰੇ ਹਾਲੇ ਵੀ ਨਿਰੰਤਰ ਚਲੀ ਜਾ ਰਹੀ ਹੈ। ਬੱਸ! ਬੇਵੱਸ ਤੇ ਲਾਚਾਰ ਇਸ ਗੀਤਕਾਰ ਬਾਰੇ ਚੁੱਪ ਵੱਟੀ ਹੋਈ ਹੈ। ਰੱਬ ਜਾਣੇ ਕਿਉਂ! ਕਾਫ਼ੀ ਇੰਤਜ਼ਾਰ ਤੋਂ ਬਾਅਦ ਮੈਂ ਆਪ ਇਸ ਗੀਤਕਾਰ ਬਾਰੇ ਲਿਖਣ ਦਾ ਫੈਸਲਾ ਕੀਤਾ। ਫ਼ੋਨ ਉਤੇ ਲੰਮਾ ਸਮਾਂ ਗੱਲਾਂ ਚੱਲੀਆਂ ਮਜਾਰੇਵਾਲੇ ਪਾਲ ਨਾਲ। ਜ਼ਿੰਦਗੀ ਦੇ ਆਖ਼ਰੀ ਸਵਾਸਾਂ ਨਾਲ ਘੁਲ਼ਦੇ ਇਸ ਮਹਾਨ ਗੀਤਕਾਰ ਦੀਆਂ ਕੁਝ ਪੀਡੀਆਂ ਤੰਦਾਂ ਪਾਠਕਾਂ ਦੀ ਨਜ਼ਰ ਕਰ ਰਿਹਾਂ:*

ਮੇਰਾ ਸਮਾਂ ਬੁਰਾ ਹੈ,
ਸੱਜਣ ਬੁਰਾ ਨਹੀਂ।
ਨਜ਼ਰਾਂ ਤੋਂ ਭਾਵੇਂ ਦੂਰ ਹੈ,
ਦਿਲ ਤੋਂ ਜੁਦਾ ਨਹੀਂ। -ਪਾਲ

ਪੱਥਰ ਦੇ ਤਵਿਆਂ ਦਾ ਜ਼ਮਾਨਾ ਸੀ। ਦੋ ਮੰਜੇ ਜੋੜ ਕੇ ਉਪਰ ਵੱਡੇ ਸਪੀਕਰ ਰੱਖੇ ਜਾਂਦੇ ਸਨ। ਵਿਆਹਾਂ-ਸ਼ਾਦੀਆਂ ਦੇ ਮੌਕਿਆਂ 'ਤੇ ਪਾਲ ਦੇ ਗੀਤਾਂ ਦੀ ਗੂੰਜ ਪੰਜਾਬ ਦੇ ਬਨ੍ਹੇਰਿਆਂ 'ਤੇ ਪੈਂਦੀ। ਹਰ ਪਾਸੇ ਪਾਲ ਦੇ ਗੀਤਾਂ ਦੀਆਂ ਧੁਨਾਂ ਸਨ। ਗੀਤਕਾਰੀ ਦੇ ਇਸ ਜਾਦੂਗਰ ਨੇ ਸੈਂਕੜਿਆਂ ਦੇ ਹਿਸਾਬ ਗੀਤ ਲਿਖ ਕੇ ਕਲਾਕਾਰਾਂ ਨੂੰ ਦਿੱਤੇ। ਉਸ ਵੇਲੇ ਦੇ ਕਰੀਬ ਹਰ ਕਲਾਕਾਰ ਨੇ ਪਾਲ ਦੇ ਗੀਤਾਂ ਨੂੰ ਮਾਣ ਨਾਲ ਗਾਇਆ। ਬਹੁਤੇ ਗੀਤ ਰਿਕਾਰਡ ਵੀ ਹੋਏ। ਉਸ ਦੇ ਗੀਤਾਂ ਦੀ ਵੰਨਗੀ ਅਤੇ ਪੇਸ਼ਕਾਰੀ ਦੂਜੇ ਗੀਤਕਾਰਾਂ ਨਾਲੋਂ ਹਮੇਸ਼ਾ ਵੱਖਰੀ ਹੁੰਦੀ ਸੀ। ਬੇਅੰਤ ਗੀਤਾਂ ਦਾ ਰਚਣਹਾਰਾ ਪਾਲ ਮਜਾਰੇਵਾਲਾ ਬਹੁਤ ਸਾਲਾਂ ਤੋਂ ਮੰਜੇ ਨਾਲ ਜੁੜਿਆ ਪਿਐ। ਮੰਜੇ 'ਤੇ ਪਿਆ ਵੀ ਕੁਝ ਨਾ ਕੁਝ ਹਮੇਸ਼ਾ ਗੁਣਗੁਣਾਉਂਦਾ ਰਹਿੰਦੈ ਤੇ ਨਵੇਂ ਤਰੀਕੇ ਦੇ ਗੀਤਾਂ ਦੀਆਂ ਤਰਜ਼ਾਂ ਦੀ ਵਿਉਂਤਬੰਦੀ ਬਣਾਉਂਦਾ ਰਹਿੰਦੈ।

ਕਿਰਪਾਲ ਸਿੰਘ ਉਰਫ਼ ਪਾਲ ਮਜਾਰੇਵਾਲੇ ਦਾ ਜਨਮ ਪਹਿਲੀ ਮਾਰਚ, 1947 ਨੂੰ ਪਿਤਾ ਕਰਮ ਸਿੰਘ ਫ਼ਾਨੀ ਅਤੇ ਮਾਤਾ ਪ੍ਰਸਿੰਨ ਕੌਰ ਦੇ ਘਰ ਮਜਾਰਾ ਰਾਜਾ ਸਾਹਿਬ (ਮਜਾਰਾ ਨੌਂ ਆਬਾਦ) ਵਿਖੇ ਹੋਇਆ। ਰਾਜਾ ਸਾਹਿਬ ਮਹਾਂਪੁਰਸ਼ ਨੇ ਮਾਤਾ ਜੀ ਦਾ ਨਾਂ ਪ੍ਰਸਿੰਨ ਕੌਰ ਤੋਂ ਬਿਸ਼ਨ ਕੌਰ ਰੱਖ ਦਿੱਤਾ ਸੀ। ਛੋਟਾ ਹੁੰਦਾ ਹੀ ਪਾਲ ਮਾਤਾ-ਪਿਤਾ ਨਾਲ ਦਿੱਲੀ ਚਲਾ ਗਿਆ ਤੇ ਕਈ ਸਾਲ ਉਥੇ ਰਿਹਾ। ਪਿਤਾ ਠੇਕੇਦਾਰ ਅਤੇ ਕਾਫ਼ੀ ਰੋਹਬਦਾਰ ਸ਼ਖ਼ਸੀਅਤ ਦੇ ਮਾਲਕ ਸਨ। ਤੁਰਲੇ ਵਾਲੀ ਪੱਗ ਨਾਲ ਉਹ ਬਹੁਤ ਪ੍ਰਭਾਵਸ਼ਾਲੀ ਲੱਗਦੇ, ਸਵਾ ਛੇ ਫੁੱਟ ਕੱਦ-ਕਾਠ, ਤਾਕਤਵਰ ਇਨਸਾਨ ਅਤੇ ਗਤਕੇ ਦੇ ਚੰਗੇ ਮਾਹਿਰ। ਉਨ੍ਹਾਂ ਦੀ ਸਰਕਾਰੇ-ਦਰਬਾਰੇ ਵੀ ਵਾਹਵਾ ਚੱਲਦੀ ਸੀ। ਉਹ ਦਿੱਲੀ ਦੀਆਂ ਕਈ ਸਮਾਜਕ ਸੰਸਥਾਵਾਂ ਦੇ ਬਾਨੀ ਸਨ। ਉਨ੍ਹਾਂ ਨੂੰ ਇਕ ਵਾਰ ਨਹਿਰੂ ਨੇ ਕਾਂਗਰਸ ਵੱਲੋਂ ਚੋਣ ਲੜਨ ਲਈ ਕਿਹਾ ਤਾਂ ਉਨ੍ਹਾਂ ਦਾ ਜਵਾਬ ਸੀ, "ਸਿਆਸਤ ਵਿਚ ਪੈ ਕੇ ਮੈਂ ਬੁਰਾ ਨਹੀਂ ਬਣਨਾ ਚਾਹੁੰਦਾ...ਹਰ ਇਕ ਦਾ ਭਲਾ ਕਰਨਾ ਚਾਹੁੰਦਾ ਹਾਂ। ਲੋਕੀਂ ਮੇਰੀ ਇੱਜ਼ਤ ਕਰਦੇ ਹਨ, ਮੈਂ ਦਾਗ਼ੀ ਨਹੀਂ ਬਣਨਾ ਚਾਹੁੰਦਾ।" ਮਾਤਾ ਦਾ ਦਿੱਲੀ ਵਿਚ ਡਰਾਈਫ਼ਰੂਟ ਐਕਸਪੋਰਟ ਦਾ ਕਾਰੋਬਾਰ ਸੀ। ਪਿਤਾ ਜੀ ਗਿਆਰਾਂ ਭਾਸ਼ਾਵਾਂ ਦੇ ਗਿਆਨੀ ਸਨ। ਉਨ੍ਹਾਂ ਦੀਆਂ ਰਚਨਾਵਾਂ ਅਖ਼ਬਾਰਾਂ, ਰਸਾਲਿਆਂ ਵਿਚ ਅਕਸਰ ਛਪਦੀਆਂ ਰਹਿੰਦੀਆਂ। ਉਨ੍ਹਾਂ ਨੇ ਜ਼ਿਆਦਾਤਰ ਮਜ਼ਦੂਰਾਂ ਮਿਹਨਤਕਸ਼ਾਂ ਬਾਰੇ ਲਿਖਿਆ। ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨ ਲਈ "ਇੰਪਲਾਈ ਗਜ਼ਟ' ਨਾਂ ਦੀ ਅਖ਼ਬਾਰ ਵੀ ਕੱਢੀ ਜੋ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਅਤੇ ਹੋਰ ਕਈ ਭਾਸ਼ਾਵਾਂ ਵਿਚ ਛਪਦੀ ਸੀ। ਰਚਨਾਵਾਂ ਪੜ੍ਹ-ਪੜ੍ਹ ਕੇ ਪਾਲ ਪਿਤਾ ਜੀ ਤੋਂ ਲਿਖਣ ਦੀ ਸੇਧ ਲੈਣ ਲੱਗਾ। 12 ਅਗਸਤ, 1961 ਨੂੰ ਐਕਸੀਡੈਂਟ ਵਿਚ ਪਿਤਾ ਜੀ ਦੇ ਪੂਰੇ ਹੋ ਜਾਣ ਤੋਂ ਬਾਅਦ ਪਾਲ ਮਾਤਾ ਅਤੇ ਭੈਣ-ਭਰਾਵਾਂ ਸਮੇਤ ਦਿੱਲੀ ਤੋਂ ਵਾਪਸ ਆ ਕੇ ਪਿੰਡ ਮਜਾਰੇ ਰਹਿਣ ਲੱਗਾ। ਇਸ ਹਾਦਸੇ ਤੋਂ ਬਾਅਦ ਪਾਲ ਦਾ ਲਿਖਣ ਦਾ ਸ਼ੌਕ ਵਧ ਗਿਆ। ਗੀਤ ਲਿਖਣ ਦੀ ਮੁਹਾਰਤ ਹਾਸਲ ਕਰ ਲਈ। ਗੀਤ ਲਿਖ-ਲਿਖ ਕੇ ਕਲਾਕਾਰਾਂ ਨੂੰ ਦੇਣ ਲੱਗਾ। ਨਾਲ-ਨਾਲ ਵਿਅੰਗ ਅਤੇ ਕਵਿਤਾਵਾਂ ਵੀ ਲਿਖਦਾ ਰਿਹਾ।

ਗੀਤਾਂ ਦੀਆਂ ਕਈ ਕਿਤਾਬਾਂ ਛਪਵਾਈਆਂ, ਜਿਵੇਂ 'ਲੱਛੀ ਸੱਪ ਬਣ ਗਈ'। ਇਸ ਕਿਤਾਬ ਦਾ ਪਹਿਲਾ ਐਡੀਸ਼ਨ ਗੁਰੂ ਨਾਨਕ ਪੁਸਤਕ ਭੰਡਾਰ, ਅੰਮ੍ਰਿਤਸਰ ਵਾਲੇ ਅਮਰਜੀਤ ਸਿੰਘ ਨੇ ਛਾਪਿਆ। ਇਸੇ ਕਿਤਾਬ ਦਾ ਦੂਜਾ ਐਡੀਸ਼ਨ ਜਵਾਹਰ ਸਿੰਘ ਕਿਰਪਾਲ ਸਿੰਘ ਫ਼ਰਮ ਨੇ ਛਾਪਿਆ। 'ਭੱਜ ਲੈ ਗਰਾਰੇ ਵਾਲੀਏ' ਕਿਤਾਬ ਵੀ ਇਨ੍ਹਾਂ ਹੀ ਛਾਪੀ। 'ਤੌਬਾ ਬਾਪੂ ਦੀ' ਚਤਰ ਸਿੰਘ-ਜੀਵਨ ਸਿੰਘ ਵਾਲਿਆਂ ਨੇ ਛਾਪੀ। ਚੌਥੀ ਕਿਤਾਬ 'ਨਖ਼ਰਾ ਪਾਸ਼ੋ ਦਾ' ਅੰਮ੍ਰਿਤਸਰ ਪੁਸਤਕ ਭੰਡਾਰ ਵਾਲੇ ਪ੍ਰੀਤਮ ਸਿੰਘ ਫ਼ਰਮ ਨੇ ਵੱਖਰੇ-ਵੱਖਰੇ ਗੀਤਕਾਰਾਂ ਦੇ ਗੀਤ ਲੈ ਕੇ ਛਾਪੀ। ਇਸ ਕਿਤਾਬ ਦਾ ਨਾਂ 'ਰੂਪ ਪੰਜਾਬਣ ਦਾ ਹੋਰ ਝੂਠੀਆਂ ਗੱਲਾਂ' ਸੀ ਪਰ ਚਰਨ ਸਿੰਘ ਸਫ਼ਰੀ ਦੇ ਕਹਿਣ 'ਤੇ 'ਨਖ਼ਰਾ ਪਾਸ਼ੋ ਦਾ' ਰੱਖਿਆ ਸੀ। ਸਫ਼ਰੀ ਦਾ ਕਹਿਣਾ ਸੀ ਕਿ ਪਾਲ ਜੀ ਮੈਂ ਪਾਸ਼ੋ ਨੂੰ ਅਮਰ ਕਰਨਾ ਚਾਹੁੰਨੈਂ। ਸਫ਼ਰੀ ਨਾਲ ਯਾਰੀ ਹੋਣ ਕਰਕੇ ਪਾਲ ਨੇ ਸੱਤ ਬਚਨ ਕਿਹਾ। 'ਧੁੱਪ ਵਾਂਗੂ ਚਮਕਦੀਏ' ਕਿਤਾਬ ਮੇਹਰ ਸਿੰਘ ਐਂਡ ਸੰਨਜ਼ ਨੇ ਛਾਪੀ। ਸੰਨ 1977 ਵਿਚ ਆਖ਼ਰੀ ਕਿਤਾਬ 'ਚੱਲ ਕਚਹਿਰੀ ਮੋਰਨੀਏ' ਭਾਰਤ ਪੁਸਤਕ ਭੰਡਾਰ ਜਲੰਧਰ ਵਾਲਿਆਂ ਨੇ ਛਾਪੀ।

ਪਾਲ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਕਈ ਗੀਤਕਾਰਾਂ ਨੇ ਉਸ ਦੇ ਗੀਤਾਂ ਨੂੰ ਚੋਰੀ ਕੀਤਾ। ਬਹੁਤਿਆਂ ਨੇ ਉਸ ਦੇ ਗੀਤਾਂ ਨਾਲ ਰਲਦੇ-ਮਿਲਦੇ ਗੀਤ ਲਿਖੇ। ਚਮਨ ਲਾਲ ਸ਼ੁਗਲ ਨਾਲ ਵੀ ਪਾਲ ਦੀ ਕਿਸੇ ਗੀਤ ਦੇ ਸਬੰਧ ਵਿਚ ਨਾਰਾਜ਼ਗੀ ਹੋ ਗਈ ਸੀ। ਸ਼ੁਗਲ ਹੱਥ ਖੜ੍ਹੇ ਕਰ ਗਿਆ ਸੀ। ਇਸ ਘਟਨਾ ਤੋਂ ਬਾਅਦ ਦੂਜੇ ਗੀਤਕਾਰਾਂ ਨੇ ਵੀ ਪਾਲ ਦਾ ਸਾਥ ਦਿੱਤਾ। ਫਿਰ ਦੋਵਾਂ ਦੀ ਸੁਲ੍ਹਾ-ਸਫ਼ਾਈ ਹੋ ਗਈ। ਫਿਰ ਤਾਂ ਇੰਨਾ ਪਿਆਰ ਪੈ ਗਿਆ ਕਿ ਦੋਵੇਂ ਘਿਉਂ-ਖਿਚੜੀ ਬਣ ਗਏ। ਪਾਲ ਦੇ ਦੱਸਣ ਮੁਤਾਬਕ, "ਉਸ ਵੇਲੇ ਦੇ ਸਾਰੇ ਗੀਤਕਾਰ ਇਕ-ਦੂਜੇ ਨੂੰ ਜਾਣਦੇ ਹੁੰਦੇ ਸਨ। ਜੇ ਕੋਈ ਵੀ ਗੀਤਕਾਰ ਕਿਸੇ ਦੂਜੇ ਗੀਤਕਾਰ ਦੇ ਗੀਤਾਂ ਨਾਲ ਛੇੜਛਾੜ ਕਰਦਾ ਤਾਂ 'ਕੱਠੇ ਬਹਿ ਕੇ ਮਸਲਾ ਨਜਿੱਠ ਲੈਂਦੇ ਸਾਂ...ਉਦੋਂ ਨ੍ਹੀਂ ਸੀ ਆਹ ਰਿਵਾਜ ਹੁੰਦਾ, ਲੱਖਾਂ-ਕਰੋੜਾਂ ਦੀ ਸੂਅ ਕਰਨ ਦਾ।" ਇਸ ਵਾਕਿਆ ਤੋਂ ਬਾਅਦ ਚੰਗੇ-ਚੰਗੇ ਗੀਤਕਾਰ ਅਤੇ ਕਲਾਕਾਰ ਪਾਲ ਦੇ ਗਰੁਪ ਵਿਚ ਸ਼ਾਮਲ ਹੋ ਗਏ ਸਨ।

ਗੀਤ ਲਿਖਣ ਦੇ ਨਾਲ-ਨਾਲ ਪਾਲ ਸੋਨੀਆ ਸਿੱਧੂ, ਸਨੇਹ ਲਤਾ, ਸੀਮਾ ਪਰਮਾਰ, ਸ਼ਰਨਜੀਤ ਕੌਰ, ਪ੍ਰਕਾਸ਼ ਕੌਰ ਤੇ ਭੁਪਿੰਦਰ ਕੌਰ ਨਾਲ ਗਾਉਂਦਾ ਵੀ ਰਿਹਾ।

ਪਾਲ ਦਾ ਦੀਦਾਰ ਸੰਧੂ ਨਾਲ ਬੜਾ ਪਿਆਰ ਸੀ। ਇਕ-ਦੂਜੇ ਦੀ ਇੱਜ਼ਤ ਕਰਦੇ। ਦੀਦਾਰ ਸੰਧੂ, ਸਨੇਹ ਲਤਾ ਹੁਰਾਂ ਨਾਲ ਸਟੇਜਾਂ 'ਤੇ ਗਾਉਂਦਾ ਰਿਹੈ ਪਾਲ। ਦੀਦਾਰ ਦੇ ਲਿਖੇ ਗੀਤ ਪਾਲ ਗਾਉਂਦਾ ਤੇ ਪਾਲ ਦੇ ਲਿਖੇ ਦੀਦਾਰ। ਦੀਦਾਰ ਦਾ ਲਿਖਿਆ ਤੇ ਮੁਹੰਮਦ ਸਦੀਕ ਦਾ ਰਿਕਾਰਡ ਹੋਇਆ ਗੀਤ ਪਾਲ ਸਟੇਜਾਂ 'ਤੇ ਅਕਸਰ ਗਾਉਂਦਾ:

ਮੇਰੀ ਐਸੀ ਝਾਂਜਰ ਛਣਕੇ
ਛਣਕਾਟਾ ਪੈਂਦਾ ਗਲੀ ਗਲੀ...
ਆਹ ਮੁੰਡਾ ਸੁਨਿਆਰਿਆਂ ਦਾ
ਬੜਾ ਸ਼ੈਤਾਨ ਨੀ।

ਤੇ ਦੀਦਾਰ ਗਾਉਂਦਾ:
ਉਠਦੀ ਬੈਂਹਦੀ ਜੀ-ਜੀ ਕਹਿੰਦੀ,
ਤੈਨੂੰ ਤੇਰੀ ਹੂਰ।
ਹਾਏ ਨਾ ਮਾਰ ਜ਼ਾਲਮਾ,
ਪੇਕੇ ਤੱਤੜੀ ਦੇ ਦੂਰ।
'ਪਾਲ' ਵੇ ਦੱਸੀਂ ਐਦਾਂ
ਕੀਕੂੰ ਬੀਤੂਗੀ ਜ਼ਿੰਦਗਾਨੀ।
ਵਾਂਗ ਹੜ੍ਹਾਂ ਦੇ ਹੜ੍ਹ ਜਾਵੇਗੀ,
ਅੱਲ੍ਹੜ ਮਸਤ ਜਵਾਨੀ।
ਚਾਰ ਜਮਾਤਾਂ ਪੜ੍ਹ ਜੇ ਲਈਆਂ,
ਐਨਾ ਕਰੇਂ ਗ਼ਰੂਰ।
ਹਾਏ ਨਾ ਮਾਰ ਜ਼ਾਲਮਾ,
ਪੇਕੇ ਤੱਤੜੀ ਦੇ ਦੂਰ।

ਪਾਲ ਦੇ ਦੱਸਣ ਅਨੁਸਾਰ ਇਹ ਗੀਤ ਉਸ ਦਾ ਲਿਖਿਆ ਹੋਇਐ। ਹੋਰ ਦਿਲਚਸਪ ਗੱਲ ਕਿ ਜਦੋਂ ਉਹ ਬੀਮਾਰ ਹੋ ਕੇ ਹਸਪਤਾਲ ਚਲਿਆ ਗਿਆ ਤਾਂ ਕਿਸੇ ਨੇ ਐਵੇਂ ਹਵਾ ਉਡਾ ਦਿੱਤੀ ਕਿ ਪਾਲ ਪੂਰਾ ਹੋ ਗਿਆ। ਦੀਦਾਰ ਨੂੰ ਵੀ ਕਿਸੇ ਨੇ



ਗ਼ਲਤ ਖ਼ਬਰ ਦੇ ਦਿੱਤੀ। ਦੀਦਾਰ ਨੇ ਛੇਤੀ-ਛੇਤੀ ਇਹ ਗੀਤ ਆਪਣੇ ਨਾਂ 'ਤੇ ਰਿਕਾਰਡ ਕਰਵਾ ਦਿੱਤਾ। ਦੀਦਾਰ ਨੂੰ ਫਿਰ ਅਸਲੀਅਤ ਦਾ ਪਤਾ ਲੱਗਾ ਕਿ ਐਵੇਂ ਗ਼ਲਤ ਅਫ਼ਵਾਹ ਹੈ। ਪਾਲ ਤਾਂ ਹਾਲੇ ਠੀਕ-ਠਾਕ ਹੈ। ਹਸਪਤਾਲੋਂ ਆ ਕੇ ਪਾਲ ਨੇ ਕਈ ਵਾਰ ਦੀਦਾਰ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਉਹ ਮੁੜ ਕੇ ਸਾਹਮਣੇ ਨਹੀਂ ਆਇਆ। ਇਕ ਵਾਰ ਤਾਂ ਪਾਲ ਨੂੰ ਵੇਖਦਿਆਂ ਹੀ ਕਾਰ 'ਚ ਬਹਿ ਕੇ ਚਲ ਪਿਆ। ਪਾਲ ਦੇ ਦੱਸਣ ਅਨੁਸਾਰ ਦੀਦਾਰ ਸੰਧੂ ਬਹੁਤ ਵਧੀਆ ਗਾਇਕ ਅਤੇ ਗੀਤਕਾਰ ਸੀ ਪਰ ਪਾਲ ਨੂੰ ਦੀਦਾਰ ਵਲੋਂ ਆਪਣਾ ਗੀਤ ਚੋਰੀ ਕੀਤੇ ਜਾਣ ਦਾ ਬਹੁਤ ਦੁੱਖ ਲੱਗਾ।

ਨੱਬੇ ਫ਼ੀਸਦ ਗੀਤ ਪਾਲ ਨੇ ਹੱਡ-ਬੀਤੀਆਂ 'ਤੇ ਲਿਖੇ। ਇਹ ਗੀਤ ਵੀ ਹੱਡ-ਬੀਤੀ ਸੀ। ਪਾਲ ਦੇ ਪਰਿਵਾਰ ਵਿਚ ਵੀ ਇਕ ਅਜਿਹੀ ਹੀ ਘਟਨਾ ਵਾਪਰ ਗਈ ਸੀ। ਉਸ ਸੱਚੀ ਘਟਨਾ ਦੇ ਆਧਾਰ 'ਤੇ ਲਿਖਿਆ ਸੀ ਇਹ ਗੀਤ। ਉਸ ਝਗੜੇ ਨੂੰ ਨਜਿੱਠਿਆ ਵੀ ਪਾਲ ਨੇ ਸੀ। ਇਹ ਗੀਤ 'ਭੱਜ ਲੈ ਗਰਾਰੇ ਵਾਲੀਏ' ਕਿਤਾਬ ਵਿਚ ਪੰਨਾ 25 'ਤੇ ਛਪਿਆ ਹੋਇਆ ਹੈ। 1973-74 ਵਿਚ ਜਵਾਹਰ ਸਿੰਘ ਕਿਰਪਾਲ ਸਿੰਘ ਫ਼ਰਮ ਵੱਲੋਂ ਛਾਪੀ ਗਈ ਸੀ ਇਹ ਕਿਤਾਬ। ਪੁਰਾਣੇ ਸਮੇਂ ਦੀਆਂ ਯਾਦਾਂ ਤਾਜ਼ਾ ਕਰਦਿਆਂ ਪਾਲ ਦੱਸ ਰਿਹਾ ਸੀ ਕਿ ਇਕ ਵਾਰ ਉਹ, ਗੁਰਦੇਵ ਮਾਨ ਅਤੇ ਦੀਦਾਰ ਸੰਧੂ ਇਕੱਠੇ ਕਾਰ ਵਿਚ ਕਿਤੇ ਜਾ ਰਹੇ ਸਨ ਤਾਂ ਪਾਲ ਨੇ ਕੁਝ ਹਿੰਟ (ਨੁਕਤੇ) ਲਿਖ ਕੇ ਦੀਦਾਰ ਨੂੰ ਦਿੱਤੇ ਕਿ "ਇਹਦਾ ਗੀਤ ਲਿਖ..." ਤਾਂ ਦੀਦਾਰ ਨੇ ਇਹ ਲਿਖਿਆ ਸੀ:

ਜ਼ਰਾ ਛੇਤੀ ਕੰਮ ਨਿਬੇੜ,
ਮਾਏ ਮੈਂ ਸੌਣਾ ਨੀ।
ਅੱਜ ਮਿਲਣ ਮਾਹੀ ਨੇ,
ਸੁਫ਼ਨੇ ਦੇ ਵਿਚ ਆਉਣਾ ਨੀ।

ਇਹ ਗੀਤ ਸਟੇਜਾਂ 'ਤੇ ਗਾ ਕੇ ਪਾਲ ਲੋਕਾਂ ਨੂੰ ਖ਼ੁਸ਼ ਕਰਦਾ। ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਦਾ ਲਿਖਿਆ ਗੀਤ ਵੀ ਪਾਲ ਸਟੇਜਾਂ 'ਤੇ ਗਾਉਂਦਾ ਅਤੇ ਲੋਕਾਂ ਦੇ ਮਨੋਰੰਜਨ ਦਾ ਹਿੱਸਾ ਬਣਦਾ, ਜੋ ਇਸ ਤਰ੍ਹਾਂ ਹੈ:

ਆ ਨੀ ਭਾਬੀਏ ਹੱਸੀਏ ਖੇਡੀਏ,
ਬਹਿ ਕੇ ਚਿੱਤ ਪ੍ਰਚਾਈਏ।
ਪੁੱਛਦਾ ਦਿਓਰ ਖੜ੍ਹਾ,
ਤੇਰਾ ਕੀ ਦੁਖਦਾ ਭਰਜਾਈਏ!

ਇਹ ਗੀਤ ਸ਼ਮਸ਼ੇਰ ਸੰਧੂ ਨੇ ਵੀ ਸੁਰਜੀਤ ਬਿੰਦਰੱਖੀਏ ਕੋਲੋਂ ਗਵਾਇਆ।

ਪਾਲ ਨੂੰ ਐਸਾ ਸਰੀਰਕ ਰੋਗ ਲੱਗਾ ਕਿ ਉਹ ਸੋਟੀ ਨਾਲ ਤੁਰਦਾ ਸਦਾ ਲਈ ਮੰਜੇ 'ਤੇ ਪੈ ਗਿਆ। ਸ਼ੈਤਾਨ ਗੀਤਕਾਰਾਂ/ਕਲਾਕਾਰਾਂ ਨੇ ਇਸ ਮੌਕੇ ਦਾ ਫ਼ਾਇਦਾ ਉਠਾਇਆ। ਗੀਤਾਂ ਦਾ ਚੀਰ-ਹਰਣ ਕੀਤਾ। ਉਨ੍ਹਾਂ ਨੇ ਆਪੋ-ਆਪਣੇ ਤਰੀਕੇ ਨਾਲ ਉਸ ਦੇ ਗੀਤਾਂ ਦੀ ਭੰਨ-ਤੋੜ ਕਰਕੇ ਚੰਗੀ ਕਮਾਈ ਕੀਤੀ।

ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ,
ਗਾਉਣ ਵਾਲੇ ਦਾ ਮੂੰਹ।
ਬੋਲੀ ਮੈਂ ਪਾਉਂਦਾ,
ਨੱਚ ਗਿੱਧੇ ਵਿਚ ਤੂੰ।

ਇਸ ਗੀਤ ਨੂੰ ਜਗਜੀਤ ਜ਼ੀਰਵੀ ਅਤੇ ਰੰਜਨਾ ਨੇ ਰਿਕਾਰਡ ਕਰਵਾਇਆ। ਇਸੇ ਗੀਤ ਨੂੰ ਯੂ.ਕੇ. ਦੇ ਗੋਲਡਨ ਸਟਾਰ ਮਲਕੀਤ ਸਿੰਘ, ਗੁਰਦਾਸ ਮਾਨ ਅਤੇ ਹੋਰ ਕਈ ਕਲਾਕਾਰਾਂ ਨੇ ਆਪਣੇ-ਆਪਣੇ ਢੰਗ ਨਾਲ ਸਟੇਜਾਂ 'ਤੇ ਗਾਇਆ। ਦੋ ਵਾਰ ਗੁਰਦਾਸ ਮਾਨ, ਮਜਾਰਾ ਰਾਜਾ ਸਾਹਿਬ ਮਹਾਂਪੁਰਸ਼ਾਂ ਦੇ ਅਸਥਾਨ 'ਤੇ ਪ੍ਰੋਗਰਾਮ ਕਰਨ ਆ ਚੁੱਕੈ। ਗੋਲਡਨ ਸਟਾਰ ਮਲਕੀਤ ਸਿੰਘ ਵੀ ਇਸੇ ਪਵਿੱਤਰ ਅਸਥਾਨ 'ਤੇ ਹਾਜ਼ਰੀ ਭਰਨ ਆ ਚੁੱਕਾ ਹੈ। ਦੋਵਾਂ ਵਿਚੋਂ ਕੋਈ ਵੀ ਮਿਲਣ ਨਹੀਂ ਆਇਆ ਪਾਲ ਨੂੰ! ਚਾਰ ਖੇਤਾਂ ਦੇ ਫ਼ਰਕ ਨਾਲ ਦਰਬਾਰ ਸਾਹਿਬ ਦੀ ਸਟੇਜ ਹੈ, ਪਾਲ ਦੇ ਘਰ ਤੋਂ। ਦਰਬਾਰ ਸਾਹਿਬ ਨੂੰ ਜਾਂਦਿਆਂ ਵੀ ਪਾਲ ਦਾ ਘਰ ਮੋੜ 'ਤੇ ਆਉਂਦੈ। ਇਸ ਦਾ ਪਾਲ ਨੂੰ ਕਾਫ਼ੀ ਗ਼ਿਲਾ ਹੈ। ਪਾਲ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਪੰਜਾਹ ਸਾਲ ਪੁਰਾਣੇ ਗੀਤਾਂ ਨੂੰ ਅੱਜ ਕੱਲ੍ਹ ਦੇ ਕਲਾਕਾਰ ਬੜੇ ਮਾਣ ਨਾਲ ਗਾ ਰਹੇ ਹਨ।

ਗੀਤ ਲਿਖਣ ਲੱਗਾ ਪਾਲ ਕੋਈ ਨਾ ਕੋਈ ਨਵੀਂ ਤਕਨੀਕ ਵਰਤਦਾ। ਆਮ ਕਲਾਕਾਰਾਂ ਕੋਲੋਂ ਉਸ ਦੇ ਗੀਤ ਗਾਉਣੇ ਮੁਸ਼ਕਲ ਹੋ ਜਾਂਦੇ ਸਨ। ਸਰੋਜ ਕਪੂਰ ਦਿੱਲੀ ਵਾਲੀ ਅਤੇ ਜੰਗ ਬਹਾਦਰ ਜੰਗਾ ਨੰਦਪੁਰ ਕਲੌੜ ਜੋੜੀ ਨੇ ਗਾਇਆ:

ਜੰਗਾ: ਰੋਬ ਨਾਲ ਸੀ ਪਿੰਡ 'ਚ ਘੁੰਮਦੀ
ਸਰੋਜ: ਜਿੱਦਾਂ ਜੰਗਲੀ ਚੀਤਾ
ਉੱਡਦੀ ਕਬੂਤਰੀ ਨੂੰ ਕਾਬੂ ਜੱਟਾ ਕੀਤਾ।

ਇਸ ਗੀਤ ਦੀ ਰਿਕਾਰਡਿੰਗ ਵੇਲੇ ਜੰਗੇ ਨੂੰ ਮੁਸ਼ਕਲ ਬਹੁਤ ਆ ਰਹੀ ਸੀ। ਟੁੱਟਵਾਂ ਗੀਤ ਹੋਣ ਕਰਕੇ ਚੰਗੀ ਤਰ੍ਹਾਂ ਗਾ ਨਹੀਂ ਸੀ ਹੋ ਰਿਹਾ ਉਹਦੇ ਕੋਲੋਂ। ਕੰਪਨੀ ਵਾਲੇ ਪਾਲ ਨੂੰ ਕਹਿਣ ਲੱਗੇ, "ਜੰਗੇ ਤੋਂ ਸੂਤ ਨਹੀਂ ਆ ਰਿਹਾ, ਤੁਸੀਂ ਗਾਵੋ ਇਹ ਗੀਤ।"

"ਇਸ ਕਲਾਕਾਰ ਦੀ ਪਹਿਲੀ ਰਿਕਾਰਡਿੰਗ ਹੈ...ਜ਼ਿੰਦਗੀ ਦਾ ਸਵਾਲ ਹੈ...ਇਸ ਦੇ ਢਿੱਡ ਵਿਚ ਮੈਂ ਲੱਤ ਨਹੀਂ ਮਾਰਨੀ ਚਾਹੁੰਦਾ," ਕਹਿੰਦਿਆਂ ਪਾਲ ਨੇ ਜਵਾਬ ਦੇ ਦਿੱਤਾ। ਇਹ ਗੀਤ ਫਿਰ ਜੰਗੇ ਨੇ ਹੀ ਰਿਕਾਰਡ ਕਰਵਾਇਆ। ਇਹ ਜੰਗ ਬਹਾਦਰ ਜੰਗਾ ਕੌਣ ਹੈ? ਇਹ ਜੰਗਾ ਦਲੇਰ ਮਹਿੰਦੀ ਦਾ ਰਿਸ਼ਤੇਦਾਰ ਹੈ ਜਿਸ ਦਾ ਲਿਖਿਆ ਗੀਤ "ਗੱਡੇ 'ਤੇ ਨਾ ਚੜ੍ਹਦੀ, ਗਡੀਰੇ 'ਤੇ ਨਾ ਚੜ੍ਹਦੀ..." ਗਾ ਕੇ ਦਲੇਰ ਮਹਿੰਦੀ ਹਿੱਟ ਹੋਇਆ।

ਪਾਲ ਨੇ ਆਪਣੇ ਲਿਖੇ ਇਕ ਗੀਤ ਦੀ ਸੱਚੀ ਵਾਰਤਾ ਸੁਣਾਈ ਕਿ ਇਕ ਵਾਰ ਸਾਜਨ ਰਾਇਕੋਟੀ, ਕਮਲ, ਸੁਰਿੰਦਰ ਮੋਹਣੀ ਅਤੇ ਅਲਗੋਜ਼ੇ ਮਾਸਟਰ ਗੱਜਣ ਸਿੰਘ ਪਰਦੇਸੀ ਹੁਰੀਂ ਰਾਮਲੀਲ੍ਹਾ ਪ੍ਰੋਗਰਾਮ 'ਤੇ ਹਿਮਾਚਲ ਪ੍ਰਦੇਸ਼ ਵੱਲ ਕਿਤੇ ਗਏ। ਰਾਤ ਦਾ ਪ੍ਰੋਗਰਾਮ ਸੀ। ਰਾਤ ਦੇ ਚੱਲਦੇ ਪ੍ਰੋਗਰਾਮ ਵਿਚ ਸੁਰਿੰਦਰ ਮੋਹਣੀ ਨੇ ਸੋਹਣੀ ਦਾ ਗੀਤ ਸ਼ੁਰੂ ਕੀਤਾ:

ਪਾਰ ਨਦੀ 'ਤੇ ਰੱਬਾ ਕੁੱਲੀ ਯਾਰ ਦੀ
ਠਿੱਲ੍ਹਣਾ ਕੱਚੇ 'ਤੇ ਰੱਖੀਂ ਲਾਜ ਪਿਆਰ ਦੀ।
ਬਚਨਾਂ ਦੀ ਬੱਧੀ ਮੈਂ ਪਿਛਾਂਹ ਨ੍ਹੀਂ ਮੁੜਨਾ,
ਸਿਖਿਆ ਮੈਂ ਸੱਪਾਂ ਦੇ ਸਿਰਾਂ 'ਤੇ ਟੁਰਨਾ...

ਹਾਲੇ ਇੰਨਾ ਹੀ ਕਹਿਣ ਦੀ ਦੇਰ ਸੀ ਕਿ ਸੱਚੀਂ ਦਾ ਫਨੀਅਰ ਸੱਪ ਸਟੇਜ 'ਤੇ ਆ ਖੜ੍ਹਾ ਹੋਇਆ। ਲੋਕੀਂ ਭੱਜਣ ਲੱਗੇ ਡਰ ਕੇ ਸੱਪ ਤੋਂ। ਸਾਜਨ ਰਾਇਕੋਟੀ (ਜਸਵੰਤ ਸੰਦੀਲੇ ਦਾ ਉਸਤਾਦ) ਸਟੇਜ ਸੰਭਾਲ ਰਿਹਾ ਸੀ। ਕਹਿਣ ਲੱਗਾ, ਡਰੋ ਨਾ ਲੋਕੋ। ਰਾਗ ਨੇ ਆਪਣਾ ਪਹਿਰਾ ਕਰ ਦਿੱਤੈ। ਸੱਪ ਮਸਤ ਹੋ ਗਿਐ। ਗੀਤ ਮੁੱਕਦੇ ਸਾਰ ਹੀ ਸੱਪ ਵੀ ਕਿਤੇ ਲੋਪ ਹੋ ਗਿਆ। ਉਸੇ ਗੀਤ ਨੂੰ ਇੰਗਲੈਂਡ ਦੇ ਭੁਚੰਗੀ ਗਰੁਪ ਨੇ ਵੀ ਰਿਕਾਰਡ ਕਰਾਇਆ। "ਡਾਚੀ ਦੀਆਂ ਪੈੜਾਂ ਅੱਜ ਨਾ ਪਛਾਣਦੀ, ਤੇਰੇ ਦਿਲ ਦੀਆਂ ਜੇ ਬਲੋਚਾ ਜਾਣਦੀ" ਪਾਲ ਦੇ ਲਿਖੇ ਇਸ ਗੀਤ ਨੂੰ ਵੀ ਭੁਚੰਗੀ ਗਰੁਪ ਨੇ ਰਿਕਾਰਡ ਕਰਵਾਇਆ।

ਸੁਰਿੰਦਰ ਮੋਹਣੀ ਨੇ ਪਾਲ ਨੂੰ ਸੋਹਣੀ ਦਾ ਇਕ ਹੋਰ ਗੀਤ ਲਿਖਣ ਲਈ ਕਿਹਾ। ਮਾਸਟਰ ਭੰਵਰਾ ਦੇ ਸੰਗੀਤ ਵਿਚ ਰਿਕਾਰਡ ਹੋਇਆ ਇਹ ਗੀਤ:

ਠਿੱਲ੍ਹੀਂ ਵਿਚ ਝਨਾਂ ਦੇ,
ਸੋਹਣੀ ਦਿਲ ਵਿਚ ਰੱਖ ਧਜਾ।
ਘੜਾ ਪਲਾਂ ਵਿਚ ਖੁਰ ਗਿਆ
ਸੋਹਣੀ ਨੇ ਮਾਰੀ ਧਾਹ।

ਨਰਿੰਦਰ ਬੀਬਾ, ਫ਼ਕੀਰ ਸਿੰਘ ਫ਼ਕੀਰ ਅਤੇ ਰਣਬੀਰ ਸਿੰਘ ਰਾਣਾ ਨੇ ਪਾਲ ਦੇ ਲਿਖੇ ਬਹੁਤ ਸਾਰੇ ਗੀਤ ਸਟੇਜਾਂ 'ਤੇ ਗਾਏ ਅਤੇ ਰਿਕਾਰਡ ਵੀ ਕਰਾਏ। ਕੁਝ ਕੁ ਹਾਜ਼ਰ ਹਨ:

ਵੰਗਾਂ ਲੈ ਦੇ, ਰੁੱਤ ਗਿੱਧਿਆਂ ਦੀ ਆਈ
(ਨਰਿੰਦਰ ਬੀਬਾ ਤੇ ਰਣਬੀਰ ਸਿੰਘ ਰਾਣਾ)

ਨਰਿੰਦਰ ਬੀਬਾ: ਖੂਹ ਤੋਂ ਪਾਣੀ ਲੈਣ ਅੱਧੀ ਰਾਤੀਂ ਗਈ,
ਦਿੱਲੀ ਵਾਲਿਆਂ ਦਾ ਮੁੰਡਾ
ਹੈ ਸੀ ਖੰਘਿਆ ਛੜਾ।
ਆਇਆ ਸਾਉਣ ਦੇ ਛਰਾਟੇ ਵਾਂਗ

ਚੁੱਕ ਕੇ ਘੜਾ।
ਅਜੀਤ ਰਾਹੀ: ਥੜ੍ਹੇ ਉਪਰ ਥੜ੍ਹਾ,
ਉਪਰ ਲਾਲ ਕਬੂਤਰ ਖੜ੍ਹਾ,
ਉਹਦੀ ਲਾਟ ਵਾਂਗੂੰ ਮੁੱਖ
ਤੇਰਾ ਲਾਲ ਬੱਲੀਏ।

ਗੀਤ ਲਿਖਦਾ-ਲਿਖਦਾ ਪਾਲ ਵਿਚ ਬੁਝਾਰਤਾਂ ਵੀ ਪਾ ਦਿੰਦਾ ਸੀ। ਉਪਰੋਕਤ ਸਤਰਾਂ 'ਥੜ੍ਹੇ ਉਪਰ ਥੜ੍ਹਾ, ਉਪਰ ਲਾਲ ਕਬੂਤਰ ਖੜ੍ਹਾ' ਪਾਠਕੋ ਬੁੱਝੋ ਤਾਂ ਭਲਾ ਕੀ ਹੋ ਸਕਦੈ? ਦੀਵਾ! ਪਾਲ ਆਪਣੇ ਗੀਤਾਂ ਵਿਚ ਬੰਗੇ ਦਾ ਜ਼ਿਕਰ ਅਕਸਰ ਕਰਦਾ:

ਗੁੱਤ ਲਈ ਪਰਾਂਦਾ
ਪਟਿਆਲੇ ਤੋਂ ਮੰਗਾਇਆ ਏ
ਕਾਸ਼ਨੀ ਦੁਪੱਟਾ ਕੱਲ੍ਹ
ਬੰਗਿਓਂ ਰੰਗਾਇਆ ਏ।

ਪੰਜਾਬਣ ਦੇ ਰੂਪ ਦੀ ਸਿਫ਼ਤ ਅਤੇ ਜਵਾਨੀ ਦੀ ਤਾਰੀਫ਼ ਨੂੰ ਵੱਖਰੇ ਅੰਦਾਜ਼ ਵਿਚ ਕਲਮਬੱਧ ਕਰਦਾ ਪਾਲ ਲਿਖਦਾ ਹੈ:

ਤੇਰੀ ਤੋਰ ਨੇ ਪੰਜਾਬੋ
ਸਾਰੀ ਦੁਨੀਆਂ ਪੱਟੀ...।

ਬੀਬਾ ਤੇ ਫ਼ਕੀਰ ਦੀ ਇਸੇ ਗੀਤ ਦੀ ਸਟੂਡੀਓ ਵਿਚ ਰਿਕਾਰਡਿੰਗ ਚੱਲ ਰਹੀ ਸੀ। ਫ਼ਕੀਰ ਗਾ ਰਿਹਾ ਸੀ:

ਤੇਰੀ ਚੋਰ ਅੱਖ ਕੋਲੋਂ
ਚੋਰੀ ਸਿਖੀ ਚੋਰਾਂ ਨੇ,
ਤੈਥੋਂ ਸਿਖਿਆ ਏ ਟੁਰਨਾ
ਕਲਹਿਰੀ ਮੋਰਾਂ ਨੇ।
ਹੱਥੀਂ ਗਜਰੇ ਬਲੌਰ ਐਨਾ ਫ਼ੈਸ਼ਨਾਂ ਦਾ ਜ਼ੋਰ,
ਅਲਮਾਰੀ ਨਿਰੀ ਜਾਪੇ ਸੁਨਿਆਰੀ ਦੀ ਹੱਟੀ।

ਚੱਲਦੀ ਰਿਕਾਰਡਿੰਗ ਵਿਚ ਅਚਾਨਕ ਨਾਲ ਦੇ ਕਮਰੇ ਵਿਚੋਂ ਆ ਕੇ ਪਾਲ ਨੇ ਇਕਦਮ ਰਿਕਾਰਡਿੰਗ ਬੰਦ ਕਰਵਾ ਦਿੱਤੀ।

"ਕੀ ਗੱਲ ਹੋ ਗਈ?" ਬੀਬਾ ਪੁੱਛਣ ਲੱਗੀ।

"ਫ਼ਕੀਰ ਗ਼ਲਤ ਬੋਲ ਰਿਹੈ, ਸੁਨਿਆਰੀ ਨਹੀਂ...ਬੋਲੋ ਅਲਮਾਰੀ ਨਿਰੀ ਜਾਪੇ ਮਨਿਆਰੀ ਦੀ ਹੱਟੀ," ਕਹਿ ਕੇ ਪਾਲ ਨੇ ਗ਼ਲਤੀ ਦੀ ਸੁਧਾਈ ਕੀਤੀ।

"ਤੈਨੂੰ ਦੀਂਹਦਾ ਨ੍ਹੀਂ...ਤੇਰੀਆਂ ਮੋਟੀਆਂ ਮੋਟੀਆਂ ਅੱਖਾਂ...ਪੜ੍ਹ ਨ੍ਹੀਂ ਹੁੰਦਾ ਤੇਰੇ ਕੋਲੋਂ...ਸਾਫ਼-ਸਾਫ਼ ਲਿਖਿਆ ਹੋਇਐ?" ਬੀਬਾ ਨੇ ਫ਼ਕੀਰ ਨੂੰ ਡਾਂਟਿਆ।

"ਜੇ ਪੜ੍ਹਿਓ ਹੁੰਦੇ ਤਾਂ ਅਸੀਂ ਗੌਣ ਈ ਲੱਗਣਾ ਸੀ!" ਹੱਸਦੇ ਹੋਏ ਫ਼ਕੀਰ ਨੇ ਜਵਾਬ ਦਿੱਤਾ। ਸੁਣਦੇ ਸਾਰ ਹੀ ਸਾਰੇ ਸਟੂਡੀਓ ਵਿਚ ਹਾਸਾ ਪੈ ਗਿਆ।

"ਮੁੰਡੇ ਪੱਟਦੀ ਫਿਰਦੇ" ਕਿਤਾਬ ਵਿਚੋਂ ਗੀਤ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ 'ਸੌ ਦਾ ਨੋਟ' ਕੈਸੇਟ ਵਿਚ ਰਿਕਾਰਡ ਹੋਇਆ:

ਮੁੰਡਾ ਪੱਟਿਆ ਗਿਆ ਇੰਗਲੈਂਡੀਆ
ਵੇਖ ਕੇ ਪਿੰਡ ਦੀ ਕੁੜੀ
ਸਾਡੀ ਰੁੱਸ ਗਈ ਝਾਂਜਰਾਂ ਵਾਲੀ
ਮੋੜੀਂ ਬਾਬਾ ਡਾਂਗ ਵਾਲਿਆ...।

ਜੇ.ਐਸ. ਜੱਗੀ ਅਤੇ ਜ਼ਰੀਨਾ ਬੇਗਮ ਦੀ ਆਵਾਜ਼ ਵਿਚ:

ਜੱਗੀ: ਘੁੰਡ ਸਰਕਾਂਦੀ ਜਦੋਂ ਮੁੱਖ ਤੋਂ
ਜ਼ਰੀਨਾ: ਅੱਗ ਪੱਤਣਾਂ ਨੂੰ ਲਾਂਦੀ
ਜੱਗੀ: ਬਚੀਂ ਤੂੰ ਬਾਬਾ ਮੋੜ ਤੋਂ
ਜ਼ਰੀਨਾ: ਰੰਨ ਬਿਨਾਂ ਬ੍ਰੇਕੋਂ ਆਉਂਦੀ।

ਉਨ੍ਹਾਂ ਸਮਿਆਂ ਵਿਚ ਐਚ.ਐਮ.ਵੀ. ਕੰਪਨੀ ਵਿਚ ਪਾਲ ਹੀ ਮਾਨਤਾਪ੍ਰਾਪਤ ਸੀ ਜਿਹੜਾ ਕਿਸੇ ਵੀ ਕਲਾਕਾਰ ਨੂੰ ਰਿਕਾਰਡਿੰਗ ਵਾਸਤੇ ਲਿਜਾ ਸਕਦਾ ਸੀ। ਪਾਲ ਗਾ ਵੀ ਵਧੀਆ ਲੈਂਦਾ ਸੀ। ਆਵਾਜ਼ ਵਿਚ ਦਮ ਸੀ। ਗੁਰਦੇਵ ਮਾਨ ਹੁਰਾਂ ਦੀ ਹਾਜ਼ਰੀ ਵਿਚ ਸਟੇਜਾਂ 'ਤੇ ਪ੍ਰੋਗਰਾਮ ਕੀਤੇ। ਯਾਰੀ ਨਿਭਾਉਂਦਾ ਪਾਲ ਇੰਦਰ ਮੋਹਨ ਸੋਢੀ ਅਤੇ ਰਾਮ ਸ਼ਰਨ ਜੋਸ਼ੀਲੇ ਵਰਗੇ ਗੀਤਕਾਰਾਂ ਨੂੰ ਫ਼ਿਲਮਾਂ ਤਕ ਵੀ ਲੈ ਕੇ ਗਿਆ। ਰੇਡੀਓ ਦੇ ਮਿਊਜ਼ਿਕ ਡਾਇਰੈਕਟਰ ਸ਼ਿਵ ਪ੍ਰਸ਼ਾਦ ਸ਼ਰਮਾ ਨਾਲ ਵੀ ਵਾਹਵਾ ਪਿਆਰ ਸੀ। ਉਸ ਨਾਲ ਵੀ ਗਾਉਣ ਦਾ ਮੌਕਾ ਮਿਲਿਆ। ਦਿੱਲੀ ਵਾਲੀ 'ਤੇਜ ਕੌਰ ਨਾਈਟ' ਸਮਾਗਮ 'ਤੇ ਪਾਲ ਨੇ ਕੁਲਦੀਪ ਹੀਰੇ, ਤੇਜ ਕੌਰ, ਉਸ ਦੀ ਬੇਟੀ ਵੀਨਾ ਅਤੇ ਹੋਰ ਕਲਾਕਾਰਾਂ ਨਾਲ ਸਟੇਜ ਪ੍ਰੋਗਰਾਮ ਪੇਸ਼ ਕੀਤਾ। ਪਾਲ ਮੁੱਖ ਕਲਾਕਾਰ ਸੀ। ਪ੍ਰੋਗਰਾਮ ਦੀ ਸ਼ੁਰੂਆਤ ਦੇਸ਼ ਭਗਤੀ ਗੀਤ ਨਾਲ ਕੀਤੀ। ਬੋਲ ਸਨ:

ਵਾਰਾਂਗੇ ਵਾਰਾਂਗੇ ਅਸੀਂ,
ਤਨ ਮਨ ਦੇਸ਼ ਤੋਂ ਵਾਰਾਂਗੇ।
ਭੀੜ ਜਦੋਂ ਵੀ ਬਣੂੰ ਦੇਸ਼ 'ਤੇ,
ਹੱਸ ਕੇ ਦੁੱਖ ਸਹਾਰਾਂਗੇ

ਅਨਾੜੀ ਸੰਗੀਤ ਗਰੁਪ ਦੇ ਰਾਮ ਲੁਭਾਇਆ ਬਦਨਾਮ ਹੁਰੀਂ ਇੰਗਲੈਂਡ ਪ੍ਰੋਗਰਾਮਾਂ 'ਤੇ ਗਾਉਂਦੇ:

ਦਿਓਰ ਦਾ ਵਿਆਹ ਆਇਆ
ਸੁਣ ਚੀਰੇ ਵਾਲਿਆ।
ਮੈਂ ਨੱਚ-ਨੱਚ ਭੜਥੂ ਪਾਣਾ ਵੇ,
ਸੱਗੀ ਫੁੱਲ ਕਢਵਾ ਦੇ।
ਨਿੱਤ ਨਾ ਵਿਆਹਾਂ ਆਉਣਾ ਏ।

ਜਗਜੀਤ ਜ਼ੀਰਵੀ ਅਤੇ ਰੰਜਨਾ ਦੀ ਆਵਾਜ਼ ਵਿਚ ਇਹ ਗੀਤ ਤੱਕੋ:

ਹਾਣੀਆਂ ਟਾਹਲੀ 'ਤੇ
ਘੁੱਗੀ ਕਰੇ ਘੂੰ... ਘੂੰ...
ਜਦ ਮੈਂ ਦੁੱਧ ਰਿੜਕਾਂ
ਚੁਗਲ ਝਾਤੀਆਂ ਮਾਰੇ।

ਰਾਜਪੂਤ ਗੋਪਾਲ ਦਾ ਰਿਕਾਰਡ ਹੋਇਆ:

ਰੱਖ ਅੱਖੀਆਂ ਕਾਬੂ ਦੇ ਵਿਚ ਯਾਰ,
ਅੱਖੀਆਂ ਦਾ ਵਣਜ ਬੁਰਾ।
ਹੁੰਦੇ ਜੋਬਨ ਦੇ ਦਿਨ ਚਾਰ,
ਅੱਖੀਆਂ ਦਾ ਵਣਜ ਬੁਰਾ।
ਕਿਸੇ ਨਾਲ ਨਾ ਮੇਲੀਂ ਅੱਖਾਂ,
ਅੱਖਾਂ ਪਾਏ ਪੁਆੜੇ ਲੱਖਾਂ।
ਸਦਾ ਨਾ ਸਿੱਧੀਆਂ ਰਹਿੰਦੀਆਂ ਸੱਜਣਾ,
ਡੋਬਣ ਅੱਧ ਵਿਚਕਾਰ।

ਇਸ ਗੀਤ ਨੂੰ ਸੁਖਵਿੰਦਰ ਨਾਗਰਾ ਤੋਂ ਇਲਾਵਾ ਹੋਰ ਕਈ ਕਲਾਕਾਰਾਂ ਨੇ ਵੀ ਗਾਇਆ।

ਪਾਲ ਦੇ ਗੀਤ ਕ੍ਰਿਪਾਲ ਬਾਵਾ, ਰਜਨੀ, ਚੰਦਾ ਦਿੱਲੀ ਵਾਲੀ, ਜੈਤੋ ਵਾਲੇ ਤਰਲੋਕੀ ਵਰਮਾ, ਸ਼ਸ਼ੀ ਪ੍ਰਭਾ, ਕਰਮ ਚੰਦ ਜਲੰਧਰੀ, ਮਿਲਖੀ ਰਾਮ, ਉਜਾਗਰ ਸਿੰਘ 'ਮਲੰਗ', ਜਗਤ ਸਿੰਘ ਜੱਗਾ, ਭਨਿੰਦਰ ਕੌਰ ਚੰਡੀਗੜ੍ਹ, ਚੰਦਰ ਕਾਂਤਾ ਜਲੰਧਰ, ਜੱਸੀ ਖ਼ਾਨ ਖਾਨਾ ਵਾਲੀ, ਬਲਵੀਰ ਕਲਸੀ, ਹਰਪਾਲ ਸ਼ਰਮਾ, ਪਰਮਜੀਤ ਪੰਮੀ, ਉਪਿੰਦਰ ਕੌਰ ਜਲੰਧਰੀ, ਭਾਨ ਸਿੰਘ ਮਾਹੀ, ਮਹਿੰਦਰ ਜੀਤ ਕੌਰ ਸੇਖੋਂ (ਉਹ ਸੇਖੋਂ ਜਿਹੜੀ ਯਮਲੇ ਜੱਟ ਨਾਲ ਗਾਉਂਦੀ ਹੁੰਦੀ ਸੀ 'ਭਾਈ ਵੇ ਪਤਾਸਿਆ ਰੂੰ ਪਿੰਜ ਦੇ') ਅਤੇ ਗੜ੍ਹ ਪਧਾਣਿਆਂ ਵਾਲੇ ਸੁਰਜੀਤ ਸਿੰਘ ਸੁਰਜੀਤ ਨੇ ਗਾਏ।

ਹਰਭਜਨ ਸਿੰਘ ਮਸਤਾਨਾ ਅਤੇ ਗੁਰਬਚਨ ਬੀਬਾ ਨੇ ਗਾਇਆ:

ਪੀਂਘ ਪਾਉਣ ਲਈ ਮੈਂ ਰੱਸਾ ਲੈ,
ਚੜ੍ਹ ਗਈ ਉਪਰ ਡੇਕ।
ਬੋਚੀਂ ਬੋਚੀਂ ਵੇ ਮੱਖਣਾ,
ਟੁੱਟਾ ਡਾਲ੍ਹਾ ਆ ਗਈ ਹੇਠ।

ਰਣਜੀਤ ਕੌਰ ਨਾਲ ਕੁਲਦੀਪ ਹੀਰੋ ਦੀ ਪਹਿਲੀ ਰਿਕਾਰਡਿੰਗ ਵੀ ਪਾਲ ਨੇ ਕਰਾਈ ਸੀ। ਉਹ ਕੁਲਦੀਪ ਹੀਰੋ ਜਿਸ ਨੇ ਕਦੇ ਬਾਬੂ ਸਿੰਘ ਮਾਨ ਦਾ ਲਿਖਿਆ 'ਰਿਕਸ਼ਾ ਅਮਲੀ ਦਾ ਬੰਬੂਕਾਟ ਦੇ ਬਰਾਬਰ ਜਾਂਦਾ' ਗੀਤ ਗਾਇਆ ਸੀ। ਪਿੰਡ ਸਰਹਾਲੀ (ਫਗਵਾੜੇ ਕੋਲ) ਦੇ ਦਿੱਲੀ ਰਹਿੰਦੇ ਗੁਰਮੀਤ ਸਿੰਘ ਭੰਡਾਰੀ ਦੀਆਂ ਬੋਲੀਆਂ 'ਰਾਣੀ ਗਿੱਧਿਆਂ ਦੀ ਗੀਤ ਪਾਲ ਦੇ ਗਾਵੇ' ਨੇ ਸਟੇਜਾਂ 'ਤੇ ਧੂੰਮਾਂ ਪਾਈਆਂ। ਦਰਬਾਰਾ ਸਿੰਘ ਮਾਂਗਟ ਅਤੇ ਕਮਲਜੀਤ ਕੌਰ ਨੇ ਪਾਲ ਦੀ ਕਲਮ ਤੋਂ 'ਜੱਟਾ ਕੀ ਮੈਂ ਚੁਰਾ ਲਿਆ ਤੇਰਾ, ਵੇਂਹਦਾ ਕਾਹਨੂੰ ਡੇਲੇ ਕੱਢ ਕੇ', ਯੂ.ਪੀ. ਦੇ ਇੰਦਰਜੀਤ ਸ਼ਰਮਾ ਅਤੇ ਲਖਨਊ ਦੀ ਦਲਜੀਤ ਕੌਰ ਨੇ ਹਿੰਦੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਦੇ ਪਾਲ ਦੇ ਲਿਖੇ ਗੀਤ ਗਾਏ।

ਪਾਲ ਨੇ ਜ਼ਿੰਦਗੀ ਦੇ ਹਰ ਪੱਖ 'ਤੇ ਗੀਤ ਲਿਖੇ। ਅੱਜ ਤੋਂ ਕੋਈ ਚਾਲੀ ਸਾਲ ਪਹਿਲਾਂ ਰਵਿਦਾਸ ਮਹਾਰਾਜ ਬਾਰੇ ਗੀਤ ਲਿਖਿਆ:

ਦੇਵਤੇ ਅਰਸ਼ੋਂ ਫੁੱਲ ਬਰਸਾਂਦੇ
ਪਰੀਆਂ ਗਾਵਣ ਆਈਆਂ।
ਮਾਤਾ ਕਲਸੀ ਨੂੰ ਲੋਕ ਦੇਣ ਵਧਾਈਆਂ!

ਕੇਸਰ ਸਿੰਘ ਨਰੂਲਾ ਦੇ ਸੰਗੀਤ ਵਿਚ ਮਨੋਹਰ ਸਿੰਘ ਮਨੋਹਰ ਅਤੇ ਜੋਗਿੰਦਰ ਜੈਨ ਦੇ ਗਾਏ ਇਸ ਧਾਰਮਿਕ ਗੀਤ ਨੇ ਬਹੁਤ ਪ੍ਰਸਿੱਧੀ ਖੱਟੀ। ਰਵਿਦਾਸ ਮਹਾਰਾਜ ਦੇ ਗੁਰਪੁਰਬ 'ਤੇ ਇਹ ਗੀਤ ਬਹੁਤ ਸੁਣਿਆ ਗਿਆ। ਉਸ ਵੇਲੇ ਪਲਾਸਟਿਕ ਦੇ ਤਵਿਆਂ ਦੀ ਸ਼ੁਰੂਆਤ ਹੋਈ ਸੀ। ਚਾਰ ਗੀਤਾਂ ਵਾਲਾ ਇਹ ਈ.ਪੀ. ਤਵਾ ਨਿਕਲਿਆ ਸੀ। ਪੱਥਰ ਦੇ (ਲਾਖ ਵਾਲੇ) ਤਵਿਆਂ ਦਾ ਜ਼ਮਾਨਾ ਬਦਲ ਚੁੱਕਾ ਸੀ। ਇਹ ਗੀਤ ਆਲ ਇੰਡੀਆ ਰੇਡੀਓ 'ਤੇ ਵੀ ਚੱਲਦਾ ਰਿਹਾ। ਇਸ ਗੀਤ ਨੇ ਪਾਲ ਦੀ ਚਾਰੇ ਪਾਸੇ ਧੰਨ-ਧੰਨ ਕਰਵਾ ਦਿੱਤੀ ਸੀ।

ਕਲਗੀਆਂ ਵਾਲੇ ਪ੍ਰੀਤਮ
ਭੁੱਲੇ ਕੌਣ ਤੇਰੇ ਉਪਰਕਾਰ।
ਧਰਮ ਦਾ ਬੇੜਾ ਬੰਨੇ ਲਾਇਆ
ਵਾਰ ਸਾਰਾ ਪਰਿਵਾਰ।

ਇੰਗਲੈਂਡ ਦੇ ਭੁਚੰਗੀ ਗਰੁਪ ਨੇ ਇਸ ਧਾਰਮਿਕ ਗੀਤ ਨੂੰ ਸਟੇਜਾਂ 'ਤੇ ਗਾਇਆ ਅਤੇ ਐਲ.ਪੀ. ਰਿਕਾਰਡ ਕਰਵਾਇਆ। ਇਸ ਗਰੁਪ ਨੇ ਗੀਤ ਤਾਂ ਬਹੁਤ ਲਏ ਪਾਲ ਤੋਂ ਪਰ ਰਿਕਾਰਡ ਤਿੰਨ ਹੀ ਕਰਾਏ। ਤਿੰਨਾਂ ਗੀਤਾਂ ਬਦਲੇ ਉਨ੍ਹਾਂ ਨੇ ਪਾਲ ਨੂੰ ਸਿਰਫ਼ ਤਿੰਨ ਸੌ ਰੁਪਿਆ ਦਿੱਤਾ। ਇੰਗਲੈਂਡ ਰਹਿੰਦੇ ਪਾਲ ਦੇ ਕਿਸੇ ਗਰਾਈਂ ਨੇ ਆ ਕੇ ਦੱਸਿਆ ਕਿ ਭੁਚੰਗੀ ਗਰੁਪ ਵਾਲਿਆਂ ਨੇ ਤਿੰਨਾਂ ਗੀਤਾਂ ਦੇ ਹਜ਼ਾਰਾਂ ਪੌਂਡ ਬਣਾਏ ਹਨ ਪਰ ਤੁਹਾਨੂੰ ਉਹ ਤਿੰਨ ਸੌ ਰੁਪਿਆ ਦੇ ਕੇ ਸਾਰ ਗਏ। ਉਸ ਤੋਂ ਬਾਅਦ ਪਾਲ ਨੇ ਮੁੜ ਕੇ ਉਨ੍ਹਾਂ ਨੂੰ ਕੋਈ ਗੀਤ ਨਾ ਦਿੱਤਾ।

ਭਾਈ ਚਤਰ ਸਿੰਘ-ਜੀਵਨ ਸਿੰਘ ਫ਼ਰਮ ਨੇ ਪਾਲ ਨੂੰ ਲੈ ਕੇ 'ਫ਼ਿਲਮੀ ਦੁਨੀਆਂ' ਮੈਗਜ਼ੀਨ ਕੱਢਿਆ। ਉਸ ਦਾ ਸੰਪਾਦਕ ਚਮਨ ਲਾਲ ਸ਼ੁਗਲ ਅਤੇ ਸਹਾਇਕ ਸੰਪਾਦਕ ਸ਼ੁਗਲ ਦੇ ਬੇਟੇ ਰਵਿੰਦਰ ਬਿਦੂ ਨੂੰ ਬਣਾਇਆ। ਮੈਗਜ਼ੀਨ ਦੀ ਸੇਲ ਹੋਰ ਵਧਾਉਣ ਲਈ ਉਨ੍ਹਾਂ ਬਾਬੂ ਸਿੰਘ ਮਾਨ, ਦੀਦਾਰ ਸੰਧੂ, ਹਰਦੇਵ ਦਿਲਗੀਰ ਅਤੇ ਚਤਰ ਸਿੰਘ ਪਰਵਾਨਾ ਦੇ ਨਾਂ ਜੋੜ ਦਿੱਤੇ ਕਿਉਂਕਿ ਉਨ੍ਹਾਂ ਦਾ ਨਾਂ ਸੀ ਉਸ ਵੇਲੇ। ਮੁੱਖ ਕਾਰਜ ਤਾਂ ਪਾਲ ਦਾ ਸੀ।

"ਪਾਲ ਜੀ, ਸ਼ਾਗਿਰਦ ਕਿੰਨੇ ਕੁ ਬਣਾਏ?" ਮੈਂ ਵਿਚੋਂ ਟੋਕਦਿਆਂ ਸਵਾਲ ਕੀਤਾ।

"ਜੁਆਨਾਂ..। ਸ਼ਾਗਿਰਦ ਤਾਂ ਮੇਰੇ ਬਹੁਤ ਨੇ। ਲਹਿੰਬਰ 'ਅਹੀਰ' ਪੁਆਧੜੇ ਵਾਲਾ, ਨਿਰਮਲਜੀਤ ਲਗਾਹਾਂ ਵਾਲਾ (ਜੀਤ ਲਗਾਹਾਂ ਵਾਲਾ)। ਇਹਦੀ ਕਿਤਾਬ ਵੀ ਮੈਂ ਛਪਵਾਈ। ਮੱਲ ਸਿੰਘ ਚੀਮਾ ਸ਼ਾਗਿਰਦ ਦੀ ਕਿਤਾਬ ਵੀ ਮੈਂ ਛਪਵਾਈ। ਸ਼ਿੰਦਾ ਮਾਨ ਮੁਕਤਸਰੀ ਨੀਲੋਖੇੜੀ, ਪਹਿਲਵਾਨ ਸੁਰਜੀਤ ਸਰਾਂ ਹਰਿਆਣੇ ਦਾ ਗੋਲਡ ਮੈਡਲਿਸਟ ਹਰਿਆਣਾ ਦੇ ਰੰਬਾਂ ਪਿੰਡ ਦਾ। ਜਰਨੈਲ ਨਿਮਾਣਾ ਚੱਕ ਹਾਜ਼ੀਪੁਰ, ਜਸਵੰਤ ਸਿੰਘ ਪਰਮਾਰ ਟੂਟੋ ਮਜਾਰਾ (ਗੀਤਕਾਰ ਚਮਨ)। ਸਨਮੁਖ ਸਿੰਘ ਆਜ਼ਾਦ ਸ਼ਾਗਿਰਦ ਤਾਂ ਭਾਵੇਂ ਚਰਨ ਸਿੰਘ ਸਫ਼ਰੀ ਦਾ ਸੀ ਪਰ ਉਸ ਦੀ ਕਿਤਾਬ ਮੈਂ ਛਪਵਾਈ। ਰਾਮ ਸ਼ਰਨ ਜੋਸ਼ੀਲਾ ਮੇਰੇ ਨਾਲੋਂ ਭਾਵੇਂ ਸੀਨੀਅਰ ਸੀ ਪਰ ਉਸ ਦੀ ਪਹਿਲੀ ਕਿਤਾਬ ਵੀ ਮੈਂ ਛਪਵਾਈ। ਮਿਹਰ ਸਿੰਘ ਐਂਡ ਮਿਹਰ ਸੰਨਜ਼ ਵੱਲੋਂ ਛਾਪੀ ਗਈ ਕਿਤਾਬ ਨੂੰ ਜੋਸ਼ੀਲਾ ਨੇ ਮੈਨੂੰ ਸਮਰਪਿਤ ਕੀਤਾ ਸੀ। ਅਮਰੀਕਾ ਰਹਿੰਦਾ ਮਜਾਰੇ ਦਾ ਵਿੱਕੀ ਹੀਰਾ, ਸੁਮਨ ਦੁਸਾਂਝਾਂ ਵਾਲਾ (ਜੋ ਇਸ ਵਕਤ ਪਿੰਡ ਦਾ ਸਰਪੰਚ ਵੀ ਹੈ) ਅਤੇ ਪਿੰਡ ਗੁਆਂਢੀ ਦਾ ਅੱਜ ਦਾ ਸਫ਼ਲ ਗੀਤਕਾਰ ਜਸਵੀਰ ਗੁਣਾਚੌਰੀਆ ਵੀ ਮੇਰਾ ਸ਼ਾਗਿਰਦ ਹੈ।"

"ਪਾਲ ਜੀ, ਜਸਵੀਰ ਤਾਂ ਕਹਿੰਦੈ, ਮੇਰਾ ਕੋਈ ਉਸਤਾਦ ਨਹੀਂ ਹੈ...ਇਹ ਗੌਡ ਗਿਫ਼ਟ ਹੈ...ਅੱਜ ਜੋ ਵੀ ਹਾਂ, ਪਰਮਾਤਮਾ ਦੀ ਕ੍ਰਿਪਾ ਨਾਲ ਹਾਂ!"

ਪਾਲ ਗ਼ੁੱਸੇ ਵਿਚ ਬੋਲਿਆ, "ਗ਼ਲਤ... ਬਿਲਕੁਲ ਗ਼ਲਤ! ਇਕਬਾਲ ਸਿਹਾਂ, ਜੇ ਗੌਡ ਗਿਫ਼ਟ ਹੈ ਤਾਂ ਇਹ (ਜਸਵੀਰ) ਮੇਰੇ ਕੋਲ ਕੀ ਕਰਨ ਆਉਂਦਾ ਰਿਹਾ ਤਿੰਨ ਸਾਲ। ਇਹਦੇ ਪਿਤਾ ਜੀ ਮੈਨੂੰ ਕਈ ਵਾਰ ਕਹਿ ਚੁੱਕੇ ਸਨ ਕਿ ਪਾਲ ਜੀ, ਸਾਡੇ ਮੁੰਡੇ ਨੂੰ ਗੀਤ ਲਿਖਣ ਦਾ ਸ਼ੌਕ ਹੈ, ਉਹਨੂੰ ਵੀ ਲੈਣਾਂ ਸਿੱਧੀਆਂ ਕਰਨੀਆਂ ਦੱਸ ਦਿਓ। ਪਿੰਡ ਦਾ ਬਜਾਜੀ ਵਾਲਾ ਮਿਹਰ ਸਿੰਘ ਮੇਰਾ ਦੋਸਤ ਸੀ। ਉਹ ਇਹਦੇ ਪਿਤਾ ਦਾ ਦੋਸਤ ਸੀ। ਉਹਨੇ ਵੀ ਸਿਫਾਰਸ਼ ਪਾਈ। ਦੋਵਾਂ ਦਾ ਕਹਿਣਾ ਮੰਨ ਕੇ ਇਹਨੂੰ ਗੀਤਕਾਰੀ ਦੀ ਪੌੜੀ ਚਾੜ੍ਹਿਆ। ਚਲੋ ਜੋ ਵੀ ਮਰਜ਼ੀ ਐ, ਮੈਨੂੰ ਮਾਣ ਐ ਉਸ 'ਤੇ। ਸੱਚ ਹਮੇਸ਼ਾ ਸੱਚ ਰਹਿੰਦੈ। ਅੱਜ ਦਾ ਜ਼ਮਾਨਾ ਤਾਂ ਉਹ ਐ ਜਿਹਦੇ ਨਾਂ ਦੀ ਪ੍ਰਸਿੱਧੀ ਹੋਵੇ, ਚਾਰ ਪੈਸੇ ਕੋਲ ਹੋਣ...ਉਹਨੂੰ ਲੋਕੀਂ ਉਸਤਾਦ ਧਾਰ ਲੈਂਦੇ ਆ। ਲੋਕੀਂ ਕਈ-ਕਈ ਤਾਂ ਉਸਤਾਦ ਬਦਲਦੇ ਆ। ਮੈਂ ਭਾਵੇਂ ਮੰਜੇ 'ਤੇ ਪੈ ਗਿਆਂ ਪਰ ਹਾਲੇ ਜੀਂਦਾਂ। ਜੇ ਕਿਸੇ ਨੇ ਕੁਛ ਵੀ ਪੁੱਛਣਾ, ਪੁੱਛ ਸਕਦੈ...। ਹਰ ਗੀਤਕਾਰ ਜਾਂ ਕਲਾਕਾਰ ਦਾ ਕੋਈ ਨਾ ਕੋਈ ਉਸਤਾਦ ਜ਼ਰੂਰ ਹੋਇਐ। ਜੇ ਗੌਡ ਗਿਫ਼ਟ ਹੋਵੇ ਤਾਂ ਉਹ ਇਨਸਾਨ ਨਹੀਂ, ਰੱਬ ਹੈ, ਦੇਵਤਾ ਹੈ, ਸੰਤ ਮਹਾਂਪੁਰਸ਼ ਹੈ।"

"ਇਕਬਾਲ ਸਿਹਾਂ ਹੋਰ ਸੁਣ...ਸ਼ਮਸ਼ੇਰ ਸੰਧੂ ਵੀ ਵਧੀਆ ਗੀਤਕਾਰ ਐ, ਬੜੀ ਇੱਜ਼ਤ ਕਰਦੈ ਮੇਰੀ। ਜਦੋਂ ਵੀ ਮਿਲਦੈ, ਹਮੇਸ਼ਾ ਗੋਡੀਂ ਹੱਥ ਲਾਉਂਦੈ। ਉਹ ਵੀ ਇਕ ਵਾਰ ਆ ਕੇ ਮੇਰੇ ਕੋਲੋਂ ਮੇਰੀਆਂ ਫੋਟੋਆਂ, ਅਖ਼ਬਾਰਾਂ ਵਿਚ ਛਪੇ ਮੇਰੇ ਆਰਟੀਕਲ ਅਤੇ ਗੀਤਾਂ/ਰਚਨਾਵਾਂ ਦੀਆਂ ਕਾਪੀਆਂ ਲੈ ਗਿਆ ਸੀ। ਹਾਲੇ ਤਕ ਮੋੜੇ ਨਹੀਂ ਉਸ ਨੇ! 19 ਜੁਲਾਈ 2010 ਦੇ 'ਦੇਸ਼ ਸੇਵਕ' ਅਖ਼ਬਾਰ ਵਿਚ ਦਵਿੰਦਰ ਹੀਉਂ ਗੀਤਾਂ/ਰਚਨਾਵਾਂ ਕਾਪੀਆਂ ਦਾ ਜ਼ਿਕਰ ਕਰ ਚੁੱਕਾ ਹੈ। ਮੈਂ ਹਾਲੇ ਤਕ ਆਪਣੀਆਂ ਲਿਖਤਾਂ ਦੀਆਂ ਕਾਪੀਆਂ ਦਾ ਇੰਤਜ਼ਾਰ ਕਰ ਰਿਹਾਂ। ਅੱਜ ਕੱਲ੍ਹ ਦੇ ਗੀਤਕਾਰ ਮਿਹਨਤ ਘੱਟ ਅਤੇ ਗੀਤ ਚੁਰਾਉਣ ਵਿਚ ਵਿਸ਼ਵਾਸ ਵੱਧ ਰੱਖਦੇ ਹਨ। ਗੀਤਾਂ ਨੂੰ ਅੱਗੇ-ਪਿੱਛੇ ਕਰ ਕੇ ਕਲਾਕਾਰਾਂ ਨੂੰ ਦੇਈਂ ਜਾ ਰਹੇ ਨੇ। ਚਲੋ, ਜੋ ਵੀ ਮਰਜ਼ੀ ਐ, ਸੰਧੂ ਹੈ ਬੜਾ ਸਾਊ ਤੇ ਸੋਹਣਾ-ਸੁਨੱਖਾ ਮੁੰਡਾ!"

ਪਿਆਰੇ ਪਾਠਕੋ, ਤੁਹਾਡੇ ਨਾਲ ਮੈਂ ਗੀਤਕਾਰਾਂ ਦੀ ਇਕ ਹੋਰ ਗੱਲ ਸਾਂਝੀ ਕਰ ਰਿਹਾ ਹਾਂ। ਫ਼ਿਲਮ ਕਲਾਕਾਰ ਅਤੇ ਮਿਸ਼ੀਗਨ ਰਹਿੰਦੇ ਮੇਰਾ ਦੋਸਤ ਬੌਬ ਖਹਿਰਾ ਗੱਲ ਸੁਣਾ ਰਿਹਾ ਸੀ ਕਿ ਇਕ ਵਾਰ ਉਹ ਲੁਧਿਆਣਾ ਕਿਸੇ ਨਾਮਵਰ ਕਲਾਕਾਰ ਦੇ ਦਫ਼ਤਰ ਗਿਆ। ਜਾਂਦੇ ਨੂੰ ਮੂਹਰੇ ਦਫ਼ਤਰ ਵਿਚ ਕੁਝ ਨਾਮੀ ਗੀਤਕਾਰ, ਲੋਕਾਂ ਦੇ ਗੀਤ ਆਪਣੀਆਂ ਕਾਪੀਆਂ ਵਿਚ ਫਟਾਫਟ ਨੋਟ ਕਰ ਰਹੇ ਸਨ, ਆਪਣੇ ਤਰੀਕੇ ਨਾਲ ਲਿਖ ਰਹੇ ਸਨ। ਬੌਬ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਆਹ ਕੀ ਕਰ ਰਹੇ ਹੋ...ਕੁਝ ਤਾਂ ਸ਼ਰਮ ਕਰੋ...ਗੀਤ ਕਿਸੇ ਦੇ, ਲਿਖੀ ਤੁਸੀਂ ਜਾ ਰਹੇ ਹੋ...ਦੁਰ ਫਿੱਟੇ ਮੂੰਹ ਤੁਹਾਡੇ!" ਕਹਿ ਕੇ ਵਾਪਸ ਮੁੜ ਆਇਆ। ਬੌਬ ਖਹਿਰਾ ਵੀ ਗੀਤਕਾਰ ਹੈ। ਉਹ ਪਲਵਿੰਦਰ ਧਾਮੀ ਦੀਆਂ ਸਟੇਜਾਂ ਸਾਂਭਦਾ ਰਿਹੈ। ਉਸ ਦਾ ਇਕ ਗੀਤ ਧਾਮੀ ਨੇ ਵੀ ਚੁਰਾਇਆ ਸੀ।

ਬਾਬੂ ਸਿੰਘ ਮਾਨ, ਦੀਦਾਰ ਸੰਧੂ, ਹਰਦੇਵ ਦਿਲਗੀਰ, ਇੰਦਰਜੀਤ ਹਸਨਪੁਰੀ, ਸਨਮੁਖ ਸਿੰਘ ਆਜ਼ਾਦ, ਗੁਰਦੇਵ ਸਿੰਘ ਮਾਨ, ਚਰਨ ਸਿੰਘ ਸਫ਼ਰੀ, ਦੀਪਕ ਜੈਤੋਈ, ਚਮਨ ਲਾਲ ਸ਼ੁਗਲ, ਸ਼ਿਵ ਕੁਮਾਰ ਬਟਾਲਵੀ ਅਤੇ ਰਾਮ ਸ਼ਰਨ ਜੋਸ਼ੀਲਾ ਵਰਗੇ ਸਿਰਮੌਰ ਗੀਤਕਾਰ ਪਾਲ ਦੇ ਸਮਕਾਲੀ ਸਨ। ਪਾਲ ਦੇ ਦੱਸਣ ਅਨੁਸਾਰ ਉਸ ਵੇਲੇ ਵੀ ਕਈ ਗੀਤਕਾਰ ਜੂਨੀਅਰ ਤੇ ਸੀਨੀਅਰ ਸਨ, ਬੜੇ-ਛੋਟੇ ਦਾ ਕਦੇ ਫ਼ਰਕ ਨਹੀਂ ਸੀ ਕੀਤਾ। ਬੜੇ ਪਿਆਰ ਨਾਲ ਯਾਰਾਂ-ਦੋਸਤਾਂ ਵਾਂਗ ਰਹਿੰਦੇ ਸਾਂ। ਪੂਰੀ ਇੱਜ਼ਤ ਕਰਦੇ ਸਾਂ ਇਕ-ਦੂਜੇ ਦੀ। ਕਦੇ-ਕਦੇ ਸ਼ੁਗਲ ਵਗੈਰਾ ਵੀ ਕਰ ਲਈਦਾ ਸੀ।

**ਪਾਲ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਕਈ ਗੀਤਕਾਰਾਂ ਨੇ ਉਸ ਦੇ ਗੀਤਾਂ ਨੂੰ ਚੋਰੀ ਕੀਤਾ। ਬਹੁਤਿਆਂ ਨੇ ਉਸ ਦੇ ਗੀਤਾਂ ਨਾਲ ਰਲਦੇ-ਮਿਲਦੇ ਗੀਤ ਲਿਖੇ। ਚਮਨ ਲਾਲ ਸ਼ੁਗਲ ਨਾਲ ਵੀ ਪਾਲ ਦੀ ਕਿਸੇ ਗੀਤ ਦੇ ਸਬੰਧ ਵਿਚ ਨਾਰਾਜ਼ਗੀ ਹੋ ਗਈ ਸੀ। ਸ਼ੁਗਲ ਹੱਥ ਖੜ੍ਹੇ ਕਰ ਗਿਆ ਸੀ। ਇਸ ਘਟਨਾ ਤੋਂ ਬਾਅਦ ਦੂਜੇ ਗੀਤਕਾਰਾਂ ਨੇ ਵੀ ਪਾਲ ਦਾ ਸਾਥ ਦਿੱਤਾ। ਫਿਰ ਦੋਵਾਂ ਦੀ ਸੁਲ੍ਹਾ-ਸਫ਼ਾਈ ਹੋ ਗਈ। ਫਿਰ ਤਾਂ ਇੰਨਾ ਪਿਆਰ ਪੈ ਗਿਆ ਕਿ ਦੋਵੇਂ ਘਿਉਂ-ਖਿਚੜੀ ਬਣ ਗਏ।**

ਚਰਖੀ ਰੰਗਲੀ ਦਾਜ ਦੀ,
ਮੇਰੇ ਵੀਰ ਨੇ ਵਲੈਤੋਂ ਲਿਆਂਦੀ।

ਇਸ ਗੀਤ ਨੂੰ ਮਰਹੂਮ ਗੁਰਦੇਵ ਸਿੰਘ ਮਾਨ ਨੇ ਲਿਖਿਆ ਅਤੇ ਨਰਿੰਦਰ ਬੀਬਾ ਨੇ ਗਾਇਆ। ਇਸ ਗੀਤ ਦੀ ਰਿਕਾਰਡਿੰਗ ਤੋਂ ਬਾਅਦ ਗੁਰਦੇਵ ਮਾਨ, ਨਰਿੰਦਰ ਬੀਬਾ ਅਤੇ ਪਾਲ ਤਿੰਨੇ ਕਿਤੇ 'ਕੱਠੇ ਹੋਏ। ਪਾਲ ਗੁਰਦੇਵ ਮਾਨ ਨੂੰ ਕਹਿਣ ਲੱਗਾ, "ਮਾਨ ਸਾਹਿਬ, ਤੁਹਾਡੇ ਗੀਤ ਵਿਚ ਭੈਣ ਦੇ ਦਾਜ ਵਾਸਤੇ 'ਰੰਗੀਲੀ ਚਰਖੀ' ਤੁਹਾਨੂੰ ਆਪਣੇ ਮੁਲਕ ਵਿਚੋਂ ਕਿਤੋਂ ਨਾ ਮਿਲੀ...ਵਲੈਤੋਂ ਮੰਗਵਾਉਣ ਦੀ ਕੀ ਲੋੜ ਸੀ! ਨਾਲੇ ਉਥੇ ਤਾਂ ਮਿਸਤਰੀ ਵੀ ਹੈ ਨ੍ਹੀਂ ਚਰਖੀਆਂ ਬਣਾਉਣ ਵਾਲੇ!!"

"ਉਹ ਤਾਂ ਖਿਡੌਣਾ ਸੀ, ਪਾਲ ਸ੍ਹਾਬ..." ਮਾਨ ਨੇ ਹੱਸ ਕੇ ਜਵਾਬ ਦਿੱਤਾ।

"ਕਿਉਂ ਭੈਣ ਨੂੰ ਖਿਡੌਣਾ ਦੇਣਾ ਸੀ...ਦਾਜ ਵਿਚ?" ਪਾਲ ਬੋਲਿਆ।

"ਚਲੋ ਛੱਡੋ...ਪਾਲ ਸ੍ਹਾਬ, ਗੀਤ ਤਾਂ ਹੁਣ ਬਨੇਰਿਆਂ 'ਤੇ ਵੱਜਦੈ," ਕੋਲ ਬੈਠੀ ਬੀਬਾ ਕਹਿਣ ਲੱਗੀ।

ਪਾਲ ਦੀ ਖ਼ਾਸੀਅਤ ਸੀ ਕਿ ਉਹ ਸੱਚੀ ਗੱਲ ਇਕਦਮ ਮੂੰਹ 'ਤੇ ਕਹਿ ਦਿੰਦਾ ਸੀ। ਚਤਰ ਸਿੰਘ ਪਰਵਾਨਾ ਨੇ ਵੀ ਇਹ ਗੱਲ ਕਹੀ ਸੀ ਕਿ ਪਾਲ ਦੀ ਇਕੋ ਕਮਜ਼ੋਰੀ ਹੈ, ਉਹ ਸੱਚੀ ਗੱਲ ਝੱਟ ਮੂੰਹ 'ਤੇ ਕਹਿ ਦਿੰਦੈ।

ਇਕ ਵਾਰ ਦਿੱਲੀ ਕਵੀ ਦਰਬਾਰ 'ਤੇ ਪਾਲ, ਸ਼ਿਵ ਕੁਮਾਰ ਬਟਾਲਵੀ, ਦੀਪਕ ਜੈਤੋਈ ਤੇ ਦਿੱਲੀ ਵਾਲਾ ਬਰਕਤ ਇਕੱਠੇ ਹੋਏ। ਪਾਲ ਸ਼ਿਵ ਨੂੰ ਕਹਿਣ ਲੱਗਾ, "ਤੁਹਾਡਾ 'ਗ਼ਮਾਂ ਦੀ ਰਾਤ' ਵਾਲਾ ਗੀਤ ਗ਼ਲਤ ਐ...। 'ਗ਼ਮ' ਇਕਵਚਨ ਵੀ ਐ ਤੇ ਬਹੁਵਚਨ ਵੀ।"

"ਹੁਣ ਤਾਂ ਕਿਤਾਬ ਛਪ ਗਈ, ਗੀਤ ਰਿਕਾਰਡ ਹੋ ਗਿਐ," ਮੁਸਕਰਾਉਂਦੇ ਹੋਏ ਸ਼ਿਵ ਦਾ ਉਤਰ ਸੀ। ਉਸ ਤੋਂ ਬਾਅਦ ਪਾਲ ਦਾ ਸ਼ਿਵ ਨਾਲ ਯਾਰਾਨਾ ਪੈ ਗਿਆ। ਦੀਪਕ ਜੈਤੋਈ ਨੇ 'ਗ਼ਮ' ਅਤੇ 'ਗ਼ਮਾਂ' ਬਾਰੇ ਅਖ਼ਬਾਰਾਂ ਵਿਚ ਲੇਖ ਵੀ ਲਿਖਿਆ ਸੀ।

1973 ਵਿਚ ਪਾਲ ਦੀ ਲਿਖੀ 'ਭੱਜ ਲੈ ਗਰਾਰੇ ਵਾਲੀਏ' ਕਿਤਾਬ ਵਿਚ ਸ਼੍ਰੋਮਣੀ ਢਾਡੀ ਦਇਆ ਸਿੰਘ ਦਿਲਬਰ ਨੇ ਆਪਣੇ ਵਿਚਾਰ ਦਿੱਤੇ। ਦਿਲਬਰ ਨੇ ਪਾਲ ਨੂੰ ਗੀਤਾਂ ਦਾ ਵਣਜਾਰਾ, ਹਾਸ-ਰਸ, ਵਿਅੰਗਕਾਰ ਅਤੇ ਵਧੀਆ ਕਵਿਤਾਵਾਂ ਦਾ ਕਵੀ ਕਿਹਾ। ਦਿਲਬਰ ਤੋਂ ਇਲਾਵਾ ਸਰੂਪ ਸਿੰਘ ਸਰੂਪ ਨਾਲ ਵੀ ਕਾਫ਼ੀ ਯਾਰਾਨਾ ਸੀ ਪਾਲ ਦਾ। ਬੰਗਿਆਂ ਵਾਲੇ ਪ੍ਰੇਮ ਸਿੰਘ ਮਾਨ ਨੇ ਆਪਣੀ ਕਿਤਾਬ ਵਿਚ ਪਾਲ ਨੂੰ ਗੀਤਕਾਰੀ ਦਾ ਥੰਮ੍ਹ ਆਖਿਆ।

ਰਾਜਾ ਸਾਹਿਬ ਮਹਾਂਪੁਰਸ਼ਾਂ ਦੀ 50ਵੀਂ ਬਰਸੀ 'ਤੇ ਰਾਜਾ ਸਾਹਿਬ ਦੀ ਰੱਬੀ ਬਾਣੀ ਦਾ ਜਸ ਗਾਇਨ ਕੀਤਾ। ਢਾਡੀ ਦਇਆ ਸਿੰਘ ਦਿਲਬਰ, ਸਾਰੰਗੀ ਮਾਸਟਰ ਕਰਮ ਸਿੰਘ ਲੰਗੜੋਆ, ਸਰੂਪ ਸਿੰਘ ਸਰੂਪ, ਕੁਲਦੀਪ ਸਿੰਘ ਕੁਲੇਵਾਲ, ਗੰਧਾਰਾ ਸਿੰਘ ਅਤੇ ਪ੍ਰੋ. ਮੋਹਨ ਸਿੰਘ ਮੋਹਨ (ਲੰਗੜੋਏ ਵਾਲੇ ਕਰਤਾਰ ਸਿੰਘ ਚਰਖੇ ਦਾ ਬੇਟਾ) ਹੁਰਾਂ ਨੇ ਰਾਜੇ ਦੇ ਭਗਵਾਨ ਬਿਲਾਸ ਦੀ ਮਹਿਮਾ ਗਾਈ। 1990 ਵਿਚ ਦਿਲਬਰ ਦੀ ਰਿਕਾਰਡਿੰਗ ਕਰਾਈ। 1990 ਵਿਚ ਹੀ ਸੀਤਲ ਤੇ ਸੀਮਾ ਦੀਆਂ ਆਵਾਜ਼ਾਂ ਵਿਚ ਦੋ ਕੈਸੇਟਾਂ ਰਿਲੀਜ਼ ਕੀਤੀਆਂ। ਇਕ ਦੋ-ਗਾਣਿਆਂ ਦੀ ਅਤੇ ਦੂਜੀ ਭੇਟਾਂ ਦੀ 'ਮਾਤਾ ਦੀਆਂ ਲਾਲ ਚੁੰਨੀਆਂ'। ਇਸ ਕੈਸੇਟ ਦਾ ਪ੍ਰੋਡਿਊਸਰ ਪਾਲ ਸੀ।

2001 ਵਿਚ ਗੁਰਦੀਪ ਸਿੰਘ ਮਹਿਦਪੁਰੀ ਦੀ ਆਵਾਜ਼ ਵਿਚ 'ਰਾਜਿਆਂ ਦਾ ਰਾਜਾ' ਸੀ.ਡੀ. ਕੱਢੀ ਗਈ। ਰਾਜੇ ਦੇ ਦਰਬਾਰ ਸੁੱਜੋਂ ਵਿਖੇ ਇਸ ਨੂੰ ਰਿਲੀਜ਼ ਕੀਤਾ ਗਿਆ। ਇਸ ਦੇ ਗੀਤ ਅਤੇ ਤਰਜ਼ ਪਾਲ ਦੇ ਸਨ। 2003 ਵਿਚ ਭਗਵਾਨ ਬਿਲਾਸ ਦੇ 100 ਸਾਲ ਪੂਰੇ ਹੋਣ 'ਤੇ ਰਾਜੇ ਦੇ ਦਰਬਾਰ ਵਿਚ ਪਾਲ ਦੇ ਨਿਰਦੇਸ਼ਨ ਹੇਠ ਰੰਜਨਾ ਦੀ ਆਵਾਜ਼ ਵਿਚ 'ਰਾਜਾ ਦੀਨ ਚੁਨੀ ਦਾ ਬਾਲੀ' ਰਿਕਾਰਡ ਹੋਈ। ਸਾਰਾ ਖ਼ਰਚਾ ਰਾਸੋਖ਼ਾਨੇ ਵਾਲਿਆਂ ਨੇ ਕੀਤਾ।

2007 ਵਿਚ ਰਾਜ ਦੇ ਦਰਬਾਰ 'ਤੇ ਜਾ ਕੇ ਸਰਦੂਲ ਸਿਕੰਦਰ ਨੇ 'ਚਰਚਾ ਪਿੰਡ ਮਜਾਰੇ ਦੀ ਚਹੁੰ ਕੂਟੀ ਹੋਣ ਲੱਗੀ' ਮਹਿਮਾ ਗਾਈ। ਮਲਕੀਤ ਸਿੰਘ ਗੋਲਡਨ ਸਟਾਰ ਯੂ.ਕੇ. ਵਾਲਾ ਨਾਲ ਚਿਮਟਾ ਵਜਾ ਰਿਹਾ ਸੀ। 2007 ਵਿਚ ਹੀ ਪਾਲ ਦੀ ਦੇਖ-ਰੇਖ ਹੇਠ ਰੰਜਨਾ ਅਤੇ ਹੋਰ ਕਲਾਕਾਰਾਂ ਨੂੰ ਲੈ ਕੇ 'ਮਾਂ ਦੀਆਂ ਕੰਜਕਾਂ' ਸੀ.ਡੀ. ਕੱਢੀ ਗਈ। ਪਾਲ ਨੇ ਸੀ.ਡੀ. ਦੇ ਸਾਰੇ ਗੀਤਾਂ ਦੀ ਸੁਧਾਈ ਕੀਤੀ।

ਅਣਗਿਣਤ ਗੀਤਾਂ ਦੇ ਰਚੈਤਾ ਪਾਲ ਦੀ ਕਲਮ ਨੇ ਦੇਸ਼-ਵਿਦੇਸ਼ ਵਿਚ ਆਪਣੀਆਂ ਧੁੰਮਾਂ ਪਾਈਆਂ। ਉਸ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲੇ। ਜਗਤਪੁਰ ਲਿਖਾਰੀ ਸਭਾ, ਬੰਗਾ, ਨਕੋਦਰ, ਫ਼ਰਾਲਾ, ਔੜ ਅਤੇ ਨੂਰਮਹਿਲ ਤੋਂ ਇਲਾਵਾ ਕਈ ਸਭਾਵਾਂ ਨੇ ਮਾਣ ਬਖ਼ਸ਼ਿਆ। ਨੂਰਮਹਿਲ ਵਾਲਿਆਂ ਨੇ ਪਾਲ ਦੇ ਨਾਲ ਮਾਸਟਰ ਜਸਵੰਤ ਭੰਵਰਾ, ਚਾਂਦੀ ਰਾਮ ਚਾਂਦੀ ਅਤੇ ਸੀਤਲ ਸਿੰਘ ਸੀਤਲ ਨੂੰ ਸਿੱਕਿਆਂ ਨਾਲ ਤੋਲਿਆ। ਸੀਤਲ ਨੂਰਮਹਿਲ ਦਾ ਹੋਣ ਕਰਕੇ ਪਿੰਡ ਵਾਸੀਆਂ ਨੇ ਉਚੇਚਾ ਮਾਣ ਕੀਤਾ।

ਪਾਲ 3 ਅਪਰੈਲ 1975 ਨੂੰ ਬੀਮਾਰ ਹੋ ਗਿਆ ਅਤੇ 1978 ਵਿਚ ਪੀ.ਜੀ.ਆਈ. ਜਾ ਦਾਖ਼ਲ ਹੋਇਆ। ਬੜਾ ਇਲਾਜ ਕਰਵਾਇਆ। ਸੋਟੀ ਨਾਲ ਹੌਲੀ-ਹੌਲੀ ਤੁਰਦਾ ਸਦਾ ਲਈ ਮੰਜੇ ਨਾਲ ਜੁੜ ਗਿਆ। ਪਾਲ ਦਾ ਇਕ ਪੁੱਤਰ ਰਾਜਨ ਛੋਟੀ ਉਮਰੇ ਹੀ ਪੂਰਾ ਹੋ ਗਿਆ। ਬਾਰਾਂ ਸਾਲਾਂ ਦੀ ਇਕੋ-ਇਕ ਬੇਟੀ ਗਗਨਜੋਤ ਗੁਣਾਚੌਰ ਦੇ ਟੈਗੋਰ ਪਬਲਿਕ ਸਕੂਲ ਵਿਚ ਪੜ੍ਹਦੀ ਹੈ। ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚੱਲਦੈ। ਜੀਵਨ ਸਾਥਣ ਛੋਟੀ ਜਿਹੀ ਨੌਕਰੀ ਕਰਕੇ ਘਰ ਚਲਾ ਰਹੀ ਹੈ। ਕਿਸੇ ਵੀ ਗੀਤਕਾਰ ਜਾਂ ਕਲਾਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਰਵਿਦਾਸੀਆ ਭਾਈਚਾਰੇ ਦਾ ਇਹ ਗੀਤਕਾਰ ਜ਼ਿੰਦਗੀ ਦਾ ਲੰਮਾ ਅਤੇ ਡੂੰਘਾ ਇਤਿਹਾਸ ਸਾਂਭੀ ਬੈਠੈ।


ਇਸ ਮਹਾਨ ਗੀਤਕਾਰ ਨੂੰ ਜ਼ਿੰਦਗੀ ਦੇ ਕੌੜੇ-ਮਿੱਠੇ ਤਰਜਬਿਆਂ ਦਾ ਡੂੰਘਾ ਅਹਿਸਾਸ ਹੈ। ਯਾਦਾਂ ਦੀ ਪਟਾਰੀ ਕਿਤਾਬ ਛਾਪੀ ਜਾ ਸਕਦੀ ਹੈ। ਉਸ ਨੂੰ ਰਚੇ ਗੀਤ ਹਾਲੇ ਵੀ ਚੰਗੀ ਤਰ੍ਹਾਂ ਯਾਦ ਨੇ। ਉਮਰ ਦੇ ਲਿਹਾਜ਼ ਨਾਲ ਭਾਵੇਂ ਫ਼ਰਕ ਪੈ ਗਿਆ, ਫਿਰ ਵੀ ਦਿਮਾਗ਼ ਕੰਪਿਊਟਰ ਵਾਂਗ ਚੱਲਦੈ। ਬੜੀ ਮੁਸ਼ਕਲ ਨਾਲ ਕੱਟ ਰਿਹੈ ਜ਼ਿੰਦਗੀ ਦੇ ਆਖ਼ਰੀ ਦਿਨ! ਫਿਰ ਵੀ ਕਦੇ ਹੌਸਲਾ ਨਹੀਂ ਹਾਰਿਆ।

"ਪਾਲ ਜੀ, ਮੰਜੇ 'ਤੇ ਪਿਆਂ ਦਾ ਸਮਾਂ ਕਿਵੇਂ ਬੀਤਦਾ...ਦਿਨ-ਰਾਤ ਕਿਵੇਂ ਗੁਜ਼ਰ ਰਹੇ ਨੇ?" ਜ਼ਿੰਦਗੀ ਦੀਆਂ ਚੰਗੀਆਂ, ਮਾੜੀਆਂ ਘਟਨਾਵਾਂ ਅਤੇ ਖ਼ੁਸ਼ੀਆਂ-ਗਮੀਆਂ ਸੁਣਨ ਤੋਂ ਬਾਅਦ ਆਖ਼ਰ ਵਿਚ ਸਵਾਲ ਕੀਤਾ।

"ਇਕਬਾਲ ਸਿਹਾਂ, ਮੇਰੇ ਬਾਰੇ ਲਿਖਣ ਦੀ ਤੇਰੀ ਬਹੁਤ ਮਿਹਰਬਾਨੀ!! ਲੈ ਫੇ' ਸੁਣ, "ਸੂਰਜ ਢਲਦੇ ਮੈਂ ਮਰ ਜਾਵਾਂ, ਜੰਮ ਪੈਂਦਾ ਹਾਂ ਰੋਜ਼ ਸਵੇਰੇ। ਹਰ ਦਿਨ ਨਵੀਂ ਜੂਨ ਹੰਢਾਵਾਂ, ਹਰ ਜੂਨੇ ਉਹ ਨੈਣੀਂ ਮੇਰੇ।" ਕਹਿੰਦਾ ਪਾਲ ਉਦਾਸ ਹੋ ਗਿਆ।

**ਪਾਲ ਦਾ ਸੈਲ ਨੰਬਰ 90416-26615, 99150-08968 ਹੈ।**

# ਬਾਲੀਵੁੱਡ ਦੀਆਂ ਨਜ਼ਰਾਂ ਹੁਣ ਪੰਜਾਬ ਵੱਲ



ਫ਼ਿਲਮ 'ਲੰਡਨ ਡਰੀਮਜ਼' ਦੀ ਸ਼ੂਟਿੰਗ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਸਲਮਾਨ ਖ਼ਾਨ

ਪੰਜਾਬ ਹੁਣ 'ਮਿੰਨੀ ਬਾਲੀਵੁੱਡ' ਦੇ ਤੌਰ 'ਤੇ ਵੀ ਵਿਕਸਿਤ ਹੋਣ ਦੀਆਂ ਰਾਹਾਂ ਤੇਜ਼ੀ ਨਾਲ ਸਰ ਕਰ ਰਿਹਾ ਹੈ। ਹਿੰਦੀ ਫ਼ਿਲਮ ਸਨਅਤ ਦੇ ਨਾਮਵਰ ਫ਼ਿਲਮਸਾਜ਼ਾਂ ਵਜੋਂ ਪਿਛਲੇ ਤਿੰਨ ਸਾਲਾਂ ਦੌਰਾਨ ਬਣਾਈਆਂ ਗਈਆਂ ਅਹਿਮ ਤੇ ਵੱਡੇ ਬਜਟ ਦੀਆਂ ਫ਼ਿਲਮਾਂ ਵੱਲ ਸਰਸਰੀ ਝਾਤ ਮਾਰੀ ਜਾਵੇ ਤਾਂ ਇਸ ਗੱਲ ਦਾ ਅੰਦਾਜ਼ਾ ਅਸਾਨੀ ਨਾਲ ਹੋ ਜਾਵੇਗਾ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਫ਼ਿਲਮਾਂ ਦੇ ਖਾਸ ਹਿੱਸਿਆਂ ਦੀ ਸ਼ੂਟਿੰਗ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਹੀ ਕੀਤੀ ਗਈ ਹੈ। ਇਸ ਨਾਲ ਜਿੱਥੇ ਇਸ ਪ੍ਰਾਂਤ ਦੀਆਂ ਸੱਭਿਆਚਾਰਕ ਵੰਨਗੀਆਂ ਦਾ ਦੇਸ਼-ਵਿਦੇਸ਼ ਵਿਚ ਹੋਰ ਪਸਾਰ ਹੋਇਆ ਹੈ, ਉੱਥੇ ਇੱਥੋਂ ਦੇ ਅਨੇਕਾਂ ਕਲਾਕਾਰਾਂ, ਤਕਨੀਸ਼ੀਅਨਾਂ ਨੂੰ ਵੀ ਹਿੰਦੀ ਫ਼ਿਲਮ ਸਨਅਤ ਦੇ ਇੱਥੇ ਸ਼ੂਟਿੰਗਾਂ ਕਰਨ ਦੇ ਇਸ ਰੁਝਾਨ ਦਾ ਫਾਇਦਾ ਹੋਇਆ ਹੈ। ਇਸ ਕਰਕੇ ਹੀ ਪੰਜਾਬੀ ਫ਼ਿਲਮਾਂ, ਦੂਰਦਰਸ਼ਨ ਤੇ ਪੰਜਾਬੀ ਚੈਨਲਾਂ 'ਤੇ ਆਪਣੀ ਕਾਬਲੀਅਤ ਨੂੰ ਸੀਮਤ ਕਰ ਲੈਣ ਵਾਲੇ ਕਈ ਕਲਾਕਾਰ ਅੱਜ ਕੌਮਾਂਤਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਣ ਵਿਚ ਮੋਹਰੀ ਸਾਬਤ ਹੋ ਰਹੇ ਹਨ।

ਮਾਇਆ ਨਗਰੀ ਮੁੰਬਈ ਦੀ ਨਾਮਵਰ ਫ਼ਿਲਮੀ ਸ਼ਖ਼ਸੀਅਤ ਯਸ਼ ਚੋਪੜਾ ਤੇ ਵਿਪੁਲ ਸ਼ਾਹ ਵੱਲੋਂ ਬਣਾਈਆਂ ਹਾਲੀਆ ਫ਼ਿਲਮਾਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ 'ਵੀਰ ਜ਼ਾਰਾ' ਤੋਂ ਬਾਅਦ 'ਯਸ਼ਰਾਜ ਬੈਨਰਜ਼' ਦੀ ਹਰ ਫ਼ਿਲਮ ਚਾਹੇ ਉਹ 'ਦਿਲ ਬੋਲੇ ਹੜ੍ਹਿੱਪਾ' ਹੋਵੇ, 'ਰੱਬ ਨੇ ਬਣਾ ਦੀ ਜੋੜੀ' ਜਾਂ ਵਿਪੁਲ ਸ਼ਾਹ ਦੀ 'ਨਮਸਤੇ ਲੰਡਨ', 'ਸਿੰਘ ਇਜ਼ ਕਿੰਗ', 'ਲੰਡਨ ਡਰੀਮਜ਼' ਹਰ ਇਕ ਦੇ ਕੁਝ ਨਾ ਕੁਝ ਹਿੱਸੇ ਦੀ ਸ਼ੂਟਿੰਗ ਪੰਜਾਬ ਦੇ ਹਰੇ ਭਰੇ ਖੇਤਾਂ, ਬੰਨ੍ਹਿਆਂ ਆਦਿ ਵਿਚ ਕੀਤੀ ਗਈ ਹੈ। ਇਸ ਕਾਰਨ ਬਾਲੀਵੁੱਡ ਦੇ ਹੋਰ ਨਿਰਮਾਤਾ ਤੇ ਡਾਇਰੈਕਟਰ ਵੀ ਇਸ ਸੂਬੇ ਦੇ ਹਰਿਆਲੀ ਭਰਪੂਰ ਖੇਤਰਾਂ ਵਿਚ ਸ਼ੂਟਿੰਗਾਂ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ।

ਪੰਜਾਬੀ ਖ਼ਿੱਤੇ ਵਿਚ ਹਿੰਦੀ ਫ਼ਿਲਮਾਂ ਦੀ ਵਧ ਰਹੀ ਸ਼ੂਟਿੰਗ ਸਰਗਰਮੀਆਂ ਦਾ ਮੁੱਖ ਕਾਰਨ ਪੰਜਾਬ ਦੇ ਸੱਭਿਆਚਾਰ ਤੇ ਰੀਤੀ ਰਿਵਾਜਾਂ ਨੂੰ ਸੁਨਹਿਰੇ ਕੈਨਵਸ ਦਾ ਆਧਾਰ ਬਣਾ ਕੇ ਵਿਦੇਸ਼ਾਂ ਵਿਚ ਬਿਜ਼ਨਸ ਵਧਾਉਣਾ ਵੀ ਮੁੱਖ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਗੱਲ ਦਾ ਅਹਿਸਾਸ ਅੱਜ ਮੁੰਬਈ ਦੀਆਂ ਫ਼ਿਲਮ ਨਿਰਮਾਣ ਨਾਲ ਜੁੜੀਆਂ ਵੱਡੀਆਂ ਕੰਪਨੀਆਂ ਤੇ ਫ਼ਿਲਮਸਾਜ਼ਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਕੈਨੇਡਾ, ਲੰਡਨ, ਅਮਰੀਕਾ, ਜਰਮਨੀ ਤੇ ਦੁਬਈ ਜਿਹੇ ਮੁਲਕਾਂ ਵਿਚ ਵਸਦੇ ਪਰਵਾਸੀਆਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਹੈ। ਇਨ੍ਹਾਂ ਨੂੰ ਆਪਣੇ ਵਤਨ ਦੀਆਂ ਵੰਨਗੀਆਂ ਤੇ ਮਿੱਟੀ ਦੀ ਝਲਕ ਵਿਖਾ ਕੇ ਹਿੰਦੀ ਫ਼ਿਲਮਾਂ ਨਾਲ ਵੱਡੀ ਗਿਣਤੀ ਵਿਚ ਜੋੜਿਆ ਜਾ ਸਕਦਾ ਹੈ।



ਪੰਜਾਬ ਵਿਚ ਫ਼ਿਲਮ 'ਨਮਸਤੇ ਲੰਡਨ' ਦੀ ਸ਼ੂਟਿੰਗ ਦਾ ਦ੍ਰਿਸ਼

ਹਿੰਦੀ ਫ਼ਿਲਮ ਸਨਅਤ ਦੀ ਦਿਨ-ਬ-ਦਿਨ ਪੁਖਤਾ ਹੋ ਰਹੀ ਇਹ ਸੋਚ ਪੂਰੀ ਤਰ੍ਹਾਂ ਰੰਗ ਵਿਖਾ ਚੁੱਕੀ ਹੈ। ਇਸ ਦਾ ਪ੍ਰਤੱਖ ਅਹਿਸਾਸ ਪਿਛਲੇ ਸਮੇਂ ਦੌਰਾਨ ਰਿਲੀਜ਼ ਹੋਈਆਂ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ', 'ਸਰਹੱਦ ਪਾਰ', 'ਵੀਰ ਜ਼ਾਰਾ', 'ਰੱਬ ਨੇ ਬਣਾ ਦੀ ਜੋੜੀ', 'ਬਚਨਾ ਐ ਹਸੀਨੋ', 'ਨਮਸਤੇ ਲੰਡਨ', 'ਸਿੰਘ ਇਜ਼ ਕਿੰਗ', 'ਲੰਡਨ ਡਰੀਮਜ਼', 'ਅਪਨੇ', 'ਦਾ ਹੀਰੋਜ਼', 'ਰੰਗ ਦੇ ਬਸੰਤੀ', 'ਕਿਸਾਨ', 'ਜਬ ਵੀ ਮੈੱਟ', 'ਏਕ ਦਾ ਪਾਵਰ' ਤੇ 'ਯਮਲਾ ਪਗਲਾ ਦੀਵਾਨਾ' ਜਿਹੀਆਂ ਕਈ ਫ਼ਿਲਮਾਂ ਨੇ ਕਰਵਾਇਆ ਹੈ।

ਇਨ੍ਹਾਂ ਫ਼ਿਲਮਾਂ ਨੇ ਦੇਸ਼ ਨਾਲੋਂ ਵੀ ਵੱਧ ਵਪਾਰ ਵਿਦੇਸ਼ਾਂ ਵਿਚ ਕੀਤਾ ਹੈ। ਹਿੰਦੀ ਫ਼ਿਲਮਾਂ ਦੀਆਂ ਸ਼ੂਟਿੰਗਾਂ ਦਾ ਗੜ੍ਹ ਬਣਦੇ ਜਾ ਰਹੇ ਪੰਜਾਬੀ ਸੂਬੇ ਵਿਚ ਪਿਛਲੇ ਦੋ ਸਾਲਾਂ ਦੌਰਾਨ ਬਣੀਆਂ ਬਹੁ-ਗਿਣਤੀ ਹਿੰਦੀ ਫ਼ਿਲਮਾਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਇਹ ਵੀ ਪਤਾ ਲੱਗਦਾ ਹੈ ਕਿ ਇਹ ਗਿਣਤੀ ਸਾਲ ਦਰ ਸਾਲ ਵਧਦੀ ਹੀ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਇਸ ਖੇਤਰ ਨਾਲ ਜੁੜੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਤਾਂ ਮਿਲ ਹੀ ਰਿਹਾ ਹੈ, ਨਾਲ ਹੀ ਪ੍ਰਤਿਭਾਸ਼ਾਲੀ ਕਲਾਕਾਰਾਂ ਨੂੰ ਵੀ ਰੱਜ ਕੇ ਕੰਮ ਮਿਲ ਰਿਹਾ ਹੈ।

ਪੰਜਾਬ ਵਿਚ ਹੋਣ ਵਾਲੀਆਂ ਜ਼ਿਆਦਾਤਰ ਸ਼ੂਟਿੰਗਾਂ ਲਈ ਕਰੈਕਟਰ ਬਾਲ ਕਲਾਕਾਰ ਤੇ ਸਹਿਯੋਗੀ ਕਲਾਕਾਰ ਮੁਹੱਈਆ ਕਰਵਾਉਣ ਵਾਲੇ 'ਢਿੱਲੋਂ ਕ੍ਰਿਏਸ਼ਨ ਫ਼ਿਲਮ ਕੰਪਨੀ ਚੰਡੀਗੜ੍ਹ' ਦੇ ਜਸਬੀਰ ਢਿੱਲੋਂ ਦੱਸਦੇ ਹਨ ਕਿ ਸਾਲ 2009-10 ਦੌਰਾਨ ਉਨ੍ਹਾਂ ਦੀ ਫ਼ਿਲਮ ਕੰਪਨੀ ਵੱਲੋਂ ਜਿੱਥੇ ਬੇਸ਼ੁਮਾਰ ਕਰੈਕਟਰ ਤੇ ਬਾਲ ਕਲਾਕਾਰ ਇਨ੍ਹਾਂ ਫ਼ਿਲਮਾਂ ਲਈ ਮੁਹੱਈਆ ਕਰਵਾਏ ਗਏ, ਉੱਥੇ ਨਾਲ ਹੀ ਸੈਂਕੜਿਆਂ ਦੀ ਗਿਣਤੀ ਵਿਚ ਜੂਨੀਅਰ ਕਲਾਕਾਰ ਵੀ ਇਨ੍ਹਾਂ ਫ਼ਿਲਮਾਂ ਦਾ ਹਿੱਸਾ ਬਣੇ। ਹਿੰਦੀ ਫ਼ਿਲਮਾਂ ਦੀ ਪੰਜਾਬ ਵਿਚ ਸ਼ੂਟਿੰਗ ਕਰਵਾਉਣ ਵਿਚ ਸਭ ਤੋਂ ਮੋਹਰੀ ਦਰਸ਼ਨ ਔਲਖ ਦੱਸਦਾ ਹੈ ਕਿ ਹਿੰਦੀ ਫ਼ਿਲਮ ਸਨਅਤ ਦੀਆਂ ਵੱਡੀਆਂ ਸ਼ਖ਼ਸੀਅਤਾਂ ਦੇ ਇੱਥੇ ਸ਼ੂਟਿੰਗ ਕਰਨ ਦੇ ਵਧ ਰਹੇ ਰੁਝਾਨ ਦਾ ਇਸ ਸੂਬੇ ਨੂੰ ਕਈ ਪੱਖਾਂ ਤੋਂ ਫਾਇਦਾ ਹੋ ਰਿਹਾ ਹੈ ਪਰ ਇਸ ਦੇ ਬਾਵਜੂਦ ਰਾਜ ਸਰਕਾਰ ਅਜੇ ਇਸ ਰੁਝਾਨ ਨੂੰ ਹੋਰ ਪ੍ਰਫੁੱਲਿਤ ਕਰਨ ਵਿਚ ਜ਼ਿਆਦਾ ਦਿਲਚਸਪੀ ਨਹੀਂ ਲੈ ਰਹੀ ਜਿਸ ਕਾਰਨ ਫ਼ਿਲਮਸਾਜ਼ਾਂ ਨੂੰ ਸ਼ੂਟਿੰਗ ਲਈ ਆਸ ਮੁਤਾਬਕ ਸਹੂਲਤ ਨਹੀਂ ਮਿਲ ਰਹੀ।

ਸ੍ਰੀ ਔਲਖ ਅਨੁਸਾਰ ਜੇਕਰ ਸਰਕਾਰ ਇਸ ਦਿਸ਼ਾ ਵੱਲ ਗੰਭੀਰ ਹੋ ਕੇ ਫ਼ਿਲਮਸਾਜ਼ਾਂ ਨੂੰ ਸਹੂਲਤਾਂ ਮੁਹੱਈਆ ਕਰਵਾ ਦੇਵੇ ਤਾਂ ਪੰਜਾਬ ਖ਼ਿੱਤਾ ਅਜਿਹੇ ਰਾਜ ਵਜੋਂ ਸਾਹਮਣੇ ਆਵੇਗਾ ਜਿੱਥੇ ਹੋਰਾਂ ਰਾਜਾਂ ਨਾਲੋਂ ਸਭ ਤੋਂ ਜ਼ਿਆਦਾ ਹਿੰਦੀ ਫ਼ਿਲਮਾਂ ਦੀ ਸ਼ੂਟਿੰਗ ਹੋਵੇਗੀ। ਪੰਜਾਬ ਵਿਚ ਹਿੰਦੀ ਫ਼ਿਲਮਾਂ ਦੀ ਸ਼ੂਟਿੰਗ ਕਰਨ ਦੇ ਇਸ ਵਧ ਰਹੇ ਰੁਝਾਨ ਦਾ ਬਾਖੂਬੀ ਮੰਜ਼ਰ ਆਉਣ ਵਾਲੀਆਂ ਕਈ ਵੱਡੀਆਂ ਫ਼ਿਲਮਾਂ ਜਿਨ੍ਹਾਂ ਵਿਚ ਅਮਿਤਾਭ ਬਚਨ ਦੀ 'ਸ਼ੂ ਬਾਈਟ', 'ਯਸ਼ਰਾਜ ਬੈਨਰਜ਼' ਦੀ ਇਮਰਾਨ ਖ਼ਾਨ, ਕੈਟਰੀਨਾ ਕੈਫ਼ ਦੀ ਅਦਾਕਾਰੀ ਵਾਲੀ 'ਮੇਰੇ ਬ੍ਰਦਰ ਕੀ ਦੁਲਹਨ' ਤੋਂ ਇਲਾਵਾ 'ਹਿਟਲਰ', ਨਿਰਦੇਸ਼ਕ ਪੰਕਜ ਕਪੂਰ ਦੀ ਸ਼ਾਹਿਦ ਕਪੂਰ, ਸੋਨਮ ਕਪੂਰ ਸਟਾਰਰ ਫ਼ਿਲਮ 'ਮੌਸਮ', ਕੰਗਣਾ ਰਾਣਾਵਤ ਸਟਾਰਰ 'ਤਨੂ ਵੈਡਜ਼ ਮਨੂ' ਸ਼ਾਮਲ ਹਨ, ਕਰਵਾਉਣਗੀਆਂ। ਇਸ ਨਾਲ ਸੂਬੇ ਵਿਚ ਸ਼ੂਟਿੰਗ ਦੇ ਵਧ ਰਹੇ ਇਸ ਗਰਮਾਹਟ ਭਰੇ ਮਾਹੌਲ ਵਿਚ ਹੋਰ ਤੇਜ਼ੀ ਆਉਣ ਦੀ ਪੂਰੀ ਸੰਭਾਵਨਾ ਹੈ।

# ਪਟਿਆਲਾ ਹਾਊਸ ਤੋਂ ਪਟਿਆਲਵੀ ਬਾਗ਼ੋ-ਬਾਗ਼

'ਕਲ੍ਹ ਹੋ ਨਾ ਹੋ', 'ਸਲਾਮੇ ਇਸ਼ਕ' ਤੇ 'ਚਾਂਦਨੀ ਚੌਕ ਟੂ ਚਾਈਨਾ' ਫਿਲਮਾਂ ਦੇਣ ਵਾਲੇ ਨਿਰਦੇਸ਼ਕ ਨਿਖਿਲ ਅਡਵਾਨੀ ਹੁਣ ਆਪਣੀ ਨਵੀਂ ਪੇਸ਼ਕਸ਼ ਦੇ ਤੌਰ 'ਤੇ 'ਪਟਿਆਲਾ ਹਾਊਸ' ਲਿਆਏ ਹਨ। ਇਸ ਫਿਲਮ ਤੋਂ ਪਟਿਆਲਵੀ ਬਾਗੋ ਬਾਗ ਬਨ ਕਿਉਂਕਿ ਪਟਿਆਲੇ ਦਾ ਨਾਂ ਵਿਸ਼ਵ ਪੱਧਰ 'ਤੇ ਚਮਕਿਆ ਹੈ। ਇਸ ਫ਼ਿਲਮ ਵਿਚ ਲੰਦਨ ਵਿਚ ਵਸੇ ਪਰਿਵਾਰ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਇਹ ਪਰਿਵਾਰ ਪੰਜਾਬ ਤੋਂ ਲੰਦਨ ਜਾ ਵਸਿਆ ਹੈ। ਰਿਸ਼ੀ ਕਪੂਰ ਨੂੰ ਇਸ ਪਰਿਵਾਰ ਦੇ ਲਾਣੇਦਾਰ ਦੇ ਤੌਰ 'ਤੇ ਦਿਖਾਇਆ ਗਿਆ ਹੈ। ਉਨ੍ਹਾਂ ਦਾ ਬੇਟਾ ਗੱਟੂ (ਅਕਸ਼ੈ ਕੁਮਾਰ) ਕ੍ਰਿਕਟ ਖਿਡਾਰੀ ਹੈ ਤੇ ਉਸ ਦੀ ਇੱਛਾ ਇੰਗਲੈਂਡ ਦੀ ਕ੍ਰਿਕਟ ਟੀਮ ਵੱਲੋਂ ਖੇਡਣ ਦੀ ਹੈ। ਆਪਣੀ ਕਾਬਲੀਅਤ ਦੇ ਦਮ 'ਤੇ ਗੱਟੂ ਦੀ ਇੰਗਲੈਂਡ ਦੀ ਕ੍ਰਿਕਟ ਟੀਮ ਲਈ ਚੋਣ ਵੀ ਹੋ ਜਾਂਦੀ ਹੈ। ਉਦੋਂ ਲੰਦਨ ਵਿਚ ਜਾਤੀ ਵਿਰੋਧੀ ਦੰਗਿਆਂ ਦੇ ਫੈਲਣ ਦੀ ਵਜ੍ਹਾ ਨਾਲ ਉਥੇ ਵਸੇ ਭਾਰਤੀਆਂ ਵਿਚ ਤਣਾਅ ਫੈਲ ਜਾਂਦਾ ਹੈ। ਇਸੇ ਤਣਾਅ ਦੇ ਚਲਦਿਆਂ ਗੱਟੂ ਨੂੰ ਉਸ ਦੇ ਪਿਤਾ ਇੰਗਲੈਂਡ ਵੱਲੋਂ ਖੇਡਣ ਲਈ ਮਨ੍ਹਾਂ ਕਰ ਦਿੰਦੇ ਹਨ। ਕ੍ਰਿਕਟ ਵਿਚ ਆਪਣਾ ਨਾਂ ਰੌਸ਼ਨ ਕਰਨ ਦੇ ਗੱਟੂ ਦੇ ਸਾਰੇ ਸੁਪਨੇ ਖਿੰਡ-ਪੁੰਡ ਜਾਂਦੇ ਹਨ। ਇਕ ਲੰਮੇ ਅਰਸੇ ਬਾਅਦ ਗੱਟੂ ਗਵਾਂਢੀ ਤੇ ਪ੍ਰੇਮਿਕਾ ਸਿਮਰਨ (ਅਨੁਸ਼ਕਾ ਸ਼ਰਮਾ) ਉਸ ਨੂੰ ਆਪਣੇ ਅਧੂਰੇ ਅਰਮਾਨਾਂ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕਰਦੇ ਹਨ ਤੇ ਬਾਅਦ ਵਿਚ ਕਿਸ ਤਰ੍ਹਾਂ ਗੱਟੂ ਆਪਣਾ ਸੁਪਨਾ ਪੂਰਾ ਕਰਨ ਵਿਚ ਕਾਮਯਾਬ ਰਹਿੰਦਾ ਹੈ, ਇਹ ਇਸ ਵਿਚ ਦਿਖਾਇਆ ਗਿਆ ਹੈ।

'ਖਿਲਾੜੀ' ਹੀਰੋ ਅਕਸ਼ੈ ਕੁਮਾਰ ਇਸ ਫ਼ਿਲਮ ਵਿਚ ਤੇਜ਼ ਗੇਂਦਬਾਜ਼ ਬਣਿਆ ਹੈ ਤੇ ਇਸ ਕਿਰਦਾਰ ਨੂੰ ਸੰਜੀਦਗੀ ਨਾਲ ਨਿਭਾਉਣ ਲਈ ਅਕਸ਼ੈ ਵੱਲੋਂ ਵਿਸ਼ੇਸ਼ ਮਿਹਨਤ ਕੀਤੀ ਗਈ ਹੈ। ਪਹਿਲਾਂ ਭਾਰਤੀ ਗੇਂਦਬਾਜ਼ ਬਲਵਿੰਦਰ ਸੰਧੂ ਤੋਂ ਉਨ੍ਹਾਂ ਨੇ ਗੇਂਦਬਾਜ਼ੀ ਦੀ ਬਾਕਾਇਦਾ ਸਿੱਖਿਆ ਵੀ ਲਈ ਸੀ। ਇਸ ਫ਼ਿਲਮ ਨੂੰ ਆਪਣੇ ਲਈ ਵਿਸ਼ੇਸ਼ ਮੰਨਦੇ ਹੋਏ ਅਕਸ਼ੈ ਕੁਮਾਰ ਕਹਿੰਦੇ ਹਨ, 'ਇਸ ਫ਼ਿਲਮ ਵਿਚ ਕੰਮ ਕਰਕੇ ਮੈਨੂੰ ਉਹ ਸਭ ਕਰਨ ਦਾ ਮੌਕਾ ਮਿਲਿਆ ਜਿਸ ਦੀ ਕਲਪਨਾ ਕਦੇ ਮੈਂ ਸੁਪਨੇ ਵਿਚ ਵੀ ਨਹੀਂ ਕੀਤੀ ਸੀ। ਫ਼ਿਲਮ ਦੀ ਸ਼ੂਟਿੰਗ ਰਾਹੀਂ ਮੈਨੂੰ ਓਵੇਲ ਦੇ ਮੈਦਾਨ 'ਤੇ ਗੇਂਦਬਾਜ਼ੀ ਕਰਨ ਦਾ ਮੌਕਾ ਹਾਸਲ ਹੋਇਆ। ਇਹੀ ਨਹੀਂ ਇਸ ਫ਼ਿਲਮ ਵਿਚ ਐਂਡਰ ਸਾਇਮੰਡਸ, ਗਿੱਬਸ ਤੇ ਪੋਲਾਰਡ ਵਰਗੇ ਖਿਡਾਰੀਆਂ ਲਈ ਮੈਂ ਗੇਂਦਬਾਜ਼ੀ ਕੀਤੀ। ਹੁਣ ਤੱਕ ਇਨ੍ਹਾਂ ਖਿਡਾਰੀਆਂ ਨੂੰ ਮੈਂ ਮੈਦਾਨ ਵਿਚ ਜਾਂ ਟੀ. ਵੀ. 'ਤੇ ਹੀ ਦੇਖਿਆ ਸੀ। ਇਨ੍ਹਾਂ ਨਾਮੀ ਬੱਲੇਬਾਜ਼ਾਂ ਲਈ ਗੇਂਦਬਾਜ਼ੀ ਕਰਨਾ ਬੇਹੱਦ ਰੋਮਾਂਚਕ ਭਰਿਆ ਰਿਹਾ।'

ਪਿਛਲੇ ਤਿੰਨ ਸਾਲਾਂ ਵਿਚ ਅਕਸ਼ੈ ਕੁਮਾਰ ਨੇ ਜ਼ਿਆਦਾਤਰ ਕਾਮੇਡੀ ਫ਼ਿਲਮਾਂ ਹੀ ਕੀਤੀਆਂ ਹਨ ਪਰ ਇਹ ਫ਼ਿਲਮ ਉਨ੍ਹਾਂ ਫ਼ਿਲਮਾਂ ਤੋਂ ਵੱਖਰੀ ਹੈ। ਆਪਣੀ ਇਸ ਫ਼ਿਲਮ ਬਾਰੇ ਅਕਸ਼ੈ ਇਹ ਸਫਾਈ ਦੇਣਾ ਨਹੀਂ ਭੁੱਲਦੇ ਕਿ ਇਹ ਫ਼ਿਲਮ ਕ੍ਰਿਕਟ 'ਤੇ ਨਹੀਂ ਬਲਕਿ ਬਾਪ-ਬੇਟੇ ਦੇ ਜਜ਼ਬਾਤੀ ਰਿਸ਼ਤੇ 'ਤੇ ਆਧਾਰਿਤ ਹੈ। ਉਹ ਕਹਿੰਦੇ ਹਨ, ਇਸ ਫ਼ਿਲਮ ਦੇ ਪ੍ਰਚਾਰ ਵਿਚ ਇਕ ਲਾਈਨ 'ਫੋਲੋ ਯੂਅਰ ਡ੍ਰੀਮਸ' (ਅਪਨੇ ਸੁਪਨਿਆਂ ਨੂੰ ਪੂਰਾ ਕਰੋ) ਰੱਖੀ ਗਈ ਹੈ। ਇਸ ਲਾਈਨ ਦਾ ਸਬੰਧ ਮੇਰੀ ਜ਼ਿੰਦਗੀ ਨਾਲ ਵੀ ਹੈ। ਜਦੋਂ ਮੇਰੇ ਪਾਪਾ ਨੇ ਪੁੱਛਿਆ ਸੀ ਕਿ ਮੈਂ ਕੀ ਬਣਨਾ ਚਾਹੁੰਦਾ ਹਾਂ ਤਾਂ ਮੇਰਾ ਜਵਾਬ ਸੀ ਕਿ ਮੈਂ ਮਾਰਸ਼ਲ ਆਰਟ ਟੀਚਰ ਬਣਨਾ ਚਾਹੁੰਦਾ ਹਾਂ। ਇਸ ਲਈ ਮੈਂ ਬੈਂਕਾਕ ਜਾਣਾ ਚਾਹੁੰਦਾ ਸੀ ਅਤੇ ਮੈਂ ਇਸ ਗੱਲ ਤੋਂ ਅਣਜਾਣ ਸੀ ਕਿ ਮੇਰੇ ਪਾਪਾ ਮੈਨੂੰ ਬੈਂਕਾਕ ਭੇਜਣ ਦੀ ਆਰਥਿਕ ਸਥਿਤੀ ਵਿਚ ਨਹੀਂ ਹਨ। ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਉਨ੍ਹਾਂ ਨੇ ਵਿਆਜ 'ਤੇ ਪੈਸੇ ਲੈ ਕੇ ਮੈਨੂੰ ਬੈਂਕਾਕ ਭੇਜਿਆ ਸੀ। ਇਸ ਤੋਂ ਬਾਅਦ ਮੈਂ ਪੈਸਿਆਂ ਦੀ ਕਦਰ ਜਾਣੀ ਤੇ ਪੂਰੀ ਲਗਨ ਤੇ ਜੋਸ਼ ਨਾਲ ਮਾਰਸ਼ਲ ਆਰਟ ਸਿੱਖਣ ਲੱਗਿਆ। ਜੋ ਵੀ ਕੰਮ ਕੀਤਾ ਪੂਰੀ ਇਮਾਨਦਾਰੀ ਨਾਲ ਕੀਤਾ। ਇਸ ਲਈ ਅੱਜ ਮੈਂ ਇਥੋਂ ਤੱਕ ਪਹੁੰਚ ਸਕਿਆ ਹਾਂ।





# ਸਾਦਗੀ ਦੀ ਕਾਇਲ ਅਨੁਸ਼ਕਾ

'ਬੈਂਡ ਬਾਜਾ ਬਾਰਾਤ' ਦੀ ਸਫਲਤਾ ਪਿੱਛੋਂ ਵੀ ਅਨੁਸ਼ਕਾ ਸ਼ਰਮਾ ਦੇ ਪੈਰ ਪੂਰੀ ਤਰ੍ਹਾਂ ਜ਼ਮੀਨ 'ਤੇ ਹੀ ਹਨ। ਉਂਝ ਵੀ ਤਿੰਨ 'ਚੋਂ 2 ਹਿੱਟ ਫ਼ਿਲਮਾਂ ਦੇ ਚੁੱਕੀ ਅਨੁਸ਼ਕਾ ਨੂੰ ਦਿਖਾਵੇ 'ਚ ਬਹੁਤਾ ਵਿਸ਼ਵਾਸ ਨਹੀਂ ਹੈ। ਇਹੀ ਕਾਰਨ ਹੈ ਕਿ ਉਹ ਬਹੁਤੇ ਬੈਗਸ ਰੱਖਣੇ ਪਸੰਦ ਨਹੀਂ ਕਰਦੀ।

ਅਨੁਸ਼ਕਾ ਦਾ ਮੰਨਣੈ ਕਿ ਹੀਰੋਇਨਾਂ ਨੂੰ ਆਪਣੇ ਮਹਿੰਗੇ ਬ੍ਰਾਂਡਿਡ ਬੈਗਸ ਦਾ ਦਿਖਾਵਾ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਯੰਗ ਜਨਰੇਸ਼ਨ 'ਚ ਗਲਤ ਸੰਦੇਸ਼ ਜਾਂਦਾ ਹੈ ਕਿਉਂਕਿ ਆਮ ਕੁੜੀਆਂ ਅਜਿਹੇ ਮਹਿੰਗੇ ਬੈਗਸ ਨਹੀਂ ਖਰੀਦ ਸਕਦੀਆਂ ਤੇ ਇਸ ਲਈ ਗਲਤ ਹੱਥਕੰਡੇ ਅਪਨਾਉਣੇ ਸ਼ੁਰੂ ਕਰ ਦਿੰਦੀਆਂ ਹਨ। ਉਂਝ ਇਸ ਮਾਮਲੇ 'ਚ ਦਿਲਚਸਪ ਗੱਲ ਇਹ ਹੈ ਕਿ ਅਜਿਹੀ ਸੋਚ ਰੱਖਣ ਦੇ ਬਾਵਜੂਦ ਪਿਛਲੇ ਦਿਨੀਂ ਅਨੁਸ਼ਕਾ ਨੇ ਲੰਡਨ 'ਚ ਫ਼ਿਲਮ 'ਪਟਿਆਲਾ ਹਾਊਸ' ਦੀ ਸ਼ੂਟਿੰਗ ਦੌਰਾਨ ਖੁਦ ਲਈ ਵੀ ਮਹਿੰਗਾ ਬੈਗ ਖਰੀਦਿਆ।

ਉਸ ਦਾ ਕਹਿਣਾ ਹੈ ਕਿ ਉਸ ਨੇ ਮਹਿੰਗਾ ਬੈਗ ਖਰੀਦਿਆ ਜ਼ਰੂਰ ਹੈ ਪਰ ਉਸ ਨੂੰ ਖਰੀਦਣ ਤੋਂ ਪਹਿਲਾਂ ਉਸ ਨੇ ਤਿੰਨ ਦਿਨ ਇਹ ਸੋਚਣ 'ਚ ਲਗਾਏ ਕਿ ਉਸ ਨੂੰ ਇਹ ਬੈਗ ਲੈਣਾ ਚਾਹੀਦਾ ਹੈ ਜਾਂ ਨਹੀਂ। ਇਸ ਦੇ ਲਈ ਉਸ ਨੇ ਕਈ ਵਾਰ ਆਪਣੀ ਮੰਮੀ ਨੂੰ ਕਾਲ ਕਰਕੇ ਵੀ ਪੁੱਛਿਆ ਕਿ ਉਸ ਨੂੰ ਇਕ ਬੈਗ 'ਤੇ ਇੰਨੇ ਪੈਸੇ ਖਰਚ ਕਰਨੇ ਚਾਹੀਦੇ ਹਨ ਜਾਂ ਨਹੀਂ। ਜਦੋਂ ਮੰਮੀ ਨੇ ਇਹ ਕਹਿ ਦਿੱਤਾ ਕਿ ਕਦੇ-ਕਦੇ ਕਿਸੇ ਖਾਸ ਚੀਜ਼ 'ਤੇ ਜ਼ਿਆਦਾ ਪੈਸੇ ਖਰਚ ਕਰ ਦੇਣਾ ਗੁਨਾਹ ਨਹੀਂ ਹੈ ਤਾਂ ਕਿਤੇ ਜਾ ਕੇ ਉਸ ਨੇ ਉਹ ਮਹਿੰਗਾ ਬੈਗ ਖਰੀਦਿਆ।

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Still Better!!!**

**5/1, 7/1 ARM are also attractive**

**Refinance Now At Zero Cost**

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 680 Upper Vinters Cir
   Fremont, CA 94539
2. 3257 Poetry Ct.,
   Stockton, CA 95206
3. 2201 Monroe St. #504
   Santa Clara, CA 95050
4. 2370 Picasso Way
   Stockton, CA 95206
5. 950 Silver Ct.,
   Lathrop, CA 95330
6. 304 Pennyhill Dr.,
   San Jose, CA 95127
7. 234 Pamela Ave 6plex
   San Jose CA 95116
8. 3809 Amy Pl
   Union city, CA 94587
9. 6400 Christie Ave #5322
   Emeryville, CA 94608
10. 2728 Jackson Ave
    Tracy CA 95377
11. 1027 Boardwalk Dr
    Stockton CA 95206
12. 2975 Winwood Way
    San jose CA 95148

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



**Jaswinder Gill** M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

E-mail: jassi@jassigill.com or
Visit us @ www.jassigill.com
for hot listings

ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ: ਰੇਡੀਓ ਚੜ੍ਹਦੀ ਕਲਾ www.radiock.com

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।

# ਸਾਈਂ ਪ੍ਰੋਡਕਸ਼ਨਜ਼ ਪੇਸ਼ ਕਰਦੇ ਹਨ

ਜੋਗੀਆ ਜੋਗੀਆ ਜੋਗੀਆ ਜੋਗੀਆ




ਜੋਗੀਆ ਜੋਗੀਆ ਜੋਗੀਆ ਜੋਗੀਆ

Released on 16 February all over North America

16 ਫਰਵਰੀ ਤੋਂ ਪੂਰੇ ਉਤਰੀ ਅਮਰੀਕਾ 'ਚ ਰਿਲੀਜ਼ ਹੋ ਚੁੱਕੀ ਹੈ

ਜੋਗੀਆ ਦੀ ਪੂਰੀ ਐਲਬਮ ਤੁਸੀ ਹੇਠ ਲਿਖੀ ਸਾਈਟ ਤੋਂ ਡਾਊਨਲੋਡ ਕਰ ਸਕਦੇ ਹੋ। ਇਸ ਦੀ ਕੀਮਤ ਸਿਰਫ $4.99 ਹੈ।

You can download Jogiya Album from the following website

WWW.SAIPRODUCTIONS.CA

ONLY FOR $4.99

VISA MasterCard PayPal

For More Info. Pls Call

Nirmal Dhaliwal @ 778-892-4706